
ਅਸ਼ਟਾਵਕ੍ਰ ਗੀਤਾ

ਲਿੱਪੀ ਅੰਤਰਣ ਅਤੇ ਟੀਕਾ

ਭਾਵਾਰਥ ਗੁਰਬਾਣੀ ਰਤਨਾਂ ਦੁਆਰਾ ਉਜਾਗਰ



ਸੇਵਕ

ਸੁਆਮੀ ਗੰਗੇਸ਼ਵਰਾਨੰਦ ਗਿਰੀ

ਅਸ਼ਟਾਵਕ੍ਰ ਗੀਤਾ

ਲਿੱਪੀ ਅੰਤਰਣ ਅਤੇ ਟੀਕਾ

ਭਾਵਾਰਥ ਗੁਰਬਾਣੀ ਰਤਨਾਂ ਦੁਆਰਾ ਉਜਾਗਰ

ਸੇਵਕ

ਸੁਆਮੀ ਗੰਗੇਸ਼ਵਰਾਨੰਦ ਗਿਰੀ

ਪ੍ਰਕਾਸ਼ਨ ਦਿਹਾੜਾ

22 ਅਪ੍ਰੈਲ 2017

ਮਾਤਾ ਸ਼ਿਵਬਾਣੀ ਆਨੰਦ ਗਿਰੀ ਦੇ ਜੋਤੀ ਜੋਤ ਸਮਾਉਣ ਦੀ
ਪੰਜਵੀਂ ਵਰ੍ਹੇਗੰਢ ਨੂੰ ਸਮਰਪਿਤ

ਸ਼ਿਵਬਾਣੀ ਪ੍ਰਕਾਸ਼ਨ

666, ਫ਼ੇਜ਼ 2, ਮੁਹਾਲੀ

Ashtaavakr Gita
(Transliteration and commentary)
Author :
Swami Gangeshwaranand Giri

Proof Reader :
Sardarni Surrinder Pal Kaur M.A.

Artist Cover Page :
Balwinder Kumar Saili
M: 9988955317; Chandigarh

Publishers :
Shiv Bani Publications,
666, Phase 2, Mohali; Panjab (Bharat)

First Edition : April 22, 2017

Dedicated to the 5th Nirvan Divas of
Mata Shiv Bani Anand Giri

Distributors :
Singh Brothers
S.C.O. 223-224, City Centre,
Amritsar.
M: 9915048001

Offering : Rs. 250/-

Printed at :
Printwell,
146, Industrial Focal Point, Amritsar

ਆਮੁਖ

ਗੁਰਬਾਣੀ ਮਹਾਂ ਸਾਗਰ ਵਿੱਚ ਟੁੱਭੀਆਂ।

ਲੇਖਕ ਬਲਵੰਤ ਰਾਏ ਕੱਕੜ, ਆਈ ਏ ਐਸ ਤੋਂ ਪੂਰਵ ਕਾਲਿਕ ਸੇਵਾ ਨਿਵਿਰਤੀ ਪ੍ਰਾਪਤ ਕਰਕੇ ਸੰਨਿਆਸੀ ਸੁਆਮੀ ਗੰਗੇਸ਼ਵਰਾਨੰਦ ਗਿਰੀ ਬਣ ਗਿਆ। ਆਪਣੀ ਸਾਧਨਾ ਦੇ ਨਾਲ ਨਾਲ, ਆਪਣੀ ਸ਼ਿੱਸ਼, ਮਾਤਾ ਸ਼ਿਵ ਬਾਣੀ ਆਨੰਦ ਗਿਰੀ ਨਾਲ ਰਲ ਕੇ, ਉਸ ਨੇ ਮਾਤਾ ਜੀ ਦੇ ਪਿਤਾ ਜੀ, ਗਿਆਨੀ ਮਹਿੰਦਰ ਸਿੰਘ ਰਤਨ ਦੇ ਹਸਤ ਲਿਖਿਤ ਗੁਰਬਾਣੀ ਟੀਕੇ ਨੂੰ "ਗੁਰਬਾਣੀ ਸਬਦੁ ਸੁਰਤਿ" ਦੀ ਰੂਪ ਰੇਖਾ ਦਿੱਤੀ, ਜਿਸ ਨੂੰ ਸਾਰੰਗ ਲੋਕ ਮੁਹਾਲੀ ਨੇ ਛਪਵਾਇਆ। ਇਸ ਪ੍ਰਕਿਰਿਆ ਦੇ ਦੌਰਾਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਆਵਰਤਨ ਕੀਤੇ ਗਏ ਜਿਸ ਨਾਲ ਗੁਰਬਾਣੀ ਵਿੱਚ ਵਿਸ਼ੇਸ਼ ਰੁਚੀ ਅਤੇ ਲਗਾਅ ਪੈਦਾ ਹੋ ਗਏ। ਲੇਖਕ ਨੇ ਇਸੇ ਮਨੋ ਬਿਰਤੀ ਨਾਲ ਸ਼੍ਰੀਮਦ੍ ਭਗਵਦ੍ ਗੀਤਾ ਦਾ ਲਿੱਪੀ ਅੰਤਰਣ ਕੀਤਾ ਅਤੇ ਆਪਣੀ ਟਿੱਪਣੀ ਦੇ ਨਾਲ ਨਾਲ, ਕਿਸੇ ਹੋਰ ਧਰਮ ਗ੍ਰੰਥ ਦੀ ਬਜਾਏ, ਗੁਰਬਾਣੀ ਸਾਗਰ ਵਿੱਚ ਟੁੱਭੀਆਂ ਮਾਰ ਮਾਰ ਕੇ, ਸ਼ਲੋਕਾਂ ਦੀ ਵਿਆਂਖਿਆ ਲਈ, ਉਨ੍ਹਾਂ ਦੇ ਸਮਾਨ ਅਰਥੀ ਸ਼ਬਦ-ਰਤਨ ਕੱਢ ਕੇ ਕੇਵਲ ਉਹ ਹੀ ਹਵਾਲਿਆਂ ਵਜੋਂ ਦਿੱਤੇ।

ਹੱਥ ਵਿਚਲਾ ਸੰਸਕਰਣ ਨਰੋਲ ਗਿਆਨ ਹੈ ਜੋ ਬਾਲ ਰਿਸ਼ੀ ਅਸ਼੍ਟਾਵਕ੍ਰ ਨੇ ਰਾਜਾ ਜਨਕ ਨੂੰ ਦਿੱਤਾ। ਰਾਜਾ ਜਨਕ ਆਪ ਵੀ ਗਿਆਨੀ ਸਨ ਜਿਸ ਕਰਕੇ ਕਿਤੇ ਕਿਤੇ ਇਹ ਦੋ ਗਿਆਨੀਆਂ ਵਿੱਚ ਸੰਵਾਦ ਦਾ ਰੂਪ ਲੈ ਲੈਂਦਾ ਹੈ। ਇਸ ਸੰਸਕਰਣ ਦੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਵੱਲੋਂ ਦਿੱਤੀ ਗਈ ਟਿੱਪਣੀ ਨਾਂਹ ਦੇ ਬਰਾਬਰ ਹੈ ਅਤੇ ਸ਼ਲੋਕਾਂ ਦੀ ਵਿਆਖਿਆ ਗੁਰਬਾਣੀ 'ਚੋਂ ਲਏ ਗਏ ਸ਼ਬਦ ਰਤਨਾਂ ਰਾਹੀਂ ਕੀਤੀ ਗਈ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਭਗਤੀ-ਪ੍ਰਧਾਨ ਬਾਣੀ ਹੈ ਅਤੇ ਗਿਆਨ ਨੂੰ ਭਗਤੀ ਦਾ ਇੱਕ ਅੰਗ ਮੰਨਿਆ ਗਿਆ ਹੈ ਜਿਸ ਕਰਕੇ ਇਸ ਵਿੱਚ ਥਾਂ ਥਾਂ ਉੱਤੇ ਗਿਆਨ ਦੇ ਅਨਮੋਲ ਸ਼ਬਦ ਰਤਨ ਮਿਲਦੇ ਹਨ। ਇਸ ਗ੍ਰੰਥ ਦੇ ਸ਼ਲੋਕ ਤਾਂ ਕੇਵਲ ੩੦੦ ਹਨ ਪਰ ਹਰ ਸ਼ਲੋਕ ਦੀ ਵਿਆਖਿਆ ਲਈ ਉਸ ਦਾ ਸਮਾਨ ਅਰਥੀ ਸ਼ਬਦ ਲੱਭਣ ਲਈ ਗੁਰਬਾਣੀ ਸਾਗਰ ਵਿੱਚ ਕਈ ਕਈ ਟੁੱਭੀਆਂ ਮਾਰਨ ਦੀ ਲੋੜ ਪਈ ਹੈ ਜਿਸ ਕਰਕੇ ਇਹ ਗ੍ਰੰਥ ਨਾ ਕੇਵਲ ਅਸ਼੍ਟਾਵਕ੍ਰ ਜੀ ਦੁਆਰਾ ਦਿੱਤੇ ਗਏ ਗਿਆਨ ਨੂੰ ਸਰਲ ਕਰਕੇ ਸਮਝਾਉਣ ਦਾ ਇੱਕ ਛੋਟਾ ਜਿਹਾ ਉਪਰਾਲਾ ਹੈ, ਇਹ

ਸਾਡੇ ਗੁਰੂ ਸਾਹਿਬਾਨ ਅਤੇ ਭਗਤਾਂ ਦੁਆਰਾ ਉਚਾਰੇ ਗਏ ਕੁਝ ਗਿਆਨ ਦੇ ਸ਼ਬਦ-ਰਤਨਾਂ ਦਾ ਸੰਗ੍ਰਹਿ ਵੀ ਹੈ ਜਿਸ ਕਰਕੇ ਗਿਆਨ ਦੇ ਚਾਹਵਾਨ ਅਤੇ ਗਰਬਾਣੀ ਪ੍ਰੇਮੀ ਇਸ ਨੂੰ ਪਸੰਦ ਕਰਨਗੇ ਅਤੇ ਇਸ ਤੋਂ ਲਾਭ ਲੈਣਗੇ।

ਲੇਖਕ ਧੰਨਵਾਦੀ ਹੈ ਸਿੰਘ ਬ੍ਰਦਰਜ਼ ਅੰਮ੍ਰਿਤਸਰ ਦੇ ਮਾਲਕ ਵੀਰ ਜੀ, ਗੁਰ ਸਾਗਰ ਸਿੰਘ ਜੀ ਦਾ, ਜੋ ਇਨ੍ਹਾਂ ਰਚਨਾਵਾਂ ਲਈ ਉਸ ਦੇ ਪ੍ਰੇਰਕ ਰੂਪ ਹਨ। ਬਰਖ਼ੁਰਦਾਰ ਹਰਚਰਨ ਸਿੰਘ ਅਤੇ ਪਰਿਵਾਰ ਦਾ ਧੰਨਵਾਦੀ ਹੈ ਜਿਹੜੇ ਕਿਤਾਬਾਂ ਦੀ ਛਪਾਈ ਦੌਰਾਨ ਉਸ ਦੀ ਹਰ ਸੁਖ-ਸੁਵਿਧਾ ਦਾ ਪੂਰਾ ਧਿਆਨ ਰੱਖਦੇ ਹਨ। ਸਰਦਾਰਨੀ ਸੁਰਿੰਦਰ ਪਾਲ ਕੌਰ ਦਾ ਧੰਨਵਾਦੀ ਹੈ, ਜਿਨ੍ਹਾਂ ਬੜੀ ਬਰੀਕੀ ਅਤੇ ਮਿਹਨਤ ਨਾਲ ਸੁਧਾਈ ਦਾ ਔਖਾ ਕੰਮ ਕੀਤਾ ਹੈ। ਸੁੰਦਰ ਸਰਵਰਕ ਬਨਾਉਣ ਲਈ ਕਲਾਕਾਰ ਬਲਵਿੰਦਰ ਕੁਮਾਰ ਸੈਲੀ ਜੀ ਦਾ ਵੀ ਧੰਨਵਾਦ ਕਰਦਾ ਹੈ।

ਸੁਆਮੀ ਗੰਗੇਸ਼ਵਰਾਨੰਦ ਗਿਰੀ

ਤਰਤੀਬ

◆◆◆

अष्टावक्र गीता

ਅਸ਼ਟਾਵਕ੍ਰ ਗੀਤਾ

ਪਹਿਲਾ ਅਧਿਆਇ

ਆਤਮ ਗਿਆਨ ਦਾ ਮਾਰਗ।

ਬਹੁ-ਪ੍ਰਚਲਿਤ ਕਥਾ ਇਹ ਹੈ ਕਿ ਇੱਕ ਵਿਦਵਾਨ ਪੰਡਿਤ ਕਹੋਰ, ਆਪਣੀ ਗਰਭਵਤੀ ਪਤਨੀ ਸੁਜਾਤਾ ਕੋਲ ਬੈਠਾ ਵੇਦ ਪਾਠ ਕਰ ਰਿਹਾ ਸੀ। ਗਰਭ ਦੇ ਅੰਦਰੋਂ ਬੱਚਾ ਬੋਲ ਉੱਠਿਆ "ਪਿਤਾ ਜੀ ਤੁਹਾਡਾ ਉਚਾਰਣ ਠੀਕ ਨਹੀਂ।" ਕਹੋਰ ਨੇ ਗੁੱਸੇ ਵਿੱਚ ਸੁਜਾਤਾ ਦੇ ਪੇਟ ਉੱਤੇ ਧੱਫਾ ਮਾਰਿਆ ਕਿ ਅਜੇ ਜੰਮਿਆ ਹੈ ਨਹੀਂ, ਨੁਕਸ ਪਹਿਲੋਂ ਹੀ ਕੱਢਣ ਲੱਗ ਪਿਆ ਹੈ। ਇਸ ਚੋਟ ਕਾਰਣ ਗਰਭ ਵਿੰਗਾ-ਟੇਢਾ ਹੋ ਗਿਆ ਅਤੇ ਜਦੋਂ ਬੱਚਾ ਪੈਦਾ ਹੋਇਆ, ਉਸ ਦੇ ਸਰੀਰ ਵਿੱਚ ਅੱਠ ਵਿੰਗ ਸਨ ਜਿਸ ਕਰਕੇ ਉਸ ਦਾ ਨਾਮ ਰੱਖਿਆ ਗਿਆ 'ਅਸ਼ਟਾਵਕ੍ਰ'।

ਇੱਕ ਵਾਰੀ ਕਹੋਰ, ਰਾਜਾ ਜਨਕ ਦੇ ਦਰਬਾਰ ਵਿੱਚ ਦੱਛਣਾ ਲੈਣ ਦੀ ਇੱਛਾ ਨਾਲ ਗਿਆ। ਰਾਜੇ ਨੇ ਇਹ ਸ਼ਰਤ ਰੱਖੀ ਕਿ ਜੇ ਮੇਰੇ ਦਰਬਾਰ ਵਿੱਚ ਬੈਠੇ ਵਿਦਵਾਨਾਂ ਨਾਲ ਸ਼ਾਸਤਰ-ਅਰਥ ਕਰਕੇ ਜਿੱਤ ਜਾਓਗੇ ਤਾਂ ਮੂੰਹ-ਮੰਗੀ ਦੱਛਣਾ ਦਿਆਂਗਾ। ਕਹੋਰ ਸ਼ਾਸਤਰ-ਅਰਥ ਵਿੱਚ ਦਰਬਾਰ ਦੇ ਇੱਕ ਵਿਦਵਾਨ ਵੰਦਿਨ ਤੋਂ ਹਾਰ ਗਿਆ ਜਿਸ ਕਰਕੇ ਰਾਜੇ ਨੇ ਉਸ ਨੂੰ ਦੱਛਣਾ ਦੇਣ ਤੋਂ ਬਿਨਾ ਹੀ ਵਾਪਸ ਭੇਜ ਦਿੱਤਾ।

ਜਦੋਂ ਅਸ਼ਟਾਵਕ੍ਰ ਦਸ ਵਰ੍ਹਿਆਂ ਦਾ ਹੋਇਆ ਤਾਂ ਉਹ ਪਿਤਾ ਦੇ ਅਪਮਾਨ ਦਾ ਬਦਲਾ ਲੈਣ ਲਈ ਰਾਜੇ ਦੇ ਦਰਬਾਰ ਵਿੱਚ ਚਲਾ ਗਿਆ। ਰਾਜੇ ਦੇ ਪੁੱਛਣ ਉੱਤੇ ਉਸ ਨੇ ਕਿਹਾ ਕਿ ਮੈਂ ਸ਼ਾਸਤਰ-ਅਰਥ ਕਰਨ ਆਇਆ ਹਾਂ। ਉਸ ਦੀ ਇਹ ਗੱਲ ਸੁਣ ਕੇ ਅਤੇ ਟੇਢੇ ਸਰੀਰ ਨੂੰ ਵੇਖ ਕੇ ਦਰਬਾਰ ਵਿੱਚ ਬੈਠੇ ਵਿਦਵਾਨ ਹੱਸ ਪਏ। ਇਸ ਉੱਤੇ ਅਸ਼ਟਾਵਕ੍ਰ ਨੇ ਕਿਹਾ ਕਿ ਇਹ ਚਮਿਆਰ ਹਨ ਕਿਉਂਕਿ ਇਨ੍ਹਾਂ ਦੀ ਨਜ਼ਰ ਚਮੜੀ ਤੋਂ ਅੱਗੇ ਨਹੀਂ ਜਾ ਰਹੀ। ਵਿਦਵਾਨਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ। ਅਸ਼ਟਾਵਕ੍ਰ ਦਾ ਉਸ ਦੇ ਪਿਤਾ ਨੂੰ ਹਰਾਉਣ ਵਾਲੇ ਵਿਦਵਾਨ ਵੰਦਿਨ ਨਾਲ ਸ਼ਾਸਤਰ-ਅਰਥ ਹੋਇਆ ਜਿਸ ਵਿੱਚ ਵੰਦਿਨ ਹਾਰ ਗਿਆ। ਰਾਜੇ ਨੂੰ ਅਹਿਸਾਸ ਹੋ ਗਿਆ ਕਿ ਇਹ ਕੋਈ ਸਧਾਰਨ ਬਾਲਕ ਨਹੀਂ, ਮਹਾਨ ਰਿਸ਼ੀ ਹੈ ਜਿਸ ਤੋਂ ਗਿਆਨ

ਲੈਣਾ ਚਾਹੀਦਾ ਹੈ। ਇਹ ਨਿਸ਼ਚਾ ਕਰਕੇ ਰਾਜਾ ਸਿੰਘਾਸਣ ਤੋਂ ਉਤਰ ਕੇ ਹੱਥ ਜੋੜ ਕੇ ਥੱਲੇ ਬੈਠ ਗਿਆ ਅਤੇ :---

जनक उवाच।

कथं ज्ञानमवाप्नोति कथं मुक्तिर्भविष्यति।
वैराग्यम च कथं प्राप्तमेतद् ब्रूहि मम प्रभो ।।१।।

ਜਨਕ ਉਵਾਚ।

ਕਥੰ ਗਿਆਨਮਵਾਪ੍ਨੋਤਿ ਕਥੰ ਮੁਕਤਿਰਭਵਿਸ਼ਿਅਤਿ।
ਵੈਰਾਗਿਅਮ ਚ ਕਥੰ ਪ੍ਰਾਪ੍ਤਮੇਤਦ੍ ਬ੍ਰੂਹਿ ਮਮ ਪ੍ਰਭੋ॥੧॥

ਸ਼ਬਦਾਰਥ :- ਕਥੰ = ਕਿਵੇਂ। ਗਿਆਨੰ ਅਵਾਪ੍ਨੋਤਿ = ਗਿਆਨ ਪ੍ਰਾਪਤ ਕਰਦਾ ਹੈ। ਮੁਕਤਿ: ਭਵਿਸ਼ਿਅਤਿ = ਮੁਕਤੀ ਹੋਵੇਗੀ। ਵੈਰਾਗਿਅਮ = ਵੈਰਾਗ। ਚ = ਅਤੇ। ਪ੍ਰਾਪ੍ਤਮ ਏਤਤ੍ = ਪ੍ਰਾਪਤ ਇਹ। ਬ੍ਰੂਹਿ = ਕਹੋ। ਮਮ = ਮੈਨੂੰ। ਪ੍ਰਭੋ = ਹੇ ਸੁਆਮੀ।

ਸ਼ਲੋਕਾਰਥ :- ਜਨਕ ਨੇ ਕਿਹਾ "ਹੇ ਸੁਆਮੀ! ਮੈਨੂੰ ਦੱਸੋ (ਮਨੁੱਖ) ਗਿਆਨ ਕਿਵੇਂ ਪ੍ਰਾਪਤ ਕਰਦਾ ਹੈ, ਮੁਕਤੀ ਕਿਵੇਂ ਹੋਵੇਗੀ ਅਤੇ ਵੈਰਾਗ ਕਿਵੇਂ ਪ੍ਰਾਪਤ ਹੁੰਦਾ ਹੈ?"

ਭਾਵਾਰਥ :- ਗਿਆਨ ਦਾ ਮਤਲਬ ਹੈ ਆਤਮ-ਅਨਾਤਮ ਦਾ ਗਿਆਨ, ਆਪਣੇ ਮੂਲ ਦੀ ਪਛਾਣ। ਮੁਕਤੀ ਤੋਂ ਭਾਵ ਹੈ ਆਵਾਗਵਣ ਦੇ ਚੱਕਰ ਚੋਂ ਛੁਟਕਾਰਾ ਅਤੇ ਵੈਰਾਗ ਹੈ ਸੰਸਾਰਿਕ ਵਿਸ਼ਿਆਂ ਤੋਂ ਮਿਲਣ ਵਾਲੇ ਸੁਖ ਦੁੱਖ, ਹਰਖ-ਸੋਗ ਪ੍ਰਤੀ ਨਿਰਾਸਕਤੀ।

अष्टावक्र उवाच।

मुक्तिमिच्छसि चेत्तात विषयान् विषवत्त्यज।
क्षमार्ज्जवदयातोषसत्यं पीयूषवद्भज ।।२।।

ਅਸ਼ਟਾਵਕ੍ਰ ਉਵਾਚ।

ਮੁਕ੍ਤਿਮਿੱਛਸਿ ਚੇਤ੍ਤਾਤ ਵਿਸ਼ਿਆਨ੍ ਵਿਸ਼ਵਤ੍ਤਿਅਜ।
ਕ੍ਸ਼ਮਾਰੱਜਵਦਯਾਤੋਸ਼ਸਤਿਯੰ ਪੀਯੂਸ਼ਵਦ੍ਭਜ ॥੨॥

ਸ਼ਬਦਾਰਥ :- ਮੁਕ੍ਤਿਮ ਇੱਛਸਿ = ਮੁਕਤੀ ਚਾਹੁੰਦੇ ਹੋ। ਚੇਤ੍ ਤਾਤ = ਜੇ ਪਿਆਰੇ। ਵਿਸ਼ਿਆਨ੍ = ਵਿਸ਼ਿਆਂ ਨੂੰ। ਵਿਸ਼ ਵਤ੍ ਤਿਅਜ = ਵਿਸ਼ ਵਾਂਗ ਤਿਆਗ। ਕ੍ਸ਼ਮਾ ਆਰਜਵ ਦਯਾ ਤੋਸ਼ ਸਤਿਅੰ =ਖਿਮਾ, ਸਾਫ਼ ਦਿਲੀ, ਦਇਆ, ਸੰਤੋਖ। ਪੀਯੂਸ਼ ਵਤ੍ ਭਜ = ਅੰਮ੍ਰਿਤ ਵਾਂਗ ਅਪਨਾਅ।

ਸ਼ਲੋਕਾਰਥ :- ਅਸ਼ਟਾਵਕ੍ਰ ਨੇ ਕਿਹਾ, "ਹੇ ਪਿਆਰੇ! ਜੇ ਤੂੰ ਮੁਕਤੀ ਚਾਹੁੰਦਾ ਹੈਂ ਤਾਂ ਵਿਸ਼ਿਆਂ ਦਾ ਵਿਸ਼ ਵਾਂਗ ਤਿਆਗ ਕਰ ਅਤੇ ਖਿਮਾ, ਸਾਫ਼ ਦਿਲੀ, ਦਇਆ,

ਸੰਤੋਖ ਅਤੇ ਸਚਾਈ ਨੂੰ ਅੰਮ੍ਰਿਤ ਵਾਂਗ ਅਪਣਾਅ"।

ਭਾਵਾਰਥ :- ਸੰਸਾਰ ਵਿੱਚ ਰਹਿੰਦੇ ਹੋਇਆਂ ਵਿਸ਼ਿਆਂ ਨੂੰ ਛੱਡਿਆ ਨਹੀਂ ਜਾ ਸਕਦਾ ਜਿਸ ਕਰਕੇ ਵਿਸ਼ੇ ਤਿਆਗ ਦਾ ਅਰਥ ਹੈ ਇਨ੍ਹਾਂ ਪ੍ਰਤੀ ਆਸਕਤੀ ਦਾ ਤਿਆਗ। ***"ਬਿਖੁ ਕਾ ਮਾਤਾ ਆਵੈ ਜਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੫; ਅੰਗ ੧੧੯੨) ਵਿਸ਼ਿਆਂ ਵਿੱਚ ਆਸਕਤ ਮਨੁੱਖ ਆਵਾਗਵਣ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ਇਸ ਕਰਕੇ ***"ਬਿਖਿਆ ਬਿਖੁ ਜਿਉ ਬਿਸਾਰਿ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਜਾਵੰਤੀ ਮ: ੯, ਅੰਗ ੧੩੫੨) ਵਿਸ਼ਿਆਂ ਨੂੰ ਜ਼ਹਿਰ ਵਾਂਗ ਤਿਆਗ ਦਿਓ ਅਤੇ ***"ਸਤ ਸੰਤੋਖਿ ਰਹਹੁ ਜਨ ਭਾਈ॥ ਖਿਮਾ ਗਹਹੁ ਸਤਿਗੁਰ ਸਰਣਾਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਸਚਾਈ, ਸੰਤੋਖ ਅਤੇ ਖਿਮਾ ਅਪਣਾਅ ਕੇ ਪ੍ਰਭੂ-ਸ਼ਰਨ ਵਿੱਚ ਜਾਓ।

न पृथ्वी न जलं नाग्निर्न वायुर्द्यौर्न वा भवान्।
एषां साक्षिणमात्मानं चिद्रूपं विद्धि मुक्तये।।३।।

ਨ ਪ੍ਰਿਥ੍ਵੀ ਨ ਜਲੰ ਨਾਗ੍ਨਿਰਨ ਵਾਯੁਰਦਿਔਰਨ ਵਾ ਭਵਾਨ।
ਏਸ਼ਾਂ ਸਾਕ੍ਸ਼ਿਣਮਾਤ੍ਮਾਨੰ ਚਿਦ੍ਰੂਪੰ ਵਿੱਧਿ ਮੁਕ੍ਤਿਏ॥੩॥

ਸ਼ਬਦਾਰਥ :- ਨ ਅਗ੍ਨਿ: ਨ ਵਾਯੁ: ਦਿਔ = ਨਾ ਅਗਨੀ ਨਾ ਵਾਯੂ ਨਾ ਅਕਾਸ਼। ਭਵਾਨ੍ = ਤੁਸੀਂ। ਏਸ਼ਾਂ = ਇਨ੍ਹਾਂ ਦਾ। ਸਾਕ੍ਸ਼ਿਣਮ੍ ਆਤ੍ਮਾਨੰ = ਸਾਖੀ ਸਵੈ ਨੂੰ। ਚਿਦ੍ਰੂਪੰ = ਚੇਤਨ ਸਰੂਪ। ਵਿੱਧਿ = ਜਾਣੋ। ਮੁਕ੍ਤਿਏ = ਮੁਕਤੀ ਲਈ।

ਸ਼ਲੋਕਾਰਥ :- ਤੂੰ ਨਾ ਪ੍ਰਿਥਵੀ ਹੈਂ, ਨਾ ਪਾਣੀ, ਨਾ ਅਗਨੀ, ਨਾ ਵਾਯੂ ਅਤੇ ਨਾ ਹੀ ਅਕਾਸ਼ । ਮੁਕਤੀ ਲਈ ਸਵੈ ਨੂੰ ਇਨ੍ਹਾਂ ਦਾ ਸਾਖੀ ਅਤੇ ਚੇਤਨ ਸਰੂਪ ਜਾਣ।

ਭਾਵਾਰਥ :- ਤੇਰਾ ਸਰੀਰ ਇਨ੍ਹਾਂ ਪੰਜ ਤੱਤਾਂ ਦਾ ਬਣਿਆ ਹੈ ਪਰ ਤੂੰ ਇਨ੍ਹਾਂ ਵਿੱਚੋਂ ਕੋਈ ਵੀ ਤੱਤ ਨਹੀਂ ਭਾਵ ਤੂੰ ਸਰੀਰ ਨਹੀਂ। ***"ਪ੍ਰਾਣੀ ਜਾਣੈ ਇਹੁ ਤਨੁ ਮੇਰਾ॥ ਬਹੁਰਿ ਬਹੁਰਿ ਉਆਹੂ ਲਪਟੇਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੦) ਪ੍ਰਾਣੀ ਸਰੀਰ ਨੂੰ ਆਪਣਾ ਆਪ ਮੰਨ ਕੇ ਸੰਸਾਰ ਨਾਲ ਬੱਝ ਕੇ ਬਾਰ ਬਾਰ ਏਥੇ ਆਉਂਦਾ ਹੈ। ***"ਆਪੁ ਪਛਾਣਹਿ ਤਾ ਸਚੁ ਜਾਣਹਿ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੬੯) ਸਵੈ ਨੂੰ ਪਛਾਣ ਕੇ ਹੀ ਅਸਲੀਅਤ ਦਾ ਗਿਆਨ ਹੁੰਦਾ ਹੈ। ਮੁਕਤੀ ਲਈ ਇਹ ਜਾਣੋ ਕਿ ***"ਇਹੁ ਸੰਸਾਰੁ ਸਗਲ ਹੈ ਸੁਪਨੋ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਸਾਰਾ ਸੰਸਾਰ ਤੇਰਾ ਸੁਪਨਾ ਹੈ ਜਿਸ ਨੂੰ ਤੂੰ ਚੇਤਨ ਸਰੂਪ ਸਾਖੀ ਬਣ ਕੇ ਵੇਖ ਰਿਹਾ ਹੈਂ।

यदि देहं पृथक्कृत्य चिति विश्राम्य तिष्ठसि।
अधुनैव सुखी शांतो बंधमुक्तो भविष्यसि।।४।।

ਯਦਿ ਦੇਹੰ ਪ੍ਰਿਥੱਕ੍ਰਿਤਿਅ ਚਿਤਿ ਵਿਸ਼੍ਰਾਮਿਅ ਤਿਸ਼੍ਠਸਿ।
ਅਧੁਨੈਵ ਸੁਖੀ ਸ਼ਾਂਤੋ ਬੰਧਮੁਕ੍ਤੋ ਭਵਿਸ਼ਿਅਸਿ॥੪॥

ਸ਼ਬਦਾਰਥ :- ਯਦਿ = ਜੇ। ਦੇਹੰ = ਦੇਹ ਨੂੰ। ਪ੍ਰਿਥਕ੍ ਕ੍ਰਿਤਿਅ = ਵੱਖਰਾ ਕਰਕੇ। ਚਿਤਿ = ਚਿੱਤ ਵਿੱਚ। ਵਿਸ਼੍ਰਾਮਿਅ = ਥਿਰ ਹੋ ਕੇ। ਤਿਸ਼੍ਠਸਿ = ਠਹਿਰ ਜਾਂਦਾ ਹੈਂ। ਅਧੁਨਾ ਏਵ = ਹੁਣੇ ਹੀ। ਬੰਧਮੁਕ੍ਤੋ = ਬੰਧਨ ਮੁਕਤ। ਭਵਿਸ਼ਿਅਸਿ = ਹੋ ਜਾਵੇਂਗਾ।

ਸ਼ਲੋਕਾਰਥ :- ਜੇ ਦੇਹ ਤੋਂ (ਸਵੈ ਨੂੰ) ਵੱਖਰਾ ਵਿਚਾਰ ਕਰਕੇ, ਚਿੱਤ (ਸਵੈ) ਵਿੱਚ ਥਿਰ ਸਥਿਤ ਹੋ ਜਾਵੇਂ ਤਾਂ ਹੁਣੇ ਹੀ ਸੁਖੀ, ਸ਼ਾਂਤ ਅਤੇ ਬੰਧਨ ਮੁਕਤ ਹੋ ਜਾਵੇਂਗਾ।

ਭਾਵਾਰਥ :- ਸਾਰੇ ਬੰਧਨ ਦੇਹ ਦੇ ਹਨ। ਦੇਹ ਨੂੰ ਭੁੱਖ ਲੱਗਦੀ ਹੈ ਤਾਂ ਅਗਿਆਨੀ ਕਹਿੰਦਾ ਹੈ 'ਮੈਨੂੰ ਭੁੱਖ ਲੱਗੀ ਹੈ'। ਵਿਸ਼ਿਆਂ ਤੋਂ ਪ੍ਰਾਪਤ ਹੋਣ ਵਾਲੇ ਸੁਖ-ਦੁੱਖ, ਹਰਖ-ਸੋਗ ਦੇਹ ਵਿੱਚ ਮਹਿਸੂਸ ਹੁੰਦੇ ਹਨ ਅਤੇ ਸਵੈ ਨੂੰ ਨਹੀਂ ਛੂਹ ਸਕਦੇ ਜੋ ਦੇਹ ਤੋਂ ਵੱਖਰਾ ਹੈ। ਇਸੇ ਕਰਕੇ ਕਿਹਾ ਹੈ ਕਿ ***"ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ॥ ਨਾਨਕ ਮੁਕਤ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੨੦) ਸਰੀਰ ਦੇ ਸੁਖ-ਦੁੱਖ ਤੋਂ ਅਤੀਤ ਮਨੁੱਖ ਗਿਆਨੀ ਹੈ ਅਤੇ ਇਸ ਤਰ੍ਹਾਂ ਦਾ ਪ੍ਰਾਣੀ ਮੁਕਤ ਹੀ ਹੈ।

न त्वं विप्रादिको वर्णो नाश्रमी नाक्षगोचरः।
असङ्गोऽसि निराकारो विश्वसाक्षी सुखी भव॥५॥

ਨ ਤ੍ਵੰ ਵਿਪ੍ਰਾਦਿਕੋ ਵਰ੍ਣੋ ਨਾਸ਼੍ਰਮੀ ਨਾਕ੍ਸ਼ਗੋਚਰ:।
ਅਸੰਗੋऽਸਿ ਨਿਰਾਕਾਰੋ ਵਿਸ਼੍ਵਸਾਕ੍ਸ਼ੀ ਸੁਖੀ ਭਵ॥੫॥

ਸ਼ਬਦਾਰਥ :- ਤ੍ਵੰ = ਤੂੰ। ਵਿਪ੍ਰਾਦਿਕ: = ਬ੍ਰਾਹਮਣ ਆਦਿ। ਨਾ ਆਸ਼੍ਰਮੀ = ਨਾ ਕਿਸੇ ਆਸ਼੍ਰਮ ਵਿੱਚ। ਨਾ ਅਕ੍ਸ਼ ਗੋਚਰ: = ਨਾ ਅੱਖਾਂ ਨਾਲ ਵੇਖਿਆ ਜਾ ਸਕਣ ਵਾਲਾ। ਅਸੰਗ: ਅਸਿ = ਅਸੰਗ ਹੈਂ। ਵਿਸ਼੍ਵ ਸਾਕ੍ਸ਼ੀ = ਵਿਸ਼ਵ ਅਰਥਾਤ ਸਭ ਦਾ ਸਾਖੀ।

ਸ਼ਲੋਕਾਰਥ :- ਨਾ ਤੂੰ ਵਿਪ੍ਰ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਆਦਿ ਵਰਨ ਦਾ ਹੈਂ, ਨਾ ਕਿਸੇ ਆਸ਼੍ਰਮ (ਬ੍ਰਹਮਚਰਜ, ਗ੍ਰਿਹਸਤ, ਵਾਣਪ੍ਰਸਥ, ਸੰਨਿਆਸ) ਵਿੱਚ ਹੈਂ, ਨਾ ਅੱਖਾਂ ਭਾਵ ਇੰਦ੍ਰੀਆਂ ਨਾਲ ਪਹੁੰਚਿਆ ਜਾ ਸਕਦਾ ਹੈਂ। ਤੂੰ ਅਸੰਗ, ਨਿਰਾਕਾਰ ਅਤੇ ਸਭ ਦਾ ਸਾਖੀ ਹੈਂ। ਸੁਖੀ ਰਹੁ।

ਭਾਵਾਰਥ :- ਤੂੰ ਅਰਥਾਤ ਤੇਰਾ ਸਵੈ ***"ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੫੯੭) ਨਾ ਬ੍ਰਾਹਮਣ ਹੈ ਨਾ ਖੱਤਰੀ ਹੈ ਅਤੇ ***"ਤੂੰ ਵਰਨਾ ਚਿਹਨਾ ਬਾਹਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੭੪) ਤੇਰਾ ਨਾ ਕੋਈ ਵਰਨ ਹੈ ਨਾ ਆਕਾਰ ਹੈ, ਤੂੰ ਕਿਸੇ ਆਸ਼੍ਰਮ ਵਿੱਚ ਵੀ ਨਹੀਂ, ***"ਅਗਮ ਅਗੋਚਰੁ ਅਲਖੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੮੯), ਇੰਦ੍ਰੀ ਗੋਚਰ ਨਹੀਂ,

ਸਭ ਤੋਂ ਅਸੰਗ, ਕੇਵਲ ਸਾਖੀ ਹੈਂ। ਆਪਣੇ ਆਪ ਨੂੰ ਇਸ ਤਰ੍ਹਾਂ ਅਨੁਭਵ ਕਰਕੇ ਸੰਸਾਰ ਦਿਆਂ ਝਮੇਲਿਆਂ ਤੋਂ ਮੁਕਤ ਅਤੇ ਅਨੰਦ ਵਿੱਚ ਰਹੁ।

धर्माऽधर्मौ सुखं दुखं मानसानि न ते विभो।
न कर्ताऽसि न भोक्ताऽसि मुक्त एवासि सर्वदा ।।६।।
ਧਰਮਾਾਧਰਮੌਂ ਸੁਖੰ ਦੁਖੰ ਮਾਨਸਾਨਿ ਨ ਤੇ ਵਿਭੋ।
ਨ ਕਰਤਾਾਸਿ ਨ ਭੋਕ੍ਤਾਾਸਿ ਮੁਕ੍ਤ ਏਵਾਸਿ ਸਰਵਦਾ॥੬॥

ਸ਼ਬਦਾਰਥ :- ਮਾਨਸਾਨਿ = ਮਨ ਦੇ। ਵਿਭੋ = ਹੇ ਸਰਬ ਵਿਆਪਕ! ਕਰਤਾ ਅਸਿ = ਕਰਤਾ ਹੈਂ। ਭੋਕ੍ਤਾ ਅਸਿ = ਭੋਗਤਾ ਹੈਂ। ਏਵ ਅਸਿ = ਹੀ ਹੈਂ।

ਸ਼ਲੋਕਾਰਥ :- ਹੇ ਵਿਭੂ (ਸਰਬ ਵਿਆਪਕ)! ਸੁਖ-ਦੁੱਖ ਮਨ ਦੇ ਧਰਮ-ਅਧਰਮ ਹਨ, ਤੇਰੇ ਨਹੀਂ। ਨਾ ਤੂੰ ਕਰਤਾ ਹੈਂ ਨਾ ਭੋਗਤਾ, ਸਦਾ ਮੁਕਤ ਹੀ ਹੈਂ।

ਭਾਵਾਰਥ :- ਧਰਮ-ਅਧਰਮ, ਸੁਖ-ਦੁੱਖ ਮਨ ਦੀਆਂ ਅਵਸਥਾਵਾਂ ਹਨ ਅਤੇ ਤਾਂ ਪ੍ਰਭਾਵਿਤ ਕਰਦੀਆਂ ਹਨ ਜੇ ਮਨੁੱਖ ਮਨ ਨੂੰ ਆਪਣੇ ਨਾਲ ਜੋੜ ਕੇ ਆਪਣੇ ਆਪ ਨੂੰ ਕਰਤਾ-ਭੋਗਤਾ ਮੰਨ ਲਵੇ। ***"ਮਨੁ ਸਬਦਿ ਮਰੈ ਤਾ ਮੁਕਤੋ ਹੋਵੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੩; ਅੰਗ ੧੨੩੩)** ਨਾਮ ਜਪਣ ਨਾਲ ਮਨ ਮਰ ਜਾਏ ਭਾਵ ਮਨ ਦਾ ਸੰਸਾਰ ਨਾਲੋਂ ਸੰਬੰਧ ਟੁੱਟ ਜਾਏ ਤਾਂ ਪ੍ਰਾਣੀ ਸਦਾ ਮੁਕਤ ਹੈ। ਕਿਸੇ ਆਕਾਰ ਵਿੱਚ ਬੱਝਾ ਨਾ ਹੋਣ ਕਰਕੇ, ਸਵੈ ਸਰਬ-ਵਿਆਪਕ ਹੈ।

एको द्रष्टासि सर्वस्य मुक्तप्रायोऽसि सर्वदा।
अयमेव हि ते बन्धो द्रष्टारं पश्यसीतरम्।।७।।
ਏਕੋ ਦ੍ਰਸ਼੍ਟਾਸਿ ਸਰਵਸਿਅ ਮੁਕ੍ਤਪ੍ਰਾਯੋਾਸਿ ਸਰਵਦਾ।
ਅਯਮੇਵ ਹਿ ਤੇ ਬੰਧੋ ਦ੍ਰਸ਼੍ਟਾਰੰ ਪਸ਼ਿਅਸੀਤਰੰ॥੭॥

ਸ਼ਬਦਾਰਥ :- ਦ੍ਰਸ਼੍ਟਾ ਅਸਿ = ਦ੍ਰਸ਼ਟਾ ਹੈਂ। ਸਰਵਸਿਅ = ਸਭ ਦਾ। ਮੁਕ੍ਤ ਪ੍ਰਾਯ: ਅਸਿ = ਅਸਲ ਵਿੱਚ ਮੁਕਤ ਹੈਂ। ਅਯਮ ਏਵ = ਇਹ ਹੀ। ਤੇ = ਤੇਰਾ। ਦ੍ਰਸ਼੍ਟਾਰੰ = ਦ੍ਰਸ਼ਟਾ। ਪਸ਼ਿਅਸਿ ਇਤਰੰ = ਵੇਖਦਾ ਹੈਂ ਹੋਰਨਾਂ ਨੂੰ।

ਸ਼ਲੋਕਾਰਥ :- ਇਕੱਲਾ ਤੂੰ ਹੀ ਸਭ ਦਾ ਦ੍ਰਸ਼ਟਾ ਹੈਂ (ਅਤੇ) ਅਸਲ ਵਿੱਚ ਸਦਾ ਮੁਕਤ ਹੈਂ। ਤੇਰਾ ਬੰਧਨ ਇਹ ਹੀ ਹੈ ਕਿ ਤੂੰ ਸਮਝਦਾ ਹੈਂ ਕਿ ਦ੍ਰਸ਼ਟਾ ਹੋਰ ਵੀ ਹਨ।

ਭਾਵਾਰਥ :- ਸਰਬ ਵਿਆਪਕ ਦੋ ਨਹੀਂ ਹੋ ਸਕਦੇ ਜਿਸ ਕਰਕੇ ***"ਤੁਧੁ ਬਿਨੁ ਦੂਜਾ ਨਾਹੀ ਕੋਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੩)** ਤੇਰੇ ਬਿਨਾ ਹੋਰ ਕੋਈ ਹੈ ਹੀ ਨਹੀਂ, ਤੂੰ ਇਕੱਲਾ ਹੀ ਹੈਂ। ਤੂੰ ਹੋਰਨਾਂ ਨੂੰ, ਭਾਵ ਸੰਸਾਰ ਨੂੰ, ਸੱਚ ਸਮਝੀ ਬੈਠਾ ਹੈਂ ਅਤੇ ***"ਦੂਖ ਸੂਖ ਬਾਧੌ ਸੰਸਾਰ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੫; ਅੰਗ ੧੧੯੨)** ਸੰਸਾਰ ਸੁਖ-ਦੁੱਖ ਵਿੱਚ ਬੱਝਾ ਹੋਇਆ ਹੈ ਜਿਸ ਕਰਕੇ ਤੂੰ ਬੰਧਨ

ਮਹਿਸੂਸ ਕਰਦਾ ਹੈਂ ਹਾਲਾਂ ਕਿ ਅਸਲ ਵਿੱਚ ਤੂੰ ਮੁਕਤ ਹੈਂ।

अहं कर्तेत्यहंमानमहाकृष्णाहिदंशितः।
नाहं कर्तेति विश्वासामृतं पीत्वा सुखी भव॥८॥

ਅਹੰ ਕਰਤੇਤਿਅਹੰਮਾਨਮਹਾਕ੍ਰਿਸ਼ਣਾਹਿਦੰਸ਼ਿਤ:।
ਨਾਹੰ ਕਰਤੇਤਿ ਵਿਸ਼੍ਵਾਸਾਮ੍ਰਿਤੰ ਪੀਤ੍ਵਾ ਸੁਖੀ ਭਵ॥੮॥

ਸ਼ਬਦਾਰਥ :- ਕਰਤਾ-ਇਤਿ ਅਹੰਮਾਨ-ਮਹਾਕ੍ਰਿਸ਼ਣਾ-ਹਿਦੰਸ਼ਿਤ: = ਕਰਤਾ ਹਾਂ, ਇਸ ਅਹੰਕਾਰ ਰੂਪੀ ਅਤਿ ਕਾਲੇ ਸੱਪ ਦਾ ਡੱਸਿਆ ਹੋਇਆ। ਨ ਅਹੰ ਕਰਤਾ ਇਤਿ = ਮੈਂ ਕਰਤਾ ਨਹੀਂ, ਏਸ। ਵਿਸ਼੍ਵਾਸ ਅਮ੍ਰਿਤੰ = ਅੰਮ੍ਰਿਤ ਰੂਪੀ ਵਿਸ਼ਵਾਸ ਨੂੰ। ਪੀਤ੍ਵਾ = ਪੀ ਕੇ। ਭਵ = ਹੋ ਜਾਓ।

ਸ਼ਲੋਕਾਰਥ :- "ਮੈਂ ਕਰਤਾ ਹਾਂ" ਇਸ ਅਹੰਕਾਰ ਰੂਪੀ ਮਹਾਂ ਕਾਲੇ ਸੱਪ ਦਾ ਡੱਸਿਆ ਹੋਇਆ (ਤੂੰ), " ਮੈਂ ਕਰਤਾ ਨਹੀਂ" ਇਸ ਵਿਸ਼ਵਾਸ ਰੂਪੀ ਅੰਮ੍ਰਿਤ ਨੂੰ ਪੀ ਕੇ ਸੁਖੀ ਹੋ ਜਾ।

ਭਾਵਾਰਥ :- ***"ਜਬ ਲਗੁ ਜਾਨੈ ਮੁਝ ਤੇ ਕਛੁ ਹੋਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੮)** ਜਦ ਤੱਕ ਵਿਅਕਤੀ ਇਸ ਅਹੰਕਾਰ ਵਿੱਚ ਰਹਿੰਦਾ ਹੈ ਕਿ ਮੈਂ ਕੁਝ ਕਰ ਰਿਹਾ ਹਾਂ ***"ਤਬ ਇਸ ਕਉ ਸੁਖੁ ਨਾਹੀ ਕੋਇ॥"*** **(ਅੰਗ ੨੭੮)** ਤਦ ਤੱਕ ਉਹ ਸੁਖੀ ਨਹੀਂ ਰਹਿ ਸਕਦਾ ਅਤੇ ਕਾਲੇ ਨਾਗ ਦੇ ਡੱਸੇ ਹੋਏ ਵਾਂਗ ਦੁੱਖ ਭੋਗਦਾ ਹੈ ਕਿਉਂਕਿ ਕਰਮ-ਫਲ ਵੀ ਉਸੇ ਨੂੰ ਭੋਗਣਾ ਪੈਂਦਾ ਹੈ। ***"ਨਾ ਹਉ ਕਰਤਾ ਨਾ ਮੈ ਕੀਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩)** ਨਾ ਮੈਂ ਕਰਤਾ ਹਾਂ ਨਾ ਮੈਂ ਕੁਝ ਕੀਤਾ ਹੈ, ***"ਅੰਮ੍ਰਿਤੁ ਨਾਮੁ ਸਤਿਗੁਰਿ ਦੀਆ॥"*** **(ਅੰਗ ੯੯੩)** ਇਹ ਅੰਮ੍ਰਿਤ ਰੂਪੀ ਵਿਸ਼ਵਾਸ ਸਤਿਗੁਰ ਦੇਂਦੇ ਹਨ ਜਿਸ ਵਿੱਚ ਸਥਿਤ ਹੋ ਕੇ ਵਿਅਕਤੀ ਸੁਖੀ ਹੋ ਜਾਂਦਾ ਹੈ।

एको विशुद्धबोधोऽहमिति निश्चयवह्निना।
प्रज्वाल्याज्ञानगहनं वीतशोकः सुखी भव॥९॥

ਏਕੋ ਵਿਸ਼ੁੱਧਬੋਧੋऽਹਮਿਤਿ ਨਿਸ਼੍ਚਯਵਹ੍ਨਿਨਾ।
ਪ੍ਰਜ੍ਵਾਲਿਆਗਿਆਨਗਹਨੰ ਵੀਤਸ਼ੋਕ: ਸੁਖੀ ਭਵ॥੯॥

ਸ਼ਬਦਾਰਥ :- ਵਿਸ਼ੁੱਧ-ਬੋਧ: ਅਹੰ ਇਤਿ = ਅਤਿਅੰਤ ਸ਼ੁੱਧ-ਬੁੱਧ ਰੂਪ ਹਾਂ ਇਸ ਤਰ੍ਹਾਂ। ਨਿਸ਼੍ਚਯ-ਵਹ੍ਨਿਨਾ = ਨਿਸ਼ਚੇ ਰੂਪੀ ਅਗਨੀ ਨਾਲ। ਪ੍ਰਜ੍ਵਾਲਿਅ-ਅਗਿਆਨ-ਗਹਨੰ = ਜਲਾ ਕੇ, ਘੋਰ ਅਗਿਆਨ ਨੂੰ। ਵੀਤ-ਸ਼ੋਕ: = ਸ਼ੋਕ ਰਹਿਤ। ਭਵ = ਹੋ ਜਾਓ।

ਸ਼ਲੋਕਾਰਥ :- 'ਅਤਿਅੰਤ ਸ਼ੁੱਧ-ਬੁੱਧ ਰੂਪ ਮੈਂ ਇੱਕ ਹੀ ਹਾਂ', ਇਸ ਨਿਸ਼ਚੇ ਰੂਪੀ ਅਗਨੀ ਨਾਲ ਘੋਰ ਅਗਿਆਨ ਨੂੰ ਜਲਾ ਕੇ, ਸੋਗ ਰਹਿਤ ਹੋ ਕੇ, ਸੁਖੀ ਰਹੁ।

ਭਾਵਾਰਥ :- *"ਨਿਰਮਲੁ ਸਾਚਾ ਏਕੁ ਤੂ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ਪ੭) ਤੂੰ ਇੱਕ ਹੀ ਨਿਰਮਲ ਸ਼ੁੱਧ-ਬੁੱਧ ਹੈਂ ਕਿਉਂਕਿ *"...ਹੋਰੁ ਮੈਲੁ ਭਰੀ ਸਭ ਜਾਇ॥"* (ਅੰਗ ਪ੭)। ਇਸ ਨਿਸ਼ਚੇ ਰੂਪੀ ਅੱਗ ਨਾਲ ਘੋਰ ਅਗਿਆਨ ਨੂੰ, ਕਿ ਤੇਰੇ ਸਿਵਾ ਭਾਵ ਤੇਰੀ ਆਤਮਾ ਤੋਂ ਸਿਵਾ ਕੋਈ ਹੋਰ ਵੀ ਆਤਮਾ ਹੈ, ਭਸਮ ਕਰਕੇ, ਸੰਸਾਰਿਕ ਝਮੇਲਿਆਂ ਤੋਂ ਮੁਕਤ ਹੋ ਕੇ, ਸੋਗ ਰਹਿਤ ਹੋ ਜਾ ਅਤੇ ਅਨੰਦ ਵਿੱਚ ਰਹੁ।

यत्र विश्वमिदं भाति कल्पितं रज्जुसर्पवत्।
आनंदपरमानंदः स बोधस्त्वं सुखं चर॥१०॥

ਯਤ੍ਰ ਵਿਸ਼੍ਵਮਿਦੰ ਭਾਤਿ ਕਲ੍ਪਿਤੰ ਰੱਜੁਸਰ੍ਪਵਤ੍।
ਆਨੰਦਪਰਮਾਨੰਦ: ਸ ਬੋਧਸ੍ਤ੍ਵੰ ਸੁਖੰ ਚਰ॥੧੦॥

ਸ਼ਬਦਾਰਥ :- ਯਤ੍ਰ = ਜਿੱਥੇ। ਵਿਸ਼੍ਵੰ ਇਦੰ = ਇਹ ਸੰਸਾਰ। ਭਾਤਿ = ਭਾਸਦਾ ਹੈ। ਕਲ੍ਪਿਤੰ = ਕਲਪਨਾ ਕੀਤਾ ਹੋਇਆ। ਰੱਜੁ ਸਰ੍ਪ ਵਤ੍ = ਰੱਸੀ ਵਿੱਚ ਸੱਪ ਵਾਂਗ। ਆਨੰਦ ਪਰਮਾਨੰਦ: = ਆਨੰਦ ਪਰਮਾਨੰਦ। ਸ: = ਉਹ। ਬੋਧ: ਤ੍ਵੰ = ਗਿਆਨ ਰੂਪ ਤੂੰ। ਸੁਖੰ ਚਰ = ਸੁਖੀ ਵਿਚਰ।

ਸ਼ਲੋਕਾਰਥ :- ਤੂੰ ਉਹ ਸਤਿ-ਚਿੱਤ-ਆਨੰਦ ਹੈਂ ਜਿਸ ਵਿੱਚ ਇਹ ਸੰਸਾਰ ਰੱਸੀ ਵਿੱਚ ਸੱਪ ਦੀ ਤਰ੍ਹਾਂ ਕਲਪਨਾ ਕੀਤਾ ਹੋਇਆ ਭਾਸਦਾ ਹੈ। (ਇਸ ਬੋਧ ਨਾਲ) ਸੁਖੀ ਹੋ ਕੇ ਵਿਚਰ।

ਭਾਵਾਰਥ :- ਹਨ੍ਹੇਰੇ ਕਾਰਣ ਰੱਸੀ, ਸੱਪ ਲੱਗਦੀ ਹੈ ਪਰ ਇਹ ਕਲਪਿਤ-ਸੱਪ ਰੱਸੀ ਦੇ ਅੰਦਰ ਹੀ ਹੁੰਦਾ ਹੈ, ਬਾਹਰ ਨਹੀਂ। ਇਸੇ ਤਰ੍ਹਾਂ *"ਤੁਧਹੁ ਬਾਹਰਿ ਕਿਛੁ ਨਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੧੦੨) ਤੇਰੇ ਤੋਂ ਬਾਹਰ ਵੀ ਕੁਝ ਨਹੀਂ। ਨੀਂਦ ਰੂਪੀ ਅਗਿਆਨ ਵਿੱਚ ਜਿਵੇਂ ਤੇਰੇ ਅੰਦਰ ਸੁਪਨੇ ਵਿੱਚ ਕਈ ਕੁਝ ਦਿੱਸਦਾ ਹੈ ਜਿਸ ਦੀ ਅਸਲ ਵਿੱਚ ਹੋਂਦ ਨਹੀਂ ਹੁੰਦੀ, ਉਸੇ ਤਰ੍ਹਾਂ *"ਸੁਪਨ ਰੀ ਸੰਸਾਰੁ॥ ਮਿਥਨੀ ਬਿਸਥਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੯) ਇਹ ਸੰਸਾਰ ਰੂਪੀ ਵਿਸਥਾਰ ਮਿਥਿਆ ਹੈ ਅਤੇ ਅਗਿਆਨ ਕਾਰਣ, ਸੁਪਨੇ ਵਾਂਗ ਭਾਸਦਾ ਹੈ ਪਰ ਹੈ ਸਾਰੇ ਦਾ ਸਾਰਾ ਤੇਰੇ ਅੰਦਰ ਹੀ। ਤੂੰ ਆਨੰਦ ਸਰੂਪ ਹੈਂ। ਇਸ ਬੋਧ ਵਿੱਚ ਸਥਿਤ ਰਹਿ ਕੇ ਸੁਖੀ ਹੋ ਕੇ ਵਿਚਰ।

मुक्ताभिमानी मुक्तो हि बद्धो बद्धाभिमान्यपि।
किंवदन्तीह सत्येयं या मतिः सा गतिर्भवेत्॥११॥

ਮੁਕ੍ਤਾਭਿਮਾਨੀ ਮੁਕ੍ਤੋ ਹਿ ਬੱਧੋ ਬੱਧਾਭਿਮਾਨਿਅਪਿ।
ਕਿੰਵਦੰਤੀਹ ਸਤਿਏਯੰ ਯਾ ਮਤਿ: ਸਾ ਗਤਿਰਭਵੇਤ੍॥੧੧॥

ਸ਼ਬਦਾਰਥ :- ਮੁਕ੍ਤ ਅਭਿਮਾਨੀ = ਮੁਕਤ ਸਮਝਣ ਵਾਲਾ। ਮੁਕ੍ਤ: ਹਿ =

ਮੁਕਤ ਹੀ ਹੈ। ਬੱਧ: = ਬੱਝਾ ਹੋਇਆ ਹੈ। ਬੱਧ ਅਭਿਮਾਨੀ ਅਪਿ = ਬੱਝਾ ਹੋਇਆ ਸਮਝਣ ਵਾਲਾ ਵੀ। ਕਿੰਵਦੰਤਿ ਇਹ = ਲੋਕ ਉਕਤੀ ਏਥੇ। ਸਤਿਆ ਇਯੰ = ਸੱਚ ਹੈ ਇਹ। ਯਾ = ਜੋ। ਮਤਿ: = ਸੋਚ। ਸਾ = ਉਹ। ਗਤਿ: ਭਵੇਤ੍ = ਗਤੀ ਹੁੰਦੀ ਹੈ।

ਸ਼ਲੋਕਾਰਥ :- ਮੁਕਤੀ ਦੇ ਬੋਧ ਦੀ ਅਵਸਥਾ ਵਿੱਚ ਵਿਅਕਤੀ ਮੁਕਤ ਹੈ ਅਤੇ ਬੱਝਾ ਹੋਇਆ ਮੰਨਣ ਵਾਲਾ ਬੱਝਾ ਹੈ। ਸੰਸਾਰ ਵਿੱਚ ਇਹ ਲੋਕ-ਉਕਤੀ ਸੱਚੀ ਹੈ ਕਿ ਜੇਹੀ ਸੋਚ ਤੇਹੀ ਗਤੀ।

ਭਾਵਾਰਥ :- ਬੰਧਨ ਅਤੇ ਮੋਖ ਮਨ ਦੇ ਧਰਮ ਹਨ, ਆਤਮਾ ਦੇ ਨਹੀਂ, ਜੋ ਸਦਾ ਮੁਕਤ ਹੈ। ਸੰਸਾਰ ਵਿੱਚ ਇਹ ਕਹਾਵਤ ਪ੍ਰਸਿੱਧ ਹੈ ਕਿ ***"ਜੈਸੀ ਮਨਸਾ ਤੈਸੀ ਦਸਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਮਨੁੱਖ ਦੀ ਦਸ਼ਾ ਉਸ ਦੀ ਸੋਚ ਅਨੁਸਾਰ ਹੁੰਦੀ ਹੈ ਕਿਉਂਕਿ ਉਸੇ ਅਨੁਸਾਰ ਉਹ ਕਰਮ ਕਰਦਾ ਹੈ ਅਤੇ ***"ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਵਾਰ ਮ: ੨; ਅੰਗ ੧੩੪੨) ਨਿਯਮ ਇਹ ਹੀ ਹੈ ਕਿ ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ, ਉਸੇ ਤਰ੍ਹਾਂ ਦਾ ਅਖਵਾਉਂਦਾ ਹੈ।

आत्मा साक्षी विभुः पूर्ण एको मुक्तश्चिदक्रियः।
असङ्गो निस्पृहः शान्तो भ्रमात् संसारवानिव॥१२॥

ਆਤ੍ਮਾ ਸਾਕ੍ਸ਼ੀ ਵਿਭੁ: ਪੂਰ੍ਣ ਏਕੋ ਮੁਕ੍ਤਸ਼੍ਚਿਦਕ੍ਰਿਯ:।
ਅਸੰਗੋ ਨਿਸ੍ਪ੍ਰਹ: ਸ਼ਾਂਤੋ ਭ੍ਰਮਾਤ੍ ਸੰਸਾਰਵਾਨਿਵ॥੧੨॥

ਸ਼ਬਦਾਰਥ :- ਵਿਭੁ: = ਸਰਵ ਵਿਆਪਕ। ਮੁਕ੍ਤ: ਚਿਤ੍ ਅਕ੍ਰਿਯ: = ਮੁਕਤ, ਚੇਤਨ ਸਰੂਪ, ਕਿਰਿਆ ਰਹਿਤ। ਨਿਸ੍ਪ੍ਰਹ: = ਇੱਛਾ ਰਹਿਤ। ਭ੍ਰਮਾਤ੍ = ਭਰਮ ਕਾਰਣ। ਸੰਸਾਰਵਾਨ ਇਵ = ਸੰਸਾਰੀ ਵਾਂਗ।

ਸ਼ਲੋਕਾਰਥ :- ਆਤਮਾ ਸਾਖੀ, ਸਰਵ ਵਿਆਪਕ, ਪੂਰਨ, ਇੱਕੋ, ਮੁਕਤ, ਚੇਤਨ ਸਰੂਪ, ਕਿਰਿਆ ਰਹਿਤ, ਅਸੰਗ, ਇੱਛਾ ਰਹਿਤ (ਅਤੇ) ਸ਼ਾਂਤ ਹੈ। ਅਗਿਆਨ ਕਾਰਣ ਸੰਸਾਰੀ ਜਾਪਦੀ ਹੈ।

ਭਾਵਾਰਥ :- ***"ਆਤਮ ਰਾਮੁ ਰਵਿਆ ਸਭ ਅੰਤਰਿ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਆਤਮਾ ਸਰਵ ਵਿਆਪਕ ਹੈ। ਹਰ ਥਾਂ ਮੌਜੂਦ ਇੱਕ ਹੀ ਹੋ ਸਕਦਾ ਹੈ। ਉਸ ਵਿੱਚ ਕੋਈ ਊਣਤਾਈ ਨਹੀਂ ਰਹਿ ਸਕਦੀ ***"ਸਗਲ ਸਮਗ੍ਰੀ ਜਾ ਕਾ ਤਨਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਜਿਸ ਦੇ ਅੰਦਰ ਹੀ ਸਭ ਕੁਝ ਹੈ। ਇਸੇ ਕਾਰਣ ਉਹ ਇੱਛਾ ਰਹਿਤ ਅਤੇ ਸ਼ਾਂਤ ਹੈ। ਉਹ ਮੁਕਤ ਹੈ ਕਿਸੇ ਦਾ ਬੰਨ੍ਹਿਆ ਹੋਇਆ ਨਹੀਂ ਕਿਉਂਕਿ ਉਸ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ ਅਤੇ ਇਸੇ ਕਰਕੇ ਕਿਸੇ ਵ੍ਹਿਚ ਆਸਕਤੀ ਦਾ ਪ੍ਰਸ਼ਨ ਨਹੀਂ ਪੈਦਾ ਹੁੰਦਾ। ਉਹ ਕਿਸੇ ਆਕਾਰ

ਵਿੱਚ ਨਹੀਂ ਜਿਸ ਕਰਕੇ ਪਦਾਰਥ ਨਹੀਂ, ਚੇਤਨ ਸਰੂਪ ਹੈ। ਕਿਰਿਆ ਲਈ ਖ਼ਾਲੀ ਥਾਂ ਚਾਹੀਦੀ ਹੈ ਪਰ *"ਪੂਰਨ ਪੂਰਿ ਰਹਿਓ ਸ੍ਰਬ ਠਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੩੬) ਪੂਰਨ ਨਾਲ ਸਾਰੀਆਂ ਥਾਂਵਾਂ ਭਰੀਆਂ ਹੋਈਆਂ ਹਨ, ਉਸ ਕੋਲ ਕੋਈ ਖ਼ਾਲੀ ਥਾਂ ਨਹੀਂ ਜਿਸ ਕਰਕੇ ਉਹ ਕਿਰਿਆ ਰਹਿਤ ਹੈ। ਅਗਿਆਨ ਕਾਰਣ ਜਦ ਵਿਅਕਤੀ ਸੰਸਾਰੀ ਦੇਹ ਨੂੰ "ਮੈਂ" ਸਮਝ ਲੈਂਦਾ ਹੈ ਤਦ ਆਤਮਾ ਸੰਸਾਰੀ ਜਾਪਦੀ ਹੈ।

कूटस्थं बोधमद्वैतमात्मानम् परिभावय।
आभासोऽहं भ्रमं मुक्त्वा भावं बाह्यमथान्तरम्॥१३॥
ਕੂਟਸ੍ਥੰ ਬੋਧਮਦ੍ਵੈਤਮਾਤ੍ਮਾਨਮ੍ ਪਰਿਭਾਵਯ।
ਆਭਾਸੋऽਹੰ ਭ੍ਰਮੰ ਮੁਕ੍ਤ੍ਵਾ ਭਾਵੰ ਬਾਹਿਅਮਥਾਂਤਰਮ੍॥੧੩॥

ਸ਼ਬਦਾਰਥ :- ਕੂਟਸ੍ਥ = ਨਾ ਬਦਲਿਆ ਜਾ ਸਕਣ ਵਾਲਾ (ਨਿਰਵਿਕਾਰ)। ਬੋਧਮ੍ ਅਦ੍ਵੈਤਮ੍ ਆਤ੍ਮਾਨਮ੍ = ਬੋਧ ਰੂਪ, ਅਦਵੈਤ, ਆਤਮਾ ਨੂੰ। ਪਰਿਭਾਵਯ = ਵਿਚਾਰ ਕਰ। ਆਭਾਸ: ਅਹੰ = ਆਭਾਸ ਹਾਂ। ਭ੍ਰਮੰ = ਭਰਮ ਤੋਂ। ਮੁਕ੍ਤ੍ਵਾ = ਮੁਕਤ ਹੋ ਕੇ। ਭਾਵੰ = ਭਾਵ ਨੂੰ। ਬਾਹਿਅਮ ਅਥ ਅੰਤਰਮ੍ = ਬਾਹਰ ਵਾਲੇ ਅਤੇ ਅੰਦਰ ਵਾਲੇ।

ਸ਼ਲੋਕਾਰਥ :- 'ਮੈਂ ਆਭਾਸ ਹਾਂ' ਇਸ ਭਰਮ ਅਤੇ ਬਾਹਰ-ਅੰਦਰ ਦੇ ਭਾਵਾਂ ਤੋਂ ਮੁਕਤ ਹੋ ਕੇ, ਆਤਮਾ ਨੂੰ ਨਿਰਵਿਕਾਰ, ਚੇਤਨ ਸਰੂਪ, ਦਵੈਤ ਰਹਿਤ ਨਿਸ਼ਚਾ ਕਰ।

ਭਾਵਾਰਥ :- *"ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੦੨) "ਮੈਂ" ਦਾ ਆਭਾਸ ਇੱਕ ਵੱਡਾ ਰੋਗ ਹੈ ਜਿਸ ਕਰਕੇ ਉਸ ਨੂੰ ਤਿਆਗਣ ਵਿੱਚ ਹੀ ਮੁਕਤੀ ਹੈ। ਇਸੇ ਤਰ੍ਹਾਂ ਬਾਹਰ ਦੇ ਭਾਵ ਅਰਥਾਤ ਸਰੀਰ ਨਾਲ ਅਤੇ ਅੰਦਰ ਦੇ ਭਾਵਾਂ ਅਰਥਾਤ ਸੁਖ-ਦੁੱਖ, ਹਰਖ-ਸੋਗ ਨਾਲ ਮੇਰੇਪਣ ਦਾ ਤਿਆਗ ਵੀ ਜ਼ਰੂਰੀ ਹੈ ਕਿਉਂਕਿ ਤੂੰ *"ਮੇਰਾ ਮੇਰਾ ਕਰਿ ਕਰਿ ਵਿਗੂਤਾ॥ ਆਤਮੁ ਨ ਚੀਨੈ ਭਰਮੈ ਵਿਚਿ ਸੂਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੩੬੨) ਇਨ੍ਹਾਂ ਮੇਰਿਆਂ ਦੇ ਭਰਮ ਵਿੱਚ ਮਦਹੋਸ਼ ਹੋਇਆ ਹੋਇਆ ਆਪਣੇ ਸਵੈ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ। ਇਨ੍ਹਾਂ ਮਿਥਿਆ ਭਾਵਾਂ ਤੋਂ ਉੱਪਰ ਉੱਠ ਕੇ ਆਪਣੀ ਨਿਰਵਿਕਾਰ, ਚੇਤਨ ਸਰੂਪ, ਦਵੈਤ ਰਹਿਤ ਆਤਮਾ ਬਾਰੇ ਮਨਨ ਕਰ।

देहाभिमानपाशेन चिरं बद्धोऽसि पुत्रक।
बोधोऽहं ज्ञानखड्गेन तन्निष्कृत्य सुखी भव॥१४॥
ਦੇਹਾਭਿਮਾਨਪਾਸ਼ੇਨ ਚਿਰੰ ਬੱਧੋऽਸਿ ਪੁਤ੍ਰਕ।
ਬੋਧੋऽਹੰ ਗਿਆਨਖੜ੍ਗੇਨ ਤਾਂਨਿਸ਼੍ਕ੍ਰਿਤਿਅ ਸੁਖੀ ਭਵ॥੧੪॥

ਸ਼ਬਦਾਰਥ :- ਦੇਹ ਅਭਿਮਾਨ ਪਾਸ਼ੇਨ = ਦੇਹ ਅਭਿਮਾਨ ਰੂਪੀ ਰੱਸੇ ਦੁਆਰਾ। ਚਿਰੰ = ਬੜੇ ਚਿਰ ਤੋਂ। ਬੱਧ: ਅਸਿ = ਬੱਝਾ ਹੋਇਆ ਹੈਂ। ਪੁਤ੍ਰਕ = ਹੇ ਪਿਆਰੇ! ਬੋਧ: ਅਹੰ = ਮੈਂ ਬੋਧ ਸਰੂਪ ਹਾਂ। ਗਿਆਨ ਖੜ੍ਗੇਨ = ਗਿਆਨ ਰੂਪੀ ਖੜਗ ਨਾਲ। ਤਾਂਨਿਸ਼੍ਕ੍ਰਿਤਿਅ = ਤਾਨ੍ ਨਿਸ਼੍ਕ੍ਰਿਤਿਅ = ਉਸ ਨੂੰ ਕੱਟ ਕੇ। ਸੁਖੀ ਭਵ = ਸੁਖੀ ਹੋ ਜਾ।

ਸ਼ਲੋਕਾਰਥ :- ਹੇ ਪਿਆਰੇ! ਤੂੰ ਚਿਰਾਂ ਤੋਂ ਦੇਹ ਅਭਿਮਾਨ (ਮੈਂ ਦੇਹ ਹਾਂ) ਰੂਪੀ ਰੱਸੇ ਦੁਆਰਾ ਬੰਨ੍ਹਿਆ ਹੋਇਆ ਹੈਂ। 'ਮੈਂ ਬੋਧ ਸਰੂਪ ਹਾਂ' ਇਸ ਗਿਆਨ ਰੂਪੀ ਖੜਗ ਨਾਲ ਉਸ ਨੂੰ ਕੱਟ ਕੇ ਸੁਖੀ ਅਰਥਾਤ ਮੁਕਤ ਹੋ ਜਾ।

ਭਾਵਾਰਥ :- ***"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧)** ਵਿਅਕਤੀ ਇਸ ਅਗਿਆਨ ਰੂਪੀ ਰੱਸੇ ਨਾਲ ਬੱਝਾ ਰਹਿੰਦਾ ਹੈ ਕਿ ਇਹ ਮਿਥਿਆ ਸਰੀਰ ਹੀ "ਮੈਂ" ਹਾਂ। ਇਸ ਅਗਿਆਨ ਨੂੰ ਗਿਆਨ ਰੂਪੀ ਤਲਵਾਰ ਕਿ ***"ਮਨ ਤੂੰ ਜੋਤਿ ਸਰੂਪੁ ਹੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧)** 'ਮੈਂ ਜੋਤੀ ਸਰੂਪ ਹਾਂ' ਨਾਲ ਕੱਟ ਕੇ ਬੰਧਨ ਮੁਕਤ ਹੋ ਜਾਣ ਦੀ ਲੋੜ ਹੈ।

निःसंगो निष्क्रियोऽसि त्वं स्वप्रकाशो निरंजनः।
अयमेव हि ते बन्धः समाधिमनुतिष्ठसि॥१५॥
ਨਿ:ਸੰਗੋ ਨਿਸ਼੍ਕ੍ਰਯੋऽਸਿ ਤ੍ਵੰ ਸ੍ਵਪ੍ਰਕਾਸ਼ੋ ਨਿਰੰਜਨ:।
ਅਯਮੇਵ ਹਿ ਤੇ ਬੰਧ: ਸਮਾਧਿਮਨੁਤਿਸ਼੍ਠਸਿ॥੧੫॥

ਸ਼ਬਦਾਰਥ :- ਨਿ:ਸੰਗ: = ਨਿਰਲਿਪਤ (detatched)। ਨਿਸ਼੍ਕ੍ਰਯ: ਅਸਿ = ਅਕਰਤਾ ਹੈਂ। ਸ੍ਵ-ਪ੍ਰਕਾਸ਼: = ਜੋਤੀ ਸਰੂਪ। ਨਿਰੰਜਨ: = ਸ਼ੁੱਧ। ਅਯਮ ਏਵ = ਇਹ ਹੀ। ਤੇ = ਤੇਰਾ। ਬੰਧ: = ਬੰਧਨ। ਸਮਾਧਿਮ ਅਨੁਤਿਸ਼੍ਠਸਿ = ਸਮਾਧੀ ਦਾ ਅਨੁਸ਼ਠਾਨ ਕਰਦਾ ਹੈਂ।

ਸ਼ਲੋਕਾਰਥ :- ਤੂੰ ਨਿਰਾਸਕਤ, ਅਕਰਤਾ, ਜੋਤੀ ਸਰੂਪ ਅਤੇ ਨਿਰਮਲ ਹੈਂ। ਤੇਰਾ ਬੰਧਨ ਇਹ ਹੀ ਹੈ ਕਿ ਤੂੰ (ਇਹ ਹੋਣ ਲਈ) ਸਮਾਧੀ ਦਾ ਅਨੁਸ਼ਠਾਨ ਕਰਦਾ ਹੈਂ।

ਭਾਵਾਰਥ :- ਆਤਮਾ ਤਾਂ ਸਦਾ ਮੁਕਤ, ਅਸੰਗ, ਅਕਰਤਾ ਅਤੇ ਜੋਤੀ ਸਰੂਪ ਹੈ ਕਿਉਂਕਿ ***"ਕਹੁ ਕਬੀਰ ਇਹੁ ਰਾਮ ਕੀ ਅੰਸੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧)** ਇਹ ਪਰਮਾਤਮਾ ਦਾ ਅੰਸ਼ ਹੈ। ਅਗਿਆਨੀ ਸਵੈ ਨੂੰ ਬੱਝਾ ਹੋਇਆ ਸਮਝਦਾ ਹੈ ਅਤੇ ***"ਬਹੁ ਕਰਮ ਕਮਾਵੈ ਮੁਕਤਿ ਨ ਪਾਏ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੩)** ਸਮਾਧੀ ਲਈ ਅਨੁਸ਼ਠਾਨ ਆਦਿ ਕਈ ਕਰਮ ਕਰਦਾ ਹੈ ਪਰ ਮੁਕਤ ਨਹੀਂ ਹੁੰਦਾ। ਪਿਛਲੇ ਸ਼ਲੋਕ ੧੧ ਵਿੱਚ ਵੀ ਇਹ ਸਮਝਾਇਆ ਸੀ ਕਿ ਬੰਧਨ

ਵਿੱਚ ਉਹ ਹੀ ਹੈ ਜੋ ਆਪਣੇ ਆਪ ਨੂੰ ਬੰਧਨ ਵਿੱਚ ਸਮਝਦਾ ਹੈ ਜਦਕਿ ਆਤਮਾ ਸਦਾ ਮੁਕਤ ਹੈ।

त्वया व्याप्तमिदं विश्वं त्वयि प्रोतं यथार्थतः।
शुद्धबुद्धस्वरूपस्त्वं मा गमः क्षुद्रचित्तताम्॥१६॥
ਤ੍ਵਯਾ ਵਿਆਪ੍ਤਮਿਦੰ ਵਿਸ਼੍ਵੰ ਤ੍ਵਯਿ ਪ੍ਰੋਤੰ ਯਥਾਰਥਤ:।
ਸ਼ੁੱਧਬੁੱਧਸ੍ਵਰੂਪਸ੍ਤ੍ਵੰ ਮਾ ਗਮ: ਕ੍ਸ਼ੁਦ੍ਰਚਿੱਤਤਾਮ੍॥੧੬॥

ਸ਼ਬਦਾਰਥ :- ਤ੍ਵਯਾ = ਤੇਰੇ ਦੁਆਰਾ। ਵਿਆਪ੍ਤਮ੍ ਇਦੰ = ਵਿਆਪਤ ਇਹ। ਵਿਸ਼੍ਵੰ = ਵਿਸ਼ਵ। ਤ੍ਵਯਿ = ਤੇਰੇ ਵਿੱਚ। ਪ੍ਰੋਤੰ = ਪਰੋਇਆ ਹੋਇਆ। ਯਥਾਰਥਤ: = ਅਸਲ ਵਿੱਚ। ਸ਼ੁੱਧ ਬੁੱਧ ਸ੍ਵਰੂਪ: ਤ੍ਵੰ = ਸ਼ੁੱਧ ਚੇਤਨ ਸਰੂਪ ਤੂੰ। ਮਾ = ਨਾ। ਗਮ: = ਪ੍ਰਾਪਤ ਹੋਵੇ। ਕ੍ਸ਼ੁਦ੍ਰ ਚਿੱਤਤਾਮ੍ = ਤੁੱਛ ਚਿੱਤ ਵ੍ਰਿੱਤੀ ਨੂੰ।

ਸ਼ਲੋਕਾਰਥ :- ਤੇਰੇ ਦੁਆਰਾ ਇਹ (ਸਾਰਾ) ਸੰਸਾਰ ਵਿਆਪਤ ਹੈ (ਅਤੇ) ਅਸਲ ਵਿੱਚ ਤੇਰੇ ਵਿੱਚ ਹੀ ਪਰੋਇਆ ਹੋਇਆ ਹੈ। ਤੂੰ ਸ਼ੁੱਧ ਚੇਤਨ ਸਰੂਪ ਹੈਂ, ਤੁੱਛ ਚਿੱਤ ਵ੍ਰਿੱਤੀ ਨੂੰ ਪ੍ਰਾਪਤ ਨਾ ਕਰ।

ਭਾਵਾਰਥ :- *"ਤੁਮ ਪੂਰਨ ਪੂਰਿ ਰਹੇ ਸੰਪੂਰਨ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੪) ਤੂੰ ਅਰਥਾਤ ਆਤਮਾ ਪੂਰਨ ਹੈ ਜਿਸ ਦੁਆਰਾ ਪੂਰਾ ਸੰਸਾਰ ਵਿਆਪਤ ਹੈ। ਅਸਲ ਵਿੱਚ *"ਸਗਲ ਸਮਗ੍ਰੀ ਸੂਤਿ ਤੁਮਾਰੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੦) ਸਾਰਾ ਸੰਸਾਰ ਤੇਰੇ ਹੀ ਸੂਤ ਵਿੱਚ ਪਰੋਇਆ ਹੋਇਆ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਮਿੱਟੀ ਦੇ ਪੂਰੇ ਬਰਤਨ ਵਿੱਚ ਮਿੱਟੀ ਵਿਆਪਦੀ ਹੈ ਜਾਂ ਮਿੱਟੀ ਦਾ ਬਰਤਨ ਪੂਰੇ ਦਾ ਪੂਰਾ ਮਿੱਟੀ ਵਿੱਚ ਹੁੰਦਾ ਹੈ। ਤੂੰ ਸ਼ੁੱਧ ਚੇਤਨ ਸਰੂਪ ਹੈਂ; ਕਿਸੇ ਸੀਮਾ ਵਿੱਚ ਬੱਝਾ ਹੋਇਆ ਨਹੀਂ ਜਿਸ ਕਰਕੇ ਆਪਣੇ ਆਪ ਨੂੰ ਸੀਮਿਤ ਸਮਝਣ ਵਾਲੇ ਤੁੱਛ ਵਿਚਾਰ ਦਾ ਤਿਆਗ ਕਰ।

निरपेक्षो निर्विकारो निर्भरः शीतलाशयः।
अगाधबुद्धिरक्षुब्धो भव चिन्मात्रवासनः॥१७॥
ਨਿਰਪੇਕ੍ਸ਼ੋ ਨਿਰਵਿਕਾਰੋ ਨਿਰਭਰ: ਸ਼ੀਤਲਾਸ਼ਯ:।
ਅਗਾਧਬੁੱਧਿਰਕ੍ਸ਼ੁਬ੍ਧੋ ਭਵ ਚਿੰਮਾਤ੍ਰਵਾਸਨ:॥੧੭॥

ਸ਼ਬਦਾਰਥ :- ਨਿਰਪੇਕ੍ਸ਼: = ਨਿਰਪੇਖ ਅਰਥਾਤ ਪਰਿਵਰਤਨ ਰਹਿਤ। ਨਿਰਵਿਕਾਰ: = ਵਿਕਾਰ ਰਹਿਤ। ਨਿਰਭਰ: = ਮਾਤ੍ਰਾ ਅਤੇ ਆਕਾਰ ਰਹਿਤ। ਸ਼ੀਤਲ ਆਸ਼ਯ: = ਸ਼ੀਤਲ ਮਿਜ਼ਾਜ। ਅਗਾਧ-ਬੁੱਧਿ: ਅਕ੍ਸ਼ੁਬ੍ਧ: = ਅਮਿਤ ਬੁੱਧੀ ਰੂਪ, ਵਿਚਲਿਤ ਨਾ ਹੋਣ ਵਾਲਾ। ਭਵ = ਹੋਵੋ। ਚਿੰਮਾਤ੍ਰਵਾਸਨ: = ਚੇਤਨ ਮਾਤ੍ਰ ਵਿੱਚ ਨਿਸ਼ਠਾ ਵਾਲਾ।

ਸ਼ਲੋਕਾਰਥ :- (ਤੂੰ) ਪਰਿਵਰਤਨ ਰਹਿਤ, ਨਿਰਵਿਕਾਰ, ਨਿਰਾਕਾਰ, ਸ਼ੀਤਲ ਮਿਜ਼ਾਜ, ਅਮਿਤ ਬੁੱਧੀ ਰੂਪ ਅਤੇ ਅਡੋਲ ਹੈਂ। ਇਸ ਤਰ੍ਹਾਂ ਚੇਤਨ ਨਿਸ਼ਠਾ ਰੂਪ ਬਣ।

ਭਾਵਾਰਥ :- ਜੀਵ/ਪਦਾਰਥ ਦੀਆਂ ਛੇ ਸਥਿਤੀਆਂ ਹਨ-ਉਪਜ, ਸਥਿਤੀ, ਵਧਣਾ, ਪਰਿਣਾਮ ਪ੍ਰਾਪਤੀ, ਖੀਣ ਹੋਣਾ, ਨਾਸ। ਆਤਮਾ ਲਈ *"ਨਹੀ ਮਿਰਤੁ ਨ ਜਨਮੁ ਜਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕਬੀਰ ਜੀਉ; ਅੰਗ ੯੭੨) ਜਨਮ, ਬੁਢਾਪਾ, ਮ੍ਰਿਤੂ ਆਦਿ ਕੋਈ ਵਿਕਾਰ ਨਹੀਂ, ਸਦਾ ਨਿਰਵਿਕਾਰ ਹੈ। ਉਸ ਦਾ ਕੋਈ ਭਾਰ ਨਹੀਂ ਨਾ ਹੀ ਕੋਈ ਆਕਾਰ ਹੈ। ਉਹ ਸ਼ਾਂਤ, ਸ਼ੀਤਲ ਮਿਜ਼ਾਜ ਹੈ ਜਿਸ ਕਰਕੇ *"ਆਨਦਾ ਸੁਖ ਸਹਜ ਮੂਰਤਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੦) ਆਨੰਦ ਅਤੇ ਸਹਜ ਰੂਪ ਹੈ। *"ਅਗਾਧਿ ਬੋਧਿ ਹਰਿ ਅਗਮ ਅਪਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੦੨) ਉਸ ਦੀ ਬੁੱਧੀ ਅਮਿਤ ਹੈ। *"ਆਤਮਾ ਅਡੋਲੁ ਨ ਡੋਲਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੪; ਅੰਗ ੮੭) ਆਤਮਾ ਡੋਲਦੀ ਅਰਥਾਤ ਵਿਚਲਿਤ ਵੀ ਨਹੀਂ ਹੁੰਦੀ। ਇਸ ਕਰਕੇ ਤੂੰ ਚੈਤੰਨ-ਮਾਤ੍ਰ ਵਿੱਚ ਨਿਸ਼ਠਾ ਵਾਲਾ ਬਣ।

साकारमनृतं विधि निराकारं तु निश्चलम्।
एतत्तत्वोपदेशेन न पुनर्भवसम्भवः।।१८।।

ਸਾਕਾਰਮਨ੍ਰਿਤੰ ਵਿਧਿ ਨਿਰਾਕਾਰੰ ਤੁ ਨਿਸ਼੍ਚਲੰ।
ਏਤੱਤਤ੍ਵੋਪਦੇਸ਼ੇਨ ਨ ਪੁਨਰਭਵਸੰਭਵ:॥੧੮॥

ਸ਼ਬਦਾਰਥ :- ਸਾਕਾਰੰ ਅਨ੍ਰਿਤੰ = ਸਾਕਾਰ ਮਿਥਿਆ। ਵਿਧਿ = ਜਾਣੋ। ਨਿਰਾਕਾਰੰ = ਆਕਾਰ ਰਹਿਤ ਨੂੰ। ਤੁ = ਪਰੰਤੂ। ਨਿਸ਼੍ਚਲੰ = ਸਥਾਈ। ਏਤਤ੍ ਤਤ੍ਵ ਉਪਦੇਸ਼ੇਨ = ਇਸ ਯਥਾਰਥ ਉਪਦੇਸ਼ ਨਾਲ। ਨ ਪੁਨ: ਭਵ ਸੰਭਵ: = ਨਹੀਂ ਦੁਬਾਰਾ (ਸੰਸਾਰ ਵਿੱਚ) ਜਨਮ ਸੰਭਵ।

ਸ਼ਲੋਕਾਰਥ :- ਸਾਕਾਰ ਨੂੰ ਮਿਥਿਆ ਸਮਝ ਪਰੰਤੂ ਨਿਰਾਕਾਰ ਨੂੰ ਥਿਰ ਜਾਣ। ਇਸ ਯਥਾਰਥ ਉਪਦੇਸ਼ (ਵਿੱਚ ਨਿਸ਼ਠਾ ਰੱਖਣ) ਨਾਲ ਦੁਬਾਰਾ ਜਨਮ ਦੀ ਸੰਭਾਵਨਾ ਨਹੀਂ ਰਹਿੰਦੀ।

ਭਾਵਾਰਥ :- ਹਰ ਆਕਾਰ ਦਿੱਸਦਾ ਹੈ ਅਤੇ *"ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੧੦੦) ਜੋ ਵੀ ਦਿੱਸਦਾ ਹੈ ਉਸ ਦਾ ਮਿਟ ਜਾਣਾ ਅਵੱਸ਼ਕ ਹੈ। ਇਸ ਦੇ ਉਲਟ *"ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮ: ੪, ਗਯੰਦ; ਅੰਗ ੧੪੦੩) ਨਿਰਾਕਾਰ ਪ੍ਰਭੂ ਦਾ ਕਦੇ ਨਾਸ ਨਹੀਂ, ਨਾ ਹੀ ਕੋਈ ਇਹ ਜਾਣਦਾ ਹੈ ਕਿ ਓਹ ਕਦੋਂ ਤੋਂ ਹੈ ਅਰਥਾਤ ਓਹ ਅਜਨਮਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ *"ਆਤਮ ਰਾਮੁ ਰਾਮੁ ਹੈ ਆਤਮ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ ਅਤੇ

ਪਰਮਾਤਮਾ ਵਿੱਚ ਕੋਈ ਭੇਦ ਨਹੀਂ ਜਿਸ ਕਰਕੇ ਨਿਰਾਕਾਰ ਆਤਮਾ ਸਦਾ ਸਲਾਮਤ ਹੈ ਅਤੇ ਇਸ ਦਾ ਕੋਈ ਜਨਮ ਨਹੀਂ। ਜੇ ਇਸ ਨਿਸ਼ਠਾ ਵਿੱਚ ਜੀਵਿਆ ਜਾਏ ਤਾਂ ਫਿਰ ਜਨਮ ਨਹੀਂ ਹੁੰਦਾ ਕਿਉਂਕਿ *"ਚਿਤਿ ਜਿ ਚਿਤਵਿਆ ਸੋ ਮੈ ਪਾਇਆ॥"* (**ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੫**) ਮਿਲਦਾ ਉਹ ਹੀ ਹੈ ਜਿਸ ਨੂੰ ਚਿਤਵਿਆ ਜਾਂਦਾ ਹੈ।

यथैवादर्शमध्यस्थे रूपेऽन्तः परितस्तु सः।
तथैवास्मिञ्छरीरेऽन्तः परितः परमेश्वरः॥१९॥

ਯਥੈਵਾਦਰਸ਼ਮਧਿਅਸ੍ਥੇ ਰੂਪੇਂऽਤ: ਪਰਿਤਸ੍ਤੁ ਸ:।
ਤਥੈਵਾਸ੍ਮਿੰਛਰੀਰੇऽਤ: ਪਰਿਤ: ਪਰਮੇਸ਼੍ਵਰ:॥੧੯॥

ਸ਼ਬਦਾਰਥ :- ਯਥਾ ਏਵ ਆਦਰਸ਼ ਮਧਿਅ ਸ੍ਥੇ = ਜਿਵੇਂ ਹੀ ਸ਼ੀਸ਼ੇ ਦੇ ਮੱਧ ਵਿੱਚ ਸਥਿਤ। ਰੂਪੇ ਅੰਤ: = ਰੂਪ (ਪ੍ਰਤਿਬਿੰਬ) ਵਿੱਚ, ਅੰਦਰ। ਪਰਿਤ: ਤੁ = ਬਾਹਰ ਅਤੇ। ਸ: = ਓਹ। ਤਥਾ ਏਵ ਅਸ੍ਮਿਨ੍ ਸ਼ਰੀਰੇ ਅੰਤ: = ਉਸੇ ਤਰ੍ਹਾਂ ਇਸ ਸਰੀਰ ਦੇ ਅੰਦਰ। ਪਰਿਤ: = ਬਾਹਰ। ਪਰਮੇਸ਼੍ਵਰ: = ਪਰਮਾਤਮਾ।

ਸ਼ਲੋਕਾਰਥ :- ਜਿਵੇਂ ਸ਼ੀਸ਼ੇ ਵਿੱਚ ਪ੍ਰਤਿਬਿੰਬਿਤ ਰੂਪ ਉਸ ਦੇ ਅੰਦਰ-ਬਾਹਰ (ਵਿਆਪਦਾ) ਹੈ, ਉਸੇ ਤਰ੍ਹਾਂ ਇਸ ਸਰੀਰ ਦੇ ਅੰਦਰ-ਬਾਹਰ ਪਰਮਾਤਮਾ (ਵਿਆਪ ਰਿਹਾ) ਹੈ।

ਭਾਵਾਰਥ :- ਸ਼ੀਸ਼ੇ ਵਿੱਚ ਪ੍ਰਤਿਬਿੰਬ ਕੇਵਲ ਭਾਸਦਾ ਹੈ, ਅਸਲ ਵਿੱਚ ਉਸ ਦੀ ਹੋਂਦ ਹੈ ਹੀ ਨਹੀਂ। ਉਸੇ ਤਰ੍ਹਾਂ *"ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ॥"* (**ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੪; ਅੰਗ ੪੪੫**) ਇਸ ਸਰੀਰ ਦੇ ਅੰਦਰ-ਬਾਹਰ ਇੱਕ ਪਰਮਾਤਮਾ ਹੀ ਵਿਆਪ ਰਿਹਾ ਹੈ ਹੋਰ ਕੁਝ ਹੈ ਹੀ ਨਹੀਂ ਅਰਥਾਤ ਸਰੀਰ ਵੀ ਆਤਮਾ ਵਿੱਚ ਪ੍ਰਤਿਬਿੰਬਿਤ ਹੋਣ ਕਰਕੇ ਭਾਸਦਾ ਹੈ ਜਦਕਿ ਇਸ ਦੀ ਵਾਸਤਵਿਕ ਸੱਤਾ ਹੈ ਹੀ ਨਹੀਂ।

एकं सर्वगतं व्योम बहिरन्तर्यथा घटे।
नित्यं निरन्तरं ब्रह्म सर्वभूतगणे तथा॥२०॥

ਏਕੰ ਸਰਵਗਤੰ ਵਿਓਮ ਬਹਿਰੰਤਰਯਥਾ ਘਟੇ।
ਨਿਤਿਅੰ ਨਿਰੰਤਰੰ ਬ੍ਰਹ੍ਮ ਸਰਵਭੂਤਗਣੇ ਤਥਾ॥੨੦॥

ਸ਼ਬਦਾਰਥ :- ਸਰਵਗਤੰ = ਸਰਬ ਵਿਆਪਕ। ਵਿਓਮ = ਅਕਾਸ਼। ਬਹਿ: ਅੰਤ: ਯਥਾ = ਬਾਹਰ ਅੰਦਰ ਜਿਵੇਂ। ਘਟੇ = ਘੜੇ ਦੇ। ਸਰਵ ਭੂਤਗਣੇ = ਸਾਰੇ ਭੂਤਾਂ ਵਿੱਚ। ਤਥਾ = ਉਸੇ ਤਰ੍ਹਾਂ।

ਸ਼ਲੋਕਾਰਥ :- ਜਿਵੇਂ ਹਰ ਥਾਂ ਵਿਆਪਕ ਇੱਕ ਹੀ ਅਕਾਸ਼ ਘੜੇ ਦੇ ਬਾਹਰ

ਅਤੇ ਅੰਦਰ ਹੈ, ਉਸੇ ਤਰ੍ਹਾਂ ਨਿੱਤ ਨਿਰੰਤਰ ਪਰਮਾਤਮਾ ਸਾਰੇ ਪ੍ਰਾਣੀਆਂ ਦੇ ਅੰਦਰ ਬਾਹਰ ਵਿਆਪਦਾ ਹੈ।

ਭਾਵਾਰਥ :- ਜਿਵੇਂ ਇੱਕ ਹੀ ਅਕਾਸ਼ ਘੜਿਆਂ ਦੇ ਅੰਦਰ ਵੀ ਹੈ ਅਤੇ ਬਾਹਰ ਵੀ, ਉਸੇ ਤਰ੍ਹਾਂ ਅਵਿਨਾਸ਼ੀ, ਸਰਵ ਵਿਆਪਕ ਬ੍ਰਹਮ ***"ਸਰਬ ਭੂਤ ਆਪਿ ਵਰਤਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸਾਰੇ ਭੂਤਾਂ ਅੰਦਰ ਵਿਆਪਦਾ ਹੈ। ਅਸਲ ਵਿੱਚ ***"ਅੰਤਰਿ ਬਸੇ ਬਾਹਰਿ ਭੀ ਓਹੀ॥"*** (ਅੰਗ ੨੯੪) ਸਭਨਾ ਦੇ ਅੰਦਰ ਬਾਹਰ ਓਹ ਹੀ ਵੱਸਦਾ ਹੈ। ***"ਏਕਾ ਜੋਤਿ ਜੋਤਿ ਹੈ ਸਰੀਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੫) ਇੱਕੋ ਆਤਮਾ ਭਾਵ ਤੇਰੀ ਹੀ ਆਤਮਾ ਸਾਰੇ ਸਰੀਰਾਂ ਵਿੱਚ ਵਿਆਪ ਰਹੀ ਹੈ।

◆◆◆

ਦੂਜਾ ਅਧਿਆਇ

ਆਤਮ ਬੋਧ ਦਾ ਅਨੁਭਵ।

ਅਸ਼ਟਾਵਕ੍ਰ ਜੀ ਦਾ ਉਪਦੇਸ਼ ਸੁਣ ਕੇ ਜਨਕ ਜੀ ਨੂੰ ਆਤਮ ਗਿਆਨ ਹੋ ਗਿਆ ਅਤੇ ਹੁਣ ਉਹ ਪ੍ਰਗਟਾਉਂਦੇ ਹਨ ਕਿ ਆਤਮ ਬੋਧ ਦੀ ਪ੍ਰਾਪਤੀ ਪਿੱਛੋਂ ਉਹ ਕੀ ਅਨੁਭਵ ਕਰ ਰਹੇ ਹਨ।

जनक उवाच।

अहो निरंजनः शान्तो बोधोऽहं प्रकृतेः परः।
एतावन्तमहं कालं मोहेनैव विडंबितः॥१॥

ਜਨਕ ਉਵਾਚ।

ਅਹੋ ਨਿਰੰਜਨ: ਸ਼ਾਂਤੋ ਬੋਧੋऽਹੰ ਪ੍ਰਕ੍ਰਿਤੇ: ਪਰ:।
ਏਤਾਵੰਤਮਹੰ ਕਾਲੰ ਮੋਹੇਨੈਵ ਵਿਡੰਬਿਤ:॥੧॥

ਸ਼ਬਦਾਰਥ:- ਅਹੋ = ਅਸਚਰਜ ਹੈ। ਨਿਰੰਜਨ: =ਨਿਰਮਲ। ਸ਼ਾਂਤ: ਬੋਧ: = ਸ਼ਾਂਤ ਬੋਧ ਰੂਪ। ਏਤਾਵੰਤੰ ਕਾਲੰ =ਇਤਨੇ ਸਮੇਂ ਤੱਕ। ਮੋਹੇਨ ਏਵ =ਮੋਹ ਦੁਆਰਾ ਹੀ। ਵਿਡੰਬਿਤ: =ਠੱਗਿਆ ਗਿਆ।

ਸ਼ਲੋਕਾਰਥ:- ਜਨਕ ਜੀ ਨੇ ਕਿਹਾ, "ਅਸਚਰਜ ਹੈ ਕਿ ਮੈਂ ਤਾਂ ਨਿਰਮਲ, ਸ਼ਾਂਤ, ਬੋਧ ਰੂਪ ਅਤੇ ਪ੍ਰਕਿਰਤੀ ਤੋਂ ਪਰੇ ਹਾਂ, ਇਤਨੇ ਸਮੇਂ ਤੱਕ ਮੋਹ ਦੁਆਰਾ ਹੀ ਠੱਗਿਆ ਰਿਹਾ।"

ਭਾਵਾਰਥ:- ਅਸ਼ਟਾਵਕ੍ਰ ਜੀ ਦਾ ਉਪਦੇਸ਼ ਸੁਣ ਕੇ ਜਨਕ ਜੀ ਨੂੰ ਗਿਆਨ ਹੋ ਗਿਆ ਕਿ ਮੈਂ ਤਾਂ ਇਤਨੇ ਸਮੇਂ ਤੱਕ ਮੋਹ ਦੇ ਵੱਸ ਹੋ ਕੇ ਦੇਹ ਅਤੇ ਆਤਮਾ ਦੇ ਅਵਿਵੇਕ ਕਰਕੇ ਦੁਖੀ ਹੁੰਦਾ ਰਿਹਾ, ਮੈਂ ਤਾਂ ਨਿਰਵਿਕਾਰ, ਸ਼ਾਂਤ ਅਤੇ ਬੋਧ-ਰੂਪ ਹਾਂ ਅਤੇ ਪ੍ਰਕਿਰਤੀ ਤੋਂ ਵੀ ਪਰ੍ਹੇ ਹਾਂ। ਇਸ ਉਪਦੇਸ਼ ਨਾਲ ***"ਬੁਧਿ ਪ੍ਰਗਾਸ ਭਈ ਮਤਿ ਪੂਰੀ॥ ਤਾ ਤੇ ਬਿਨਸੀ ਦੁਰਮਤਿ ਦੂਰੀ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੭)** ਮੇਰੀ ਬੁੱਧੀ ਪ੍ਰਕਾਸ਼ਿਤ ਹੋ ਗਈ ਹੈ, ਮੈਨੂੰ ਪੂਰਨ ਸੂਝ ਪ੍ਰਾਪਤ ਹੋਈ ਅਤੇ ਬੇ-ਸਮਝੀ ਦੂਰ ਹੋ ਗਈ ਹੈ।

यथा प्रकाशयाम्येको देहमेनं तथा जगत्।
अतो मम जगत्सर्वमथवा न च किंचन॥२॥

ਯਥਾ ਪ੍ਰਕਾਸ਼ਯਾਮਿਏਕੋ ਦੇਹਮੇਨੰ ਤਥਾ ਜਗਤ੍।
ਅਤੋ ਮਮ ਜਗਤ੍ਸਰਵਮਥਵਾ ਨ ਚ ਕਿੰਚਨ॥੨॥

ਸ਼ਬਦਾਰਥ:- ਯਥਾ = ਜਿਵੇਂ। ਪ੍ਰਕਾਸ਼ਿਆਮਿ ਏਕੋ = ਪ੍ਰਕਾਸ਼ਿਤ ਕਰਦਾ ਹਾਂ ਇਕੱਲਾ। ਦੇਹਮ੍ ਏਨੰ = ਇਸ ਦੇਹ ਨੂੰ। ਤਥਾ =ਉਸੇ ਤਰ੍ਹਾਂ। ਅਤ: = ਏਸ ਲਈ। ਮਮ = ਮੇਰਾ। ਜਗਤ੍ ਸਰਵਮ੍ ਅਥਵਾ = ਸਾਰਾ ਜਗਤ ਜਾਂ। ਨ ਚ ਕਿੰਚਨ = ਕੁਝ ਵੀ ਨਹੀਂ।

ਸ਼ਲੋਕਾਰਥ:- ਜਿਵੇਂ ਮੈਂ ਇਕੱਲਾ ਏਸ ਦੇਹ ਨੂੰ ਪ੍ਰਕਾਸ਼ਿਤ ਕਰਦਾ ਹਾਂ, ਉਸੇ ਤਰ੍ਹਾਂ ਜਗਤ ਨੂੰ (ਵੀ ਮੈਂ ਇਕੱਲਾ ਪ੍ਰਕਾਸ਼ਿਤ ਕਰਦਾ ਹਾਂ)। ਇਸ ਕਰਕੇ ਸਾਰਾ ਜਗਤ ਮੇਰਾ ਹੈ ਜਾਂ (ਮੇਰਾ) ਕੁਝ ਵੀ ਨਹੀਂ।

ਭਾਵਾਰਥ:- ਸਰੀਰ ਜੜ੍ਹ ਹੈ ਪਰ ਆਤਮਾ ਦੀ ਸੱਤਾ ਕਰਕੇ ਸਤਿ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ ਜਗਤ ਵੀ ਆਤਮਾ ਦੀ ਸੱਤਾ ਕਾਰਨ ਹੀ ਸਤਿ ਭਾਸਦਾ ਹੈ। ਕਿਉਂਕਿ ਮੇਰੀ ਆਤਮਾ ਕਰਕੇ ਸੰਸਾਰ ਸਤਿ ਜਾਪਦਾ ਹੈ ਇਸ ਲਈ ਇਹ ਸਭ ਮੇਰਾ ਹੀ ਹੈ, ਨਹੀਂ ਤਾਂ ਹੈ ਹੀ ਨਹੀਂ। ਅਸਲ ਵਿੱਚ ***"ਜਗ ਰਚਨਾ ਸਭ ਝੂਠ ਹੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯)** ਜਗਤ ਮਿਥਿਆ ਹੈ, ਮੇਰੇ ਵਿੱਚ ਕਲਪਿਤ ਹੋਣ ਕਰਕੇ ਮੇਰਾ ਹੈ ਪਰ ਮਿਥਿਆ ਹੋਣ ਕਰਕੇ ਕੁਝ ਵੀ ਨਹੀਂ।

सशरीरमहो विश्वं परित्यज्य मयाऽधुना।
कुतश्चित्कौशलादेव परमात्मा विलोक्यते।।३।।
ਸਸ਼ਰੀਰਮਹੋ ਵਿਸ਼੍ਵੰ ਪਰਿਤਿਅਜਿਅ ਮਯਾऽਧੁਨਾ।
ਕੁਤਸ਼ਿਚਤ੍ਕੌਸ਼ਲਾਦੇਵ ਪਰਮਾਤ੍ਮਾ ਵਿਲੋਕਿਅਤੇ॥੩॥

ਸ਼ਬਦਾਰਥ:- ਸਸ਼ਰੀਰੰ ਅਹੋ = ਅਸ਼ਚਰਜ ਹੈ ਕਿ ਸਰੀਰ ਸਮੇਤ। ਵਿਸ਼੍ਵੰ ਪਰਿਤਿਅਜਿਅ = ਸੰਸਾਰ ਦਾ ਤਿਆਗ ਕਰਕੇ। ਮਯਾ ਅਧੁਨਾ = ਮੇਰੇ ਦੁਆਰਾ ਹੁਣ। ਕੁਤਸ਼ਿਚਤ੍ ਕੌਸ਼ਲਾਤ੍ ਏਵ = ਵਿਵੇਕ ਦੁਆਰਾ ਹੀ। ਪਰਮਾਤ੍ਮਾ ਵਿਲੋਕਿਅਤੇ = ਪਰਮ ਆਤਮਾ ਦਿੱਸ ਰਿਹਾ ਹੈ।

ਸ਼ਲੋਕਾਰਥ:- ਅਸਚਰਜ ਦੀ ਗੱਲ ਹੈ ਕਿ ਸਰੀਰ ਅਤੇ ਸੰਸਾਰ ਤੋਂ ਵੱਖਰਾ ਮਹਿਸੂਸ ਕਰਕੇ, ਵਿਵੇਕ ਦੁਆਰਾ ਮੈਨੂੰ ਪਰਮ ਆਤਮਾ ਦੇ ਦਰਸ਼ਨ ਹੋ ਰਹੇ ਹਨ।

ਭਾਵਾਰਥ:- ਮੈਨੂੰ ਸਮਝ ਆ ਗਈ ਹੈ ਕਿ ਵਿਅਕਤੀ ***"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੯; ਅੰਗ ੧੨੩੧)** ਝੂਠੇ ਸਰੀਰ ਨੂੰ ਸੱਚਾ ਮੰਨ ਕੇ ਬੰਧਨ ਵਿੱਚ ਫਸ ਜਾਂਦਾ ਹੈ। ਇਸੇ ਤਰ੍ਹਾਂ ਜਗ ਰਚਨਾ ਵੀ ਝੂਠ ਹੈ। ਵਿਵੇਕ ਦੁਆਰਾ, ਸਰੀਰ ਅਤੇ ਸੰਸਾਰ ਤੋਂ ਵੱਖਰਾ ਖਲੋ ਕੇ ***"ਆਤਮ ਰਾਮੁ ਤਿਸੁ ਨਦਰੀ ਆਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫)** ਉਨ੍ਹਾਂ

ਨੂੰ ਉਨ੍ਹਾਂ ਦੇ ਸ਼ੁੱਧ ਆਤਮ ਸਰੂਪ ਦੇ ਦਰਸ਼ਨ ਹੋ ਰਹੇ ਹਨ, ਇਹ ਉਨ੍ਹਾਂ ਮਹਿਸੂਸ ਕੀਤਾ।

यथा न तोयतो भिन्नास्तरङ्गाः फेनबुद्बुदाः।
आत्मनो न तथा भिन्न विश्वमात्मविनिर्गतम्॥४॥
ਯਥਾ ਨ ਤੋਯਤੋ ਭਿੰਨਾਸ੍ਤਰੰਗਾ: ਫੇਨਬੁਦ੍ਬੁਦਾ:।
ਆਤ੍ਮਨੋ ਨ ਤਥਾ ਭਿੰਨ ਵਿਸ਼੍ਵਮਾਤ੍ਮਵਿਨਿਰਗਤੰ॥੪॥

ਸ਼ਬਦਾਰਥ:- ਯਥਾ = ਜਿਵੇਂ। ਨ ਤੋਯਤ: = ਨਹੀਂ ਜਲ। ਭਿੰਨਾ: ਤਰੰਗਾ: = ਅਲੱਗ ਤਰੰਗਾਂ। ਫੇਨ ਬੁਦ੍ਬੁਦਾ: = ਝੱਗ ਬੁਲਬੁਲੇ। ਆਤ੍ਮਨ: = ਆਤਮਾ ਤੋਂ। ਨ ਤਥਾ = ਨਹੀਂ ਉਸੇ ਤਰ੍ਹਾਂ। ਭਿੰਨ = ਅਲੱਗ। ਵਿਸ਼੍ਵਮ੍, ਆਤ੍ਮ-ਵਿਨਿਰਗਤੰ = ਸੰਸਾਰ, ਆਤਮਾ ਚੋਂ ਨਿਕਲਿਆ ਹੋਇਆ।

ਸ਼ਲੋਕਾਰਥ:- ਜਿਵੇਂ ਲਹਿਰਾਂ, ਝੱਗ ਅਤੇ ਬੁਲਬੁਲੇ (ਜਲ ਤੋਂ ਪੈਦਾ ਹੋਏ ਹੋਣ ਕਰਕੇ) ਜਲ ਤੋਂ ਵੱਖ ਨਹੀਂ ਹਨ, ਉਸੇ ਤਰ੍ਹਾਂ ਸੰਸਾਰ ਆਤਮਾ ਤੋਂ ਵੱਖਰਾ ਨਹੀਂ ਕਿਉਂਕਿ ਆਤਮਾ 'ਚੋਂ ਹੀ ਨਿਕਲਿਆ ਹੋਇਆ ਹੈ ਅਰਥਾਤ ਆਤਮਾ ਕਾਰਨ ਹੀ ਭਾਸਦਾ ਹੈ।

ਭਾਵਾਰਥ:- ਜਿਵੇਂ ***"ਜਲ ਤਰੰਗ ਅਰੁ ਫੇਨ ਬੁਬੁਦਾ ਜਲ ਤੇ ਭਿੰਨ ਨ ਹੋਈ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀਉ; ਅੰਗ ੪੮੫**) ਪਾਣੀ ਦੀ ਲਹਿਰ, ਝੱਗ ਅਤੇ ਬੁਲਬੁਲੇ ਪਾਣੀ 'ਚੋਂ ਪੈਦਾ ਹੁੰਦੇ ਹਨ ਜਿਸ ਕਰਕੇ ਪਾਣੀ ਤੋਂ ਅੱਡ ਨਹੀਂ ਹਨ, ਪਾਣੀ ਵਿੱਚ ਹੀ ਪੈਦਾ ਹੁੰਦੇ ਹਨ ਅਤੇ ਪਾਣੀ ਵਿੱਚ ਹੀ ਲੀਨ ਹੋ ਜਾਂਦੇ ਹਨ, ਉਸੇ ਤਰ੍ਹਾਂ ***"ਆਤਮ ਰਾਮੁ ਸੰਸਾਰਾ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੧; ਅੰਗ ੭੬੪**) ਸੰਸਾਰ ਵੀ ਆਤਮਾ ਹੀ ਹੈ ਕਿਉਂਕਿ ਆਤਮਾ ਕਾਰਨ ਹੀ ਭਾਸਦਾ ਹੈ, ਆਤਮਾ ਵਿੱਚ ਹੀ ਆਰੋਪਿਤ ਹੈ।

तन्तुमात्रो भवेदेव पटो यद्वद्विचारतः।
आत्मतन्मात्रमेवेदं तद्वद्विश्वं विचारितम्॥५॥
ਤੰਤੁਮਾਤ੍ਰੋ ਭਵੇਦੇਵ ਪਟੋ ਯਦ੍ਵਦ੍ਵਿਚਾਰਤ:।
ਆਤ੍ਮਤੰਮਾਤ੍ਰਮੇਵੇਦੰ ਤਦ੍ਵਦ੍ਵਿਸ਼੍ਵੰ ਵਿਚਾਰਿਤੰ॥੫॥

ਸ਼ਬਦਾਰਥ:- ਤੰਤੁ ਮਾਤ੍ਰ: = ਧਾਗਾ ਮਾਤਰ। ਭਵੇਤ੍ ਏਵ = ਹੀ ਹੁੰਦਾ ਹੈ। ਪਟ: = ਕੱਪੜਾ। ਯਦ੍ਵਤ੍ ਵਿਚਾਰਤ: = ਜਿਵੇਂ ਵਿਚਾਰ ਕਰਨ ਨਾਲ। ਆਤ੍ਮਤਨ੍ਮਾਤ੍ਰਮ੍ ਏਵ ਇਦੰ = ਆਤਮ ਸੱਤਾ ਮਾਤਰ ਹੀ ਇਹ। ਤਦ੍ਵਤ੍ ਵਿਸ਼੍ਵੰ = ਉਸੇ ਤਰ੍ਹਾਂ ਸੰਸਾਰ। ਵਿਚਾਰਿਤੰ = ਵਿਚਾਰ ਕਰਨ ਉੱਤੇ।

ਸ਼ਲੋਕਾਰਥ:- ਜਿਵੇਂ ਵਿਚਾਰ ਕਰਨ ਉੱਤੇ ਕੱਪੜਾ ਧਾਗਾ ਹੀ ਹੈ, ਉਸੇ ਤਰ੍ਹਾਂ ਸੋਚਣ ਨਾਲ ਸੰਸਾਰ ਵੀ ਆਤਮ ਸੱਤਾ ਮਾਤਰ ਹੀ ਪ੍ਰਤੀਤ ਹੁੰਦਾ ਹੈ।

ਭਾਵਾਰਥ:- ਜਿਵੇਂ ਧਾਗੇ ਦਾ ਪੂਰੇ ਕੱਪੜੇ ਵਿੱਚ ਰਮਿਆ ਹੋਇਆ ਹੋਣ ਕਰਕੇ

ਕੱਪੜਾ ਅਸਲ ਵਿੱਚ ਧਾਗਾ ਹੀ ਹੈ, ਉਸੇ ਤਰ੍ਹਾਂ ਕਿਉਂਕਿ *"ਆਤਮ ਰਾਮੁ ਰਵਿਆ ਸਭ ਅੰਤਰਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਆਤਮਾ ਅਰਥਾਤ ਸਵੈ ਸੰਸਾਰ ਦੇ ਹਰ ਕਣ ਵਿੱਚ ਰਮਿਆ ਹੋਇਆ ਹੈ, ਇਸ ਕਰਕੇ ਸੰਸਾਰ ਵੀ ਆਤਮਾ ਤੋਂ ਸਿਵਾ ਹੋਰ ਕੁਝ ਵੀ ਨਹੀਂ।

यथैवेक्षुरसे क्लृप्ता तेन व्याप्तैव शर्करा।
तथा विश्वं मयि क्लृप्तं मया व्याप्तं निरन्तरम्।।६।।

ਯਥੈਵੇਕ੍ਸ਼ੁਰਸੇ ਕ੍ਲ੍ਰਿਪ੍ਤਾ ਤੇਨ ਵਿਆਪ੍ਤੈਵ ਸ਼ਰਕਰਾ।
ਤਥਾ ਵਿਸ਼੍ਵੰ ਮਯਿ ਕ੍ਲ੍ਰਿਪ੍ਤੰ ਮਯਾ ਵਿਆਪ੍ਤੰ ਨਿਰੰਤਰਮ੍॥੬॥

ਸ਼ਬਦਾਰਥ:- ਯਥਾ ਏਵ ਇਕ੍ਸ਼ੁ-ਰਸੇ = ਜਿਵੇਂ ਹੀ ਗੰਨੇ ਦੇ ਰਸ ਵਿੱਚ। ਕ੍ਲ੍ਰਿਪ੍ਤਾ = ਪੈਦਾ ਹੋਈ। ਤੇਨ = ਉਸ ਨਾਲ। ਵਿਆਪ੍ਤ ਏਵ = ਹੀ ਵਿਆਪਤ ਹੈ। ਸ਼ਰਕਰਾ = ਸ਼ੱਕਰ। ਤਥਾ = ਉਸੇ ਤਰ੍ਹਾਂ। ਵਿਸ਼੍ਵੰ = ਵਿਸ਼ਵ। ਮਯਿ = ਮੇਰੇ ਵਿੱਚ। ਕ੍ਲ੍ਰਿਪ੍ਤੰ = ਉਪਜਿਆ ਹੋਇਆ। ਮਯਾ = ਮੇਰੇ ਦੁਆਰਾ। ਵਿਆਪ੍ਤੰ = ਵਿਆਪਤ ਹੈ। ਨਿਰੰਤਰੰ = ਨਿਰੰਤਰ।

ਸ਼ਲੋਕਾਰਥ:- ਜਿਵੇਂ ਗੰਨੇ ਦੇ ਰਸ ਤੋਂ ਉਪਜੀ ਸ਼ੱਕਰ ਉਸ (ਰਸ) ਨਾਲ ਪੂਰੀ ਤਰ੍ਹਾਂ ਵਿਆਪਤ ਹੈ, ਉਸੇ ਤਰ੍ਹਾਂ ਮੇਰੇ ਵਿੱਚ ਉਪਜਿਆ (ਕਲਪਿਤ) ਸੰਸਾਰ ਨਿਰੰਤਰ ਮੇਰੇ ਦੁਆਰਾ ਹੀ ਵਿਆਪਤ ਹੈ।

ਭਾਵਾਰਥ:- ਸ਼ੱਕਰ, ਗੰਨੇ ਦੇ ਰਸ 'ਚੋਂ ਬਣਦੀ ਹੈ ਅਤੇ ਉਹ ਰਸ, ਸ਼ੱਕਰ ਵਿੱਚ ਹਰ ਥਾਂ ਵਿਆਪਤ ਹੈ। ਇਸੇ ਤਰ੍ਹਾਂ, ਕਿਉਂਕਿ ਸੰਸਾਰ ਸਵੈ ਵਿੱਚ, ਆਤਮਾ ਵਿੱਚ, ਕਲਪਿਤ ਹੈ, ਜਨਕ ਜੀ ਇਹ ਅਨੁਭਵ ਕਰ ਰਹੇ ਹਨ ਕਿ ਆਤਮਾ ਅਰਥਾਤ ਸਵੈ *"ਰਵਿਓ ਸਰਬ ਥਾਨਿ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯) ਪੂਰੇ ਸੰਸਾਰ ਵਿੱਚ ਵਿਆਪ ਰਿਹਾ ਹੈ।

आत्मज्ञानाज्जगद्भाति आत्मज्ञानान्न भासते।
रज्जवज्ञानादहिर्भाति तज्ज्ञानाद्भासते न हि।।७।।

ਆਤ੍ਮਗਿਆਨਾਜ੍ਜਗਦ੍ਭਾਤਿ ਆਤ੍ਮਗਿਆਨਾਨ੍ਨ ਭਾਸਤੇ।
ਰੱਜਵਗਿਆਨਾਦਹਿਰਭਾਤਿ ਤਜ੍ਗਿਆਨਾਦ੍ਭਾਸਤੇ ਨ ਹਿ॥੭॥

ਸ਼ਬਦਾਰਥ:- ਆਤ੍ਮ ਅਗਿਆਨਾਤ੍ ਜਗਤ੍ ਭਾਤਿ = ਸਵੈ ਦੇ ਅਗਿਆਨ ਕਾਰਨ ਜਗਤ ਪ੍ਰਤੀਤ ਹੁੰਦਾ ਹੈ। ਆਤ੍ਮ ਗਿਆਨਾਤ੍ ਨ = ਸਵੈ ਦਾ ਗਿਆਨ ਹੋਣ ਉੱਤੇ ਨਹੀਂ। ਭਾਸਤੇ = ਪ੍ਰਤੀਤ ਹੁੰਦਾ। ਰੱਜੁ ਅਗਿਆਨਾਤ੍ ਅਹਿ: ਭਾਤਿ = ਰੱਸੀ ਦਾ ਗਿਆਨ ਨਾ ਹੋਣ ਕਰਕੇ ਸੱਪ ਭਾਸਦਾ ਹੈ। ਤਤ੍ ਗਿਆਨਾਤ੍ ਭਾਸਤੇ ਨ ਹਿ = ਉਸ ਦੇ ਗਿਆਨ ਨਾਲ ਭਾਸਦਾ ਨਹੀਂ।

ਸ਼ਲੋਕਾਰਥ:- ਸਵੈ ਦੀ ਪਛਾਣ ਨਾ ਹੋਣ ਕਰਕੇ ਸੰਸਾਰ ਭਾਸਦਾ ਹੈ ਪਰ ਜਦ ਉਸ ਦੀ ਪਛਾਣ ਹੋ ਜਾਏ ਤਦ ਨਹੀਂ ਪ੍ਰਤੀਤ ਹੁੰਦਾ ਜਿਵੇਂ ਰੱਸੀ ਦਾ ਗਿਆਨ ਨਾ ਹੋਣ ਕਰਕੇ ਸੱਪ ਜਾਪਦਾ ਹੈ ਪਰ ਜਦ ਪਤਾ ਲੱਗ ਜਾਏ ਕਿ ਇਹ ਰੱਸੀ ਹੈ ਤਾਂ ਸੱਪ ਨਹੀਂ ਭਾਸਦਾ।

ਭਾਵਾਰਥ:- ਭਰਮ ਉਤਨੀ ਦੇਰ ਤੱਕ ਹੀ ਰਹਿੰਦਾ ਹੈ ਜਿਤਨੀ ਦੇਰ ਤੱਕ ਅਸਲੀਅਤ ਦਾ ਪਤਾ ਨਾ ਲੱਗ ਜਾਏ ਜਿਸ ਉੱਤੇ ਉਹ ਭਰਮ ਟਿਕਿਆ ਹੈ। *"ਸੰਸਾ ਇਹੁ ਸੰਸਾਰੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੬) ਇਹ ਸੰਸਾਰ ਵੀ ਇੱਕ ਭਰਮ ਹੈ ਜਿਹੜਾ ਸਵੈ ਉੱਤੇ ਟਿਕਿਆ ਹੋਇਆ ਹੈ। *"ਭਰਮੇ ਭੂਲਾ ਤਤੁ ਨ ਜਾਣੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੪) ਭਰਮ ਵਿੱਚ ਅਸਲੀਅਤ ਦੀ ਪਛਾਣ ਨਹੀਂ ਹੁੰਦੀ। ਪਰੰਤੂ ਜੋ *"ਆਤਮੁ ਚੀਨੈ ਸੁ ਤਤੁ ਬੀਚਾਰੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੪) ਆਤਮ ਗਿਆਨ ਪ੍ਰਾਪਤ ਕਰ ਲੈਂਦਾ ਹੈ ਉਸ ਨੂੰ ਅਸਲੀਅਤ ਦਾ ਪਤਾ ਲੱਗ ਜਾਂਦਾ ਹੈ ਅਤੇ ਉਸ ਦਾ ਸੰਸਾਰ ਰੂਪੀ ਭਰਮ ਸਮਾਪਤ ਹੋ ਜਾਂਦਾ ਹੈ।

प्रकाशो मे निजं रूपं नातिरिक्तोऽस्म्यहं ततः।
यदा प्रकाशते विश्वं तदाहम्भास एव हि॥८॥

ਪ੍ਰਕਾਸ਼ੋ ਮੇ ਨਿਜੰ ਰੂਪੰ ਨਾਤਿਰਿਕ੍ਤੋऽਸ੍ਮਿਅਹੰ ਤਤ:।
ਯਦਾ ਪ੍ਰਕਾਸ਼ਤੇ ਵਿਸ਼੍ਵੰ ਤਦਾਹੰਭਾਸ ਏਵ ਹਿ॥੮॥

ਸ਼ਬਦਾਰਥ:- ਪ੍ਰਕਾਸ਼: ਮੇ ਨਿਜੰ ਰੂਪੰ = ਪ੍ਰਕਾਸ਼ ਮੇਰਾ ਨਿਜ ਰੂਪ ਹੈ। ਨ ਅਤਿਰਿਕ੍ਤ: ਅਸ੍ਮਿ ਅਹੰ ਤਤ: = ਨਹੀਂ ਬਿਨਾ ਹਾਂ ਮੈਂ ਉਸ ਤੋਂ। ਯਦਾ ਪ੍ਰਕਾਸ਼ਤੇ ਵਿਸ਼੍ਵੰ = ਜਦੋਂ ਵਿਸ਼ਵ ਪ੍ਰਕਾਸ਼ਦਾ ਹੈ। ਤਤ੍ਰ ਅਹੰ ਭਾਸ ਏਵ ਹਿ = ਉਹ ਮੈਂ ਹੀ ਪ੍ਰਕਾਸ਼ਦਾ ਹਾਂ।

ਸ਼ਲੋਕਾਰਥ:- ਮੇਰਾ ਨਿਜ ਰੂਪ ਪ੍ਰਕਾਸ਼ ਹੈ, ਮੈਂ ਉਸ ਤੋਂ ਬਿਨਾ (ਹੋਰ ਕੁਝ) ਨਹੀਂ। ਜਦੋਂ ਜਗਤ ਪ੍ਰਕਾਸ਼ਦਾ ਹੈ, ਉਹ ਮੈਂ ਹੀ ਪ੍ਰਕਾਸ਼ਿਤ ਹੋ ਰਿਹਾ ਹੁੰਦਾ ਹਾਂ।

ਭਾਵਾਰਥ:- ਜਨਕ ਜੀ ਨੂੰ ਅਸ਼ਟਾਵਕ੍ਰ ਜੀ ਨੇ ਸਮਝਾਇਆ ਹੈ ਕਿ *"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਤੁਹਾਡਾ ਮੂਲ, ਪ੍ਰਕਾਸ਼ ਹੈ, ਉਸ ਨੂੰ ਪਛਾਣੋ। ਇਸ ਉੱਤੇ ਜਨਕ ਜੀ ਕਹਿ ਉੱਠੇ ਕਿ ਮੈਂ ਪ੍ਰਕਾਸ਼ ਤੋਂ ਸਿਵਾ ਹੋਰ ਕੁਝ ਵੀ ਨਹੀਂ। ਉਨ੍ਹਾਂ ਇਹ ਵੀ ਅਨੁਭਵ ਕੀਤਾ ਕਿ ਜਦੋਂ ਜਗਤ ਪ੍ਰਕਾਸ਼ਦਾ ਹੈ *"ਜੋਤੀ ਹੂੰ ਸਭੁ ਚਾਨਣਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਵਾਰ ਮ: ੩; ਅੰਗ ੫੦੯) ਉਹ ਸਭ ਪ੍ਰਕਾਸ਼ ਮੇਰੇ ਚਾਨਣ ਦਾ ਹੀ ਹੁੰਦਾ ਹੈ ਅਰਥਾਤ ਸੰਸਾਰ ਵਿੱਚ ਜੋ ਕੁਝ ਵੀ ਵਿਆਪ ਰਿਹਾ ਹੈ, ਉਹ ਸਵੈ ਦਾ ਹੀ ਪ੍ਰਗਟਾਵਾ ਹੈ।

अहो विकल्पितं विश्वमज्ञानान्मयि भासते।

रूप्यं शुक्तौ फणी रज्जौ वारि सूर्यकरे यथा॥९॥

ਅਹੋ ਵਿਕਲ੍ਪਿਤੰ ਵਿਸ਼੍ਵਮਗਿਆਨਾਨ੍ਮਯਿ ਭਾਸਤੇ।

ਰੂਪਿਅੰ ਸ਼ੁਕ੍ਤੌ ਫਣੀ ਰੱਜੌ ਵਾਰਿ ਸੂਰ੍ਯਕਰੇ ਯਥਾ॥੯॥

ਸ਼ਬਦਾਰਥ:- ਅਹੋ ਵਿਕਲ੍ਪਿਤੰ ਵਿਸ਼੍ਵੰ ਅਗਿਆਨਾਤ੍ ਮਯਿ ਭਾਸਤੇ = ਹੈਰਾਨੀ ਹੈ ਕਿ ਕਲਪਿਤ ਸੰਸਾਰ ਅਗਿਆਨ ਕਾਰਨ ਮੇਰੇ ਵਿੱਚ ਭਾਸਦਾ ਹੈ। ਰੂਪਿਅੰ ਸ਼ੁਕ੍ਤੌ = ਸਿੱਪੀ ਵਿੱਚ ਚਾਂਦੀ। ਫਣੀ ਰੱਜੌ = ਸੱਪ ਰੱਸੀ ਵਿੱਚ। ਵਾਰਿ ਸੂਰ੍ਯਕਰੇ = (ਮ੍ਰਿਗ ਤ੍ਰਿਸ਼ਨਾ ਵਾਲਾ) ਪਾਣੀ ਸੂਰਜ ਕਿਰਨ ਵਿੱਚ। ਯਥਾ = ਜਿਵੇਂ।

ਸ਼ਲੋਕਾਰਥ:- ਹੈਰਾਨ ਹਾਂ ਕਿ ਅਗਿਆਨ ਕਾਰਨ ਮੇਰੇ ਅੰਦਰ ਕਲਪਿਤ ਸੰਸਾਰ ਭਾਸਦਾ ਹੈ ਜਿਵੇਂ (ਅਗਿਆਨ ਕਾਰਨ ਹੀ) ਸਿੱਪੀ ਵਿੱਚ ਚਾਂਦੀ, ਰੱਸੀ ਵਿੱਚ ਸੱਪ ਅਤੇ ਸੂਰਜ-ਕਿਰਨ ਦੇ ਬਣੇ ਮ੍ਰਿਗ ਤ੍ਰਿਸ਼ਨਾ ਵਿੱਚ ਜਲ ਭਾਸਦਾ ਹੈ।

ਭਾਵਾਰਥ:- *"ਅਗਿਆਨਿ ਅੰਧੇਰੈ ਸੂਝਸਿ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੧੦) ਅਗਿਆਨ ਇੱਕ ਗੂੜ੍ਹੇ ਹਨ੍ਹੇਰੇ ਵਾਂਗ ਹੁੰਦਾ ਹੈ ਜਿਸ ਵਿੱਚ ਕੁਝ ਵੀ ਠੀਕ ਨਹੀਂ ਦਿੱਸਦਾ। ਸਿੱਪੀ ਵਿੱਚ ਚਾਂਦੀ ਨਹੀਂ ਹੁੰਦੀ ਪਰ ਅਗਿਆਨੀ ਉਸ ਦੀ ਚਮਕ ਨੂੰ ਚਾਂਦੀ ਸਮਝ ਲੈਂਦਾ ਹੈ। ਇਸੇ ਤਰ੍ਹਾਂ ਹਾਲਾਂ ਕਿ ਸੱਪ ਜੀਵ ਹੈ ਅਤੇ ਰੱਸੀ ਜੜ੍ਹ ਹੈ ਪਰ ਅਗਿਆਨ ਦੇ ਹਨ੍ਹੇਰੇ ਵਿੱਚ ਰੱਸੀ ਸੱਪ ਵਾਂਗ ਭਾਸਦੀ ਹੈ। ਸੂਰਜ ਦੀ ਕਿਰਨ ਵਿੱਚ ਪਾਣੀ ਨਹੀਂ ਹੁੰਦਾ ਪਰ ਅਗਿਆਨੀ ਮ੍ਰਿਗ, ਕਿਰਨ ਤੋਂ ਉਪਜੇ ਮ੍ਰਿਗ-ਤ੍ਰਿਸ਼ਨਾ ਨੂੰ ਪਾਣੀ ਸਮਝ ਕੇ ਉਸ ਨੂੰ ਪੀਣ ਲਈ ਦੌੜਦਾ ਹੈ। ਇਸੇ ਤਰ੍ਹਾਂ, ਜਨਕ ਜੀ ਕਹਿੰਦੇ ਹਨ, ਸੰਸਾਰ ਹੈ ਤਾਂ ਨਹੀਂ ਪਰੰਤੂ ਅਗਿਆਨ ਕਾਰਨ ਮੇਰੇ ਅੰਦਰ ਭਾਸਦਾ ਹੈ।

मत्तो विनिर्गतं विश्वं मय्येव लयमेष्यति।

मृदि कुम्भो जले वीचिः कनके कटकं यथा॥१०॥

ਮੱਤੋ ਵਿਨਿਰਗਤੰ ਵਿਸ਼੍ਵੰ ਮੱਯੇਵ ਲਯਮੇਸ਼੍ਯਤਿ।

ਮ੍ਰਿਦਿ ਕੁੰਭੋ ਜਲੇ ਵੀਚਿ: ਕਨਕੇ ਕਟਕੰ ਯਥਾ॥੧੦॥

ਸ਼ਬਦਾਰਥ:- ਮੱਤ: = ਮੇਰੇ ਤੋਂ। ਵਿਨਿਰਗਤੰ = ਨਿਕਲਿਆ ਹੋਇਆ। ਵਿਸ਼੍ਵੰ = ਸੰਸਾਰ। ਮਯਿ ਏਵ = ਮੇਰੇ ਵਿੱਚ ਹੀ। ਲਯਮੇਸ਼੍ਯਤਿ = ਵਿਲੀਨ ਹੋ ਜਾਏਗਾ। ਮ੍ਰਿਦਿ = ਮਿੱਟੀ ਵਿੱਚ। ਕੁੰਭ: = ਘੜਾ। ਜਲੇ = ਜਲ ਵਿੱਚ। ਵੀਚਿ: = ਲਹਿਰ। ਕਨਕੇ = ਸੋਨੇ ਵਿੱਚ। ਕਟਕੰ = ਗਹਿਣਾ। ਯਥਾ = ਜਿਵੇਂ।

ਸ਼ਲੋਕਾਰਥ:- ਜਿਵੇਂ ਘੜਾ ਮਿੱਟੀ ਵਿੱਚ, ਲਹਿਰ ਪਾਣੀ ਵਿੱਚ, ਗਹਿਣਾ ਸੋਨੇ ਵਿੱਚ (ਲੀਨ) ਹੋ ਜਾਂਦੇ ਹਨ, (ਉਸੇ ਤਰ੍ਹਾਂ) ਮੇਰੇ ਵਿੱਚੋਂ ਨਿਕਲਿਆ ਹੋਇਆ ਸੰਸਾਰ ਮੇਰੇ ਵਿੱਚ ਹੀ ਲੀਨ ਹੋ ਜਾਏਗਾ।

ਭਾਵਾਰਥ:- ਹਰ ਵਸਤੂ, ਅੰਤ ਵਿੱਚ, ਆਪਣੇ ਉਦਗਮ ਸਥਾਨ ਵਿੱਚ ਹੀ ਲੀਨ ਹੋ ਜਾਂਦੀ ਹੈ ਜਿਵੇਂ ਘੜਾ ਮਿੱਟੀ ਵਿੱਚ, ਲਹਿਰ ਪਾਣੀ ਵਿੱਚ ਅਤੇ ਸੋਨੇ ਦਾ ਗਹਿਣਾ ਸੋਨੇ ਵਿੱਚ ਲੀਨ ਹੋ ਜਾਂਦੇ ਹਨ। *"ਆਤਮ ਪਸਾਰਾ ਕਰਣਹਾਰਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੪੬) ਸਾਰੇ ਪਸਾਰੇ ਦਾ ਕਰਤਾ ਆਤਮਾ ਅਰਥਾਤ ਸਵੈ ਹੈ। ਕਿਉਂਕਿ ਸੰਸਾਰ ਦਾ ਪਸਾਰਾ ਸਵੈ 'ਚੋਂ ਹੀ ਹੋਇਆ ਹੈ ਇਹ ਲੀਨ ਵੀ ਸਵੈ ਵਿੱਚ ਹੀ ਹੋਏਗਾ।

अहो अहं नमो मह्यं विनाशो यस्य नास्ति मे।
ब्रह्मादिस्तम्बपर्यन्तं जगन्नाशोऽपि तिष्ठतः॥११॥
ਅਹੋ ਅਹੰ ਨਮੋ ਮਹਿਅੰ ਵਿਨਾਸ਼ੋ ਯਸਿਅ ਨਾਸ੍ਤਿ ਮੇ।
ਬ੍ਰਹ੍ਮਾਦਿਸ੍ਤੰਬਪਰਯੰਤੰ ਜਗੰਨਾਸ਼ੋऽਪਿ ਤਿਸ਼੍ਠਤ:॥੧੧॥

ਸ਼ਬਦਾਰਥ:- ਅਹੋ ਅਹੰ ਨਮੋ ਮਹਿਅੰ = ਅਸਚਰਜ, ਮੇਰਾ ਆਪਣੇ ਆਪ ਨੂੰ ਨਮਸਕਾਰ ਹੈ। ਵਿਨਾਸ਼: ਯਸਿਅ ਨਾਸ੍ਤਿ ਮੇ = ਜਿਸ ਮੇਰੇ ਦਾ ਨਾਸ ਨਹੀਂ ਹੈ। ਬ੍ਰਹ੍ਮਾਦਿ ਸ੍ਤੰਬ ਪਰਯੰਤੰ = ਬ੍ਰਹਮਾ ਆਦਿ ਤੋਂ ਤਿਣਕੇ ਤੱਕ। ਜਗੰਨਾਸ਼: ਅਪਿ = ਜਗਤ ਦੇ ਨਾਸ ਹੋਣ ਤੇ ਵੀ। ਤਿਸ਼੍ਠਤ: = ਰਹਿੰਦਾ ਹੈ।

ਸ਼ਲੋਕਾਰਥ:- ਅਸਚਰਜ! ਮੇਰਾ ਆਪਣੇ ਆਪ ਨੂੰ ਨਮਸਕਾਰ ਹੈ ਜਿਸ ਦਾ ਬ੍ਰਹਮਾ ਆਦਿ ਤੋਂ ਲੈ ਕੇ ਤਿਣਕੇ ਤੱਕ ਜਗਤ ਦਾ ਨਾਸ ਹੋ ਜਾਣ ਉੱਤੇ ਵੀ ਨਾਸ ਨਹੀਂ ਹੈ।

ਭਾਵਾਰਥ:- ਆਤਮਾ/ਸਵੈ *"ਨਹ ਬਿਨਸੈ ਅਬਿਨਾਸੀ ਹੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੫) ਦਾ ਕਿਸੇ ਕਾਲ ਵਿੱਚ ਨਾਸ ਸੰਭਵ ਨਹੀਂ ਭਾਵੇਂ ਹੋਰ ਸਾਰੇ ਜਗਤ ਦਾ ਨਾਸ ਹੋ ਜਾਏ। ਇਸ ਤੱਥ ਕਾਰਨ ਜਨਕ ਜੀ ਕਹਿੰਦੇ ਹਨ ਕਿ ਮੇਰਾ ਆਪਣੇ ਆਪ ਨੂੰ ਨਮਸਕਾਰ ਹੈ।

अहो अहं नमो मह्यमेकोऽहं देहवानपि।
क्वचिन्न गन्ता नागन्ता व्याप्य विश्वमवस्थितः॥१२॥
ਅਹੋ ਅਹੰ ਨਮੋ ਮਹਿਅਮੇਕੋऽਹੰ ਦੇਹਵਾਨਪਿ।
ਕ੍ਵਚਿੰਨ ਗੰਤਾ ਨਾਗੰਤਾ ਵਿਆਪਿਅ ਵਿਸ਼੍ਵਮਵਸ੍ਥਿਤ:॥੧੨॥

ਸ਼ਬਦਾਰਥ:- ਅਹੋ ਅਹੰ ਨਮੋ ਮਹਿਅੰ = ਅਸਚਰਜ, ਮੇਰਾ ਆਪਣੇ ਆਪ ਨੂੰ ਨਮਸਕਾਰ ਹੈ। ਏਕ: ਅਹੰ ਦੇਹਵਾਨ੍ ਅਪਿ = ਇੱਕ ਹਾਂ ਦੇਹਵਾਨ ਵੀ। ਕ੍ਵਚਿਤ੍ ਨ ਗੰਤਾ ਨ ਆਗੰਤਾ = ਕਿਤੇ ਨਾ ਜਾਣ ਵਾਲਾ ਨ ਆਉਣ ਵਾਲਾ। ਵਿਆਪਿਅ ਵਿਸ਼੍ਵਮ੍ ਅਵਸ੍ਥਿਤ: = ਸੰਸਾਰ ਵਿਆਪ ਕੇ ਸਥਿਤ ਹਾਂ।

ਸ਼ਲੋਕਾਰਥ:- ਹੈਰਾਨੀ ਵਾਲੀ ਗੱਲ ਹੈ ਕਿ ਮੈਂ ਦੇਹਧਾਰੀ ਹੁੰਦਾ ਹੋਇਆ ਵੀ

ਇੱਕ ਹਾਂ; ਨਾ ਕਿਤੇ ਜਾਣ ਵਾਲਾ ਹਾਂ ਨਾ (ਕਿਤੋਂ) ਆਉਣ ਵਾਲਾ ਹਾਂ (ਅਤੇ) ਸੰਸਾਰ ਨੂੰ ਵਿਆਪ ਕੇ ਸਥਿਤ ਹਾਂ।

ਭਾਵਾਰਥ:- ਅਕਾਸ਼ ਇੱਕ ਹੈ ਪਰ ਅਨੇਕ ਘੜਿਆਂ ਵਿੱਚ ਹੋਣ ਕਰਕੇ ਅਨੇਕ ਭਾਸਦਾ ਹੈ ਇਸੇ ਤਰ੍ਹਾਂ ਸਵੈ/ਆਤਮਾ ***"ਏਕ ਅਨੇਕ ਹੋਇ ਰਹਿਓ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਕਬੀਰ ਜੀਉ; ਅੰਗ ੧੧੦੪)** ਇੱਕ ਹੁੰਦਾ ਹੋਇਆ ਵੀ ਵੱਖ ਵੱਖ ਦੇਹਾਂ ਦੀ ਉਪਾਧੀ ਕਾਰਨ ਅਨੇਕ ਜਾਪਦਾ ਹੈ। ਹਰਕਤ ਘੜੇ ਵਿੱਚ ਹੁੰਦੀ ਹੈ ਪਰ ਉਸ ਦਾ ਅਕਾਸ਼, ਖ਼ਲਾਅ, ਉੱਥੇ ਹੀ ਰਹਿੰਦਾ ਹੈ, ਇਸੇ ਤਰ੍ਹਾਂ ਵੱਖ-ਵੱਖ ਸਰੀਰ ਆਉਂਦੇ ਜਾਂਦੇ ਹਨ ਪਰੰਤੂ ਜਿੱਥੋਂ ਤੱਕ ਸਵੈ ਦਾ ਸੰਬੰਧ ਹੈ ***"ਨਾ ਓਹੁ ਆਵੈ ਨਾ ਓਹੁ ਜਾਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੨)** ਨਾ ਉਹ ਕਿਤੇ ਜਾਂਦਾ ਹੈ ਨਾ ਕਿਤੋਂ ਆਉਂਦਾ ਹੈ ਅਤੇ ***"ਏਕੋ ਰਵਿ ਰਹਿਆ ਸਭ ਠਾਈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੫)** ਇੱਕ ਨੇ ਹੀ ਸਾਰੇ ਸੰਸਾਰ ਨੂੰ ਵਿਆਪ ਰੱਖਿਆ ਹੈ।

अहो अहं नमो मह्यं दक्षो नास्तीह मत्समः।
असंस्पृश्य शरीरेण येन विश्वं चिरं धृतम्॥१३॥
ਅਹੋ ਅਹੰ ਨਮੋ ਮਹਿਅੰ ਦਕ੍ਸ਼ੋ ਨਾਸ੍ਤੀਹ ਮਤ੍ਸਮ:।
ਅਸੰਸ੍ਪ੍ਰਿਸ਼ਿਅ ਸ਼ਰੀਰੇਣ ਯੇਨ ਵਿਸ਼੍ਵੰ ਚਿਰੰ ਧ੍ਰਿਤਮ੍॥੧੩॥

ਸ਼ਬਦਾਰਥ:- ਅਹੋ ਅਹੰ ਨਮੋ ਮਹਿਅੰ = ਮੈਨੂੰ ਅਸਚਰਜ ਰੂਪ ਨੂੰ ਨਮਸਕਾਰ ਹੈ। ਦਕ੍ਸ਼: = ਚਤੁਰ। ਨਾਸ੍ਤਿ ਇਹ ਮਤ੍ਸਮ: =ਨਹੀਂ ਹੈ ਏਥੇ ਮੇਰੇ ਬਰਾਬਰ। ਅਸੰਸ੍ਪ੍ਰਿਸ਼ਿਅ = ਛੂਹਣ ਤੋਂ ਬਿਨਾ।

ਸ਼ਰੀਰੇਣ = ਸਰੀਰ ਦੁਆਰਾ। ਯੇਨ = ਜਿਸ ਦੁਆਰਾ। ਵਿਸ਼੍ਵੰ = ਵਿਸ਼ਵ ਨੂੰ। ਚਿਰੰ = ਚਿਰਕਾਲ ਤੋਂ। ਧ੍ਰਿਤਮ੍ = ਧਾਰਣ ਕੀਤਾ ਹੋਇਆ ਹੈ।

ਸ਼ਲੋਕਾਰਥ:- ਮੈਨੂੰ ਅਸਚਰਜ ਰੂਪ ਨੂੰ ਮੇਰਾ ਨਮਸਕਾਰ ਹੈ। ਏਥੇ, ਇਸ ਸੰਸਾਰ ਵਿੱਚ, ਮੇਰੇ ਬਰਾਬਰ ਚਤੁਰ ਕੋਈ ਨਹੀਂ ਹੈ ਜਿਸ ਦੁਆਰਾ, ਬਿਨਾ ਸਰੀਰ ਨਾਲ ਛੂਹੇ, ਚਿਰਕਾਲ ਤੋਂ ਵਿਸ਼ਵ ਨੂੰ ਧਾਰਣ ਕੀਤਾ ਹੋਇਆ ਹੈ।

ਭਾਵਾਰਥ:- ਹਨ੍ਹੇਰੇ ਵਿੱਚ ਰੱਸੀ ਤੋਂ ਸੱਪ ਦਾ ਭਰਮ ਪੈਂਦਾ ਹੈ ਅਤੇ ਉਸ ਅਧਿਆਰੋਪਿਤ ਸੱਪ ਦਾ ਆਧਾਰ ਰੱਸੀ ਹੀ ਹੁੰਦੀ ਹੈ। ਇਸੇ ਤਰ੍ਹਾਂ ਸੰਸਾਰ ਹੈ ਤਾਂ ਨਹੀਂ ਪਰ ਇਸ ਦਾ ਸਵੈ ਉੱਤੇ ਅਧਿਆਰੋਪਨ ਹੈ ਜਿਸ ਕਰਕੇ ਕਿਹਾ ਹੈ ਕਿ ***"ਧਾਰਣ ਧਾਰਿ ਰਹਿਓ ਬ੍ਰਹਮੰਡ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੨)** ਬ੍ਰਹਿਮੰਡ ਨੂੰ ਸਵੈ ਨੇ ਧਾਰਿਆ ਹੋਇਆ ਹੈ।

अहो अहं नमो मह्यं यस्य मे नास्ति किञ्चन।
अथवा यस्य मे सर्वं यद्वाङ्मनसगोचरम्॥१४॥

ਅਹੋ ਅਹੰ ਨਮੋ ਮਹਿਅੰ ਯਸਿਅ ਮੇ ਨਾਸ੍ਤਿ ਕਿੰਚਨ।
ਅਥਵਾ ਯਸਿਅ ਮੇ ਸਰਵ ਯਦ੍ਵਾਂਗ੍ਮਨਸਗੋਚਰਮ੍॥੧੪॥

ਸ਼ਬਦਾਰਥ:- ਅਹੋ ਅਹੰ ਨਮੋ ਮਹਿਅੰ = ਮੈਨੂੰ ਅਸਚਰਜ ਸਰੂਪ ਨੂੰ ਮੇਰਾ ਨਮਸਕਾਰ ਹੈ। ਯਸਿਅ ਮੇ = ਜਿਸ ਮੇਰੇ ਦਾ। ਨਾਸ੍ਤਿ ਕਿੰਚਨ = ਨਹੀਂ ਹੈ ਕੁਝ। ਅਥਵਾ = ਜਾਂ। ਯਸਿਅ ਮੇ = ਜਿਸ ਮੇਰੇ ਦਾ। ਸਰਵ = ਸਭ। ਯਤ੍ਰ ਵਾਂਗ੍ ਮਨ: ਗੋਚਰਮ੍ = ਜੋ ਬਾਣੀ-ਮਨ ਗੋਚਰ ਹੈ।

ਸ਼ਲੋਕਾਰਥ:- ਮੈਨੂੰ ਅਸਚਰਜ ਸਰੂਪ ਨੂੰ ਮੇਰਾ ਨਮਸਕਾਰ ਹੈ ਜਿਸ ਮੇਰੇ ਦਾ ਕੁਝ ਵੀ ਨਹੀਂ ਜਾਂ ਜਿਸ ਮੇਰੇ ਦਾ ਸਭ ਕੁਝ ਹੈ ਜੋ ਬਾਣੀ-ਮਨ ਗੋਚਰ ਅਰਥਾਤ ਇੰਦ੍ਰੀ ਗੋਚਰ ਹੈ।

ਭਾਵਾਰਥ:- ਅਸਲ ਵਿੱਚ ਜੋ ਵੀ ਮਨ-ਬਾਣੀ ਦਾ ਵਿਸ਼ਾ ਹੈ ਅਰਥਾਤ ਇੰਦ੍ਰੀ ਗੋਚਰ ਹੈ ਉਹ ਸਭ *"ਦ੍ਰਿਸਟਿਮਾਨ ਹੈ ਸਗਲ ਮਿਥੇਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੩) ਮਿਥਿਆ ਹੈ, ਹੈ ਹੀ ਨਹੀਂ, ਜਿਸ ਕਰਕੇ ਸਵੈ ਦਾ ਸੰਬੰਧ ਕਿਸੇ ਨਾਲ ਹੋ ਹੀ ਨਹੀਂ ਸਕਦਾ। ਦੂਜੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਸਵੈ ਸਭ ਵਿੱਚ ਵਿਆਪ ਰਿਹਾ ਹੈ ਜਿਸ ਕਰਕੇ ਸਵੈ ਬਾਰੇ ਕਿਹਾ ਹੈ ਕਿ *"ਤੂ ਸਭਨਾ ਕਾ ਸਭੁ ਕੋ ਤੇਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੯) ਜੋ ਵੀ ਹੈ ਸਭ ਸਵੈ ਦਾ ਹੀ ਹੈ।

ज्ञानं ज्ञेयं तथा ज्ञाता त्रितयं नास्ति वास्तवम्।
अज्ञानाद्भाति यत्रेदं सोऽहमस्मि निरंजनः॥१५॥
ਗਿਆਨੰ ਗਿਏਯੰ ਤਥਾ ਗਿਆਤਾ ਤ੍ਰਿਤਯੰ ਨਾਸ੍ਤਿ ਵਾਸ੍ਤਵਮ੍।
ਅਗਿਆਨਾਦ੍ਭਾਤਿ ਯਤ੍ਰੇਦੰ ਸੋऽਹਮਸ੍ਮਿ ਨਿਰੰਜਨ:॥੧੫॥

ਸ਼ਬਦਾਰਥ:- ਗਿਆਨੰ ਗਿਏਯੰ ਤਥਾ ਗਿਆਤਾ = ਜਾਣਕਾਰੀ, ਜਾਣਨ ਯੋਗ ਅਤੇ ਜਾਣਨ ਵਾਲਾ। ਤ੍ਰਿਤਯੰ = ਤ੍ਰਿਪੁਟੀ। ਨਾਸ੍ਤਿ ਵਾਸ੍ਤਵੰ = ਅਸਲ ਵਿੱਚ ਨਹੀਂ ਹੈ। ਅਗਿਆਨਾਤ੍ ਭਾਤਿ= ਅਗਿਆਨ ਕਾਰਨ ਭਾਸਦੀ ਹੈ। ਯਤ੍ਰ ਇਦੰ= ਜਿੱਥੇ ਇਹ। ਸ: ਅਹੰ ਅਸ੍ਮਿ ਨਿਰੰਜਨ:= ਉਹ ਨਿਰੰਜਨ ਮੈਂ ਹਾਂ।

ਸ਼ਲੋਕਾਰਥ:- ਅਸਲ ਵਿੱਚ ਗਿਆਨ-ਗਿਏਯ-ਗਿਆਤਾ ਦੀ ਤ੍ਰਿਪੁਟੀ ਹੈ ਹੀ ਨਹੀਂ। ਅਗਿਆਨ ਕਾਰਨ ਜਿੱਥੇ ਇਹ ਭਾਸਦੀ ਹੈ ਉਹ ਉਪਾਧੀ ਰਹਿਤ ਮੈਂ ਹਾਂ (ਆਤਮਾ ਹੈ)।

ਭਾਵਾਰਥ:- ਆਤਮਾ ਬਾਰੇ ਗੁਰਬਾਣੀ ਵਾਕ ਹੈ ਕਿ *"ਤੁਧੁ ਬਿਨੁ ਦੂਜਾ ਅਵਰੁ ਨ ਕੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੪; ਅੰਗ ੧੩੦) ਉਸ ਤੋਂ ਬਿਨਾ ਹੋਰ ਕੋਈ ਹੈ ਹੀ ਨਹੀਂ ਜਿਸ ਕਰਕੇ ਗਿਆਨ-ਗਿਏਯ-ਗਿਆਤਾ ਦੀ ਤ੍ਰਿਪੁਟੀ ਦੀ ਵੀ ਕੋਈ ਹੋਂਦ ਨਹੀਂ। ਜਾਣਕਾਰੀ, ਜਾਣਨ ਯੋਗ ਵਿਸ਼ਾ ਅਤੇ ਜਾਣਨ ਵਾਲਾ ਗਿਆਤਾ ਇੱਕ

ਹਨ ਅਰਥਾਤ ਗਿਆਨ ਵੀ ਮੈਂ ਹਾਂ, ਜਿਸ ਦਾ ਗਿਆਨ ਹੋ ਰਿਹਾ ਹੈ ਉਹ ਵੀ ਮੈਂ ਹਾਂ ਅਤੇ ਜਾਣਨ ਵਾਲਾ ਵੀ ਮੈਂ ਹੀ ਹਾਂ। ਤ੍ਰਿਪੁਟੀ ਕੇਵਲ ਅਗਿਆਨ ਕਾਰਨ ਸਵੈ ਵਿੱਚ ਭਾਸਦੀ ਹੈ ਜੋ ਨਿਰਮਲ ਆਤਮਾ ਹੈ।

द्वैतमूलमहो दुःखं नान्यत्तस्यास्ति भेषजम्।
दृश्यमेतन्मृषा सर्वं एकोऽहं चिद्रसोऽमलः॥१६॥

ਦ੍ਵੈਤਮੂਲਮਹੋ ਦੁ:ਖੰ ਨਾਨਿਅਤ੍ਤਸਿਆਸ੍ਤਿ ਭੇਸ਼ਜਮ੍।
ਦ੍ਰਿਸ਼ਿਅਮੇਤਨ੍ਮ੍ਰਿਸ਼ਾ ਸਰਵੰ ਏਕੋऽਹੰ ਚਿਦ੍ਰਸੋऽਮਲ:॥੧੬॥

ਸ਼ਬਦਾਰਥ:- ਦ੍ਵੈਤ ਮੂਲੰ ਅਹੋ ਦੁ:ਖੰ = ਦੁਵੈਤ ਭਾਵ ਜੜ੍ਹ ਹੈ ਦੁੱਖ ਦੀ। ਨ ਅਨਿਅਤ ਅਸਿਅ ਅਸ੍ਤਿ ਭੇਸ਼ਜਮ੍ = ਨਹੀਂ ਹੋਰ ਇਸ ਦਾ ਹੈ ਇਲਾਜ। ਦ੍ਰਿਸ਼ਿਅਮ੍ ਏਤਤ੍ ਮ੍ਰਿਸ਼ਾ ਸਰਵੰ = ਦ੍ਰਿਸ਼ਟੀਮਾਨ ਇਹ ਮਿਥਿਆ ਹੈ ਸਭ। ਏਕ: ਅਹੰ ਚਿਤ੍ ਰਸ: ਅਮਲ: = ਇੱਕ ਮੈਂ ਚੇਤਨ ਅਨੰਦ ਸ਼ੁੱਧ।

ਸ਼ਲੋਕਾਰਥ:- ਦੁਵੈਤ ਭਾਵ ਹੀ ਦੁੱਖ ਦੀ ਜੜ੍ਹ ਹੈ। ਇਸ ਦਾ ਹੋਰ ਕੋਈ ਇਲਾਜ ਨਹੀਂ (ਇਸ ਭਾਵ ਤੋਂ ਸਿਵਾ ਕਿ) ਦ੍ਰਿਸ਼ਟੀਮਾਨ ਸਭ ਮਿਥਿਆ ਹੈ ਅਤੇ ਮੈਂ ਇੱਕ ਸ਼ੁੱਧ-ਬੁੱਧ ਅਨੰਦ ਰੂਪ ਹਾਂ।

ਭਾਵਾਰਥ:- ***"ਦੁਬਿਧਾ ਬਉਰੀ ਮਨੁ ਬਉਰਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਦੁਬਿਧਾ ਦੁਵੈਤ ਕਾਰਨ ਮਨ ਦੁਖੀ ਰਹਿੰਦਾ ਹੈ। ਇਸ ਦਾ ਇਲਾਜ ਹੈ ਇਸ ਭਾਵ ਵਿੱਚ ਰਹਿਣਾ ਕਿ ***"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਜੋ ਦਿੱਸਦਾ ਹੈ ਉਹ ਬੱਦਲ ਦੀ ਛਾਂ ਵਾਂਗ ਮਿਟ ਜਾਣ ਵਾਲਾ ਹੈ ਤਾਂ ਕਿ ਕਿਸੇ ਵਿੱਚ ਆਸਕਤੀ ਨਾ ਰਹੇ ਜੋ ਦੁੱਖ ਦੀ ਜੜ੍ਹ ਹੈ। ਦੂਜੇ, ਇਹ ਗਿਆਨ ਕਿ ਮੈਂ ਹੀ ਇੱਕ ਸ਼ੁੱਧ-ਬੁੱਧ ਅਨੰਦ ਰੂਪ ਹਾਂ, ਪਰੇਸ਼ਾਨੀਆਂ ਤੋਂ ਦੂਰ ਰੱਖਦਾ ਹੈ ਕਿਉਂਕਿ ਪਰੇਸ਼ਾਨ ਕਰਨ ਵਾਲਾ ਦੂਜਾ ਹੈ ਹੀ ਨਹੀਂ।

बोधमात्रोऽहमज्ञानादुपाधिः कल्पितो मया।
एवं विमृशतो नित्यं निर्विकल्पे स्थितिर्मम॥१७॥

ਬੋਧਮਾਤ੍ਰੋऽਹਮਗਿਆਨਾਦੁਪਾਧਿ: ਕਲ੍ਪਿਤੋ ਮਯਾ।
ਏਵੰ ਵਿਮ੍ਰਿਸ਼ਤੋ ਨਿਤਿਅੰ ਨਿਰਵਿਕਲ੍ਪੇ ਸ੍ਥਿਤਿਰਮਮ॥੧੭॥

ਸ਼ਬਦਾਰਥ:- ਬੋਧ ਮਾਤ੍ਰ: ਅਹੰ = ਮੈਂ ਬੋਧ ਮਾਤਰ ਹਾਂ। ਅਗਿਆਨਾਤ੍ ਉਪਾਧਿ: ਕਲ੍ਪਿਤ: ਮਯਾ = ਅਗਿਆਨ ਕਾਰਨ ਮੇਰੇ ਦੁਆਰਾ ਉਪਾਧੀ ਦੀ ਕਲਪਨਾ ਕੀਤੀ ਗਈ ਹੈ। ਏਵੰ ਵਿਮ੍ਰਿਸ਼ਤ: ਨਿਤਿਅੰ =ਇਸ ਤਰ੍ਹਾਂ ਨਿੱਤ ਵਿਚਾਰ ਕਰਦਾ ਹੋਇਆ। ਨਿਰਵਿਕਲ੍ਪੇ ਸ੍ਥਿਤਿ: ਮਮ = ਨਿਰਵਿਕਲਪ ਵਿੱਚ ਮੇਰੀ ਸਥਿਤੀ ਹੈ।

ਸ਼ਲੋਕਾਰਥ:- ਮੈਂ ਬੋਧ ਰੂਪ ਹਾਂ, ਅਗਿਆਨ ਕਰਕੇ ਉਪਾਧੀਆਂ ਦੀ ਕਲਪਨਾ

ਕੀਤੀ ਹੋਈ ਹੈ। ਨਿੱਤ ਇਸ ਵਿਚਾਰ ਵਿੱਚ ਰਹਿੰਦਾ ਹੋਇਆ ਮੈਂ ਨਿਰਵਿਕਲਪ ਵਿੱਚ ਸਥਿਤ ਹਾਂ।

ਭਾਵਾਰਥ:- ਮੈਂ ਸ਼ੁੱਧ ਚੇਤਨ ਹਾਂ, ਸਰੀਰ ਆਦਿ ਜੜ੍ਹ ਉਪਾਧੀਆਂ ਨਾਲ ਮੇਰਾ ਕੋਈ ਸੰਬੰਧ ਸੰਭਵ ਨਹੀਂ ਪਰੰਤੂ ਅਗਿਆਨ ਕਾਰਨ ਮੈਂ ਇਨ੍ਹਾਂ ਦੀ ਆਪਣੇ ਵਿੱਚ ਕਲਪਨਾ ਕੀਤੀ ਹੋਈ ਹੈ। ਇਸ ਤਰ੍ਹਾਂ ***"ਆਤਮੁ ਚੀਨਿ ਭਏ ਨਿਰੰਕਾਰੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੫) ਸਵੈ ਨੂੰ ਜਾਣ ਕੇ ਮੈਂ ਨਿਰਾਕਾਰ ਵਿੱਚ ਸਥਿਤ ਹੋ ਗਿਆ ਹਾਂ, ਨਿਰਵਿਕਲਪ ਹਾਂ।

न मे बन्धोऽस्ति मोक्षो वा भ्रान्ति शान्ता निराश्रया।
अहो मयि स्थितं विश्वं वस्तुतो न मयि स्थितम्।।१८।।
ਨ ਮੇ ਬੰਧੋऽਸ੍ਤਿ ਮੋਕ੍ਸ਼ੋ ਵਾ ਭ੍ਰਾਂਤਿ ਸ਼ਾਂਤਾ ਨਿਰਾਸ਼੍ਰਯਾ।
ਅਹੋ ਮਯਿ ਸ੍ਥਿਤੰ ਵਿਸ਼੍ਵੰ ਵਸ੍ਤੁਤੋ ਨ ਮਯਿ ਸ੍ਥਿਤਮ੍॥੧੮॥

ਸ਼ਬਦਾਰਥ:- ਨ ਮੇ ਬੰਧ: ਅਸ੍ਤਿ ਮੋਕ੍ਸ਼: ਵਾ = ਨਾ ਮੇਰਾ ਬੰਧਨ ਹੈ ਜਾਂ ਮੋਕਸ਼। ਭ੍ਰਾਂਤਿ ਸ਼ਾਂਤਾ ਨਿਰਾਸ਼੍ਰਯਾ = ਭਰਮ ਸ਼ਾਂਤ ਹੋ ਗਿਆ ਨਿਰ ਆਸਰਾ ਹੋ ਕੇ। ਅਹ: ਮਯਿ ਸ੍ਥਿਤੰ ਵਿਸ਼੍ਵੰ = ਅਸਚਰਜ ਹੈ ਕਿ ਮੇਰੇ ਵਿੱਚ ਸਥਿਤ ਸੰਸਾਰ। ਵਸ੍ਤੁਤ: ਨ ਮਯਿ ਸ੍ਥਿਤਮ੍ = ਦਰ-ਅਸਲ ਨਹੀਂ ਮੇਰੇ ਵਿੱਚ ਸਥਿਤ।

ਸ਼ਲੋਕਾਰਥ:- ਮੇਰਾ ਨਾ ਕੋਈ ਬੰਧਨ ਹੈ ਨਾ ਮੋਕਸ਼। (ਇਸ ਸੋਚ ਕਾਰਨ) ਨਿਰ ਆਸਰਾ ਹੋ ਕੇ ਇਹ ਭਰਮ ਸ਼ਾਂਤ ਹੋ ਗਿਆ ਹੈ। ਅਸਚਰਜ ਹੈ ਕਿ ਮੇਰੇ ਵਿੱਚ ਸਥਿਤ ਵਿਸ਼ਵ, ਦਰ-ਅਸਲ ਮੇਰੇ ਵਿੱਚ ਸਥਿਤ ਹੈ ਹੀ ਨਹੀਂ।

ਭਾਵਾਰਥ:- ਸਵੈ ਬਾਰੇ ਗਿਆਨ ਨਾ ਹੋਣ ਕਰਕੇ ਵਿਅਕਤੀ ਆਪਣੇ ਆਪ ਨੂੰ ਬੰਧਨ ਵਿੱਚ ਸਮਝਦਾ ਹੈ ਅਤੇ ਮੁਕਤੀ ਚਾਹੁੰਦਾ ਹੈ। ਜਿੱਥੋਂ ਤੱਕ ਆਤਮਾ ਦਾ ਸੰਬੰਧ ਹੈ ***"ਨਾ ਉਸੁ ਬੰਧਨ ਨਾ ਹਮ ਬਾਧੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੧) ਉਹ ਸਦਾ ਮੁਕਤ ਹੈ, ਉਸ ਨੂੰ ਕੋਈ ਬੰਧਨ ਨਹੀਂ ਅਰਥਾਤ ਮੇਰੇ ਲਈ ਬੰਧਨ ਮੋਖ ਅਰਥ-ਹੀਣ ਹਨ। ਜਿਹੜਾ ਸੰਸਾਰ ਮੇਰੇ ਅੰਦਰ ਭਾਸਦਾ ਹੈ ਅਸਲ ਵਿੱਚ ਉਹ ਮੇਰੇ ਅੰਦਰ ਸਥਿਤ ਨਹੀਂ ਕਿਉਂਕਿ ***"ਸੰਸਾ ਇਹੁ ਸੰਸਾਰੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੬) ਇਹ ਸੰਸਾਰ ਕੇਵਲ ਇੱਕ ਭਰਮ ਹੈ, ਵਾਸਤਵਿਕਤਾ ਨਹੀਂ।

सशरीरमिदं विश्वं न किंचिदिति निश्चितम्।
शुद्धचिन्मात्र आत्मा च तत्कस्मिन् कल्पनाधुना।।१९।।
ਸਸ਼ਰੀਰਮਿਦੰ ਵਿਸ਼੍ਵੰ ਨ ਕਿੰਚਿਦਿਤਿ ਨਿਸ਼੍ਚਿਤਮ੍।
ਸ਼ੁੱਧਚਿੰਮਾਤ੍ਰ ਆਤ੍ਮਾ ਚ ਤਤ੍ਕਸ੍ਮਿਨ੍ ਕਲ੍ਪਨਾਧੁਨਾ॥੧੯॥

ਸ਼ਬਦਾਰਥ:- ਸ-ਸ਼ਰੀਰਮ੍-ਇਦੰ ਵਿਸ਼੍ਵੰ ਨ ਕਿੰਚਿਤ੍ = ਸਰੀਰ ਸਮੇਤ ਇਹ

ਸੰਸਾਰ ਨਹੀਂ ਹੈ ਕੁਝ। ਇਤਿ ਨਿਸ਼੍ਚਿਤਮ੍ = ਇਹ ਨਿਸ਼ਚਿਤ ਹੈ। ਸ਼ੁੱਧਚਿੰਮਾਤ੍ਰ ਆਤ੍ਰਮਾ ਚ = ਅਤੇ ਸ਼ੁਧ ਚੇਤਨ ਸਰੂਪ ਆਤਮਾ ਹੈ। ਤਤ੍ਰ ਕਸ੍ਮਿਨ੍ ਕਲ੍ਪਨਾ ਅਧੁਨਾ = ਫਿਰ ਕੀਹਦੇ ਉੱਤੇ (ਸੰਸਾਰ ਦੀ) ਕਲਪਨਾ ਹੁਣ?

ਸ਼ਲੋਕਾਰਥ:- ਇਹ ਨਿਸ਼ਚਿਤ ਹੈ ਕਿ ਸਰੀਰ ਸਮੇਤ ਸੰਸਾਰ ਕੁਝ ਵੀ ਨਹੀਂ। (ਕੇਵਲ) ਸ਼ੁੱਧ ਚੇਤਨ ਸਰੂਪ ਆਤਮਾ ਹੈ। ਹੁਣ ਫਿਰ (ਸਰੀਰ ਅਤੇ ਸੰਸਾਰ ਦੀ) ਕਲਪਨਾ ਕਿਸ ਉੱਤੇ ਕੀਤੀ ਜਾਏ?

ਭਾਵਾਰਥ:- ***"ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯)** ਜਗਤ ਰਚਨਾ ਸਭ ਮਿਥਿਆ ਹੈ, ਸੰਸਾਰ ਹੈ ਹੀ ਨਹੀਂ ਕਿਉਂਕਿ ***"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮)** ਇਹ ਇਸ ਤਰ੍ਹਾਂ ਹੈ ਜਿਵੇਂ ਰਾਤ ਆਉਣ ਵਾਲਾ ਸੁਪਨਾ। ਰੱਸੀ ਦਾ ਪਤਾ ਲੱਗ ਜਾਏ ਤਾਂ ਸੱਪ ਦਾ ਭਰਮ ਨਹੀਂ ਟਿਕਦਾ। ਇਸੇ ਤਰ੍ਹਾਂ ਜਦੋਂ ਗਿਆਨ ਹੋ ਜਾਏ ਕਿ ਕੇਵਲ ਸ਼ੁੱਧ ਚੇਤਨ ਸਰੂਪ ਆਤਮਾ ਹੀ ਹੈ ਤਾਂ ਸੰਸਾਰ ਦਾ ਭਰਮ ਟਿਕਣ ਦਾ ਆਧਾਰ ਨਹੀਂ ਰਹਿੰਦਾ।

शरीरं स्वर्गनरकौ बन्धमोक्षौ भयं तथा।
कल्पनामात्रमेवैतत् किं मे कार्यं चिदात्मनः॥२०॥

ਸ਼ਰੀਰੰ ਸ੍ਵਰਗਨਰਕੌ ਬੰਧਮੋਕ੍ਸ਼ੌ ਭਯੰ ਤਥਾ।
ਕਲ੍ਪਨਾਮਾਤ੍ਰਮੇਵੈਤਤ੍ ਕਿੰ ਮੇ ਕਾਰਯੰ ਚਿਦਾਤ੍ਮਨ:॥੨੦॥

ਸ਼ਬਦਾਰਥ:- ਸ਼ਰੀਰੰ ਸ੍ਵਰਗ-ਨਰਕੌ ਬੰਧ-ਮੋਕ੍ਸ਼ੌ ਭਯੰ ਤਥਾ = ਸਰੀਰ, ਸਵਰਗ-ਨਰਕ, ਬੰਧਨ-ਮੁਕਤੀ ਅਤੇ ਡਰ। ਕਲ੍ਪਨਾ-ਮਾਤ੍ਰੰ ਏਵ ਏਤਤ੍ = ਕਲਪਨਾ ਮਾਤਰ ਹੀ ਇਹ। ਕਿੰ ਮੇ ਕਾਰਯੰ ਚਿਦਾਤ੍ਮਨ: = ਕੀ ਮੇਰਾ ਪ੍ਰਯੋਜਨ ਚੇਤਨ ਆਤਮਾ ਦਾ।

ਸ਼ਲੋਕਾਰਥ:- ਸਰੀਰ, ਸਵਰਗ, ਨਰਕ, ਬੰਧਨ, ਮੁਕਤੀ ਅਤੇ ਡਰ, ਇਹ ਸਭ ਕਲਪਨਾ ਮਾਤਰ ਹਨ। ਮੇਰਾ (ਜੋ) ਸ਼ੁੱਧ ਚੇਤਨ ਸਰੂਪ ਹੈ, (ਇਨ੍ਹਾਂ ਨਾਲ) ਕੀ ਪ੍ਰਯੋਜਨ?

ਭਾਵਾਰਥ:- ਸਰੀਰ, ਸਵਰਗ, ਨਰਕ, ਬੰਧਨ, ਮੁਕਤੀ ਅਤੇ ਡਰ ਨੂੰ ਵਾਸਤਵਿਕ ਮੰਨਣ ਵਾਲਾ ***"ਅਗਿਆਨੀ ਅੰਧੁ ਬਹੁ ਕਰਮ ਕਮਾਵੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸ ਮ: ੩; ਅੰਗ ੫੮੯)** ਅਗਿਆਨੀ ਕਈ ਤਰ੍ਹਾਂ ਦੇ ਪ੍ਰਪੰਚ ਰਚਦਾ ਹੈ ਪਰੰਤੂ ਜੋ ***"ਆਤਮੁ ਚੀਨੈ ਸੁ ਤਤੁ ਬੀਚਾਰੇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੪)** ਆਤਮਾ ਨੂੰ ਪਛਾਣ ਲੈਂਦਾ ਹੈ ਕਿ ਉਹ ਸ਼ੁੱਧ ਚੇਤਨ ਸਰੂਪ ਹੈ, ਉਹ ਅਸਲੀਅਤ ਜਾਣ ਜਾਂਦਾ ਹੈ ਕਿ ਸਵਰਗ ਨਰਕ ਆਦਿ ਸਭ ਕਲਪਨਾ ਮਾਤਰ ਹਨ ਜਿਸ ਕਰਕੇ ਉਨ੍ਹਾਂ ਸੰਬੰਧੀ

ਕੁਝ ਵੀ ਕਰਨ ਦਾ ਕੋਈ ਪ੍ਰਯੋਜਨ ਨਹੀਂ।

अहो जनसमूहेऽपि न द्वैतं पश्यतो मम।
अरण्यमिव संवृत्तं क्व रतिं करवाण्यहम्॥२१॥

ਅਹੋ ਜਨਸਮੂਹੇ਽ਪਿ ਨ ਦ੍ਵੈਤੰ ਪਸ਼ਿਅਤੋ ਮਮ।
ਅਰਣਿਅਮਿਵ ਸੰਵ੍ਰਿੱਤੰ ਕ੍ਵ ਰਤਿੰ ਕਰਵਾਣਿਅਹਮ੍॥੨੧॥

ਸ਼ਬਦਾਰਥ:- ਅਹੋ ਜਨ-ਸਮੂਹੇ ਅਪਿ ਨ ਦ੍ਵੈਤੰ ਪਸ਼ਿਅਤ: ਮਮ = ਅਸਚਰਜ ਹੈ ਕਿ ਜਨ-ਸਮੂਹ ਵਿੱਚ ਵੀ ਨਹੀਂ ਦੁਵੈਤ ਵੇਖਦਾ ਮੈਂ। ਅਰਣਿਅੰ ਇਵ ਸੰਵ੍ਰਿੱਤੰ = ਜੰਗਲ ਦੀ ਤਰ੍ਹਾਂ ਜਾਪਦਾ ਹੋਇਆ। ਕ੍ਵ ਰਤਿੰ ਕਰਵਾਣਿ ਅਹੰ = ਕਿੱਥੇ ਆਸਕਤੀ ਕਰਾਂ ਮੈਂ।

ਸ਼ਲੋਕਾਰਥ:- ਅਸਚਰਜ ਹੈ ਕਿ ਜਨ ਸਮੂਹ ਵਿੱਚ ਵੀ ਮੈਨੂੰ ਦੁਵੈਤ ਨਹੀਂ ਦਿੱਸਦਾ, ਜੰਗਲ ਵਾਂਗ (ਇਕਾਂਤ) ਜਾਪਦਾ ਹੈ। ਮੈਂ ਕਿਸ ਵਿੱਚ ਮੋਹ ਕਰਾਂ ਅਰਥਾਤ ਕਿਸੇ ਵਿੱਚ ਮੋਹ ਕਰਨਾ ਨਹੀਂ ਬਣਦਾ।

ਭਾਵਾਰਥ:- ਗਿਆਨ ਹੋ ਜਾਣ ਪਿੱਛੋਂ ਦੁਵੈਤ ਭਾਵ ਮਿਟ ਜਾਂਦਾ ਹੈ ਕਿਉਂਕਿ ਗਿਆਨੀ ***"ਆਤਮ ਰਾਮੁ ਸਰਬ ਮਹਿ ਪੇਖਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੨)** ਸਭ ਵਿੱਚ ਆਪਣਾ ਆਪ ਹੀ ਵੇਖਦਾ ਹੈ। ਇਸ ਗਿਆਨ ਨਾਲ ਕਿ ***"ਬਿਨਸਿ ਜਾਇਗੋ ਸਗਲ ਆਕਾਰਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੩੭)** ਸਾਰੇ ਆਕਾਰ ਮਿਟ ਜਾਣ ਵਾਲੇ ਹਨ, ਮਿਥਿਆ ਹਨ, ਜਨ ਸਮੂਹ ਵਿੱਚ ਵੀ ਗਿਆਨੀ ਜੰਗਲ ਵਾਲੀ ਇਕਾਂਤ ਅਨੁਭਵ ਕਰਦਾ ਹੈ। ਇਹ ਗਿਆਨ ਵੈਰਾਗ ਦੀ ਭਾਵਨਾ ਨੂੰ ਜਨਮ ਦੇਂਦਾ ਹੈ ਅਤੇ ਕਿਸੇ ਵਸਤੂ ਵਿਅਕਤੀ ਵਿੱਚ ਆਸਕਤੀ ਨਹੀਂ ਉਪਜਦੀ।

नाहं देहो न मे देहो जीवो नाहमहं हि चित्।
अयमेव हि मे बन्ध आसीद् या जीविते स्पृहा॥२२॥

ਨਾਹੰ ਦੇਹੋ ਨ ਮੇ ਦੇਹੋ ਜੀਵੋ ਨਾਹਮਹੰ ਹਿ ਚਿਤ੍।
ਅਯਮੇਵ ਹਿ ਮੇ ਬੰਧ ਆਸੀਦ੍ ਯਾ ਜੀਵਿਤੇ ਸ੍ਪ੍ਰਿਹਾ॥੨੨॥

ਸ਼ਬਦਾਰਥ:- ਨ ਅਹੰ ਦੇਹ: ਨ ਮੇ ਦੇਹ: = ਨਾ ਮੈਂ ਦੇਹ ਹਾਂ ਨਾ ਦੇਹ ਮੇਰੀ ਹੈ। ਜੀਵ: ਨ ਅਹੰ = ਮੈਂ ਜੀਵ ਨਹੀਂ। ਅਹੰ ਹਿ ਚਿਤ੍ = ਮੈਂ ਨਿਸ਼ਚੈ ਹੀ ਚੇਤਨ ਹਾਂ। ਅਯਮ ਏਵ ਹਿ ਮੇ ਬੰਧ: ਆਸੀਤ੍ = ਇਹ ਹੀ ਮੇਰਾ ਬੰਧਨ ਸੀ। ਯਾ ਜੀਵਿਤੇ ਸ੍ਪ੍ਰਿਹਾ = ਜੋ ਜੀਵਿਤ ਰਹਿਣ ਦੀ ਇੱਛਾ।

ਸ਼ਲੋਕਾਰਥ:- ਮੈਂ ਦੇਹ ਨਹੀਂ ਨਾ ਦੇਹ ਮੇਰੀ ਹੈ; ਮੈਂ ਜੀਵ ਨਹੀਂ, ਸ਼ੁੱਧ ਚੇਤਨ ਹਾਂ। ਜੋ ਜੀਵਿਤ ਰਹਿਣ ਦੀ ਇੱਛਾ ਸੀ, ਇਹ ਹੀ ਮੇਰਾ ਬੰਧਨ ਸੀ।

ਭਾਵਾਰਥ:- ਆਤਮਾ ਸ਼ੁੱਧ ਚੇਤਨ ਸਰੂਪ ਹੈ। ਦੇਹ ਜੜ੍ਹ ਹੈ ਜਿਸ ਕਰਕੇ ਆਤਮਾ

ਦਾ ਸਰੀਰ ਨਾਲ ਕੋਈ ਸੰਬੰਧ ਸੰਭਵ ਨਹੀਂ। ਇਸੇ ਕਰਕੇ ਜਨਕ ਜੀ ਕਹਿੰਦੇ ਹਨ ਕਿ ਨਾ ਮੈਂ ਸਰੀਰ ਹਾਂ ਨਾ ਸਰੀਰ ਮੇਰਾ ਹੈ। ਮੈਂ ਸੀਮਿਤ ਜੀਵ ਵੀ ਨਹੀਂ ਕਿਉਂਕਿ ਆਤਮਾ *"ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਤਾਂ ਅਸੀਮ ਹੈ। ਸਰੀਰ ਨਾਲ ਆਪਣਾ ਏਕੀ-ਭਾਵ ਕਰਕੇ ਵਿਅਕਤੀ ਸਰੀਰ ਨੂੰ ਜੀਵਿਤ ਰੱਖਣ ਦੀ ਇੱਛਾ ਕਰਕੇ ਸੰਸਾਰ ਨਾਲ ਬੱਝਾ ਰਹਿੰਦਾ ਹੈ ਹਾਲਾਂ ਕਿ *"ਨਾ ਜੀਉ ਮਰੈ ਨ ਮਾਰਿਆ ਜਾਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੬) ਨਾ ਆਤਮਾ ਮਰਦੀ ਹੈ ਨਾ ਹੀ ਮਾਰੀ ਜਾ ਸਕਦੀ ਹੈ।

अहो भुवनकल्लोलैर्विचित्रैर्द्राक् समुत्थितम्।
मय्यनन्तमहाम्भोधौ चित्तवाते समुद्यते॥२३॥

ਅਹੋ ਭੁਵਨਕੱਲੋਲੈਰਵਿਚਿਤ੍ਰੈਰਦ੍ਰਾਕ੍ ਸਮੁੱਥਿਤਮ੍।
ਮੱਯਨੰਤਮਹਾਮ੍ਭੋਧੌ ਚਿੱਤਵਾਤੇ ਸਮੁਦਿਅਤੇ॥੨੩॥

ਸ਼ਬਦਾਰਥ:- ਅਹੋ ਭੁਵਨ-ਕੱਲੋਲੈ: ਵਿਚਿਤ੍ਰੈ: ਦ੍ਰਾਕ੍ ਸਮੁੱਥਿਤਮ੍ = ਅਸਚਰਜ ਹੈ ਜਗਤ-ਤਰੰਗਾਂ ਵਿਚਿੱਤਰ ਇੱਕ-ਦਮ ਉੱਠੀਆਂ ਹਨ। ਮਯਿ ਅਨੰਤ ਮਹਾਮ੍ਭੋਧੌ ਚਿੱਤ-ਵਾਤੇ ਸਮੁਦਿਅਤੇ = ਮੇਰੇ ਵਿੱਚ, ਅਨੰਤ ਮਹਾਂਸਾਗਰ ਵਿੱਚ, ਮਨ ਰੂਪੀ ਪਵਨ ਦੇ ਉੱਠਣ ਉੱਤੇ।

ਸ਼ਲੋਕਾਰਥ:- ਅਸਚਰਜ ਹੈ ਕਿ ਮੇਰੇ ਵਿੱਚ, ਅਨੰਤ ਮਹਾਂਸਾਗਰ ਵਿੱਚ, ਮਨ ਰੂਪੀ ਪਵਨ ਦੇ ਚੱਲਣ ਨਾਲ ਇੱਕ-ਦਮ ਵਿਚਿੱਤਰ ਜਗਤ-ਤਰੰਗਾਂ ਉੱਠੀਆਂ ਹਨ।

ਭਾਵਾਰਥ:- ਅਸਲ ਵਿੱਚ ਸਵੈ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ। ਜਦੋਂ ਸਵੈ ਉੱਤੇ ਕਿਸੇ ਨਾਮ ਅਤੇ ਆਕਾਰ ਦਾ ਆਰੋਪਣ ਹੋ ਜਾਂਦਾ ਹੈ ਤਦ ਸੰਸਾਰ ਦੀ ਉਤਪੱਤੀ ਵਾਸਤਵਿਕ ਜਾਪਦੀ ਹੈ। *"ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੪; ਅੰਗ ੪੪੭) ਅਗਿਆਨ ਕਾਰਨ ਜਗਤ ਉਪਜਦਾ ਹੈ ਪਰ ਗਿਆਨ ਹੋਣ ਉੱਤੇ ਸੰਸਾਰ ਦਾ ਭੁਲੇਖਾ ਮਿਟ ਜਾਂਦਾ ਹੈ ਅਤੇ ਕੇਵਲ ਸਵੈ ਹੀ ਬਚਦਾ ਹੈ। ਇਹ ਇਸ ਤਰ੍ਹਾਂ ਹੀ ਹੈ ਕਿ ਜਦੋਂ ਪਵਨ ਰੁਕ ਜਾਂਦੀ ਹੈ ਤਾਂ ਤਰੰਗਾਂ ਵੀ ਸ਼ਾਂਤ ਹੋ ਜਾਂਦੀਆਂ ਹਨ, ਉਨ੍ਹਾਂ ਦੇ ਨਾਮ ਅਤੇ ਆਕਾਰ ਮਿਟ ਜਾਂਦੇ ਹਨ ਅਤੇ ਕੇਵਲ ਜਲ ਹੀ ਬਚਦਾ ਹੈ।

मय्यनन्तमहाम्भोधौ चित्तवाते प्रशाम्यति।
अभाग्याज्जीववणिजो जगत्पोतो विनश्वरः॥२४॥

ਮੱਯਨੰਤਮਹਾਮ੍ਭੋਧੌ ਚਿੱਤਵਾਤੇ ਪ੍ਰਸ਼ਾਮਿਅਤਿ।
ਅਭਾਗਿਆਜ੍ਜੀਵਵਣਿਜੋ ਜਗਤ੍ਪੋਤੋ ਵਿਨਸ਼੍ਵਰ:॥੨੪॥

ਸ਼ਬਦਾਰਥ:- ਮਯਿ ਅਨੰਤ ਮਹਾਮ੍ਭੋਧੌ ਚਿੱਤ-ਵਾਤੇ ਪ੍ਰਸ਼ਾਮਿਅਤਿ = ਮੇਰੇ ਵਿੱਚ, ਅਨੰਤ ਮਹਾਂ ਸਾਗਰ ਵਿੱਚ, ਮਨ ਰੂਪੀ ਪਵਨ ਸ਼ਾਂਤ ਹੋ ਜਾਂਦੀ ਹੈ। ਅਭਾਗਿਆਤ੍

ਜੀਵ-ਵਣਿਜ: ਜਗਤ੍-ਪੋਤ: ਵਿਨਸ੍ਵਰ: = ਦੁਰਭਾਗ ਨਾਲ, ਵਪਾਰੀ ਜੀਵ ਦੀ, ਜਗਤ ਰੂਪ ਕਿਸ਼ਤੀ, ਨਾਸ ਹੋ ਜਾਂਦੀ ਹੈ।

ਸ਼ਲੋਕਾਰਥ:- ਮੁਝ, ਅਨੰਤ ਮਹਾਂਸਾਗਰ ਵਿੱਚ (ਜਦ) ਮਨ ਰੂਪੀ ਪਵਨ ਸ਼ਾਂਤ ਹੋ ਜਾਂਦੀ ਹੈ (ਤਦ) ਵਪਾਰੀ ਜੀਵ ਦੀ ਜਗਤ ਰੂਪ ਕਿਸ਼ਤੀ (ਉਸ ਦੇ) ਮੰਦ ਭਾਗ ਨਾਲ ਨਸ਼ਟ ਹੋ ਜਾਂਦੀ ਹੈ।

ਭਾਵਾਰਥ:- ਜੀਵ ਇੱਕ ਵਪਾਰੀ ਹੈ ਕਿਉਂਕਿ ਉਹ ***"ਲਾਹੇ ਕਾਰਣਿ ਆਇਆ ਜਗਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੩੧)** ਲਾਹਾ ਕਮਾਉਣ ਲਈ ਹੀ ਜਗ ਵਿੱਚ ਆਉਂਦਾ ਹੈ। ਜਗਤ ਰੂਪੀ ਕਿਸ਼ਤੀ ਵਿੱਚ ਸਵਾਰ ਹੋ ਕੇ ਉਹ ਕਰਮ ਕਰਦਾ ਹੈ ਜਿਨ੍ਹਾਂ ਦੇ ਚੰਗੇ ਭੈੜੇ ਫਲ ਉਸ ਦੀ ਕਮਾਈ ਹੈ। ਜਦ ਮਨ ਰੂਪੀ ਪਵਨ ਭਾਵ ਮਨ ਦੇ ਸੰਕਲਪ ਵਿਕਲਪ ਸਮਾਪਤ ਹੋ ਜਾਂਦੇ ਹਨ ਤਾਂ ਜਗਤ ਦੀ ਹੋਂਦ ਦਾ ਭੁਲੇਖਾ ਵੀ ਸਮਾਪਤ ਹੋ ਜਾਂਦਾ ਹੈ ਅਰਥਾਤ ਉਸ ਦੀ ਜਗਤ ਰੂਪੀ ਕਿਸ਼ਤੀ ਨਸ਼ਟ ਹੋ ਜਾਂਦੀ ਹੈ।

मय्यनन्तमहाम्भोधावाश्चर्यं जीववीचयः।
उद्यन्ति घ्नन्तिखेलन्ति प्रविशन्ति स्वभावतः।।२५।।

ਮੱਯਨੰਤਮਹਾਮ੍ਭੋਧਾਵਾਸ਼੍ਚਰਯੰ ਜੀਵਵੀਚਯ:।
ਉਦਿਅੰਤਿ ਘ੍ਨੰਤਿ ਖੇਲੰਤਿ ਪ੍ਰਵਿਸ਼ੰਤਿ ਸ੍ਵਭਾਵਤ:॥੨੫॥

ਸ਼ਬਦਾਰਥ:- ਮਯਿ ਅਨੰਤ ਮਹਾਮ੍ਭੋਧੌ ਆਸ਼੍ਚਰਯੰ ਜੀਵ-ਵੀਚਯ: = ਅਸਚਰਜ ਹੈ ਮੁਝ ਅਨੰਤ ਮਹਾਂਸਾਗਰ ਵਿੱਚ ਜੀਵ ਰੂਪੀ ਤਰੰਗਾਂ। ਉਦਿਅੰਤਿ ਘ੍ਨੰਤਿ ਖੇਲੰਤਿ ਪ੍ਰਵਿਸ਼ੰਤਿ ਸ੍ਵਭਾਵਤ: = ਉੱਠਦੀਆਂ ਲੜਦੀਆਂ ਖੇਡਦੀਆਂ ਪ੍ਰਵੇਸ਼ ਕਰਦੀਆਂ ਹਨ ਸੁਭਾਅ ਅਨੁਸਾਰ।

ਸ਼ਲੋਕਾਰਥ:- ਅਸਚਰਜ ਹੈ ਕਿ ਮੇਰੇ ਵਿੱਚ, ਅਨੰਤ ਮਹਾਂਸਾਗਰ ਵਿੱਚ, ਜੀਵ ਰੂਪੀ ਤਰੰਗਾਂ, ਸੁਭਾਅ ਅਨੁਸਾਰ ਪੈਦਾ ਹੁੰਦੀਆਂ ਹਨ, ਆਪਸ ਵਿੱਚ ਟਕਰਾਉਂਦੀਆਂ ਹਨ, ਖੇਡਦੀਆਂ ਹਨ ਅਤੇ (ਸਾਗਰ ਵਿੱਚ ਹੀ) ਸਮਾਅ ਜਾਂਦੀਆਂ ਹਨ।

ਭਾਵਾਰਥ:- ਜੀਵ ਰੂਪ ਤਰੰਗਾਂ ਆਪਣੇ ਸੁਭਾਅ ਅਨੁਸਾਰ ਪੈਦਾ ਹੁੰਦੀਆਂ ਹਨ। ਜੀਵ ਦੇ ਕਰਮ ਹੀ ਉਸ ਦਾ ਸੁਭਾਅ ਬਣਦੇ ਹਨ ਜਿਸ ਕਰਕੇ ਕਿਹਾ ਹੈ ਕਿ ***"ਕਰਮੀ ਆਵੈ ਕਪੜਾ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੨)**। ਇਹ ਸਾਗਰ ਵਿੱਚ ਉੱਠ ਰਹੀਆਂ ਲਹਿਰਾਂ ਵਾਂਗ ਹਨ ਜੋ ਆਪਸ ਵਿੱਚ ਟਕਰਾਉਂਦੀਆਂ ਹਨ, ਇੱਕ ਦੂਜੀ ਨਾਲ ਖੇਡਦੀਆਂ ਦਿੱਸਦੀਆਂ ਹਨ ਪਰ ਅੰਤ ਵਿੱਚ ਸਾਗਰ ਵਿੱਚ ਹੀ ਸਮਾਅ ਜਾਂਦੀਆਂ ਹਨ। ਜਦੋਂ ਜੀਵ ਦੀਆਂ ਮਨ ਰੂਪੀ ਤਰੰਗਾਂ ਸ਼ਾਂਤ ਹੋ ਜਾਂਦੀਆਂ ਹਨ ਤਦ ***"ਜੋਤੀ ਜੋਤਿ ਮਿਲੀ ਮਨੁ ਮਾਨਿਆ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੪)** ਜੀਵ-ਜੋਤੀ ਪਰਮ-ਜੋਤੀ ਵਿੱਚ ਸਮਾਅ ਜਾਂਦੀ ਹੈ।

◆◆◆

ਤੀਜਾ ਅਧਿਆਇ

ਆਤਮ ਬੋਧ ਦੀ ਪਰਖ।

ਇਸ ਅਧਿਆਇ ਵਿੱਚ ਅਸ਼ਟਾਵਕ੍ਰ ਜੀ, ਜਨਕ ਨੂੰ ਪਰਖਣ ਲਈ, 'ਜਵਾਬਾਂ' ਨੂੰ ਹੀ ਉਲਟਾ ਕੇ 'ਸਵਾਲਾਂ' ਵਜੋਂ ਪੁੱਛਦੇ ਹਨ। ਨਾਲ ਨਾਲ ਹੀ ਉਹ ਆਤਮ-ਬੋਧ ਪ੍ਰਾਪਤ ਗਿਆਨੀ ਦੇ ਲੱਛਣ ਵੀ ਦੱਸਦੇ ਹਨ ਅਤੇ ਪਰਖਦੇ ਹਨ ਕਿ ਰਾਜਾ ਜਨਕ ਵਿੱਚ ਉਹ ਲੱਛਣ ਕਿਸ ਮਾਤ੍ਰਾ ਵਿੱਚ ਹਨ।

अष्टावक्र उवाच।

अविनाशिनमात्मानमेकं विज्ञाय तत्त्वतः।
तवात्मज्ञस्यधीरस्य कथमर्थार्जने रतिः॥१॥

ਅਸ਼ਟਾਵਕ੍ਰ ਉਵਾਚ।

ਅਵਿਨਾਸ਼ਿਨਮਾਤ੍ਰਮਾਨਮੇਕੰ ਵਿਗਿਆਯ ਤੱਤ੍ਵਤ:।
ਤਵਾਤ੍ਰਮਗਿਅਸਿਅ ਧੀਰਸਿਅ ਕਥਮਰਥਾਰਜਨੇ ਰਤਿ:॥੧॥

ਸ਼ਬਦਾਰਥ:- ਅਵਿਨਾਸ਼ਿਨਮ੍ ਆਤ੍ਰਮਾਨਮ੍ ਏਕੰ ਵਿਗਿਆਯ ਤੱਤ੍ਵਤ: = ਅਵਿਨਾਸ਼ੀ ਆਤਮਾ ਇੱਕ ਨੂੰ ਜਾਣਕੇ ਅਸਲ ਵਿੱਚ। ਤਵ ਆਤ੍ਰਮਗਿਅਸਿਅ ਧੀਰਸਿਅ ਕਥੰ ਅਰਥ-ਅਰਜਨੇ ਰਤਿ: = ਤੇਰੀ, ਆਤਮਾ ਨੂੰ ਜਾਣਨ ਵਾਲੇ ਦੀ, ਧੀਰਜ ਵਾਲੇ ਦੀ, ਕਿਵੇਂ, ਧਨ ਕਮਾਉਣ ਵਿੱਚ, ਦਿਲਚਸਪੀ।

ਸ਼ਲੋਕਾਰਥ:- ਅਸ਼ਟਾਵਕ੍ਰ ਨੇ ਪੁੱਛਿਆ:- ਅਵਿਨਾਸ਼ੀ ਆਤਮਾ ਨੂੰ ਯਥਾਰਥ ਵਿੱਚ ਇੱਕ ਜਾਣ ਕੇ, ਤੇਰੀ ਆਤਮ-ਗਿਆਨੀ ਅਤੇ ਧੀਰਜਵਾਨ ਦੀ ਧਨ ਕਮਾਉਣ ਵਿੱਚ ਦਿਲਚਸਪੀ ਕਿਵੇਂ ਭਾਵ ਕਿਉਂ?

ਭਾਵਾਰਥ:- ਆਤਮ-ਗਿਆਨੀ ਜਾਣਦਾ ਹੈ ਕਿ ਸਵੈ ਤੋਂ ਸਿਵਾ ਤਾਂ ਕੁਝ ਹੈ ਹੀ ਨਹੀਂ ਅਤੇ ਇਸੇ ਚੇਤਨਤਾ ਵਿੱਚ ਵਿਚਰਦਾ ਹੈ। ਉਹ ਇਹ ਵੀ ਜਾਣਦਾ ਹੈ ਕਿ *"ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੪੮) ਇਕੱਠੀ ਕੀਤੀ ਹੋਈ ਮਾਇਆ ਅੰਤ ਵਿੱਚ ਦੁੱਖ ਹੀ ਦੇਂਦੀ ਹੈ। ਇਸ ਕਰਕੇ ਅਸ਼ਟਾਵਕ੍ਰ ਜਨਕ ਨੂੰ ਪੁੱਛਦੇ ਹਨ ਕਿ ਤੂੰ ਆਤਮ ਗਿਆਨੀ ਹੋਣ ਕਰਕੇ ਇਹ ਸਭ ਜਾਣਦਾ ਹੈਂ ਫਿਰ ਧਨ ਇਕੱਠਾ ਕਰਨ ਵਿੱਚ, ਰਾਜ ਭੋਗਣ ਵਿੱਚ ਤੇਰੀ ਦਿਲਚਸਪੀ ਕਿਉਂ ਹੈ?

आत्माज्ञानादहो प्रीतिर्विषयभ्रमगोचरे।
शुक्तेरज्ञानतो लोभो यथा रजतविभ्रमे।।२।।
ਆਤ੍ਮਾਗਿਆਨਾਦਹੋ ਪ੍ਰੀਤਿਰਵਿਸ਼ਯਭ੍ਰਮਗੋਚਰੇ।
ਸ਼ੁਕ੍ਤੇਰਗਿਆਨਤੋ ਲੋਭੋ ਯਥਾ ਰਜਤਵਿਭ੍ਰਮੇ॥੨॥

ਸ਼ਬਦਾਰਥ:- ਆਤ੍ਮ-ਅਗਿਆਨਾਤ੍ ਅਹੋ ਪ੍ਰੀਤਿ: ਵਿਸ਼ਯ ਭ੍ਰਮਗੋਚਰੇ = ਆਤਮ ਅਗਿਆਨ ਕਾਰਨ, ਅਫ਼ਸੋਸ ਹੈ, ਵਿਸ਼ੇ-ਭਰਮ ਹੋਣ ਨਾਲ ਉਨ੍ਹਾਂ ਵਿੱਚ ਪ੍ਰੀਤੀ। ਸ਼ੁਕ੍ਤੇ: ਅਗਿਆਨਤ: ਲੋਭ: ਯਥਾ ਰਜਤ-ਵਿਭ੍ਰਮ: = ਸਿੱਪੀ ਦੇ ਅਗਿਆਨ, ਲੋਭ, ਜਿਵੇਂ, ਚਾਂਦੀ ਦੇ ਭਰਮ ਕਾਰਨ।

ਸ਼ਲੋਕਾਰਥ:- ਅਫ਼ਸੋਸ ਕਿ ਆਤਮ-ਅਗਿਆਨ ਕਾਰਨ ਵਿਸ਼ਿਆਂ ਦਾ ਭਰਮ ਪੈਂਦਾ ਹੈ ਅਤੇ ਉਨ੍ਹਾਂ ਨਾਲ ਆਸਕਤੀ ਹੋ ਜਾਂਦੀ ਹੈ ਜਿਵੇਂ ਸਿੱਪੀ ਦਾ ਯਥਾਰਥ ਗਿਆਨ ਨਾ ਹੋਣ ਕਰਕੇ ਉਸ ਵਿੱਚ ਚਾਂਦੀ ਦਾ ਭਰਮ ਲੋਭ ਪੈਦਾ ਕਰਦਾ ਹੈ।

ਭਾਵਾਰਥ:- ਜਿਵੇਂ ਸਿੱਪੀ ਦਾ ਯਥਾਰਥ ਗਿਆਨ ਨਾ ਹੋਣ ਕਰਕੇ ਉਸ ਵਿੱਚ ਦੀ ਚਮਕ ਤੋਂ ਚਾਂਦੀ ਦਾ ਭਰਮ ਪੈਂਦਾ ਹੈ ਜੋ ਲੋਭ ਨੂੰ ਜਨਮ ਦੇਂਦਾ ਹੈ, ਉਸੇ ਤਰ੍ਹਾਂ ***"ਅਗਿਆਨ ਮੋਹ ਮਗਨ ਮਹਾ ਪ੍ਰਾਨੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੧) ਆਤਮ-ਗਿਆਨ ਨਾ ਹੋਣ ਕਾਰਨ ਵਿਅਕਤੀ ਨੂੰ ਸੰਸਾਰ ਵਿੱਚ ਵਿਸ਼ਿਆਂ ਦਾ ਭਰਮ ਪੈਂਦਾ ਹੈ ਅਤੇ ਉਹ ਉਨ੍ਹਾਂ ਦੇ ਮੋਹ-ਲੋਭ ਵਿੱਚ ਪੈ ਜਾਂਦਾ ਹੈ।

विश्वं स्फुरति यत्रेदं तरंगा इव सागरे।
सोऽहमस्मीति विज्ञाय किं दीन इव धावसि।।३।।
ਵਿਸ਼੍ਵੰ ਸ੍ਫੁਰਤਿ ਯਤ੍ਰੇਦੰ ਤਰੰਗਾ ਇਵ ਸਾਗਰੇ।
ਸੋऽਹਮਸ੍ਮੀਤਿ ਵਿਗਿਆਯ ਕਿੰ ਦੀਨ ਇਵ ਧਾਵਸਿ॥੩॥

ਸ਼ਬਦਾਰਥ:- ਵਿਸ਼੍ਵੰ ਸ੍ਫੁਰਤਿ ਯਤ੍ਰ ਇਦੰ ਤਰੰਗਾ: ਇਵ ਸਾਗਰੇ = ਸੰਸਾਰ, ਸਫੁਰਦਾ ਹੈ, ਜਿੱਥੇ, ਇਹ, ਤਰੰਗਾਂ ਵਾਂਗ, ਸਾਗਰ ਵਿੱਚ। ਸ: ਅਹੰ ਅਸ੍ਮਿ ਇਤਿ ਵਿਗਿਆਯ ਕਿੰ ਦੀਨ: ਇਵ ਧਾਵਸਿ = ਉਹ ਮੈਂ ਹਾਂ, ਇਸ ਤਰ੍ਹਾਂ ਜਾਣ ਕੇ, ਕਿਉਂ, ਦੀਨ ਵਾਂਗ (ਵਿਸ਼ਿਆਂ ਵੱਲ) ਦੌੜਦਾ ਹੈਂ।

ਸ਼ਲੋਕਾਰਥ:- ਜਿੱਥੇ ਇਹ ਸੰਸਾਰ ਤਰੰਗਾਂ ਵਾਂਗ ਸਾਗਰ ਵਿੱਚ ਨਜ਼ਰ ਆਉਂਦਾ ਹੈ, ਉਹ ਮੈਂ ਹਾਂ, ਇਸ ਤਰ੍ਹਾਂ ਜਾਣ ਕੇ ਕਿਉਂ ਦੀਨਾਂ ਵਾਂਗ (ਵਿਸ਼ਿਆਂ ਵੱਲ) ਦੌੜਦਾ ਹੈਂ?

ਭਾਵਾਰਥ:- ਸੰਸਾਰ ਰਚਨਾ ਇਸ ਤਰ੍ਹਾਂ ਹੈ ***"ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਜਿਵੇਂ ਜਲ ਵਿੱਚ ਤਰੰਗਾਂ ਉੱਠਦੀਆਂ ਹਨ ਅਤੇ ਮਿਟਦੀਆਂ ਹਨ। ਉਹ ਸਾਗਰ ਜਿੱਥੇ ਇਹ ਤਰੰਗਾਂ ਉੱਠਦੀਆਂ ਮਿਟਦੀਆਂ ਹਨ, 'ਮੈਂ ਹੀ ਹਾਂ', ਸਵੈ ਹੀ ਹੈ ਕਿਉਂਕਿ ਸਵੈ ਤੋਂ ਸਿਵਾ ਹੋਰ ਕੁਝ

ਹੈ ਹੀ ਨਹੀਂ। ਇਹ ਜਾਣਦੇ ਹੋਏ ਵੀ ਕਿ *"ਜਗ ਰਚਨਾ ਸਭ ਝੂਠ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਇਹ ਜਗ ਰਚਨਾ, ਵਿਸ਼ੇ ਆਦਿ ਸਭ ਝੂਠੇ ਹਨ, ਤੂੰ ਵਿਸ਼ਿਆਂ ਵਿੱਚ ਮੋਹ ਕਰਕੇ ਉਨ੍ਹਾਂ ਦੀ ਪ੍ਰਾਪਤੀ ਲਈ ਕਿਉਂ ਭੱਜਿਆ ਫਿਰਦਾ ਹੈਂ?

श्रुत्वाऽपि शुद्धचैतन्यमात्मानमतिसुन्दरम्।
उपस्थेऽत्यन्तसंसक्तो मालिन्यमधिगच्छति॥४॥

ਸ੍ਰੁਤ੍ਵਾ਽ਪਿ ਸ਼ੁੱਧਚੈਤਨਿਆਮਾਤ੍ਮਾਨਮਤਿਸੁੰਦਰਮ੍।
ਉਪਸ੍ਥੇ਽ਤਿਅੰਤਸੰਸਕ੍ਤੋ ਮਾਲਿਨਿਅਮਧਿਗੱਛਤਿ॥੪॥

ਸ਼ਬਦਾਰਥ:- ਸ੍ਰੁਤ੍ਵਾ ਅਪਿ ਸ਼ੁੱਧ-ਚੈਤਨਿਅਮ੍-ਆਤ੍ਮਾਨਮ੍-ਅਤਿ-ਸੁੰਦਰਮ੍ = ਸੁਣ ਕੇ, ਵੀ, (ਕਿ) ਆਤਮਾ ਸ਼ੁੱਧ ਚੇਤਨ ਅਤਿ ਸੁੰਦਰ (ਹੈ)। ਉਪਸ੍ਥੇ ਅਤਿਅੰਤ ਸੰਸਕ੍ਤ: = ਨੇੜੇ ਵਾਲੇ ਵਿਸ਼ਿਆਂ ਵਿੱਚ ਅਤਿਅੰਤ ਆਸਕਤ ਹੋਇਆ। ਮਾਲਿਨਿਅਮ੍ ਅਧਿਗੱਛਤਿ = ਮਲੀਨਤਾ ਨੂੰ ਪ੍ਰਾਪਤ ਹੁੰਦਾ ਹੈਂ।

ਸ਼ਲੋਕਾਰਥ:- ਇਹ ਸੁਣ ਕੇ ਵੀ ਕਿ ਆਤਮਾ/ਸਵੈ ਸ਼ੁੱਧ ਚੇਤਨ ਸਰੂਪ ਅਤੇ ਅਤਿ ਸੁੰਦਰ ਹੈ, (ਤੂੰ) ਨੇੜੇ ਵਾਲੇ ਵਿਸ਼ਿਆਂ ਵਿੱਚ ਆਸਕਤ ਹੋ ਕੇ ਮਲੀਨਤਾ ਨੂੰ ਪ੍ਰਾਪਤ ਹੁੰਦਾ ਹੈਂ।

ਭਾਵਾਰਥ:- ਅਸ਼ਟਾਵਕ੍ਰ ਜੀ ਕਹਿੰਦੇ ਹਨ ਕਿ ਤੈਨੂੰ ਸਪਸ਼ਟ ਕੀਤਾ ਗਿਆ ਹੈ ਕਿ ਤੂੰ ਸ਼ੁੱਧ ਚੇਤਨ ਸਰੂਪ ਹੈਂ ਅਤੇ ਜੜ੍ਹ ਵਿਸ਼ਿਆਂ ਨਾਲ ਤੇਰਾ ਸੰਬੰਧ ਹੋ ਹੀ ਨਹੀਂ ਸਕਦਾ, ਫਿਰ ਵੀ ਨੇੜੇ ਦਿੱਸਦਿਆਂ ਵਿਸ਼ਿਆਂ ਵਿੱਚ ਤੂੰ ਆਸਕਤ ਹੋ ਰਿਹਾ ਹੈਂ। ਇਹ ਠੀਕ ਹੈ ਕਿ *"ਬਿਨੁ ਦੇਖੇ ਉਪਜੈ ਨਹੀਂ ਆਸਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਰਵਿਦਾਸ ਜੀਉ; ਅੰਗ ੧੧੬੭) ਵੇਖੇ ਬਿਨਾ ਆਸਕਤੀ ਪੈਦਾ ਨਹੀਂ ਹੁੰਦੀ ਅਰਥਾਤ ਜੋ ਨੇੜੇ ਦਿੱਸਦਾ ਹੈ ਉਸ ਵਿੱਚ ਅਸਕਤੀ ਹੋ ਜਾਣੀ ਸੰਭਵ ਹੈ ਪਰ ਇਹ ਵੀ ਯਾਦ ਰੱਖ ਕਿ *"ਜੋ ਦੀਸੈ ਸੋ ਹੋਇ ਬਿਨਾਸਾ॥"* (ਅੰਗ ੧੧੬੭) ਜੋ ਦਿੱਸ ਰਿਹਾ ਹੈ ਉਸ ਦਾ ਨਾਸ ਹੋ ਜਾਣਾ ਵੀ ਜ਼ਰੂਰੀ ਹੈ। ਇਸ ਕਰਕੇ ਮੋਹ ਵਿੱਚ ਪੈ ਕੇ ਮਨ ਮੈਲਾ ਨਾ ਕਰ।

स्र्वभूतेषु चात्मानं सर्वभूतानि चात्मनि।
मुनेर्जानत आश्चर्यम् ममत्वमनुवर्तते॥५॥

ਸਰਵਭੂਤੇਸ਼ੁ ਚਾਤ੍ਮਾਨੰ ਸਰਵਭੂਤਾਨਿ ਚਾਤ੍ਮਨਿ।
ਮੁਨੇਰਜਾਨਤ ਆਸ਼੍ਚਰਯੰ ਮਮਤ੍ਵਮਨੁਵਰਤਤੇ॥੫॥

ਸ਼ਬਦਾਰਥ:- ਸਰਵ ਭੂਤੇਸ਼ੁ ਚ ਆਤ੍ਮਾਨੰ = ਸਾਰੇ ਪ੍ਰਾਣੀਆਂ ਵਿੱਚ ਆਤਮਾ। ਸਰਵ ਭੂਤਾਨਿ ਚ ਆਤ੍ਮਨਿ = ਸਾਰੇ ਪ੍ਰਾਣੀ ਆਤਮਾ ਵਿੱਚ। ਮੁਨੇ: ਜਾਨਤ: = ਜਾਣਦਾ ਹੋਇਆ ਮੁਨੀ। ਆਸ਼੍ਚਰਯੰ = ਹੈਰਾਨੀ ਵਾਲੀ ਗੱਲ ਹੈ। ਮਮਤ੍ਵਮ੍ ਅਨੁਵਰਤਤੇ = ਮੇਰੇਪਨ ਨੂੰ ਪ੍ਰਾਪਤ ਹੁੰਦਾ ਹੈ।

ਸ਼ਲੋਕਾਰਥ:- ਆਤਮਾ ਨੂੰ ਸਾਰੇ ਭੂਤਾਂ ਵਿੱਚ ਅਤੇ ਸਾਰੇ ਭੂਤਾਂ ਨੂੰ ਆਤਮਾ ਵਿੱਚ ਜਾਣਦਾ ਹੋਇਆ ਵੀ ਮੁਨੀ ਮੇਰੇਪਨ ਨੂੰ ਪ੍ਰਾਪਤ ਹੋ ਜਾਂਦਾ ਹੈ, ਹੈਰਾਨੀ ਵਾਲੀ ਗੱਲ ਹੈ।

ਭਾਵਾਰਥ:- ਗਿਆਨੀ ਜਾਣਦਾ ਹੈ ਕਿ ***"ਆਤਮ ਰਾਮੁ ਰਵਿਆ ਸਭ ਅੰਤਰਿ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਸਾਰੇ ਭੂਤਾਂ ਵਿੱਚ ਆਤਮਾ ਹੈ ਅਤੇ ***"ਸਗਲ ਸਮਗ੍ਰੀ ਜਾ ਕਾ ਤਨਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸਾਰੇ ਭੂਤ ਜਿਸ ਦਾ ਸਰੀਰ ਹਨ ਅਰਥਾਤ ਉਸ ਵਿੱਚ ਹਨ। ਇਸ ਦਾ ਮਤਲਬ ਇਹ ਹੈ ਕਿ ਜਿਵੇਂ ਰੱਸੀ ਵਿੱਚ ਸੱਪ ਕਲਪਿਤ ਹੈ ਉਸੇ ਤਰ੍ਹਾਂ ਸਾਰੇ ਭੂਤ ਵੀ, ਸਾਰੇ ਵਿਸ਼ੇ ਵੀ, ਆਤਮਾ ਵਿੱਚ ਕਲਪਿਤ ਹਨ ਅਰਥਾਤ ਅਸਲ ਵਿੱਚ ਹਨ ਹੀ ਨਹੀਂ। ਫਿਰ ਵੀ ਜੇ ਗਿਆਨੀ ਵਿਸ਼ਿਆਂ ਵਿੱਚ ਮੇਰੇਪਨ ਦਾ ਭਾਵ ਕਰੇ ਤਾਂ ਹੈਰਾਨੀ ਵਾਲੀ ਗੱਲ ਹੈ।

आस्थितः परमाद्वैतं मोक्षार्थेऽपि व्यवस्थितः।
आश्चर्यम् कामवशगो विकलः केलिशिक्षया॥६॥
ਆਸ੍ਥਿਤ: ਪਰਮਾਦ੍ਵੈਤੰ ਮੋਕ੍ਸ਼ਾਰਥੇ਽ਪਿ ਵਿਅਵਸ੍ਥਿਤ:।
ਆਸ਼੍ਚਰਯਮ੍ ਕਾਮਵਸ਼ਗੋ ਵਿਕਲ: ਕੇਲਿਸ਼ਿਕ੍ਸ਼ਯਾ॥੬॥

ਸ਼ਬਦਾਰਥ:- ਆਸ੍ਥਿਤ: ਪਰਮ ਅਦ੍ਵੈਤੰ = ਪਰਮ ਅਦਵੈਤ ਦੀ ਭਾਵਨਾ ਵਿੱਚ ਸਥਿਤ। ਮੋਕ੍ਸ਼-ਅਰਥੇ ਅਪਿ ਵਿਅਵਸ੍ਥਿਤ: = ਮੋਖ ਲਈ ਵੀ ਜਤਨ-ਸ਼ੀਲ। ਆਸ਼੍ਚਰਯੰ = ਹੈਰਾਨੀ ਵਾਲੀ ਗੱਲ ਹੈ। ਕਾਮ-ਵਸ਼ਗ: ਵਿਕਲ: ਕੇਲਿ-ਸ਼ਿਕ੍ਸ਼ਯਾ = ਕਾਮ ਦੇ ਵੱਸ ਵਿੱਚ ਹੋ ਕੇ ਭੋਗ-ਵਿਲਾਸ ਦੀਆਂ ਕਿਰਿਆਵਾਂ ਲਈ ਵਿਆਕੁਲ।

ਸ਼ਲੋਕਾਰਥ:- ਹੈਰਾਨੀ ਦੀ ਗੱਲ ਹੈ ਕਿ ਪਰਮ ਅਦਵੈਤ ਦੀ ਭਾਵਨਾ ਵਿੱਚ ਸਥਾਪਿਤ, ਮੋਖ ਲਈ ਵੀ ਜਤਨਸ਼ੀਲ ਮਨੁੱਖ, ਕਾਮ ਦੇ ਵੱਸ ਹੋ ਕੇ, ਭੋਗ-ਵਿਲਾਸ ਦੀਆਂ ਕਿਰਿਆਵਾਂ ਲਈ ਵਿਆਕੁਲ ਹੈ।

ਭਾਵਾਰਥ:- ਏਸ ਨਿਸ਼ਚੇ ਵਿੱਚ ਪੱਕੇ ਹੋਣਾ ਕਿ ***"ਆਤਮ ਰਾਮੁ ਸਭ ਏਕੈ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕਲਿਆਨ ਮ: ੪; ਅੰਗ ੧੩੨੫) ਆਤਮਾ ਪਰਮਾਤਮਾ ਇੱਕ ਹੀ ਹਨ ਫਿਰ ਵੀ ਮੋਖ ਦੀ ਪ੍ਰਾਪਤੀ ਲਈ ਵੀ ਜਤਨ-ਸ਼ੀਲ ਹੋਣਾ ਅਤੇ ਕਾਮ ਦੇ ਵੱਸ ਵਿੱਚ ਹੋ ਕੇ ਭੋਗ ਵਿਲਾਸ ਦੀਆਂ ਕਿਰਿਆਵਾਂ ਲਈ ਬੇਚੈਨ ਹੋਣਾ, ਬੜੀ ਹੈਰਾਨੀ ਵਾਲੀ ਗੱਲ ਹੀ ਹੈ। ਅਚੰਭਾ ਇਸ ਗੱਲ ਦਾ ਹੈ ਕਿ ਕਿਵੇਂ "ਇੱਕ" ਵਿੱਚ ਅਭੇਦ ਹੁੰਦਾ ਹੁੰਦਾ ਵਿਅਕਤੀ "ਦੂਈ" ਵਿੱਚ ਵੰਡਿਆ ਜਾਂਦਾ ਹੈ।

उद्भूतं ज्ञानदुर्मित्रमवधार्यातिदुर्बलः।
आश्चर्यम् काममाकाङ्क्षेत् कालमन्तमनुश्रितः॥७॥
ਉਦ੍ਭੂਤੰ ਗਿਆਨਦੁਰਮਿਤ੍ਰਮਵਧਾਰਯਾਤਿਦੁਰਬਲ:।

ਆਸ਼੍ਚਰਯੰ ਕਾਮਮਾਕਾਂਕ੍ਸ਼ੇਤ੍ ਕਾਲਮੰਤਮਨੁਸ਼੍ਰਿਤ:॥੭॥

ਸ਼ਬਦਾਰਥ:- ਉਦ੍ਭੂਤੰ = ਪੈਦਾ ਹੋਏ ਹੋਏ। ਗਿਆਨ-ਦੁਰਮਿਤ੍ਰਮ੍ = ਗਿਆਨ ਦੇ ਵੈਰੀ। ਅਵਧਾਰਯ ਅਤਿ ਦੁਰਬਲ: = ਧਾਰਣ ਕਰਕੇ ਅਤਿ ਦੁਰਬਲ। ਆਸ਼੍ਚਰਯੰ = ਹੈਰਾਨੀ ਹੈ। ਕਾਮਮ ਆਕਾਂਕ੍ਸ਼ੇਤ੍ = ਕਾਮ ਦੀ ਆਕਾਂਖਿਆ ਕਰੇ। ਕਾਲੰ-ਅੰਤੰ-ਅਨੁਸ਼੍ਰਿਤ: = ਅੰਤ ਕਾਲ ਵਿੱਚ ਆਸ਼੍ਰਿਤ।

ਸ਼ਲੋਕਾਰਥ:- ਪੈਦਾ ਹੋਏ ਹੋਏ ਗਿਆਨ ਦੇ ਵੈਰੀ (ਕਾਮ) ਨੂੰ ਧਾਰਣ ਕਰਕੇ, ਅਤਿ ਦੁਰਬਲ ਹੋਇਆ ਹੋਇਆ (ਵਿਅਕਤੀ) ਅੰਤ ਕਾਲ ਵਿੱਚ ਪਹੁੰਚਿਆ ਹੋਇਆ (ਵੀ) ਕਾਮ ਦੀ ਇੱਛਾ ਰੱਖੇ, ਹੈਰਾਨੀ ਵਾਲੀ ਗੱਲ ਹੈ।

ਭਾਵਾਰਥ:- ***"ਬਿਖਿਆ ਮਾਤੇ ਕਿਛੁ ਸੂਝੈ ਨਾਹੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮) ਵਿਸ਼ੇ ਵਾਸ਼ਨਾ ਵਿੱਚ ਲੁਭਾਏ ਹੋਏ ਭਾਵ ਕਾਮ ਵਾਸ਼ਨਾ ਦੇ ਵੱਸ ਹੋ ਕੇ ਦੁਰਬਲ ਹੋਏ ਵਿਅਕਤੀ ਨੂੰ ਕੁਝ ਨਹੀਂ ਸੁੱਝਦਾ, ਉਸ ਦੀ ਮੱਤ ਮਾਰੀ ਜਾਂਦੀ ਹੈ। ***"ਬਿਖਿਆ ਰਾਤੇ ਬਿਖਿਆ ਖੋਜੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੭) ਵਿਸ਼ਿਆਂ ਦਾ ਮੋਹਿਆ ਹੋਇਆ ਵਿਸ਼ੇ ਦੀ ਭਾਲ ਵਿੱਚ ਹੀ ਰਹਿੰਦਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਕਾਮ-ਆਸਕਤ ਵਿਅਕਤੀ ਅੰਤ ਵੇਲੇ ਵੀ ਕਾਮ ਦੀ ਇੱਛਾ ਰੱਖਦਾ ਹੈ।

इहामुत्र विरक्तस्य नित्यानित्यविवेकिनः।
आश्चर्यम् मोक्षकामस्य मोक्षादेव विभीषिका॥८॥

ਇਹਾਮੁਤ੍ਰ ਵਿਰਕ੍ਤਸਿਅ ਨਿਤਿਆਨਿਤਿਅਵਿਵੇਕਿਨ:।
ਆਸ਼੍ਚਰਯੰ ਮੋਕ੍ਸ਼ਕਾਮਸਿਅ ਮੋਕ੍ਸ਼ਾਦੇਵ ਵਿਭੀਸ਼ਿਕਾ॥੮॥

ਸ਼ਬਦਾਰਥ:- ਇਹ ਅਮੁਤ੍ਰ ਵਿਰਕ੍ਤਸਿਅ = ਇਸ ਲੋਕ ਪਰਲੋਕ (ਦੇ ਭੋਗਾਂ) ਤੋਂ ਵਿਰਕਤ। ਨਿਤਿਅ ਅਨਿਤਿਅ ਵਿਵੇਕਿਨ: = ਨਿੱਤ ਅਨਿੱਤ ਦੇ ਵਿਵੇਕੀ ਦਾ। ਆਸ਼੍ਚਰਯੰ = ਹੈਰਾਨੀ ਹੈ। ਮੋਕ੍ਸ਼ਕਾਮਸਿਅ = ਮੋਖ ਦੀ ਕਾਮਨਾ ਵਾਲੇ ਦਾ। ਮੋਕ੍ਸ਼ਾਤ੍ ਏਵ ਵਿਭੀਸ਼ਿਕਾ = ਮੋਖ ਤੋਂ ਹੀ ਡਰ।

ਸ਼ਲੋਕਾਰਥ:- ਇਸ ਲੋਕ ਅਤੇ ਪਰਲੋਕ ਦੇ ਭੋਗਾਂ ਤੋਂ ਵਿਰਕਤ, ਨਿੱਤ ਅਨਿੱਤ ਦੇ ਵਿਵੇਕੀ ਦਾ, ਮੋਖ ਦੀ ਕਾਮਨਾ ਵਾਲੇ ਦਾ, ਮੋਖ ਤੋਂ ਹੀ ਭਾਵ ਸਰੀਰ ਤਿਆਗ ਤੋਂ ਹੀ ਡਰ, ਹੈਰਾਨੀ ਵਾਲੀ ਗੱਲ ਹੈ।

ਭਾਵਾਰਥ:- ਜਿਸ ਨੂੰ ਇਸ ਲੋਕ ਦੇ ਜਾਂ ਪਰਲੋਕ ਦੇ ਕਿਸੇ ਵੀ ਭੋਗ ਦੀ ਲਾਲਸਾ ਨਹੀਂ, ਜਿਸ ਨੂੰ ਨਿੱਤ ਅਨਿੱਤ ਦਾ ਵਿਵੇਕ ਹੈ ਅਰਥਾਤ ਜੋ ਜਾਣਦਾ ਹੈ ਕਿ ***"ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੭) ਧਨ, ਪਤਨੀ, ਸੰਪਤੀ, ਘਰ ਆਦਿ ਨਾਲ ਜਾਣ ਵਾਲੇ ਨਹੀਂ, ਉਹ ਮੋਖ ਦੀ ਕਾਮਨਾ

ਰੱਖਦਾ ਹੈ ਪਰੰਤੂ ਜੇ ਮੋਖ ਤੋਂ ਹੀ ਭਾਵ ਸਰੀਰ ਛੱਡਣ ਤੋਂ ਡਰੇ ਕਿਉਂਕਿ ਸਾਰੇ ਸੰਬੰਧ ਛੁਟ ਜਾਣਗੇ ਤਾਂ ਇਹ ਹੈਰਾਨੀ ਵਾਲੀ ਗੱਲ ਹੈ।

धीरस्तु भोज्यमानोऽपि पीड्यमानोऽपि सर्वदा।
आत्मानं केवलं पश्यन्न तुष्यति न कुप्यति॥९॥
ਧੀਰਸ੍ਤੁ ਭੋਜਿਅਮਾਨੋऽਪਿ ਪੀੜ੍ਯਮਾਨੋऽਪਿ ਸਰਵਦਾ।
ਆਤ੍ਮਾਨੰ ਕੇਵਲੰ ਪਸ਼ਿਅੰਨ ਤੁਸ਼ਿਅਤਿ ਨ ਕੁਪਿਅਤਿ॥੯॥

ਸ਼ਬਦਾਰਥ:- ਧੀਰ: ਤੁ = ਪਰੰਤੂ ਗਿਆਨੀ। ਭੋਜਿਅਮਾਨ: ਅਪਿ ਪੀੜਿਅਮਾਨ: ਅਪਿ ਸਰਵਦਾ = ਸਦਾ ਭੋਗਦਾ ਹੋਇਆ ਵੀ ਦੁਖੀ ਹੁੰਦਾ ਹੋਇਆ ਵੀ। ਆਤ੍ਮਾਨੰ ਕੇਵਲੰ ਪਸ਼ਿਅਨ੍ ਨ ਤੁਸ਼ਿਅਤਿ ਨ ਕੁਪਿਅਤਿ = ਕੇਵਲ ਆਤਮਾ ਨੂੰ ਵੇਖਦਾ ਹੋਇਆ ਨਾ ਖ਼ੁਸ਼ ਹੁੰਦਾ ਹੈ ਨਾ ਨਾਰਾਜ਼।

ਸ਼ਲੋਕਾਰਥ:- ਪਰੰਤੂ ਗਿਆਨੀ ਕੇਵਲ ਆਤਮਾ ਨੂੰ ਵੇਖਦਾ ਹੋਇਆ ਅਰਥਾਤ ਸਦਾ ਸਵੈ ਵਿੱਚ ਸਥਿਤ, ਨਾ ਭੋਗ ਭੋਗਦਾ ਹੋਇਆ ਖ਼ੁਸ਼ ਹੁੰਦਾ ਹੈ ਨਾ ਦੁਖੀ ਹੁੰਦਾ ਹੋਇਆ ਕ੍ਰੋਧ ਕਰਦਾ ਹੈ।

ਭਾਵਾਰਥ:- ਧੀਰਜਵਾਨ ਗਿਆਨੀ ਸਦਾ ਸਵੈ ਵਿੱਚ ਸਥਿਤ ਰਹਿੰਦਾ ਹੈ ਜਿਸ ਕਰਕੇ *"ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੨) ਉਸ ਦਾ ਧੀਰਜ ਉਸ ਦਾ ਕਵਚ ਬਣਦਾ ਹੈ ਅਤੇ ਉਹ ਸੁਖ ਦੁੱਖ ਦੋਹਾਂ ਤੋਂ ਉੱਪਰ ਉਠ ਜਾਂਦਾ ਹੈ। ਉਹ ਜਾਣਦਾ ਹੈ ਕਿ ਸੁਖ-ਦੁੱਖ ਸਰੀਰ ਦੇ ਧਰਮ ਹਨ, ਆਤਮਾ ਦੇ ਨਹੀਂ ਜਿਸ ਕਰਕੇ ਨਾ ਕੋਈ ਭੋਗ ਭੋਗਦਿਆਂ ਉਸ ਨੂੰ ਖ਼ੁਸ਼ੀ ਹੁੰਦੀ ਹੈ ਨਾ ਕਿਸੇ ਵਿਪ੍ਰੀਤ ਘਟਨਾ ਕਾਰਨ ਉਸ ਨੂੰ ਗ਼ੁੱਸਾ ਆਉਂਦਾ ਹੈ।

चेष्टमानं शरीरं स्वं पश्यत्यन्यशरीरवत्।
संस्तवे चापि निन्दायां कथं क्षुभ्येन्महाशयः॥१०॥
ਚੇਸ਼੍ਟਮਾਨੰ ਸ਼ਰੀਰੰ ਸ੍ਵੰ ਪਸ਼ਿਅਤਿਅਨਿਅਸ਼ਰੀਰਵਤ੍।
ਸੰਸ੍ਤਵੇ ਚਾਪਿ ਨਿੰਦਾਯਾਂ ਕਥੰ ਕ੍ਸ਼ੁਭਿਏਨ੍ਮਹਾਸ਼ਯ:॥੧੦॥

ਸ਼ਬਦਾਰਥ:- ਚੇਸ਼੍ਟਮਾਨੰ ਸ਼ਰੀਰੰ ਸ੍ਵੰ = ਚੇਸ਼ਟਾ ਕਰਦੇ ਹੋਏ ਸਰੀਰ ਆਪਣੇ ਨੂੰ। ਪਸ਼ਿਅਤਿ ਅਨਿਅ ਸ਼ਰੀਰਵਤ੍ = ਵੇਖਦਾ ਹੈ ਹੋਰ ਸਰੀਰ ਵਾਂਗ। ਸੰਸ੍ਤਵੇ ਚ ਅਪਿ ਨਿੰਦਾਯਾਂ = ਉਸਤਤ ਅਤੇ ਨਿੰਦਿਆ ਵਿੱਚ ਵੀ। ਕਥੰ = ਕਿਵੇਂ। ਕ੍ਸ਼ੁਭਿਏਤ੍ = ਵਿਚਲਿਤ ਹੋਏ। ਮਹਾਸ਼ਯ: = ਮਹਾਤਮਾ।

ਸ਼ਲੋਕਾਰਥ:- ਮਹਾਤਮਾ, ਚੇਸ਼ਟਾ ਕਰਦੇ ਹੋਏ ਆਪਣੇ ਸਰੀਰ ਨੂੰ ਹੋਰਸ ਦੇ ਸਰੀਰ ਵਾਂਗ ਵੇਖਦਾ ਹੈ। (ਇਸ ਕਰਕੇ) ਉਸਤਤ ਜਾਂ ਨਿੰਦਿਆ ਤੋਂ ਉਹ ਵਿਚਲਿਤ ਕਿਵੇਂ ਹੁੰਦਾ ਹੈ?

ਭਾਵਾਰਥ:- ਉਸਤਤ-ਨਿੰਦਿਆ ਸਰੀਰ, ਦੇ ਧਰਮ ਹਨ ਪਰੰਤੂ ਗਿਆਨੀ ਆਪਣੇ ਆਪ ਨੂੰ ਕਹਿੰਦਾ ਹੈ ਕਿ *"ਨਾ ਤਨੁ ਤੇਰਾ ਨਾ ਮਨੁ ਤੋਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੯੯) ਨਾ ਸਰੀਰ ਤੇਰਾ ਹੈ ਨਾ ਤੂੰ ਮਨ ਹੈਂ, ਤੂੰ ਸ਼ੁੱਧ ਚੇਤਨ ਆਤਮਾ ਹੈਂ ਅਤੇ ਜੜ੍ਹ ਸਰੀਰ-ਮਨ ਨਾਲ ਤੇਰਾ ਸੰਬੰਧ ਨਹੀਂ। ਇਸ ਕਰਕੇ ਹੋਰਨਾਂ ਸਰੀਰਾਂ ਵਾਂਗ ਉਹ "ਆਪਣੇ" ਕਹੇ ਜਾਣ ਵਾਲੇ ਸਰੀਰ ਦਾ ਵੀ ਸਾਖੀ ਰਹਿੰਦਾ ਹੈ। ਉਸ ਦਸ਼ਾ ਵਿੱਚ ਉਹ *"ਉਸਤਤਿ ਨਿੰਦਾ ਦੋਊ ਤਿਆਗੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਉਸਤਤ-ਨਿੰਦਿਆ ਦੋਹਾਂ ਤੋਂ ਉੱਪਰ ਉੱਠ ਜਾਂਦਾ ਹੈ ਪਰ ਜਦੋਂ ਉਹ ਉਸ ਦਸ਼ਾ ਵਿੱਚ ਡੋਲ ਜਾਂਦਾ ਹੈ ਤਦ ਉਸਤਤ ਨਿੰਦਿਆ ਉਸ ਨੂੰ ਵਿਚਲਿਤ ਕਰ ਦੇਂਦੇ ਹਨ।

मायामात्रमिदं विश्वं पश्यन् विगतकौतुकः।
अपि सन्निहिते मृत्यौ कथं त्रस्यति धीरधीः॥११॥
ਮਾਯਾਮਾਤ੍ਰਮਿਦੰ ਵਿਸ਼੍ਵੰ ਪਸ਼੍ਯਨ੍ ਵਿਗਤਕੌਤੁਕ:।
ਅਪਿ ਸੰਨਿਹਿਤੇ ਮ੍ਰਿਤ੍ਯੌ ਕਥੰ ਤ੍ਰਸਿਅਤਿ ਧੀਰਧੀ:॥੧੧॥

ਸ਼ਬਦਾਰਥ:- ਮਾਯਾ ਮਾਤ੍ਰੰ ਇਦੰ ਵਿਸ਼੍ਵੰ = ਮਾਇਆ ਮਾਤ੍ਰ ਇਸ ਵਿਸ਼ਵ ਨੂੰ। ਪਸ਼੍ਯਨ੍ = ਵੇਖਦੇ ਹੋਏ। ਵਿਗਤ-ਕੌਤੁਕ: = ਦੂਰ ਹੋਈ ਹੋਈ ਉਤਸੁਕਤਾ। ਅਪਿ ਸੰਨਿਹਿਤੇ ਮ੍ਰਿਤ੍ਯੌ = ਮ੍ਰਿਤੂ ਨੇੜੇ ਹੋਣ ਤੇ ਵੀ। ਕਥੰ ਤ੍ਰਸਿਅਤਿ ਧੀਰਧੀ: = ਕਿਉਂ ਡਰੇਗਾ ਧੀਰ ਪੁਰਸ਼।

ਸ਼ਲੋਕਾਰਥ:- ਇਸ ਸੰਸਾਰ ਨੂੰ ਮਾਇਆ ਮਾਤਰ ਵੇਖਦਾ ਹੋਇਆ ਧੀਰ ਪੁਰਸ਼, (ਜਿਸ ਦੀ) ਉਤਸੁਕਤਾ ਸਮਾਪਤ ਹੋ ਗਈ ਹੈ, ਉਹ ਮ੍ਰਿਤੂ ਨੇੜੇ ਹੋਣ ਉੱਤੇ ਵੀ ਕਿਉਂ ਡਰੇਗਾ?

ਭਾਵਾਰਥ:- ਜਿਸ ਨੇ ਇਹ ਜਾਣ ਲਿਆ ਹੈ ਕਿ *"ਇਹੁ ਜਗੁ ਧੂਏ ਕਾ ਪਹਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੬) ਇਹ ਸੰਸਾਰ ਧੂੰਏ ਦੇ ਪਰਬਤ ਤੋਂ ਸਿਵਾ ਹੋਰ ਕੁਝ ਨਹੀਂ ਭਾਵ ਮਾਯਾ ਮਾਤਰ ਹੀ ਹੈ, ਉਸ ਨੂੰ ਹੋਰ ਕੁਝ ਜਾਣਨ ਦੀ ਜਿਗਿਆਸਾ ਨਹੀਂ ਰਹਿੰਦੀ। ਉਹ ਇਹ ਵੀ ਸਮਝਦਾ ਹੈ ਕਿ *"ਦੇਹੀ ਜਾਤਿ ਨ ਆਗੈ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩: ਅੰਗ ੧੧੨) ਸਰੀਰ ਨੇ ਤਾਂ ਏਥੇ ਹੀ ਰਹਿਣਾ ਹੈ ਪਰ ਜਿੱਥੋਂ ਤੱਕ ਆਤਮਾ ਦਾ, ਸਵੈ ਦਾ ਸੰਬੰਧ ਹੈ *"ਨਾ ਓਹੁ ਮਰੈ ਨ ਹੋਵੈ ਸੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੯) ਉਹ ਸਦੀਵੀਂ ਹੈ ਜਿਸ ਕਰਕੇ ਸਰੀਰ ਦੀ ਮ੍ਰਿਤੂ ਤੋਂ ਉਹ ਡਰਦਾ ਨਹੀਂ, ਉਦਾਸ ਨਹੀਂ ਹੁੰਦਾ। ਮ੍ਰਿਤੂ ਤੋਂ ਤਦ ਡਰਦਾ ਹੈ ਜਦ ਉਹ ਆਪਣੀ ਗਿਆਨਮਈ ਅਵਸਥਾ ਤੋਂ ਖਿਤਕ ਜਾਂਦਾ ਹੈ।

निःस्पृहं मानसं यस्य नैराश्येऽपि महात्मनः।
तस्यात्मज्ञानतृप्तस्य तुलना केन जायते॥१२॥

ਨਿ:ਸ੍ਪ੍ਰਹੰ ਮਾਨਸੰ ਯਸਿਅ ਨੈਰਾਸ਼ਿਏ਽ਪਿ ਮਹਾਤ੍ਮਨ:।
ਤਸਿਆਤ੍ਮਗਿਆਨਤ੍ਰਿਪ੍ਤਸਿਅ ਤੁਲਨਾ ਕੇਨ ਜਾਯਤੇ॥੧੨॥

ਸ਼ਬਦਾਰਥ:- ਨਿ:ਸ੍ਪ੍ਰਹੰ ਮਾਨਸੰ = ਇੱਛਾ ਰਹਿਤ ਮਨੁੱਖ। ਯਸਿਅ ਨੈਰਾਸ਼ਿਏ ਅਪਿ = ਜਿਸ ਦੀ ਮੋਖ ਵਿੱਚ ਵੀ। ਮਹਾਤ੍ਮਨ: = ਮਹਾਤਮਾ ਦੀ। ਤਸਿਅ ਆਤ੍ਮ-ਗਿਆਨ ਤ੍ਰਿਪ੍ਤਸਿਅ ਤੁਲਨਾ = ਉਸ ਆਤਮ ਗਿਆਨ ਵਿੱਚ ਤ੍ਰਿਪਤ ਦੀ ਤੁਲਨਾ। ਕੇਨ ਜਾਯਤੇ = ਕਿਸ ਨਾਲ ਹੋ ਸਕਦੀ ਹੈ।

ਸ਼ਲੋਕਾਰਥ:- ਇੱਛਾ ਰਹਿਤ ਮਨੁੱਖ, ਜਿਸ ਨੂੰ ਮੋਖ ਦੀ ਇੱਛਾ ਵੀ ਨਹੀਂ, ਉਸ ਆਤਮ ਗਿਆਨ ਵਿੱਚ ਤ੍ਰਿਪਤ ਮਹਾਤਮਾ ਦੀ ਤੁਲਨਾ ਕਿਸ ਨਾਲ ਹੋ ਸਕਦੀ ਹੈ ਭਾਵ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ।

ਭਾਵਾਰਥ:- ਜਿਹੜਾ ਮਹਾਤਮਾ ***"ਸਹਜ ਸਮਾਧਿ ਸੁਭਾਏ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੬) ਆਪਣੀ ਸਹਜ ਸਮਾਧੀ ਵਿੱਚ ਭਾਵ ਸਵੈ ਵਿੱਚ ਸਥਿਤ ਹੈ ਉਹ ***"ਪੂਰਨ ਤ੍ਰਿਪਤਿ ਅਘਾਏ॥"*** (ਅੰਗ ੧੦੦੬) ਪੂਰਨ ਰੂਪ ਵਿੱਚ ਤ੍ਰਿਪਤ ਹੋ ਜਾਂਦਾ ਹੈ ਅਤੇ ਉਸ ਨੂੰ ਕਿਸੇ ਸੰਸਾਰੀ ਭੋਗ/ਪਦਾਰਥ ਦੀ ਇੱਛਾ ਨਹੀਂ ਰਹਿੰਦੀ। ਇੱਛਾ ਭਾਵੇਂ ਮੋਖ ਦੀ ਹੀ ਕਿਉਂ ਨਾ ਹੋਵੇ, ਅਗਿਆਨਤਾ ਅਤੇ ਆਪਣੇ ਵਿੱਚ ਕਿਸੇ ਕਮੀ ਦੀ ਸੂਚਕ ਹੈ ਪਰ ਗਿਆਨੀ ਆਪਣੇ ਆਤਮ ਗਿਆਨ ਵਿੱਚ ਆਪਣੇ ਆਪ ਨੂੰ ਪੂਰਨ ਵੇਖਦਾ ਹੈ ਜਿਸ ਕਰਕੇ ਬਿਲਕੁਲ ਇੱਛਾ ਰਹਿਤ ਰਹਿੰਦਾ ਹੈ। ਅਸ਼ਟਾਵਕ੍ਰ ਕਹਿੰਦੇ ਹਨ ਕਿ ਇਸ ਤਰ੍ਹਾਂ ਦੀ ਮਹਾਨ ਆਤਮਾ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ।

स्वभावादेव - जानानो दृश्यमेतन्न किंचन।
इदं ग्राह्यमिदं त्याज्यं स किं पश्यति धीरधीः॥१३॥
ਸ੍ਵਭਾਵਾਦੇਵ ਜਾਨਾਨੋ ਦ੍ਰਿਸ਼ਿਅਮੇਤੰਨ ਕਿੰਚਨ।
ਇਦੰ ਗ੍ਰਾਹਿਅਮਿਦੰ ਤਿਆਜਿਅੰ ਸ ਕਿੰ ਪਸ਼ਿਅਤਿ ਧੀਰਧੀ:॥੧੩॥

ਸ਼ਬਦਾਰਥ:- ਸ੍ਵਭਾਤ੍ ਏਵ ਜਾਨਾਨ: = ਸੁਭਾਅ ਤੋਂ ਹੀ ਜਾਣਨ ਵਾਲਾ। ਦ੍ਰਿਸ਼ਿਅੰ ਏਤਤ੍ ਨ ਕਿੰਚਨ = ਦਿੱਸ ਰਿਹਾ ਇਹ ਕੁਝ ਨਹੀਂ। ਇਦੰ ਗ੍ਰਾਹਿਅੰ ਇਦੰ ਤਿਆਜਿਅੰ = ਇਹ ਗ੍ਰਹਿਣ-ਯੋਗ ਇਹ ਤਿਆਗਣ ਯੋਗ। ਸ: = ਉਹ। ਕਿੰ ਪਸ਼ਿਅਤਿ ਧੀਰਧੀ: = ਕਿਵੇਂ ਵੇਖਦਾ ਹੈ ਗਿਆਨੀ।

ਸ਼ਲੋਕਾਰਥ:- ਇਹ ਜਾਣਨ ਵਾਲਾ ਕਿ ਜੋ ਦਿੱਸ ਰਿਹਾ ਹੈ ਉਹ ਸੁਭਾਅ ਤੋਂ ਹੀ ਮਿਥਿਆ ਹੈ, ਉਹ ਗਿਆਨੀ ਕਿਵੇਂ ਵੇਖਦਾ ਹੈ ਕਿ ਕੀ ਗ੍ਰਹਿਣ ਕਰਨ ਯੋਗ ਹੈ ਅਤੇ ਕੀ ਛੱਡਣ ਯੋਗ ਅਰਥਾਤ ਇਸ ਸੋਚ ਤੋਂ ਮੁਕਤ ਰਹਿੰਦਾ ਹੈ।

ਭਾਵਾਰਥ:- ਜਿਹੜਾ ਧੀਰਜਵਾਨ ਇਹ ਜਾਣਦਾ ਹੈ ਕਿ ***"ਦ੍ਰਿਸਟਿਮਾਨ ਹੈ ਸਗਲ***

ਮਿਥੇਨਾ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੩) ਜੋ ਦਿੱਸ ਰਿਹਾ ਹੈ ਉਹ ਸੁਭਾਅ ਤੋਂ ਹੀ ਮਿਥਿਆ ਹੈ ਅਰਥਾਤ ਉਹ ਅਸਲ ਵਿੱਚ ਹੈ ਹੀ ਨਹੀਂ, ਉਹ ਕਿਉਂ ਸੋਚੇਗਾ ਕਿ ਅਮੁਕ ਵਸਤੂ ਗ੍ਰਹਿਣ ਕਰਨ ਯੋਗ ਹੈ ਅਤੇ ਅਮੁਕ ਤਿਆਗਣ ਯੋਗ? ਉਹ "*ਸਭ ਕੈ ਮਧਿ ਅਲਿਪਤੋ ਰਹੈ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸਭ ਤੋਂ ਨਿਰਲੇਪ ਰਹਿੰਦਾ ਹੈ, ਨਾ ਅਨੁਕੂਲ ਦੇ ਪਿੱਛੇ ਨਾ ਪ੍ਰਤਿਕੂਲ ਤੋਂ ਦੂਰ ਭੱਜਦਾ ਹੈ। ਜਿਹੜਾ ਇਸ ਅਵਸਥਾ ਵਿੱਚ ਨਹੀਂ ਪਹੁੰਚਿਆ, ਉਸ ਨੂੰ ਅਜੇ ਆਤਮ-ਬੋਧ ਪ੍ਰਾਪਤ ਨਹੀਂ ਹੋਇਆ।

अन्तस्त्यक्तकषायस्य निर्द्वन्द्वस्य निराशिषः।
यदृच्छयागतो भोगो न दुःखाय न तुष्टये॥१४॥

ਅੰਤਸ੍ਤਿਅਕ੍ਤਕਸ਼ਾਯਸਿਅ ਨਿਰਦ੍ਵੰਦ੍ਵਸਿਅ ਨਿਰਾਸ਼ਿਸ਼:।
ਯਦ੍ਰਿੱਛਯਾਗਤੋ ਭੋਗੋ ਨ ਦੁ:ਖਾਯ ਨ ਤੁਸ਼੍ਟਯੇ॥੧੪॥

ਸ਼ਬਦਾਰਥ:- ਅੰਤ: ਤਿਅਕ੍ਤ ਕਸ਼ਾ-ਯਸਿਅ = ਜਿਸ ਦਾ ਅੰਤ:ਕਰਣ ਤੋਂ ਵਿਸ਼ੇ ਭੋਗਾਂ ਦਾ ਤਿਆਗ ਹੋ ਚੁੱਕਾ ਹੈ। ਨਿਰਦ੍ਵੰਦ੍ਵਸਿਅ = ਦਵੰਦ ਰਹਿਤ ਦਾ। ਨਿਰਾਸ਼ਿਸ਼: = ਆਸ਼ਾ ਰਹਿਤ ਦਾ। ਯਦ੍ਰਿੱਛਯਾ ਆਗਤ: ਭੋਗ: = ਆਪਣੇ ਆਪ ਆਇਆ ਹੋਇਆ ਭੋਗ। ਨ ਦੁ:ਖਾਯ ਨ ਤੁਸ਼੍ਟਯੇ = ਨਾ ਦੁੱਖ ਲਈ ਹੈ ਨਾ ਸੰਤੁਸ਼ਟੀ (ਖ਼ੁਸ਼ੀ) ਲਈ।

ਸ਼ਲੋਕਾਰਥ:- ਜਿਸ ਦਾ ਮਨ ਤੋਂ ਹੀ ਭੋਗਾਂ ਦਾ ਤਿਆਗ ਹੋ ਚੁਕਾ ਹੈ, ਜੋ ਦਵੰਦ ਰਹਿਤ ਹੈ, ਜਿਸ ਦੀ ਆਪਣੀ ਕੋਈ ਇੱਛਾ ਨਹੀਂ, ਉਸ ਲਈ ਆਪਣੇ ਆਪ ਪ੍ਰਾਪਤ ਹੋਇਆ ਹੋਇਆ ਭੋਗ, ਨਾ ਉਸ ਨੂੰ ਉਦਾਸ ਕਰਦਾ ਹੈ ਨਾ ਖ਼ੁਸ਼।

ਭਾਵਾਰਥ:- ਸੰਸਾਰ ਦੇ ਸਾਰੇ ਭੋਗਾਂ ਤੋਂ ਜੋ ਮਨੋਂ ਹੀ ਨਿਰਾਸਕਤ ਹੋ ਚੁੱਕਾ ਹੈ, ਜੋ ਦਵੰਦ ਰਹਿਤ ਹੈ ਅਰਥਾਤ ਜਿਸ ਲਈ ਗਰਮੀ-ਸਰਦੀ, ਸੁਖ-ਦੁੱਖ, ਲਾਭ-ਹਾਨੀ, ਅਨੁਕੂਲ-ਪ੍ਰਤਿਕੂਲ ਆਦਿ ਸਭ ਬਰਾਬਰ ਹਨ, ਜਿਸ ਨੂੰ ਕਿਸੇ ਤੋਂ ਜਾਂ ਕਿਸੇ ਦੀ ਕੋਈ ਇੱਛਾ ਨਹੀਂ, ਉਹ "*ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੪; ਅੰਗ ੬੯੦) ਹਰਖ ਸੋਗ ਦੋਹਾਂ ਤੋਂ ਮੁਕਤ, ਪਰਮਾਤਮਾ ਦੀ ਰਜ਼ਾ ਵਿੱਚ ਹੀ ਰਾਜ਼ੀ ਰਹਿੰਦਾ ਹੈ ਕਿ "*ਜੋ ਦੇਵੈ ਸੋ ਖਾਵਣਾ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੧; ਅੰਗ ੩੯੯) ਜੋ ਪਰਮਾਤਮਾ ਦੇਵੇ ਉਹ ਹੀ ਭੋਗਣਾ ਹੈ, ਬਿਨਾ ਖ਼ੁਸ਼ੀ ਦੇ ਜਾਂ ਉਦਾਸੀ ਦੇ।

◆◆◆

ਚੌਥਾ ਅਧਿਆਇ

ਆਤਮ ਸਾਖਿਆਤਕਾਰ ਦਾ ਮਹਿਮਾਗਾਣ।

ਇਸ ਅਧਿਆਇ ਵਿੱਚ ਜਨਕ ਜੀ ਆਤਮ ਗਿਆਨੀ ਦੀ ਮਹਿਮਾ ਦੱਸਦੇ ਹਨ ਕਿ ਉਸ ਲਈ ਜੀਵਨ ਯਾਤਰਾ ਇੱਕ ਨਾਟਕ ਹੈ ਜਿਸ ਕਰਕੇ ਉਸ ਵਿੱਚ ਵਾਪਰਨ ਵਾਲੇ ਸੁਖ-ਦੁੱਖ, ਉਸਤਤ-ਨਿੰਦਾ, ਹਰਖ-ਸੋਗ ਆਦਿ ਉਸ ਉੱਤੇ ਕੋਈ ਅਸਰ ਨਹੀਂ ਪਾ ਸਕਦੇ ਜਦਕਿ ਇੱਕ ਸੰਸਾਰੀ ਉਨ੍ਹਾਂ ਤੋਂ ਪ੍ਰਭਾਵਿਤ ਹੁੰਦਾ ਰਹਿੰਦਾ ਹੈ। ਇਸ ਕਰਕੇ ਗਿਆਨੀ ਦੀ ਤੁਲਨਾ ਸਧਾਰਨ ਸੰਸਾਰੀਆਂ ਨਾਲ ਕਰਨਾ ਠੀਕ ਨਹੀਂ।

जनक उवाच।

हन्तात्मज्ञस्य धीरस्य खेलतो भोगलीलया।
न हि संसारवाहीकैर्मूढैः सह समानता॥१॥

ਜਨਕ ਉਵਾਚ।

ਹੰਤਾਤ੍ਮਗਿਅਸਿਅ ਧੀਰਸਿਅ ਖੇਲਤੋ ਭੋਗਲੀਲਯਾ।
ਨ ਹਿ ਸੰਸਾਰਵਾਹੀਕੈਰਮੂਢੈ: ਸਹ ਸਮਾਨਤਾ॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਹੰਤ = ਨਿਸ਼ਚੇ ਹੀ। ਆਤ੍ਮਗਿਅਸਿਅ = ਆਤਮ ਗਿਆਨੀ ਦੀ। ਧੀਰਸਿਅ = ਧੀਰ ਪੁਰਸ਼ ਦੀ। ਖੇਲਤ: ਭੋਗ ਲੀਲਯਾ = ਭੋਗ ਲੀਲਾ ਨਾਲ ਖੇਡਦੇ ਹੋਏ ਦੀ। ਨ ਹਿ = ਨਿਸ਼ਚੇ ਹੀ ਨਹੀਂ। ਸੰਸਾਰ ਵਾਹੀਕੈ: ਮੂਢੈ: ਸਹ ਸਮਾਨਤਾ = ਸੰਸਾਰ ਢੋਣ ਵਾਲੇ ਅਰਥਾਤ ਸੰਸਾਰ ਵਿੱਚ ਲਿਪਤ ਮੂਰਖਾਂ ਨਾਲ ਬਰਾਬਰੀ (ਤੁਲਨਾ)।

ਸ਼ਲੋਕਾਰਥ:- ਜਨਕ ਨੇ ਕਿਹਾ:- ਨਿਸ਼ਚੇ ਹੀ ਆਤਮ ਗਿਆਨੀ, ਧੀਰ ਪੁਰਸ਼, ਭੋਗ ਲੀਲਾ ਖੇਡਦੇ ਹੋਏ ਦੀ, ਸੰਸਾਰ ਨੂੰ ਢੋਣ ਵਾਲੇ ਅਰਥਾਤ ਸੰਸਾਰ ਵਿੱਚ ਲਿਪਤ ਮੂਰਖਾਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ।

ਭਾਵਾਰਥ:- ਆਤਮ ਗਿਆਨੀ ਜਾਣਦਾ ਹੈ ਕਿ *"ਸੁਪਨ ਜੀ ਸੰਸਾਰੁ॥ ਮਿਥਨੀ ਬਿਸਥਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੯) ਸੰਸਾਰ ਇੱਕ ਸੁਪਨਾ ਹੈ ਅਤੇ ਸਾਰਾ ਵਿਸਤਾਰ ਮਿਥਿਆ ਹੈ। ਇਸ ਕਰਕੇ ਉਹ *"ਸਭ ਕੈ ਮਧਿ ਅਲਿਪਤੋ ਰਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸੰਸਾਰ ਵਿੱਚ ਸਭ ਤੋਂ ਨਿਰਲੇਪ ਰਹਿ ਕੇ ਵਿਚਰਦਾ ਹੈ। ਉਸ ਲਈ *"ਆਵਨ ਜਾਨੁ ਇਕੁ ਖੇਲੁ ਬਨਾਇਆ॥"* (ਅੰਗ ੨੯੪)

ਸੰਸਾਰ ਵਿੱਚ ਆਉਣਾ ਜਾਂ ਸੰਸਾਰ 'ਚੋਂ ਜਾਣਾ ਇੱਕ ਨਾਟਕ/ਲੀਲਾ ਤੋਂ ਵੱਧ ਕੁਝ ਨਹੀਂ। ਜਿਵੇਂ ਨਾਟਕ ਵਿੱਚ ਘਟਣ ਵਾਲੀਆਂ ਘਟਨਾਵਾਂ ਦਾ ਕਲਾਕਾਰ ਦੇ ਅਸਲ ਜੀਵਨ ਉੱਤੇ ਕੋਈ ਅਸਰ ਨਹੀਂ ਪੈਂਦਾ, ਉਸੇ ਤਰ੍ਹਾਂ ਸੁਖ, ਦੁੱਖ, ਮਾਨ, ਅਪਮਾਨ ਆਦਿ, ਜਿਹੜੇ ਸਰੀਰ ਦੇ ਧਰਮ ਹਨ, ਗਿਆਨੀ ਨੂੰ ਛੂਹ ਨਹੀਂ ਸਕਦੇ। ***"ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥ ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ:੯; ਅੰਗ ੧੪੨੭) ਇਸ ਤਰ੍ਹਾਂ ਦਾ ਗਿਆਨੀ ਤਾਂ ਭਗਵਾਨ ਦੀ ਮੂਰਤ ਹੈ ਜਿਸ ਕਰਕੇ ਉਸ ਨੂੰ ਸੰਸਾਰੀ ਲੋਕਾਂ ਵਾਂਗ ਤੋਲਣਾ ਠੀਕ ਨਹੀਂ।

यत्पदं प्रेप्सवो दीनाः शक्राद्याः सर्वदेवताः।
अहो तत्र स्थितो योगी न हर्षमुपगच्छति।।२।।

ਯਤ੍ਪਦੰ ਪ੍ਰੇਪ੍ਸਵੋ ਦੀਨਾ: ਸ਼ਕ੍ਰਾਦਿਆ: ਸਰਵਦੇਵਤਾ:।
ਅਹੋ ਤਤ੍ਰ ਸ੍ਥਿਤੋ ਯੋਗੀ ਨ ਹਰਸ਼ਮੁਪਗੱਛਤਿ॥੨॥

ਸ਼ਬਦਾਰਥ:- ਯਤ੍ ਪਦੰ ਪ੍ਰੇਪ੍ਸਵ: = ਜਿਸ ਪਦ ਦੀ ਇੱਛਾ ਕਰਦੇ ਹੋਏ। ਦੀਨਾ: = ਦੀਨ ਹੋਏ ਹੋਏ। ਸ਼ਕ੍ਰ ਆਦਿਆ: ਸਰਵ ਦੇਵਤਾ: = ਇੰਦ੍ਰ ਆਦਿ ਸਾਰੇ ਦੇਵਤੇ। ਅਹੋ = ਅਸਚਰਜ ਹੈ। ਤਤ੍ਰ ਸ੍ਥਿਤ: ਯੋਗੀ = ਉੱਥੇ ਸਥਿਤ ਯੋਗੀ। ਨ ਹਰਸ਼ਮ੍ ਉਪਗੱਛਤਿ = ਨਹੀਂ ਹਰਖ ਨੂੰ ਪ੍ਰਾਪਤ ਹੁੰਦਾ।

ਸ਼ਲੋਕਾਰਥ:- ਜਿਸ ਪਦ ਦੀ ਇੱਛਾ ਕਰਦੇ ਹੋਏ, ਇੰਦ੍ਰ ਆਦਿ ਸਾਰੇ ਦੇਵਤੇ ਦੀਨ ਹੋਏ ਹੋਏ ਹਨ, ਹੈਰਾਨੀ ਵਾਲੀ ਗੱਲ ਹੈ ਕਿ ਉਸ ਪਦ ਉੱਤੇ ਸਥਿਤ ਯੋਗੀ (ਵਿਸ਼ੇਸ਼) ਹਰਸ਼ ਨੂੰ ਪ੍ਰਾਪਤ ਨਹੀਂ ਹੁੰਦਾ।

ਭਾਵਾਰਥ:- ਜਿਸ ਉੱਚੇ ਪਦ ਦੀ ਪ੍ਰਾਪਤੀ ਲਈ ਇੰਦ੍ਰ ਆਦਿ ਦੇਵਤੇ ਲਲਚਾਏ ਰਹਿੰਦੇ ਹਨ, ਉਹ ਪਦ ਯੋਗੀ ਨੂੰ ਕੋਈ ਵਿਸ਼ੇਸ਼ ਪ੍ਰਸੰਨਤਾ ਨਹੀਂ ਦੇਂਦਾ ਕਿਉਂਕਿ ***"ਆਤਮੁ ਚੀਨਿ ਪਰਮ ਪਦੁ ਪਾਇਆ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੪; ਅੰਗ ੧੦੭੦) ਆਤਮ ਗਿਆਨੀ ਪਰਮ ਪਦ ਵਿੱਚ ਟਿਕਿਆ ਹੁੰਦਾ ਹੈ ਜਿਸ ਤੋਂ ਉੱਚਾ ਕੋਈ ਪਦ ਹੋ ਹੀ ਨਹੀਂ ਸਕਦਾ। ਇਹ ਪਦ ਵੀ ਉਸ ਦੀ ਸਹਿਜ ਸਥਿਤੀ ਹੈ ਜਿਸ ਕਰਕੇ ਉਹ ਆਪਣੀ ਸਮ ਅਵਸਥਾ ਤੋਂ ਨਹੀਂ ਡੋਲਦਾ।

तज्ज्ञस्य पुण्यपापाभ्यां स्पर्शो ह्यन्तर्न जायते।
न ह्याकाशस्य धूमेन दृश्यमानाऽपि संगतिः।।३।।

ਤਜ੍ਗਿਅਸਿਅ ਪੁਣਿਯਪਾਪਾਭਿਆਂ ਸ੍ਪਰਸ਼ੋ ਹਿਅੰਤਰਨ ਜਾਯਤੇ।
ਨ ਹਿਆਕਾਸ਼ਸਿਅ ਧੂਮੇਨ ਦ੍ਰਿਸ਼ਿਅਮਾਨਾऽਪਿ ਸੰਗਤਿ:॥੩॥

ਸ਼ਬਦਾਰਥ:- ਤਤ੍ ਗਿਅਸਿਅ = ਉਹੋ (ਪਦ) ਜਾਣਨ ਵਾਲੇ ਦਾ। ਪੁਣਿਅ-ਪਾਪਾਭਿਆਂ = ਪੁੰਨ ਪਾਪਾਂ ਦਾ। ਸ੍ਪਰਸ਼: ਹਿ ਅੰਤ: ਨ ਜਾਯਤੇ = ਸਪਰਸ਼ ਨਿਸ਼ਚੇ

ਹੀ ਅੰਤਰ-ਮਨ ਨਾਲ ਨਹੀਂ ਹੁੰਦਾ। ਨ ਹਿ ਆਕਾਸ਼ਸਿਅ ਧੂਮੇਨ = ਨਾ ਹੀ ਆਕਾਸ਼ ਦਾ ਧੂੰਏਂ ਨਾਲ। ਦ੍ਰਿਸ਼ਿਅਮਾਨਾ ਅਪਿ ਸੰਗਤਿ: = ਦਿੱਸਦਾ ਹੋਇਆ ਵੀ ਸੰਬੰਧ।

ਸ਼ਲੋਕਾਰਥ:- ਉਸ ਪਦ ਨੂੰ ਜਾਣਨ ਵਾਲੇ ਦੇ ਅੰਤਰ-ਮਨ ਦਾ ਪੁੰਨਾਂ-ਪਾਪਾਂ ਨਾਲ ਸਪਰਸ਼ ਨਹੀਂ ਹੁੰਦਾ (ਜਿਵੇਂ) ਦਿੱਸਦਾ ਹੋਇਆ ਵੀ ਧੂੰਏਂ ਦਾ ਆਕਾਸ਼ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਭਾਵਾਰਥ:- *"ਪਾਪ ਪੁੰਨ ਵਰਤੈ ਸੰਸਾਰਾ॥"* (**ਸ੍ਰੀ ਗੁਰੂ ਗ੍ਰੰਥ ਸਾਹਿਬ,** ਮਾਰੂ ਮ: ੩; **ਅੰਗ ੧੦੫੨**) ਸੰਸਾਰ ਦਾ ਵਿਅਕਤੀ ਕਰਮ ਕਰਦਾ ਹੈ ਅਤੇ ਉਸ ਦਾ ਫਲ ਪਾਪ ਜਾਂ ਪੁੰਨ ਭੁਗਤਦਾ ਹੈ ਕਿਉਂਕਿ ਉਹ ***"ਪਾਪ ਪੁੰਨ ਕੀ ਸਾਰ ਨ ਜਾਣੈ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੨੯**) ਪਾਪ-ਪੁੰਨ ਦੀ ਪ੍ਰਕਿਰਤੀ ਨੂੰ ਨਹੀਂ ਜਾਣਦਾ। ਪਰਮ ਪਦ ਉੱਤੇ ਪਹੁੰਚਿਆ ਹੋਇਆ ਆਤਮ ਗਿਆਨੀ ਸੰਸਾਰ ਵਿੱਚ ਕਰਮ ਕਰਦਾ ਹੋਇਆ ਦਿੱਸਦਾ ਹੈ ਜੋ ਪੁੰਨ-ਪਾਪ ਦੀ ਪਰਿਭਾਸ਼ਾ ਵਿੱਚ ਆਉਂਦੇ ਹਨ ਪਰ *"ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥"* (**ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮**) ਉਸ ਨੂੰ ਪਾਪ ਜਾਂ ਪੁੰਨ ਦਾ ਲੇਪ ਨਹੀਂ ਲੱਗਦਾ ਕਿਉਂਕਿ ਉਹ ***"ਕਰਮ ਕਰਤ ਹੋਵੈ ਨਿਹਕਰਮ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪**) ਕਰਮ ਇਸ ਭਾਵ ਨਾਲ ਕਰਦਾ ਹੈ ਕਿ ਉਹ ਨਿਸ਼ਕਰਮ ਬਣ ਜਾਂਦਾ ਹੈ। ਇਸੇ ਕਰਕੇ ਜਨਕ ਜੀ ਕਹਿੰਦੇ ਹਨ ਕਿ ਆਤਮ ਗਿਆਨੀ ਕਰਮ ਕਰਦਾ ਹੋਇਆ ਦਿੱਸਦਾ ਹੈ ਪਰ ਉਨ੍ਹਾਂ ਤੋਂ ਹੋਣ ਵਾਲੇ ਪਾਪ-ਪੁੰਨ ਨਾਲ ਉਸ ਦਾ ਕੋਈ ਸੰਬੰਧ ਨਹੀਂ ਹੁੰਦਾ ਜਿਵੇਂ ਆਕਾਸ਼ ਵਿੱਚ ਧੂੰਆਂ ਦਿੱਸਦਾ ਤਾਂ ਹੈ ਪਰ ਉਸ ਦਾ ਆਕਾਸ਼ ਨਾਲ ਕੋਈ ਸੰਬੰਧ ਨਹੀਂ ਹੁੰਦਾ।

आत्मैवेदं जगत्सर्वं ज्ञातं येन महात्मना।
यदृच्छया वर्तमानं तं निषेद्धुं क्षमेत कः॥४॥

ਆਤ੍ਮੈਵੇਦੰ ਜਗਤ੍ਸਰਵੰ ਗਿਆਤੰ ਯੇਨ ਮਹਾਤ੍ਮਨਾ।
ਯਦ੍ਰਿੱਛਯਾ ਵਰਤਮਾਨੰ ਤੰ ਨਿਸ਼ੇਦ੍ਧੁੰ ਕ੍ਸ਼ਮੇਤ ਕ:॥੪॥

ਸ਼ਬਦਾਰਥ:- ਆਤ੍ਮਾ ਏਵ ਇਦੰ ਜਗਤ੍ ਸਰਵੰ = ਆਤਮਾ ਹੀ (ਹੈ) ਇਹ ਜਗਤ ਸਾਰਾ। ਗਿਆਤੰ ਯੇਨ ਮਹਾਤ੍ਮਨਾ = ਜਾਣਿਆ ਗਿਆ ਹੈ ਜਿਸ ਮਹਾਤਮਾ ਦੁਆਰਾ। ਯਦ੍ਰਿੱਛਯਾ ਵਰਤਮਾਨਾ ਤੰ = ਇੱਛਾ ਅਨੁਸਾਰ ਵਰਤਦੇ ਹੋਏ ਉਸ ਨੂੰ। ਨਿਸ਼ੇਦ੍ਧੁੰ ਕ੍ਸ਼ਮੇਤ ਕ: = ਰੋਕਣ ਵਿੱਚ ਸਮਰੱਥ ਕੌਣ।

ਸ਼ਲੋਕਾਰਥ:- ਜਿਸ ਮਹਾਤਮਾ ਨੇ ਇਹ ਜਾਣ ਲਿਆ ਹੈ ਕਿ ਇਹ ਸਾਰਾ ਜਗਤ ਆਤਮਾ/ਸਵੈ ਹੀ ਹੈ, ਉਸ ਨੂੰ ਇੱਛਾ ਅਨੁਸਾਰ ਵਰਤਣ ਤੋਂ ਰੋਕਣ ਵਿੱਚ ਸਮਰੱਥ ਕੌਣ? ਭਾਵ ਕੋਈ ਨਹੀਂ।

ਭਾਵਾਰਥ:- ਆਤਮ ਗਿਆਨੀ ਜਾਣਦਾ ਹੈ ਕਿ ***"ਆਤਮ ਰਾਮੁ ਸੰਸਾਰਾ॥"*** (**ਸ੍ਰੀ ਗੁਰੂ**

ਗ੍ਰੰਥ ਸਾਹਿ, ਸੂਹੀ ਮ: ੧; ਅੰਗ ੭੬੪) ਇਹ ਸਾਰਾ ਜਗਤ ਉਸ ਦਾ ਸਵੈ ਹੀ ਹੈ। ਉਹ ਸੰਸਾਰੀ ਵਿਧੀ-ਨਿਖੇਧ ਦੇ ਨਿਯਮਾਂ ਤੋਂ ਉੱਪਰ ਉੱਠਿਆ ਹੁੰਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਆਚਰਨ ਹੀਣ ਹੋ ਜਾਂਦਾ ਹੈ ਕਿਉਂਕਿ *"ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਉਸ ਦੇ ਹੱਥੋਂ ਕੁਝ ਬੁਰਾ ਹੋ ਹੀ ਨਹੀਂ ਸਕਦਾ। ਸੰਸਾਰ ਦੇ ਧੰਧਿਆਂ ਤੋਂ ਉਹ ਬੇਲਾਗ ਰਹਿੰਦਾ ਹੈ ਅਤੇ ਉਸ ਦੇ ਹੱਥੋਂ *"ਸਹਜ ਸੁਭਾਇ ਹੋਵੈ ਸੋ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੨) ਜੋ ਹੁੰਦਾ ਹੈ ਉਹ ਆਪਣੇ ਆਪ ਸਹਿਜ ਸੁਭਾਏ ਹੀ ਹੁੰਦਾ ਹੈ, ਕਿਸੇ ਮਜਬੂਰੀ ਜਾਂ ਬੰਦਸ਼ ਕਾਰਨ ਨਹੀਂ।

आब्रह्मस्तम्बपर्यन्ते भूतग्रामे चतुर्विधे।
विज्ञस्यैव हि सामर्थ्यमिच्छानिच्छाविवर्जने॥५॥
ਆਬ੍ਰਹਮਸ੍ਤੰਬਪਰਯੰਤੇ ਭੂਤਗ੍ਰਾਮੇ ਚਤੁਰਿਵਧੇ।
ਵਿਗਿਅਸਿਐਵ ਹਿ ਸਾਮਰਥਿਅਮਿੱਛਾਨਿੱਛਾਵਿਵਰਜਨੇ॥੫॥

ਸ਼ਬਦਾਰਥ:- ਆਬ੍ਰਹਮ ਸ੍ਤੰਬ ਪਰਯੰਤੇ = ਬ੍ਰਹਮਾ ਤੋਂ ਲੈ ਕੇ ਘਾਹ ਦੇ ਗੁੱਛੇ ਤੱਕ। ਭੂਤਗ੍ਰਾਮੇ ਚਤੁਰਿਵਧੇ = ਚਾਰ ਤਰ੍ਹਾਂ ਦੇ ਜੀਵ ਸਮੂਹ ਵਿੱਚ। ਵਿਗਿਅਸਿਅ ਏਵ ਹਿ ਸਾਮਰਥਿਅੰ ਇੱਛਾ ਅਨਿੱਛਾ ਵਿਵਰਜਨੇ = ਗਿਆਨੀ ਦੀ ਹੀ ਸਮਰੱਥਾ ਹੈ ਇੱਛਾ-ਅਨਿੱਛਾ ਦੇ ਤਿਆਗ ਦੀ।

ਸ਼ਲੋਕਾਰਥ:- ਬ੍ਰਹਮਾ ਤੋਂ ਲੈ ਕੇ ਘਾਹ ਦੇ ਗੁੱਛੇ ਤੱਕ, ਚਾਰ ਤਰ੍ਹਾਂ ਦੇ ਜੀਵ ਸਮੂਹ ਵਿੱਚੋਂ ਕੇਵਲ ਗਿਆਨੀ ਵਿੱਚ ਹੀ ਇੱਛਾ-ਅਨਿੱਛਾ ਤਿਆਗਣ ਦੀ ਸਮਰੱਥਾ ਹੈ।

ਭਾਵਾਰਥ:- *"ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ॥"*(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੧੬) ਪਰਮਾਤਮਾ ਨੇ ਚਾਰ ਤਰ੍ਹਾਂ ਦੇ ਜੀਵ ਬਣਾਏ ਹਨ--ਅੰਡਜ ਅਰਥਾਤ ਅੰਡਿਆਂ ਤੋਂ ਪੈਦਾ ਹੋਣ ਵਾਲੇ ਪੰਛੀ ਆਦਿ; ਜੇਰਜ ਭਾਵ ਜੇਰ ਤੋਂ ਉਤਪੰਨ ਹੋਣ ਵਾਲੇ ਪਸ਼ੂ, ਮਨੁੱਖ ਆਦਿ; ਸੇਤਜ, ਗਰਮ ਭਾਫ ਜਾਂ ਪਸੀਨੇ ਤੋਂ ਪੈਦਾ ਹੋਣ ਵਾਲੇ ਜੂੰਆਂ ਆਦਿ ਅਤੇ ਉਤਭੁਜ, ਜ਼ਮੀਨ ਚੋਂ ਉੱਗਣ ਵਾਲੇ ਘਾਹ, ਬਿਰਖ ਆਦਿ। *"ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੪; ਅੰਗ ੭੩੫) ਸਾਰੇ ਸਰੀਰਾਂ ਵਿੱਚ ਮੋਹ ਮਾਇਆ ਨੂੰ ਪਾਇਆ ਹੋਇਆ ਹੈ ਜਿਸ ਕਰਕੇ ਉਨ੍ਹਾਂ ਦੀਆਂ ਇੱਛਾਵਾਂ ਬੇਅੰਤ ਹਨ। ਗਿਆਨੀ ਜਾਣਦਾ ਹੈ ਕਿ ਸੰਸਾਰ ਇੱਕ ਸੁਪਨਾ ਹੈ ਜਿਸ ਕਰਕੇ *"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮) ਸਾਰੇ ਸਰੀਰ, ਪਦਾਰਥ, ਰਿਸ਼ਤੇ-ਨਾਤੇ ਮਿਥਿਆ ਹਨ ਜਿਸ ਕਰਕੇ ਉਸ ਦੇ ਮਨ ਵਿੱਚ ਕਿਸੇ ਵਸਤੂ/ਵਿਅਕਤੀ ਲਈ ਰਾਗ ਜਾਂ ਵੈਰਾਗ ਨਹੀਂ ਹੁੰਦਾ। ਉਹ *"ਸਭ ਕੈ ਮਧਿ ਸਗਲ ਤੇ ਉਦਾਸ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫;

ਅੰਗ ੨੯੬) ਸਭ ਵਿੱਚ ਸਭ ਤੋਂ ਨਿਰਲੇਪ ਭਾਵ ਇੱਛਾ-ਅਨਿੱਛਾ ਰਹਿਤ ਰਹਿ ਕੇ ਵਿਚਰਦਾ ਹੈ।

आत्मानमद्वयं कश्चिज्जानाति जगदीश्वरम्।
यद्वेत्ति तत् स कुरुते न भयं तस्य कुत्रचित्॥६॥

ਆਤ੍ਮਾਨਮਦ੍ਵਯੰ ਕਸ਼੍ਚਿੱਜਾਨਾਤਿ ਜਗਦੀਸ਼੍ਵਰਮ੍।
ਯਦ੍ਵੇਤਿ ਤਤ੍ ਸ ਕੁਰੁਤੇ ਨ ਭਯੰ ਤਸਿਅ ਕੁਤ੍ਰਚਿਤ੍॥੬॥

ਸ਼ਬਦਾਰਥ:- ਆਤ੍ਮਾਨਮ੍ ਅਦਵਿਅੰ ਕਸ਼੍ਚਿਤ੍ ਜਾਨਾਤਿ ਜਗਦੀਸ਼੍ਵਰੰ = ਆਤਮਾ ਨੂੰ ਅਦਵੈਤ ਰੂਪ ਕੋਈ (ਵਿਰਲਾ) ਜਾਣਦਾ ਹੈ ਜਗਦੀਸ਼ਵਰ। ਯਤ੍ ਵੇਤਿ ਤਤ੍ = ਜੋ ਜਾਣਦਾ ਹੈ ਉਹ। ਸ: ਕੁਰੁਤੇ = ਉਹ (ਕਰਮ) ਕਰਦਾ ਹੈ। ਨ ਭਯੰ ਤਸਿਅ ਕੁਤ੍ਰਚਿਤ੍ = ਨਹੀਂ ਡਰ ਉਸਦਾ ਕਿਤੋਂ।

ਸ਼ਲੋਕਾਰਥ:- ਕੋਈ ਵਿਰਲਾ ਹੀ ਜਾਣਦਾ ਹੈ ਕਿ ਆਤਮਾ ਅਤੇ ਜਗਦੀਸ਼ ਦੋ ਨਹੀਂ। ਜੋ ਇਹ ਜਾਣਦਾ ਹੈ ਉਹ ਕਰਮ ਕਰਦਾ ਹੈ ਪਰ ਉਸ ਨੂੰ ਕਿਤੋਂ ਵੀ ਡਰ ਨਹੀਂ।

ਭਾਵਾਰਥ:- ਆਤਮ ਗਿਆਨੀ ਵਿਰਲੇ ਹਨ। ਗਿਆਨੀ ਜਾਣਦਾ ਹੈ ਕਿ *"ਆਤਮ ਰਾਮੁ ਰਾਮੁ ਹੈ ਆਤਮ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ ਪਰਮਾਤਮਾ ਹੈ ਅਤੇ ਪਰਮਾਤਮਾ ਆਤਮਾ ਹੈ। ਉਹ ਇਹ ਵੀ ਜਾਣਦਾ ਹੈ ਕਿ *"ਏਕੋ ਏਕੁ ਆਪਿ ਇਕੁ ਏਕੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੯) ਉਹ ਹੀ ਇੱਕ ਹੈ ਅਤੇ *"ਏਕਸ ਬਿਨੁ ਨਾਹੀ ਕੋ ਦੂਜਾ॥"*(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੫) ਇੱਕ ਤੋਂ ਬਿਨਾ ਹੋਰ ਦੂਜਾ ਕੋਈ ਹੈ ਹੀ ਨਹੀਂ। *"ਕਰਣੀ ਕਾਰ ਧੁਰਹੁ ਫੁਰਮਾਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੧; ਅੰਗ ੬੮੯) ਆਤਮ ਗਿਆਨੀ ਉਹ ਕਰਦਾ ਹੈ ਜੋ ਉਸ ਦੇ ਅੰਦਰੋਂ ਫੁਰਨਾ ਹੁੰਦਾ ਹੈ ਅਰਥਾਤ ਉਸ ਦੇ ਕਰਮ ਸਹਿਜ ਸੁਭਾਏ ਹੀ ਹੁੰਦੇ ਹਨ। ਇਸੇ ਕਰਕੇ ਉਹ ਡਰਦਾ ਨਹੀਂ ਕਿਉਂਕਿ *"ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਵਾਰ ਮ: ੪; ਅੰਗ ੩੦੮) ਡਰ ਤਾਂ ਲੱਗ ਸਕਦਾ ਹੈ ਜੇ ਆਪ ਕੁਝ ਕਰਨ ਲੱਗੀਏ ਪਰ ਉਸ ਕੋਲੋਂ ਜੋ ਹੁੰਦਾ ਹੈ, ਸਹਿਜ ਸੁਭਾਏ ਹੀ ਹੁੰਦਾ ਰਹਿੰਦਾ ਹੈ। ਵੈਸੇ ਵੀ ਡਰ ਦੂਜੇ ਤੋਂ ਲੱਗਦਾ ਹੈ ਪਰ ਜਦੋਂ ਉਸ ਅਨੁਸਾਰ ਦੂਜਾ ਕੋਈ ਹੈ ਹੀ ਨਹੀਂ ਤਦ ਡਰ ਦਾ ਪ੍ਰਸ਼ਨ ਨਹੀਂ ਉੱਠਦਾ।

◆◆◆

ਪੰਜਵਾਂ ਅਧਿਆਇ

ਆਤਮ ਸਰੂਪ ਵਿੱਚ ਸਥਿਤ ਹੋਣ ਦੇ ਚਾਰ ਤਰੀਕੇ।

ਇਸ ਅਧਿਆਇ ਵਿੱਚ ਅਸ਼ਟਾਵਕ੍ਰ, ਜਨਕ ਨੂੰ ਸਮਝਾਉਂਦੇ ਹਨ ਕਿ ਆਤਮ-ਸਰੂਪ ਵਿੱਚ ਸਥਿਤੀ ਹੀ ਬ੍ਰਹਮ ਵਿੱਚ ਲੀਨਤਾ ਹੈ। ਇਸ ਸਥਿਤੀ ਵਿੱਚ ਸਥਿਤ ਹੋਣ ਦੇ ਤਰੀਕੇ ਦੱਸਦੇ ਹਨ।

अष्टावक्र उवाच।

न ते संगोऽस्ति केनापि किं शुद्धस्त्यक्तुमिच्छसि।
संघातविलयं कुर्वन्नेवमेव लयं व्रज॥१॥

ਅਸ਼ਟਾਵਕ੍ਰ ਉਵਾਚ।

ਨ ਤੇ ਸੰਗੋ਽ਸ੍ਤਿ ਕੇਨਾਪਿ ਕਿੰ ਸ਼ੁੱਧਸ੍ਤਿਅਕ੍ਤੁਮਿੱਛਸਿ।
ਸੰਘਾਤਵਿਲਯੰ ਕੁਰਵੰਨੇਵਮੇਵ ਲਯੰ ਵ੍ਰਜ॥੧॥

***ਸ਼ਬਦਾਰਥ*:**- ਨ ਤੇ ਸੰਗ: ਅਸ੍ਤਿ ਕੇਨ ਅਪਿ = ਨਹੀਂ ਤੇਰਾ ਸੰਗ ਹੈ ਕਿਸੇ ਨਾਲ ਵੀ। ਕਿੰ ਸ਼ੁੱਧ: = ਕੀ ਸ਼ੁੱਧ ਸਰੂਪ (ਤੂੰ)। ਤਿਅਕ੍ਤੁਮ੍ ਇੱਛਸਿ = ਤਿਆਗਣਾ ਚਾਹੁੰਦਾ ਹੈਂ। ਸੰਘਾਤ ਵਿਲਯੰ ਕੁਰਵਨ੍ = ਦੇਹ-ਅਭਿਮਾਨ ਵਿਲੀਨ ਕਰਦਾ ਹੋਇਆ। ਏਵਮ੍ ਏਵ ਲਯੰ ਵ੍ਰਜ = ਇਸ ਤਰ੍ਹਾਂ ਹੀ ਲੈਅ ਦੀ ਸਥਿਤੀ ਪ੍ਰਾਪਤ ਕਰ।

***ਸ਼ਲੋਕਾਰਥ*:**- ਤੂੰ ਸ਼ੁੱਧ ਸਰੂਪ ਹੈਂ, ਤੇਰਾ ਕਿਸੇ ਨਾਲ ਸੰਗ ਨਹੀਂ, ਤਿਆਗਣਾ ਕੀ ਚਾਹੁੰਦਾ ਹੈਂ? ਦੇਹ-ਅਭਿਮਾਨ ਨੂੰ ਵਿਲੀਨ ਕਰਦਾ ਹੋਇਆ, ਇਸੇ ਤਰ੍ਹਾਂ ਲੈਅ ਦੀ ਸਥਿਤੀ ਵਿੱਚ ਹੋ ਜਾ।

ਭਾਵਾਰਥ*:**- ਤੂੰ ਸ਼ੁੱਧ ਚੇਤਨ ਸਰੂਪ ਹੈਂ ਕਿਉਂਕਿ ***"ਆਤਮ ਰਾਮੁ ਸਭ ਏਕੈ ਹੈ" (ਸ੍ਰੀ ਗੁਰੂ ਗ੍ਰੰਥ ਸਾਹਿਬ, ਕਲਿਆਨ ਮ: ੪; ਅੰਗ ੧੩੨੫) ਆਤਮਾ ਅਤੇ ਪਰਮਾਤਮਾ ਇੱਕ ਹੀ ਹਨ ਅਤੇ ***"ਪ੍ਰਭੁ ਮੇਰਾ ਸਦਾ ਨਿਰਮਲਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੫) ਪਰਮਾਤਮਾ ਸ਼ੁੱਧ ਚੇਤਨ ਸਰੂਪ ਹੈ। ਚੇਤਨ ਦਾ ਜੜ੍ਹ ਨਾਲ ਜੋੜ ਨਹੀਂ ਹੋ ਸਕਦਾ ਜਿਸ ਕਰਕੇ ਕਿਸੇ ਸੰਸਾਰੀ ਵਸਤੂ ਨਾਲ ਤੇਰਾ ਸੰਗ ਸੰਭਵ ਨਹੀਂ ਅਰਥਾਤ ਕੁਝ ਵੀ ਤੇਰਾ ਨਹੀਂ। ਤਿਆਗਿਆ ਉਹ ਹੀ ਜਾ ਸਕਦਾ ਹੈ ਜੋ ਆਪਣਾ ਹੈ ਪਰ ਤੇਰਾ ਤਾਂ ਕੁਝ ਵੀ ਨਹੀਂ। ਅਗਿਆਨੀ ***"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੯; ਅੰਗ ੧੨੩੧) ਝੂਠੀ ਦੇਹ ਨੂੰ ਸੱਚਾ ਮੰਨ ਕੇ ਉਸ ਨਾਲ ਬੱਝਾ ਰਹਿੰਦਾ ਹੈ। ਤੂੰ ਦੇਹ-ਅਭਿਮਾਨ ਨੂੰ ਛੱਡ ਕਿਉਂਕਿ ***"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ***

ਕੀ ਪੂਰਨ ਘਾਲੀਐ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯) ਜਿਹੜਾ ਦੇਹ ਵਿੱਚ ਰਹਿੰਦਾ ਹੋਇਆ ਵੀ ਦੇਹ-ਅਭਿਮਾਨ ਰਹਿਤ ਹੈ, ਉਸ ਨੂੰ ਕੁਝ ਕਰਨ ਦੀ ਲੋੜ ਨਹੀਂ, ਉਹ ਮੁਕਤ ਹੀ ਹੈ। ਇਸ ਤਰ੍ਹਾਂ ਲੈਅ ਦੀ ਸਥਿਤੀ ਅਰਥਾਤ ਮੁਕਤੀ ਪ੍ਰਾਪਤ ਕਰ।

उदेति भवतो विश्वं वारिधेरिव बुद्बुदः।
इति ज्ञात्वैकमात्मानमेवमेव लयं व्रज॥२॥

ਉਦੇਤਿ ਭਵਤੋ ਵਿਸ਼੍ਵੰ ਵਾਰਿਧੇਰਿਵ ਬੁਦਬੁਦ:।
ਇਤਿ ਗਿਆਤ੍ਵੈਕਮਾਤ੍ਮਾਨਮੇਵਮੇਵ ਲਯੰ ਵ੍ਰਜ॥੨॥

ਸ਼ਬਦਾਰਥ:- ਉਦੇਤਿ = ਉਦੈ (ਪੈਦਾ) ਹੁੰਦਾ ਹੈ। ਭਵਤ: = ਤੇਰੇ ਤੋਂ। ਵਿਸ਼੍ਵੰ = ਸੰਸਾਰ। ਵਾਰਿਧੇ: ਇਵ ਬੁਦਬੁਦ: = ਸਮੁੰਦਰ ਵਿੱਚੋਂ ਜਿਵੇਂ ਬੁਲਬੁਲਾ। ਇਤਿ ਗਿਆਤ੍ਵਾ ਏਕੰ ਆਤ੍ਮਾਨਮ੍ = ਇਸ ਤਰ੍ਹਾਂ ਜਾਣ ਕੇ ਇੱਕ ਆਤਮਾ ਨੂੰ। ਏਵੰ ਏਵ ਲਯੰ ਵ੍ਰਜ = ਇਸ ਤਰ੍ਹਾਂ ਹੀ ਮੁਕਤ ਹੋ।

ਸ਼ਲੋਕਾਰਥ:- ਸੰਸਾਰ ਤੇਰੇ ਤੋਂ ਹੀ ਪੈਦਾ ਹੁੰਦਾ ਹੈ ਜਿਵੇਂ ਸਮੁੰਦਰ ਵਿੱਚੋਂ ਬੁਲਬੁਲਾ। ਇਸ ਤਰ੍ਹਾਂ ਹੀ ਆਤਮਾ ਨੂੰ ਇੱਕ ਜਾਣ ਕੇ ਸ਼ਾਂਤ ਰਹੁ।

ਭਾਵਾਰਥ:- ਸੰਸਾਰ ਤੇਰੇ ਵਿੱਚੋਂ ਹੀ ਪੈਦਾ ਹੁੰਦਾ ਹੈ ਕਿਉਂਕਿ "*ਇਹੁ ਸੰਸਾਰੁ ਸਗਲ ਹੈ ਸੁਪਨੋ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਇਹ ਇੱਕ ਸੁਪਨਾ ਹੀ ਹੈ। ਸੁਪਨਾ ਤੇਰੇ ਅੰਦਰੋਂ ਹੀ ਪੈਦਾ ਹੋ ਕੇ ਤੇਰੇ ਵਿੱਚ ਹੀ ਲੀਨ ਹੋ ਜਾਂਦਾ ਹੈ ਜਿਵੇਂ ਪਾਣੀ ਦਾ ਬੁਲਬੁਲਾ, ਸਮੁੰਦਰ ਵਿੱਚੋਂ ਹੀ ਪੈਦਾ ਹੋ ਕੇ ਉਸੇ ਵਿੱਚ ਸਮਾਅ ਜਾਂਦਾ ਹੈ। ਆਪਣੇ ਆਪ ਨੂੰ ਇਸ ਤਰ੍ਹਾਂ ਇੱਕ ਆਤਮਾ ਪਛਾਣ ਕੇ ਨਿਰਮਲ ਮਹਿਸੂਸ ਕਰ ਕਿਉਂਕਿ "*ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੪੬) ਅਤੇ "*ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੭) ਆਪਣੇ ਆਪ ਨੂੰ ਜਾਣਨ ਨਾਲ ਆਤਮ-ਪ੍ਰਕਾਸ਼ ਪਰਮਾਤਮ-ਪ੍ਰਕਾਸ਼ ਵਿੱਚ ਵਿਲੀਨ ਹੋ ਜਾਂਦਾ ਹੈ।

प्रत्यक्षमप्यवस्तुत्वाद्विश्वं नास्त्यमले त्वयि।
रज्जुसर्प इव व्यक्तमेवमेव लयं व्रज॥३॥

ਪ੍ਰਤਿਅਕ੍ਸ਼ਮਪਿਅਵਸ੍ਤੁਤ੍ਵਾਦ੍ਵਿਸ਼੍ਵੰ ਨਾਸ੍ਤਿਅਮਲੇ ਤ੍ਵਯਿ।
ਰੱਜੁਸਰਪ ਇਵ ਵਿਅਕ੍ਤਮੇਵਮੇਵ ਲਯੰ ਵ੍ਰਜ॥੩॥

ਸ਼ਬਦਾਰਥ:- ਪ੍ਰਤਿਅਕ੍ਸ਼ਮ੍ ਅਪਿ = ਪ੍ਰਤੱਖ ਵੀ। ਅਵਸ੍ਤੁਤ੍ਵਾਤ੍ = ਅ-ਵਾਸਤਵਿਕ ਹੋਣ ਕਰ ਕੇ। ਵਿਸ਼੍ਵੰ = ਸੰਸਾਰ। ਨ ਅਸ੍ਤਿ = ਨਹੀਂ ਹੈ। ਅਮਲੇ = ਮਲ ਰਹਿਤ। ਤ੍ਵਯਿ = ਤੇਰੇ ਵਿੱਚ। ਰੱਜੁ-ਸਰਪ ਇਵ ਵਿਅਕ੍ਤਮ੍ = ਰੱਸੀ ਵਿੱਚ ਸੱਪ ਦਿੱਸਣ ਵਾਂਗ। ਏਵੰ ਏਵ ਲਯੰ ਵ੍ਰਜ = ਇਸ ਤਰ੍ਹਾਂ ਲੈਅ ਹੋ ਜਾਣ ਦੀ ਸਥਿਤੀ ਪ੍ਰਾਪਤ ਕਰ।

ਸ਼ਲੋਕਾਰਥ:- ਸੰਸਾਰ, ਦਿੱਸਦਾ ਹੋਇਆ ਵੀ, ਵਾਸਤਵਿਕ ਨਾ ਹੋਣ ਕਰ ਕੇ, ਰੱਸੀ ਵਿੱਚ ਦਿੱਸਣ ਵਾਲੇ ਸੱਪ ਵਾਂਗ, ਤੁਝ ਨਿਰਮਲ ਵਿੱਚ ਨਹੀਂ ਹੈ। ਇਸ ਗਿਆਨ ਨਾਲ ਹੀ ਸ਼ਾਂਤੀ ਪ੍ਰਾਪਤ ਕਰ।

ਭਾਵਾਰਥ:- ਦਿੱਸਦਾ ਹੋਇਆ ਸੰਸਾਰ ਅਸਲ ਵਿੱਚ ਹੈ ਹੀ ਨਹੀਂ ਕਿਉਂਕਿ ***"ਦ੍ਰਿਸਟਿਮਾਨ ਹੈ ਸਗਲ ਮਿਥੇਨਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੩)** ਜੋ ਵੀ ਦਿੱਸਦਾ ਹੈ ਉਹ ਸਭ ਮਿਥਿਆ ਹੈ ਭਾਵ ਅਸਲ ਵਿੱਚ ਉਸ ਦੀ ਹੋਂਦ ਹੈ ਹੀ ਨਹੀਂ। ਜਿਵੇਂ ਰੱਸੀ ਵਿੱਚ ਦਿੱਸਣ ਵਾਲਾ ਸੱਪ ਦਰ-ਅਸਲ ਰੱਸੀ ਵਿੱਚ ਨਹੀਂ ਹੁੰਦਾ, ਉਸੇ ਤਰ੍ਹਾਂ ਇਹ ਪ੍ਰਤੱਖ ਸੰਸਾਰ ਤੇਰੇ ਵਿੱਚ ਨਹੀਂ ਕਿਉਂਕਿ ਤੂੰ ਸ਼ੁੱਧ-ਚੇਤਨ-ਸਰੂਪ ਹੈਂ ਜਿਸ ਵਿੱਚ ਜੜ੍ਹ ਸੰਸਾਰ ਦੀ ਹੋਂਦ ਸੰਭਵ ਨਹੀਂ। ਇਸ ਚਿੰਤਨ ਨਾਲ ਸੰਸਾਰ ਵਿਲੀਨ ਹੋ ਜਾਂਦਾ ਹੈ ਅਤੇ ਤੂੰ ਆਪਣੇ ਆਪ ਨੂੰ ਮੁਕਤ ਮਹਿਸੂਸ ਕਰ।

समदुःखसुखः पूर्ण आशानैराश्ययोः समः।
समजीवितमृत्युः सन्नेवमेव लयं व्रज॥४॥

ਸਮਦੁ:ਖਸੁਖ: ਪੂਰਣ ਆਸ਼ਾਨੈਰਾਸ਼੍ਯਯੋ: ਸਮ:।
ਸਮਜੀਵਿਤਮ੍ਰਿਤਿਉ: ਸੰਨੇਵਮੇਵ ਲਯੰ ਵ੍ਰਜ॥੪॥

ਸ਼ਬਦਾਰਥ:- ਸਮ-ਦੁ:ਖ-ਸੁਖ: = ਸੁਖ ਦੁੱਖ ਵਿੱਚ ਸਮ। ਪੂਰਣ = ਪੂਰਨ, ਜਿਸ ਦੀ ਕੋਈ ਇੱਛਾ ਬਚੀ ਹੋਈ ਨਹੀਂ। ਆਸ਼ਾ-ਨੈਰਾਸ਼੍ਯਯੋ: ਸਮ: = ਆਸ ਨਿਰਾਸ ਵਿੱਚ ਸਮ। ਸਮ-ਜੀਵਿਤ-ਮ੍ਰਿਤਿਉ: ਸਨ੍ = ਜਿਊਣ ਮਰਨ ਵਿੱਚ ਸਮ ਰਹਿੰਦਾ ਹੋਇਆ। ਏਵੰ ਏਵ ਲਯੰ ਵ੍ਰਜ = ਇਸ ਤਰ੍ਹਾਂ ਆਤਮ-ਸਰੂਪ ਵਿੱਚ ਸਥਿਤ ਹੋ ਜਾ।

ਸ਼ਲੋਕਾਰਥ:- ਦੁੱਖ ਸੁਖ ਵਿੱਚ ਸਮ ਰਹਿ ਕੇ, ਪੂਰਨ ਹੋ ਕੇ, ਆਸ ਨਿਰਾਸ ਵਿੱਚ ਅਤੇ ਜੀਵਨ ਮ੍ਰਿਤੂ ਵਿੱਚ ਸਮ ਰਹਿੰਦਾ ਹੋਇਆ, ਆਤਮ-ਸਰੂਪ ਵਿੱਚ ਸਥਿਤ ਹੋ ਜਾ।

ਭਾਵਾਰਥ:- ਅਧਿਆਇ ਦੇ ਅੰਤ ਵਿੱਚ ਅਸ਼ਟਾਵਕ੍ਰ ਆਤਮ-ਸਰੂਪ ਵਿੱਚ ਸਥਿਤ ਵਿਅਕਤੀ ਦੇ ਲੱਛਣ ਦੱਸਦੇ ਹਨ। ਉਹ ***"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯)** ਸੁਖ ਦੁੱਖ ਦੋਹਾਂ ਨੂੰ ਬਰਾਬਰ ਸਮਝਦਾ ਹੈ; ਉਹ ***"ਪੂਰਨ ਤ੍ਰਿਪਤਿ ਅਘਾਏ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੬)** ਪੂਰੀ ਤਰ੍ਹਾਂ ਤ੍ਰਿਪਤ ਹੁੰਦਾ ਹੈ, ਉਸ ਦੀ ਕੋਈ ਇੱਛਾ ਬਾਕੀ ਨਹੀਂ ਹੁੰਦੀ; ਉਹ ***"ਆਸ ਨਿਰਾਸ ਰਹੈ ਬੈਰਾਗੀ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੧; ਅੰਗ ੬੩੪)** ਨਾ ਕੋਈ ਆਸ ਰੱਖਦਾ ਹੈ ਨਾ ਕਦੇ ਨਿਰਾਸ ਹੁੰਦਾ ਹੈ; ਉਸ ਨੂੰ ***"ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੩੩)** ਜਿਊਣਾ ਮਰਨਾ ਬਰਾਬਰ ਲੱਗਦੇ ਹਨ, ਨਾ ਸੁਖ ਨਾ ਦੁੱਖ। ਅਸ਼ਟਾਵਕ੍ਰ ਦੱਸਦੇ ਹਨ ਕਿ ਇਨ੍ਹਾਂ ਲੱਛਣਾਂ ਵਾਲਾ ਬਣ ਕੇ ਆਤਮ ਸਰੂਪ ਵਿੱਚ ਸਥਿਤ ਹੋਇਆ ਜਾ ਸਕੀਦਾ ਹੈ। •••

[illegible]

[illegible]

[illegible]

[illegible]

[illegible]

ਮ: ੫; ਅੰਗ ੮੦੫) ਹੋਂਦ ਕੇਵਲ ਇੱਕ ਹੀ ਹੈ, ਆਤਮਾ। ਤਿਆਗਣ ਦਾ, ਪਕੜਣ ਦਾ ਜਾਂ ਵਿਲੀਨ ਕਰਨ ਦਾ ਪ੍ਰਸ਼ਨ ਤਦ ਉੱਠਦਾ ਹੈ ਜੇ ਕੋਈ ਦੂਜਾ ਜਾਂ ਦੂਜੀ ਵਸਤੂ ਹੋਵੇ। ਜਦੋਂ ਹੋਂਦ ਇੱਕ ਹੀ ਹੈ ਤਾਂ ਕਿਹੜੀ ਹੋਂਦ ਕੀ ਤਿਆਗੇ, ਗ੍ਰਹਿਣ ਕਰੇ ਜਾਂ ਲੈਅ ਕਰੇ? ਇਹ ਹੈ ਗਿਆਨ।

महोदधिरिवाहं स प्रपंचो वीचिसन्निभः।
इति ज्ञानं तथैतस्य न त्यागो न ग्रहो लयः॥२॥
ਮਹੋਦਧਿਰਿਵਾਹੰ ਸ ਪ੍ਰਪੰਚੋ ਵੀਚਿਸੰਨਿਭ:।
ਇਤਿ ਗਿਆਨੰ ਤਥੈਤਸਿਅ ਨ ਤਿਆਗੋ ਨ ਗ੍ਰਹੋ ਲਯ:॥੨॥

ਸ਼ਬਦਾਰਥ:- ਮਹੋਦਧਿ: ਇਵ ਅਹੰ = ਮਹਾਨ ਸਮੁੰਦਰ ਵਾਂਗ ਮੈਂ। ਸ: ਪ੍ਰਪੰਚ: = ਉਹ ਸੰਸਾਰ। ਵੀਚਿਸੰਨਿਭ: = ਤਰੰਗ ਸਮਾਨ। ਇਤਿ ਗਿਆਨੰ = ਇਹ ਗਿਆਨ ਹੈ। ਤਥਾ ਏਤਸਿਅ = ਇਸ ਕਰਕੇ ਇਸ ਦਾ। ਨ ਤਿਆਗ: ਨ ਗ੍ਰਹ: ਲਯ: = ਨਾ ਤਿਆਗ ਨਾ ਗ੍ਰਹਿਣ ਨਾ ਲੈਅ।

ਸ਼ਲੋਕਾਰਥ:- ਮੈਂ ਮਹਾਨ ਸਮੁੰਦਰ ਵਾਂਗ ਹਾਂ, ਇਹ ਸੰਸਾਰ ਤਰੰਗ ਸਮਾਨ ਹੈ, ਜਿਸ ਕਰਕੇ ਨਾ ਇਸ ਦਾ ਤਿਆਗ, ਨਾ ਗ੍ਰਹਿਣ ਨਾ ਲੈਅ। ਇਹ ਗਿਆਨ ਹੈ।

ਭਾਵਾਰਥ:- ਆਤਮਾ ਇੱਕ ਮਹਾਨ ਸਮੁੰਦਰ ਦੀ ਤਰ੍ਹਾਂ ਹੈ ਅਤੇ ਸੰਸਾਰ ਸਮੁੰਦਰ ਵਿੱਚ ਲਹਿਰ ਦੀ ਤਰ੍ਹਾਂ ਹੈ। ***"ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀ; ਅੰਗ ੪੮੫) ਲਹਿਰ ਅਤੇ ਪਾਣੀ ਦੇ ਬੁਲਬੁਲੇ ਪਾਣੀ ਤੋਂ ਵੱਖਰੇ ਨਹੀਂ ਭਾਵ ਪਾਣੀ ਹੀ ਹਨ। ਸੱਤਾ ਕੇਵਲ ਪਾਣੀ ਦੀ ਹੈ, ਲਹਿਰ ਦੀ ਕੋਈ ਆਪਣੀ ਸੱਤਾ ਨਹੀਂ। ਇਸੇ ਤਰ੍ਹਾਂ ਸੱਤਾ ਕੇਵਲ ਆਤਮਾ ਦੀ ਹੈ, ਸੰਸਾਰ ਦੀ ਕੋਈ ਸੱਤਾ ਹੈ ਹੀ ਨਹੀਂ ਜਿਸ ਕਰਕੇ ਉਸ ਦੇ ਤਿਆਗ ਦਾ ਜਾਂ ਗ੍ਰਹਿਣ ਦਾ ਜਾਂ ਲੈਅ ਦਾ ਪ੍ਰਸ਼ਨ ਨਹੀਂ ਪੈਦਾ ਹੁੰਦਾ। ਇਹ ਹੈ ਅਸਲ ਗਿਆਨ।

अहं सः शुक्तिसङ्काशो रूप्यवद्विश्वकल्पना।
इति ज्ञानं तथैतस्य न त्यागो न ग्रहो लयः॥३॥
ਅਹੰ ਸ: ਸ਼ੁਕ੍ਤਿਸੰਕਾਸ਼ੋ ਰੂਪਿਅਵਦ੍ਵਿਸ਼੍ਵਕਲ੍ਪਨਾ।
ਇਤਿ ਗਿਆਨੰ ਤਥੈਤਸਿਅ ਨ ਤਿਆਗੋ ਨ ਗ੍ਰਹੋ ਲਯ:॥੩॥

ਸ਼ਬਦਾਰਥ:- ਅਹੰ ਸ: ਸ਼ੁਕ੍ਤਿਸੰਕਾਸ਼: = ਮੈਂ ਉਸ ਸਿੱਪੀ ਦੀ ਤਰ੍ਹਾਂ। ਰੂਪਿਅਵਤ੍ਰ ਵਿਸ਼੍ਵ ਕਲ੍ਪਨਾ = ਚਾਂਦੀ ਵਾਂਗ ਸੰਸਾਰ ਦੀ ਕਲਪਨਾ। ਇਤਿ ਗਿਆਨੰ = ਇਹ ਗਿਆਨ ਹੈ। ਤਥਾ ਏਤਸਿਅ ਨ ਤਿਆਗ: ਨ ਗ੍ਰਹ: ਲਯ: = ਜਿਸ ਕਰਕੇ ਇਸ ਦਾ ਨਾ ਤਿਆਗ ਨਾ ਗ੍ਰਹਿਣ ਨਾ ਲੈਅ।

ਸ਼ਲੋਕਾਰਥ:- ਮੈਂ ਸਿੱਪੀ ਦੀ ਤਰ੍ਹਾਂ ਹਾਂ ਅਤੇ ਸੰਸਾਰ (ਸਿੱਪੀ ਵਿੱਚ) ਚਾਂਦੀ

ਵਾਂਗ ਇੱਕ ਕਲਪਨਾ ਹੈ ਜਿਸ ਕਰਕੇ ਇਸ ਦਾ ਨਾ ਤਿਆਗ ਹੈ ਨਾ ਗ੍ਰਹਿਣ ਨਾ ਲੈਅ। ਇਹ ਗਿਆਨ ਹੈ।

ਭਾਵਾਰਥ:- ਸਿੱਪੀ ਵਿੱਚ ਦਿੱਸਣ ਵਾਲੀ ਚਾਂਦੀ ਦੇ ਪਿੱਛੇ ਅਸਲੀਅਤ ਕੇਵਲ ਸਿੱਪੀ ਦੀ ਹੈ ਉਸੇ ਤਰ੍ਹਾਂ ਇਸ ਦਿੱਸਣ ਵਾਲੇ ਸੰਸਾਰ ਦੇ ਪਿੱਛੇ ਵਾਸਤਵਿਕਤਾ ਕੇਵਲ 'ਮੈਂ' ਹਾਂ। ਜੋ ਅਸਲ ਵਿੱਚ ਹੈ ਹੀ ਨਹੀਂ, ਉਸ ਦੇ ਤਿਆਗ ਜਾਂ ਗ੍ਰਹਿਣ ਜਾਂ ਲੈਅ ਹੋਣ ਦਾ ਕੋਈ ਅਰਥ ਨਹੀਂ। ਇਹ ਅਸਲ ਗਿਆਨ ਹੈ।

अहं वा सर्वभूतेषु सर्वभूतान्यथो मयि।
इति ज्ञानं तथैतस्य न त्यागो न ग्रहो लयः॥४॥
ਅਹੰ ਵਾ ਸਰਵਭੂਤੇਸ਼ੁ ਸਰਵਭੂਤਾਨਿਅਥੋ ਮਯਿ।
ਇਤਿ ਗਿਆਨੰ ਤਥੈਤਸਿਅ ਨ ਤਿਆਗੋ ਨ ਗ੍ਰਹੋ ਲਯ:॥੪॥

ਸ਼ਬਦਾਰਥ:- ਅਹੰ ਵਾ ਸਰਵ ਭੂਤੇਸ਼ੁ = ਮੈਂ ਨਿਸ਼ਚੇ ਹੀ ਸਾਰੇ ਪ੍ਰਾਣੀਆਂ ਵਿੱਚ। ਸਰਵ ਭੂਤਾਨਿ ਅਥੋ ਮਯਿ = ਅਤੇ ਸਾਰੇ ਪ੍ਰਾਣੀ ਮੇਰੇ ਵਿੱਚ। ਇਤਿ ਗਿਆਨੰ = ਇਹ ਗਿਆਨ ਹੈ। ਤਥਾ ਏਤਸਿਅ ਨ ਤਿਆਗ: ਨ ਗ੍ਰਹ: ਲਯ: = ਜਿਸ ਕਰਕੇ ਇਸ ਦਾ ਨਾ ਤਿਆਗ ਨਾ ਗ੍ਰਹਿਣ ਨਾ ਲੈਅ।

ਸ਼ਲੋਕਾਰਥ:- ਨਿਸ਼ਚੇ ਹੀ ਮੈਂ ਸਾਰੇ ਪ੍ਰਾਣੀਆਂ ਵਿੱਚ ਹਾਂ ਅਤੇ ਸਾਰੇ ਪ੍ਰਾਣੀ ਮੇਰੇ ਵਿੱਚ ਹਨ; ਇਹ ਗਿਆਨ ਹੈ; ਜਿਸ ਕਰਕੇ ਨਾ ਤਿਆਗ ਨਾ ਗ੍ਰਹਿਣ ਨਾ ਲੈਅ।

ਭਾਵਾਰਥ:- ***"ਆਤਮ ਰਾਮੁ ਰਵਿਆ ਸਭ ਅੰਤਰਿ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਆਤਮਾ ਅਰਥਾਤ ਮੈਂ ਸਭ ਵਿੱਚ ਹਾਂ ਅਤੇ ***"ਸਗਲ ਜਗਤੁ ਹੈ ਜੈਸੇ ਸੁਪਨਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੯; ਅੰਗ ੬੩੩) ਪੂਰਾ ਸੰਸਾਰ ਸੁਪਨੇ ਵਾਂਗ ਹੈ ਅਰਥਾਤ ਮੇਰੇ ਵਿੱਚ ਹੈ। ਏਸ ਪਰਿਸਥਿਤੀ ਵਿੱਚ ਤਿਆਗ ਜਾਂ ਲੈਅ ਜਾਂ ਗ੍ਰਹਿਣ ਦਾ ਪ੍ਰਸ਼ਨ ਹੀ ਨਹੀਂ ਉੱਠਦਾ ਕਿਉਂਕਿ ਸੱਤਾ ਕੇਵਲ ਇੱਕ ਆਤਮਾ ਦੀ ਹੀ ਹੈ।

◆◆◆

ਸੱਤਵਾਂ ਅਧਿਆਇ

ਆਤਮ ਸਾਖਿਆਤਕਾਰ ਦਾ ਸਵਰੂਪ।

जनक उवाच।

मय्यनन्तमहाम्भोधौ विश्वपोत इतस्ततः।
भ्रमति स्वान्तवातेन न ममास्त्यसहिष्णुता॥१॥

ਜਨਕ ਉਵਾਚ।

ਮੱਯਨੰਤਮਹਾਮ੍ਭੋਧੌ ਵਿਸ਼੍ਵਪੋਤ ਇਤਸ੍ਤਤ:।
ਭ੍ਰਮਤਿ ਸ੍ਵਾਂਤਵਾਤੇਨ ਨ ਮਮਾਸ੍ਤਿਅਸਹਿਸ਼੍ਣੁਤਾ॥੧॥

ਸ਼ਬਦਾਰਥ:- ਮਯਿ ਅਨੰਤ ਮਹਾਂ ਭੋਧੌ = ਮੁਝ ਅਨੰਤ ਮਹਾਂ ਸਾਗਰ ਵਿੱਚ। ਵਿਸ਼੍ਵ-ਪੋਤ: = ਸੰਸਾਰ ਰੂਪੀ ਕਿਸ਼ਤੀ। ਇਤ: ਤਤ: = ਏਧਰ ਓਧਰ। ਭ੍ਰਮਤਿ = ਘੁੰਮਦੀ ਹੈ। ਸ੍ਵਾਂਤ ਵਾਤੇਨ = ਆਪਣੀ (ਸੁਭਾਅ ਰੂਪੀ) ਹਵਾ ਨਾਲ। ਨ ਮਮ ਅਸ੍ਤਿ ਅਸਹਿਸ਼੍ਣੁਤਾ = ਮੇਰੇ ਲਈ ਅਸਹਿਨਸ਼ੀਲ ਨਹੀਂ ਹੈ ਅਰਥਾਤ ਮੇਰੇ ਉੱਤੇ ਉਸ ਦਾ ਕੋਈ ਅਸਰ ਨਹੀਂ ਹੁੰਦਾ।

ਸ਼ਲੋਕਾਰਥ:- ਮੁਝ ਅਨੰਤ ਮਹਾਂ ਸਾਗਰ ਵਿੱਚ ਵਿਸ਼ਵ ਰੂਪ ਕਿਸ਼ਤੀ ਆਪਣੇ ਸੁਭਾਅ ਰੂਪੀ ਹਵਾ ਨਾਲ ਏਧਰ ਓਧਰ ਘੁੰਮਦੀ ਹੈ ਪਰੰਤੂ ਮੇਰੇ ਉੱਤੇ ਉਸ ਦਾ ਕੋਈ ਅਸਰ ਨਹੀਂ ਪੈਂਦਾ।

ਭਾਵਾਰਥ:- ***"ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੫੭) ਸੰਸਾਰ, ਜਲ ਉੱਤੇ ਝੱਗ ਦੇ ਬੁਲਬੁਲੇ ਵਾਂਗ ਹੈ ਜੋ ਹਵਾ ਨਾਲ ਏਧਰ ਓਧਰ ਹੁੰਦਾ ਰਹਿੰਦਾ ਹੈ ਪਰ ਜਲ ਉੱਤੇ ਉਸ ਦਾ ਕੋਈ ਪ੍ਰਭਾਵ ਨਹੀਂ ਹੁੰਦਾ। ਉਸੇ ਤਰ੍ਹਾਂ ਮੁਝ ਮਹਾਂ ਸਾਗਰ ਵਿੱਚ ਸੰਸਾਰ ਰੂਪੀ ਕਿਸ਼ਤੀ ਸੁਭਾਅ ਰੂਪੀ ਹਵਾ ਨਾਲ ਏਧਰ ਓਧਰ ਡੋਲਦੀ ਰਹਿੰਦੀ ਹੈ ਅਰਥਾਤ ਸੰਸਾਰ ਹਰ ਪਲ ਬਦਲਦਾ ਰਹਿੰਦਾ ਹੈ ਪਰ ***"ਆਤਮਾ ਅਡੋਲੁ ਨ ਡੋਲਈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੪; ਅੰਗ ੮੭) ਆਤਮਾ ਅਡੋਲ ਰਹਿੰਦੀ ਹੈ ਭਾਵ ਸਵੈ ਉੱਤੇ ਉਸ ਦਾ ਕੋਈ ਅਸਰ ਨਹੀਂ ਹੁੰਦਾ।

मय्यनन्तमहाम्भोधौ जगद्वीचिः स्वभावतः।
उदेतु वास्तमायातु न मे वृद्धिर्न च क्षतिः॥२॥

ਮੱਯਨੰਤਮਹਾਂਭੋਧੌ ਜਗਦ੍ਵੀਚਿ: ਸ੍ਵਭਾਵਤ:।
ਉਦੇਤੁ ਵਾਸ੍ਤਮਾਯਾਤੁ ਨ ਮੇ ਵ੍ਰਿੱਧਿਰਨ ਚ ਕ੍ਸ਼ਤਿ:॥੨॥

ਸ਼ਬਦਾਰਥ:- ਮਯਿ ਅਨੰਤ ਮਹਾਂ ਭੋਧੌ = ਮੁਝ ਅਨੰਤ ਮਹਾਂ ਸਾਗਰ ਵਿੱਚ। ਜਗਤ੍ ਵੀਚਿ: = ਜਗਤ ਰੂਪੀ ਲਹਿਰ। ਸ੍ਵਭਾਵਤ: ਉਦੇਤੁ ਵਾ ਅਸ੍ਤਮ੍ ਆਯਾਤੁ = ਸੁਭਾਅ ਅਨੁਸਾਰ ਉਦੈ ਜਾਂ ਅਸਤ ਹੁੰਦੀ ਹੈ। ਨ ਮੇ ਵ੍ਰਿੱਧਿ: ਨ ਚ ਕ੍ਸ਼ਤਿ: = ਨਾ ਮੇਰੇ ਵਿੱਚ ਵਾਧਾ ਹੁੰਦਾ ਹੈ ਨਾ ਘਾਟਾ।

ਸ਼ਲੋਕਾਰਥ:- ਮੁਝ ਅਨੰਤ ਮਹਾਂ ਸਾਗਰ ਵਿੱਚ ਜਗਤ ਰੂਪੀ ਲਹਿਰ ਸੁਭਾਅ ਅਨੁਸਾਰ ਪੈਦਾ ਹੁੰਦੀ ਹੈ ਜਾਂ ਲੀਨ ਹੋ ਜਾਂਦੀ ਹੈ, ਪਰ ਮੇਰੇ ਵਿੱਚ ਨਾ ਵਾਧਾ ਹੁੰਦਾ ਹੈ ਨਾ ਘਾਟਾ।

ਭਾਵਾਰਥ:- ***"ਇਸੁ ਮਨ ਤੇ ਸਭ ਪਿੰਡ ਪਰਾਣਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ:੩; ਅੰਗ ੧੧੨੮) ਸਾਰੇ ਆਕਾਰ ਅਰਥਾਤ ਸਾਰਾ ਸੰਸਾਰ ਮਨ ਦੀ ਉਪਜ ਹੈ। ਮਨ ਵਿਚਾਰਾਂ ਦੇ ਸਮੂਹ ਤੋਂ ਸਿਵਾ ਹੋਰ ਕੁਝ ਨਹੀਂ। ਵਿਚਾਰ ਸਮੁੰਦਰ ਦੀਆਂ ਲਹਿਰਾਂ ਵਾਂਗ ਸਵੈ ਰੂਪੀ ਮਹਾਂ ਸਾਗਰ ਵਿੱਚੋਂ ਉੱਠਦੇ ਹਨ ਅਤੇ ਉਸੇ ਵਿੱਚ ਲੀਨ ਹੋ ਜਾਂਦੇ ਹਨ ਜਿਵੇਂ ਲਹਿਰਾਂ ਸਾਗਰ ਵਿੱਚੋਂ ਉੱਠ ਕੇ ਉਸੇ ਵਿੱਚ ਵਿਲੀਨ ਹੋ ਜਾਂਦੀਆਂ ਹਨ ਪਰ ਉਨ੍ਹਾਂ ਦੇ ਉੱਠਣ ਜਾਂ ਵਿਲੀਨ ਹੋਣ ਨਾਲ ਸਾਗਰ ਘਟਦਾ ਵਧਦਾ ਨਹੀਂ। ਇਸੇ ਤਰ੍ਹਾਂ ਸੰਸਾਰ ਦੇ, ਜੋ ਵਿਚਾਰ-ਤਰੰਗਾਂ ਹੀ ਹੈ, ਪੈਦਾ ਹੋਣ ਜਾਂ ਵਿਲੀਨ ਹੋਣ ਨਾਲ ਸਵੈ ਵਿੱਚ ***"ਨਾ ਕਛੁ ਆਇਬੋ ਨਾ ਕਛੁ ਜਾਇਬੋ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਪੀਪਾ ਜੀਉ; ਅੰਗ ੬੯੫) ਨਾ ਕੁਝ ਆਉਂਦਾ ਹੈ ਨਾ ਉਸ ਵਿੱਚੋਂ ਕੁਝ ਜਾਂਦਾ ਹੈ ਅਰਥਾਤ ਉਹ ਘਟਦਾ ਵਧਦਾ ਨਹੀਂ, ਇੱਕ-ਰਸ ਰਹਿੰਦਾ ਹੈ। ਜਨਕ ਜੀ ਇਹ ਅਨੁਭਵ ਦੱਸ ਰਹੇ ਹਨ ਕਿ ਸੰਸਾਰ, ਜੋ ਉਨ੍ਹਾਂ ਵਿੱਚੋਂ ਹੀ ਉਪਜਿਆ ਹੈ, ਦੇ ਪੈਦਾ ਹੋਣ ਜਾਂ ਵਿਲੀਨ ਹੋਣ ਨਾਲ ਉਨ੍ਹਾਂ ਉੱਤੇ ਕੋਈ ਅਸਰ ਨਹੀਂ ਹੁੰਦਾ।

मय्यनन्तमहाम्भोधौ विश्वं नाम विकल्पना।
अतिशान्तो निराकार एतदेवाहमास्थित:।।३।।

ਮੱਯਨੰਤਮਹਾਂਭੋਧੌ ਵਿਸ਼੍ਵੰ ਨਾਮ ਵਿਕਲ੍ਪਨਾ।
ਅਤਿਸ਼ਾਂਤੋ ਨਿਰਾਕਾਰ ਏਤਦੇਵਾਹਮਾਸ੍ਥਿਤ:॥੩॥

ਸ਼ਬਦਾਰਥ:- ਮਯਿ ਅਨੰਤ ਮਹਾਂ ਭੋਧੌ = ਮੁਝ ਅਨੰਤ ਮਹਾਂ ਸਾਗਰ ਵਿੱਚ। ਵਿਸ਼੍ਵੰ ਨਾਮ ਵਿਕਲ੍ਪਨਾ = ਸੰਸਾਰ ਨਾਮ ਦੀ ਕਲਪਨਾ ਹੈ। ਅਤਿ ਸ਼ਾਂਤ: ਨਿਰਾਕਾਰ: = ਅਤਿਅੰਤ ਸ਼ਾਂਤ ਅਤੇ ਨਿਰਾਕਾਰ। ਏਤਤ੍ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਮੁਝ ਅਨੰਤ ਮਹਾਂ ਸਾਗਰ ਵਿੱਚ ਕਲਪਨਾ (ਹੈ ਜਿਸ ਦਾ ਨਾਮ)

'ਸੰਸਾਰ' ਹੈ। ਮੈਂ ਅਤਿਅੰਤ ਸ਼ਾਂਤ ਹਾਂ ਨਿਰਾਕਾਰ ਹੈ (ਅਤੇ) ਇਸੇ ਤਰ੍ਹਾਂ ਹੀ ਸਥਿਤ ਹਾਂ।

ਭਾਵਾਰਥ:- ਮੈਂ ਅਨੰਤ ਮਹਾਂ ਸਾਗਰ ਹਾਂ ਅਤੇ ***"ਸਾਗਰ ਲਹਰਿ ਸੰਸਾ ਸੰਸਾਰੁ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੦)** ਇਸ ਵਿੱਚ ਸੰਸਾਰ ਦਾ ਭਰਮ, ਸੰਸਾਰ ਦੀ ਕਲਪਨਾ, ਸਾਗਰ ਵਿੱਚ ਲਹਿਰ ਵਾਂਗ ਹੈ। ਸਾਗਰ ਵਿੱਚ ਲਹਿਰਾਂ ਦਾ ਉਤਾਰ-ਚੜ੍ਹਾਅ, ਵਾਧਾ-ਘਾਟਾ, ਹਿੱਲਣਾ-ਡੁਲਣਾ ਹੁੰਦਾ ਰਹਿੰਦਾ ਹੈ ਪਰ ਸਾਗਰ ਨੂੰ ਕੋਈ ਫ਼ਰਕ ਨਹੀਂ ਪੈਂਦਾ। ਉਸੇ ਤਰ੍ਹਾਂ ਮੈਂ ਪ੍ਰਪੰਚ ਰਹਿਤ ਹਾਂ, ਅਤਿਅੰਤ ਸ਼ਾਂਤ ਹਾਂ, ਅਨੰਤ ਹੋਣ ਕਰਕੇ ਆਕਾਰ ਰਹਿਤ ਹਾਂ ਅਤੇ ***"ਸੁਖ ਸਹਜ ਆਨੰਦ ਬਿਸ੍ਰਾਮ॥"*** **(ਅੰਗ ੨੭੦)** ਸਹਿਜ ਸ਼ਾਂਤ ਆਨੰਦ ਦੀ ਅਵਸਥਾ ਵਿੱਚ ਥਿਰ ਹਾਂ।

नात्मा भावेषु नो भावस्तत्रानन्ते निरंजने।
इत्यसक्तोऽस्पृहः शान्त एतदेवाहमास्थितः॥४॥
ਨਾਤ੍ਮਾ ਭਾਵੇਸ਼ੁ ਨੋ ਭਾਵਸ੍ਤਤ੍ਰਾਨੰਤੇ ਨਿਰੰਜਨੇ।
ਇਤਿਅਸਕ੍ਤੋऽਸ੍ਪ੍ਰਿਹ: ਸ਼ਾਂਤ ਏਤਦੇਵਾਹਮਾਸ੍ਥਿਤ:॥੪॥

ਸ਼ਬਦਾਰਥ:- ਨ ਆਤ੍ਮਾ ਭਾਵੇਸ਼ੁ = (ਸੰਸਕ੍ਰਿਤ ਸ਼ਬਦ 'ਭਵ' ਦਾ ਅਰਥ ਹੈ ਹੋਣਾ ਜਿਸ ਤੋਂ 'ਭਾਵ' ਦਾ ਮਤਲਬ ਬਣਦਾ ਹੈ ਹੋਇਆ ਹੋਇਆ ਅਰਥਾਤ ਪੈਦਾ ਹੋਇਆ ਅਰਥਾਤ ਕੋਈ ਪਦਾਰਥ, ਦੇਹ ਜਾਂ ਵਿਸ਼ਾ) ਆਤਮਾ ਪਦਾਰਥਾਂ, ਵਿਸ਼ਿਆਂ, ਵਿੱਚ ਨਹੀਂ। ਨ ਭਾਵ: ਤਤ੍ਰ ਅਨੰਤੇ ਨਿਰੰਜਨੇ = ਨਾ ਵਿਸ਼ੇ ਉਸ ਅਨੰਤ ਨਿਰਮਲ (ਆਤਮਾ) ਵਿੱਚ ਹਨ। ਇਤਿ ਅਸਕ੍ਤ: ਅਸ੍ਪ੍ਰਿਹ: ਸ਼ਾਂਤ: = ਇਸ ਤਰ੍ਹਾਂ ਸੰਗ ਰਹਿਤ, ਇੱਛਾ ਰਹਿਤ, ਸ਼ਾਂਤ। ਏਤਤ੍ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਆਤਮਾ ਪਦਾਰਥਾਂ ਵਿੱਚ ਨਹੀਂ ਨਾ ਹੀ ਪਦਾਰਥ ਆਤਮਾ ਵਿੱਚ ਹਨ ਜੋ ਅਨੰਤ ਅਤੇ ਨਿਰਮਲ ਹੈ। ਇਹ ਸੰਗ ਰਹਿਤ, ਇੱਛਾ ਰਹਿਤ, ਸ਼ਾਂਤ ਹੈ (ਅਤੇ) ਇਸੇ ਤਰ੍ਹਾਂ ਮੈਂ ਸਥਿਤ ਹਾਂ।

ਭਾਵਾਰਥ:- ਪਦਾਰਥ/ਆਕਾਰ ਪੈਦਾ ਹੁੰਦੇ ਹਨ, ਜੜ੍ਹ ਹਨ, ਨਾਸਵਾਨ ਹਨ, ਸੀਮਾ ਵਿੱਚ ਬੱਝੇ ਹੁੰਦੇ ਹਨ ਪਰੰਤੂ ਆਤਮਾ ***"ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੪)** ਨਾ ਪੈਦਾ ਹੋਇਆ ਹੈ, ਨਾ ਪੈਦਾ ਹੋਣਾ ਹੈ, ਸਭਨੀਂ ਥਾਂਈਂ ਸਮਾਇਆ ਹੋਇਆ ਹੈ ਅਰਥਾਤ ਜਨਮ ਰਹਿਤ ਅਤੇ ਅਨੰਤ ਹੈ। ਇਸ ਕਰਕੇ ਇਹ ਪਦਾਰਥ ਵਿੱਚ ਨਹੀਂ ਹੋ ਸਕਦਾ। ਪੂਰਾ ਪਦਾਰਥਿਕ ਸੰਸਾਰ ਆਤਮਾ ਵਿੱਚ ਹੀ ਕਲਪਨਾ ਕੀਤਾ ਹੋਇਆ ਹੈ ਜਿਵੇਂ ਹਨ੍ਹੇਰੇ ਰੂਪੀ ਅਗਿਆਨ ਵਿੱਚ ਸੱਪ ਦੀ ਕਲਪਨਾ ਰੱਸੀ ਵਿੱਚ ਹੋ ਜਾਂਦੀ ਹੈ ਹਾਲਾਂ ਕਿ ਸੱਪ ਰੱਸੀ ਵਿੱਚ ਨਹੀਂ ਹੁੰਦਾ।

ਇਸੇ ਤਰ੍ਹਾਂ ਪਦਾਰਥ ਵੀ ਆਤਮਾ ਵਿੱਚ ਕੇਵਲ ਕਲਪਿਤ ਹਨ, ਅਸਲ ਵਿੱਚ ਆਤਮਾ ਵਿੱਚ ਹਨ ਨਹੀਂ। ਸ਼ੁੱਧ ਚੇਤਨ ਸਰੂਪ ਆਤਮਾ ਦਾ ਕਿਸੇ ਜੜ੍ਹ ਪਦਾਰਥ ਨਾਲ ਸੰਬੰਧ ਸੰਭਵ ਨਹੀਂ ਜਿਸ ਕਰਕੇ ਉਹ ਸੰਗ ਰਹਿਤ, ਇੱਛਾ ਰਹਿਤ ਅਤੇ ਸ਼ਾਂਤ ਹੈ। ਜਨਕ ਜੀ ਕਹਿ ਰਹੇ ਹਨ ਕਿ ਮੈਂ ਅਸੰਗ, ਇੱਛਾ ਰਹਿਤ ਅਤੇ ਸ਼ਾਂਤ ਅਵਸਥਾ ਵਿੱਚ ਸਥਿਤ ਹਾਂ।

अहो चिन्मात्रमेवाहमिन्द्रजालोपमं जगत्।
अतो मम कथं कुत्र हेयोपादेयकल्पना॥५॥

ਅਹੋ ਚਿੰਮਾਤ੍ਰਮੇਵਾਹਮਿੰਦ੍ਰਜਾਲੋਪਮੰ ਜਗਤ੍।
ਅਤੋ ਮਮ ਕਥੰ ਕੁਤ੍ਰ ਹੇਯੋਪਾਦੇਯਕਲ੍ਪਨਾ॥੫॥

ਸ਼ਬਦਾਰਥ:- ਅਹੋ = ਓਹ। ਚਿੰਮਾਤ੍ਰਮ੍ ਏਵ ਅਹਮ੍ = ਮੈਂ ਚੇਤਨ ਮਾਤ੍ਰ ਹਾਂ। ਇੰਦ੍ਰ ਜਾਲ ਉਪਮੰ ਜਗਤ੍ = ਜਗਤ ਦੀ ਉਪਮਾ ਇੰਦਰ ਜਾਲ (ਜਾਦੂ ਦੀ ਖੇਡ) ਹੈ। ਅਤ: = ਇਸ ਕਰਕੇ। ਮਮ ਕਥੰ ਕੁਤ੍ਰ ਹੇਯ ਉਪਾਦੇਯ ਕਲ੍ਪਨਾ = ਮੇਰੀ ਕਿਵੇਂ ਕਿੱਥੇ ਚੰਗੇ ਮਾੜੇ ਦੀ ਕਲਪਨਾ।

ਸ਼ਲੋਕਾਰਥ:- ਓਹੋ! ਮੈਂ ਚੇਤਨ ਸਰੂਪ ਹਾਂ, ਜਗਤ ਜਾਦੂ ਦੀ ਖੇਡ ਵਰਗਾ ਹੈ ਜਿਸ ਕਰਕੇ ਮੈਂ ਚੰਗੇ ਮਾੜੇ ਦੀ ਕਲਪਨਾ ਕਿਵੇਂ ਅਤੇ ਕਿੱਥੇ ਕਰਾਂ!

ਭਾਵਾਰਥ:- ਰਾਜਾ ਜਨਕ ਆਪਣੀ ਮੁਕਤ ਅਵਸਥਾ ਦਾ ਵੇਰਵਾ ਦੇਂਦੇ ਹੋਏ ਕਹਿੰਦੇ ਹਨ ਕਿ *"ਗੁਰਮੁਖਿ ਮੁਕਤੋ ਬੰਧੁ ਨ ਪਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੨) ਗੁਰਮੁਖ ਤਾਂ ਸਦਾ ਮੁਕਤ ਹੈ, ਬੰਧਨ ਵਿੱਚ ਹੁੰਦਾ ਹੀ ਨਹੀਂ। ਗੁਰਬਾਣੀ ਵਾਕ *"ਮਨ ਤੂੰ ਜੋਤਿ ਸਰੂਪੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਦੇ ਅਨੁਸਾਰ ਮੈਂ ਚੇਤਨ ਜੋਤੀ ਹਾਂ ਅਤੇ ਜਗਤ ਇਸ ਤਰ੍ਹਾਂ ਹੈ *"ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੩੬) ਜਿਵੇਂ ਜਾਦੂਗਰ ਇੱਕ ਖੇਡ ਰਚਦਾ ਹੈ ਅਤੇ ਕਈ ਤਰ੍ਹਾਂ ਦੇ ਰੂਪ ਵਿਖਾਉਂਦਾ ਹੈ ਪਰ ਜਦੋਂ ਖੇਡ ਖ਼ਤਮ ਕਰਦਾ ਹੈ ਤਦ *"ਕਵਨ ਰੂਪ ਦ੍ਰਿਸਟਿਓ ਬਿਨਸਾਇਓ॥ ਕਤਹਿ ਗਇਓ ਉਹੁ ਕਤ ਤੇ ਆਇਓ॥"* (ਅੰਗ ੭੩੬) ਕਿਹੜੇ ਰੂਪ ਵਿਖਾਏ ਸੀ ਅਤੇ ਨਾਸ ਕਰ ਦਿੱਤੇ, ਉਹ ਕਿੱਥੋਂ ਆਏ ਸੀ ਅਤੇ ਕਿੱਥੇ ਗਏ? ਦਰ ਅਸਲ ਸਾਰੇ *"ਮਨ ਤੇ ਉਪਜੈ ਮਨ ਮਾਹਿ ਸਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੨) ਮਨ ਤੋਂ ਪੈਦਾ ਹੋ ਕੇ ਮਨ ਵਿੱਚ ਹੀ ਸਮਾਅ ਜਾਂਦੇ ਹਨ ਭਾਵ ਕੇਵਲ ਮਨ ਦੇ ਫੁਰਨੇ ਹੀ ਹਨ, ਅਸਲ ਵਿੱਚ ਹਨ ਨਹੀਂ। ਇਸ ਪਰਿਸਥਿਤੀ ਵਿੱਚ ਮੇਰੇ ਲਈ ਚੰਗੇ ਮਾੜੇ ਦੀ ਕਲਪਨਾ ਕਰਨਾ ਹੀ ਅਰਥ-ਹੀਨ ਹੈ।

◆◆◆

ਅੱਠਵਾਂ ਅਧਿਆਇ

ਬੰਧਨ ਅਤੇ ਮੁਕਤੀ ਦੀ ਵਿਆਖਿਆ।

ਰਾਜਾ ਜਨਕ ਤੋਂ ਉਨ੍ਹਾਂ ਦੀ ਜੀਵਨ-ਮੁਕਤ ਅਵਸਥਾ ਦਾ ਵੇਰਵਾ ਸੁਣ ਕੇ, ਅਸ਼ਟਾਵਕ੍ਰ ਆਪਣੇ ਸ਼ਿੱਸ਼ ਨੂੰ ਬੰਧਨ ਅਤੇ ਮੁਕਤੀ ਦੀ ਵਿਆਖਿਆ ਸਮਝਾਉਂਦੇ ਹਨ।

अष्टावक्र उवाच।

तदा बन्धो यदा चित्तं किञ्चिद्वांछति शोचति।
किञ्चिमुञ्चति गृह्णाति किञ्चिद्हृष्यति कुप्यति॥१॥

ਅਸ਼ਟਾਵਕ੍ਰ ਉਵਾਚ।

ਤਦਾ ਬੰਧੋ ਯਦਾ ਚਿੱਤੰ ਕਿੰਚਿਦ੍ਵਾਂਛਤਿ ਸ਼ੋਚਤਿ।
ਕਿੰਚਿਨ੍ਮੁੰਚਤਿ ਗ੍ਰਿਹਣਾਤਿ ਕਿੰਚਿਦ੍ਹ੍ਰਿਸ਼ਿਅਤਿ ਕੁਪਿਅਤਿ॥੧॥

ਸ਼ਬਦਾਰਥ:- ਅਸ਼ਟਾਵਕ੍ਰ ਉਵਾਚ = ਅਸ਼ਟਾਵਕ੍ਰ ਨੇ ਕਿਹਾ। ਤਦਾ ਬੰਧਨ = ਬੰਧਨ ਤਦ ਹੈ। ਯਦਾ ਚਿੱਤੰ ਕਿੰਚਿਤ੍ ਵਾਂਛਤਿ ਸ਼ੋਚਤਿ ਕਿੰਚਿਤ੍ ਮੁੰਚਤਿ ਗ੍ਰਿਹਣਾਤਿ ਕਿੰਚਿਤ੍ ਹ੍ਰਿਸ਼ਿਅਤਿ ਕੁਪਿਅਤਿ = ਜਦ ਮਨ ਕੁਝ ਚਾਹੁੰਦਾ ਹੈ (ਨਾ ਮਿਲਣ ਤੇ) ਦੁਖੀ ਹੁੰਦਾ ਹੈ; ਕੁਝ ਛੱਡਦਾ ਹੈ (ਕੁਝ) ਪਕੜਦਾ ਹੈ; ਕੁਝ ਤੋਂ ਖ਼ੁਸ਼ ਹੁੰਦਾ ਹੈ (ਕੁਝ ਤੋਂ) ਨਾਰਾਜ਼ ਹੁੰਦਾ ਹੈ।

ਸ਼ਲੋਕਾਰਥ:- ਅਸ਼ਟਾਵਕ੍ਰ ਨੇ ਕਿਹਾ:- ਜਦੋਂ ਮਨ ਕੁਝ ਚਾਹੁੰਦਾ ਹੈ (ਨਾ ਮਿਲਨ ਤੇ) ਦੁਖੀ ਹੁੰਦਾ ਹੈ; ਕੁਝ ਛੱਡਦਾ ਹੈ ਕੁਝ ਪਕੜਦਾ ਹੈ; ਕੁਝ ਤੋਂ ਖ਼ੁਸ਼ ਹੁੰਦਾ ਹੈ ਕੁਝ ਤੋਂ ਨਾਰਾਜ਼; ਤਦ ਬੰਧਨ ਹੈ।

ਭਾਵਾਰਥ:- ਹਰ ਕੰਮ ਦੇ ਮੂਲ ਵਿੱਚ ਕੋਈ ਨਾ ਕੋਈ ਇੱਛਾ ਹੁੰਦੀ ਹੈ। ਵਿਅਕਤੀ ਨੂੰ ਜਦੋਂ ***"ਭੁਖ ਵਿਆਪੈ ਬਹੁ ਬਿਧਿ ਧਾਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੯੮) ਭੁੱਖ ਲੱਗਦੀ ਹੈ ਅਰਥਾਤ ਕਿਸੇ ਵਸਤੂ/ਵਿਅਕਤੀ ਲਈ ਇੱਛਾ ਜਾਗਦੀ ਹੈ ਤਦ ਉਹ ਉਸ ਦੀ ਤ੍ਰਿਪਤੀ ਲਈ ਕਈ ਤਰ੍ਹਾਂ ਦੇ ਪ੍ਰਪੰਚ ਰਚਦਾ ਹੈ। ਇੱਛਾ ਪੂਰੀ ਹੋਣ ਤੇ ਖ਼ੁਸ਼ ਹੋਣਾ, ਨਾ ਪੂਰੀ ਹੋਣ ਤੇ ਦੁਖੀ ਹੋਣਾ, ਨਾਰਾਜ਼ ਹੋਣਾ, ਇੱਛਿਤ ਨੂੰ ਪਕੜਨਾ ਅਣ-ਇੱਛਿਤ ਨੂੰ ਛੱਡਣਾ, ਇਹ ਸਾਰੇ ਮਨ ਦੇ, ਦੇਹ ਦੇ ਧਰਮ ਹਨ। ਸਪਸ਼ਟ ਹੈ ਕਿ ਇਨ੍ਹਾਂ ਭਾਵਾਂ ਵਿੱਚ ਵਿਚਰਨ ਵਾਲਾ ਵਿਅਕਤੀ ਦੇਹ ਦੀ ਪੱਧਰ ਉੱਤੇ ਹੀ ਜੀਅ ਰਿਹਾ ਹੈ। ਉਸ ਨੇ ਝੂਠੀ ਦੇਹ ਨੂੰ ਹੀ ਆਪਣਾ ਆਪ ਸਮਝਿਆ ਹੋਇਆ ਹੈ। ***"ਮਿਥਿਆ***

ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਮਿਥਿਆ ਦੇਹ ਨੂੰ ਸੱਚਾ ਮੰਨ ਲੈਣਾ ਹੀ ਮਨੁੱਖ ਦਾ ਬੰਧਨ ਹੈ।

तदा मुक्तिर्यदा चित्तं न वाञ्छति न शोचति।
न मुञ्चति न गृह्णाति न हृष्यति न कुप्यति॥२॥

ਤਦਾ ਮੁਕ੍ਤਿਰਯਦਾ ਚਿੱਤੰ ਨ ਵਾਂਛਤਿ ਨ ਸ਼ੋਚਤਿ।
ਨ ਮੁੰਚਤਿ ਨ ਗ੍ਰਿਹਣਾਤਿ ਨ ਹ੍ਰਿਸ਼ਿਅਤਿ ਨ ਕੁਪਿਅਤਿ॥੨॥

ਸ਼ਬਦਾਰਥ:- ਤਦਾ ਮੁਕ੍ਤਿ: = ਓਦੋਂ ਮੁਕਤੀ ਹੈ। ਯਦਾ ਚਿੱਤੰ ਨ ਵਾਂਛਤਿ ਨ ਸ਼ੋਚਤਿ ਨ ਮੁੰਚਤਿ ਨ ਗ੍ਰਿਹਣਾਤਿ ਨ ਹ੍ਰਿਸ਼ਿਅਤਿ ਨ ਕੁਪਿਅਤਿ = ਜਦੋਂ ਮਨ ਨਾ ਚਾਹੁੰਦਾ ਹੈ, ਨਾ ਦੁਖੀ ਹੁੰਦਾ ਹੈ, ਨਾ ਪਕੜਦਾ ਹੈ ਨਾ ਛੱਡਦਾ ਹੈ ਨਾ ਖ਼ੁਸ਼ ਹੁੰਦਾ ਹੈ ਨਾ ਗੁੱਸੇ ਹੁੰਦਾ ਹੈ।

ਸ਼ਲੋਕਾਰਥ:- ਜਦੋਂ ਮਨ ਨਾ ਕੁਝ ਚਾਹੇ, ਨਾ ਦੁਖੀ ਹੋਵੇ, ਨਾ ਕੁਝ ਪਕੜਨਾ ਚਾਹੇ ਨਾ ਛੱਡਣਾ ਚਾਹੇ, ਨਾ ਖ਼ੁਸ਼ ਹੋਵੇ ਨਾ ਗੁੱਸੇ ਹੋਵੇ, ਓਦੋਂ ਮੁਕਤੀ ਹੈ।

ਭਾਵਾਰਥ:- ਇਨ੍ਹਾਂ ਭਾਵਾਂ ਤੋਂ ਉੱਪਰ ਉੱਠ ਜਾਣ ਦਾ ਇੱਕ ਮਤਲਬ ਹੈ ਕਿ ਵਿਅਕਤੀ ਦੇਹ ਦੀ ਪੱਧਰ ਉੱਤੇ ਨਹੀਂ ਜੀਅ ਰਿਹਾ ਅਤੇ *"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯) ਜੋ ਦੇਹ ਤੋਂ ਅਲਿਪਤ ਹੈ ਉਸ ਦੀ ਘਾਲਨਾ ਸਫਲ ਹੋ ਚੁੱਕੀ ਹੈ, ਉਸ ਨੂੰ ਕੁਝ ਕਰਨ ਦੀ ਲੋੜ ਨਹੀਂ, ਉਹ ਮੁਕਤ ਹੀ ਹੈ। ਇਸ ਦਾ ਦੂਜਾ ਅਰਥ ਹੈ ਕਿ ਉਹ ਸਹਿਜ ਅਵਸਥਾ ਵਿੱਚ ਜੀਅ ਰਿਹਾ ਹੈ ਅਤੇ *"ਸਹਜ ਜਗੋਟਾ ਬੰਧਨ ਤੇ ਛੂਟਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੮੭੯) ਸਹਿਜ ਵਿੱਚ ਜਿਊਣ ਵਾਲਾ ਸਭ ਬੰਧਨਾਂ ਤੋਂ ਮੁਕਤ ਹੁੰਦਾ ਹੈ। ਇਹ ਹੀ ਮਨੁੱਖ ਦੀ ਸਮ-ਅਵਸਥਾ ਹੈ ਜਿਸ ਵਿੱਚ *"ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥ ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥ ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫) ਉਹ ਹਰ ਪਰਿਸਥਿਤੀ ਵਿੱਚ ਇੱਕ ਸਾਰ ਰਹਿੰਦਾ ਹੈ ਜੋ ਜਿਊਂਦੇ ਜੀ ਮੁਕਤੀ ਦੀ ਨਿਸ਼ਾਨੀ ਹੈ।

तदा बन्धो यदा चित्तं सक्तं कास्वपि दृष्टिषु।
तदा मोक्षो यदा चित्तमसक्तं सर्वदृष्टिषु॥३॥

ਤਦਾ ਬੰਧੋ ਯਦਾ ਚਿੱਤੰ ਸਕ੍ਤੰ ਕਾਸ੍ਵਪਿ ਦ੍ਰਿਸ਼੍ਟਿਸ਼ੁ।
ਤਦਾ ਮੋਕ੍ਸ਼ੋ ਯਦਾ ਚਿੱਤਮਸਕ੍ਤੰ ਸਰਵਦ੍ਰਿਸ਼੍ਟਿਸ਼ੁ॥੩॥

ਸ਼ਬਦਾਰਥ:- ਤਦਾ ਬੰਧ: = ਤਦ ਬੰਧਨ ਹੈ। ਯਦਾ ਚਿੱਤੰ ਸਕ੍ਤੰ ਕਾਸੁ ਅਪਿ

ਦ੍ਰਿਸ਼ਿਟਸ਼ੁ = ਜਦੋਂ ਚਿੱਤ ਆਸਕਤ ਹੈ ਕਿਸੇ ਵੀ ਦ੍ਰਿਸ਼ਟੀ ਅਰਥਾਤ ਇੰਦ੍ਰੀ ਦੇ ਵਿਸ਼ੇ ਵਿੱਚ। ਤਦਾ ਮੋਕ੍ਸ਼ਃ = ਤਦ ਮੁਕਤੀ ਹੈ। ਯਦਾ ਚਿੱਤੰ ਅਸਕ੍ਤੰ ਸਰਵ ਦ੍ਰਿਸ਼ਿਟਸ਼ੁ = ਜਦੋਂ ਚਿੱਤ ਅਸਕਤ ਹੈ ਸਾਰੇ ਵਿਸ਼ਿਆਂ ਤੋਂ।

ਸ਼ਲੋਕਾਰਥ:- ਜਦੋਂ ਮਨ ਕਿਸੇ ਵੀ ਵਿਸ਼ੇ ਵਿੱਚ ਆਸਕਤ ਹੈ ਤਦ ਬੰਧਨ ਹੈ (ਅਤੇ) ਜਦੋਂ ਮਨ ਸਾਰਿਆਂ ਵਿਸ਼ਿਆਂ ਪ੍ਰਤੀ ਆਸਕਤੀ ਰਹਿਤ ਹੈ, ਓਦੋਂ ਮੁਕਤੀ ਹੈ।

ਭਾਵਾਰਥ:- *"ਬਿਖੈ ਠਗਉਰੀ ਜਿਨਿ ਜਿਨਿ ਖਾਈ॥ ਤਾ ਕੀ ਤ੍ਰਿਸਨਾ ਕਬਹੂੰ ਨ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੯) ਜਿਸ ਨੂੰ ਕਿਸੇ ਵੀ ਵਿਸ਼ੇ ਦੀ ਲਤ ਲੱਗ ਜਾਂਦੀ ਹੈ ਉਸ ਦੀ ਭੁੱਖ ਸਦਾ ਬਣੀ ਰਹਿੰਦੀ ਹੈ ਕਿਉਂਕਿ *"ਬਿਖਿਆ ਕਦੇ ਹੀ ਰਜੈ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਵਾਰ ਮ: ੧; ਅੰਗ ੧੨੮੭)। ਇਸ ਕਰਕੇ *"ਬਿਖਿਆ ਰਾਤੇ ਬਿਖਿਆ ਖੋਜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੭) ਵਿਸ਼ਈ ਵਿਸ਼ਿਆਂ ਦੀ ਖੋਜ ਵਿੱਚ ਹੀ ਰਹਿੰਦਾ ਹੈ ਅਤੇ ਇਸੇ ਖੋਜ ਵਿੱਚ ਸੰਸਾਰ ਨਾਲ ਬੱਝਾ ਰਹਿੰਦਾ ਹੈ। ਜਦੋਂ ਆਪਣੀ ਸੰਸਾਰਿਕ ਯਾਤਰਾ ਵਿੱਚ, ਵਿਸ਼ਿਆਂ ਨੂੰ ਭੋਗਦਾ ਹੋਇਆ ਵੀ ਉਹ ਕਿਸੇ ਵਿੱਚ ਲਿਪਤ ਨਹੀਂ ਹੁੰਦਾ, ਉਸ ਨੂੰ ਨਾ ਕਿਸੇ ਵਿਸ਼ੇ ਲਈ ਰਾਗ ਹੁੰਦਾ ਹੈ ਨਾ ਕਿਸੇ ਲਈ ਦਵੈਖ, *"ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੨੩) ਜੋ ਪਰਾਰਬਧ ਵਲੋਂ ਮਿਲੇ ਉਸੇ ਵਿੱਚ ਸੰਤੁਸ਼ਟ ਰਹਿੰਦਾ ਹੈ, ਸਾਰੇ ਦਵੰਦਾਂ ਤੋਂ ਪਾਰ ਉਹ *"ਸਹਜੇ ਆਵੈ ਸਹਜੇ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੨) ਸਹਿਜ ਅਵਸਥਾ ਵਿੱਚ ਵਿਚਰ ਰਿਹਾ ਹੁੰਦਾ ਹੈ ਅਤੇ ਉਹ *"ਗੁਰਮਖਿ ਮੁਕਤੋ ਬੰਧੁ ਨ ਪਾਇ॥"* (ਅੰਗ ੧੫੨) ਗੁਰਮੁਖ ਬੰਧਨ ਵਿੱਚ ਨਹੀਂ, ਮੁਕਤ ਹੁੰਦਾ ਹੈ।

यदा नाहं तदा मोक्षो यदाहं बन्धनं तदा।
मत्वेति हेलया किञ्चिन्मा गृहाण विमुञ्च मा॥४॥
ਯਦਾ ਨਾਹੰ ਤਦਾ ਮੋਕ੍ਸ਼ੋ ਯਦਾਹੰ ਬੰਧਨੰ ਤਦਾ।
ਮਤ੍ਵੇਤਿ ਹੇਲਯਾ ਕਿੰਚਿੰਮਾ ਗ੍ਰਿਹਾਣ ਵਿਮੁੰਚ ਮਾ॥੪॥

ਸ਼ਬਦਾਰਥ:- ਯਦਾ ਨ ਅਹੰ ਤਦਾ ਮੋਕ੍ਸ਼ਃ = ਜਦ 'ਮੈਂ' ਨਹੀਂ ਤਦ ਮੁਕਤੀ ਹੈ। ਯਦਾ ਅਹੰ ਬੰਧਨੰ ਤਦਾ = ਜਦ 'ਮੈਂ' ਹੈ ਤਦ ਬੰਧਨ ਹੈ। ਮਤ੍ਵਾ ਇਤਿ = ਇਸ ਤਰ੍ਹਾਂ ਮੰਨ ਕੇ। ਹੇਲਯਾ ਕਿੰਚਿਤ੍ ਮਾ ਗ੍ਰਿਹਾਣ ਵਿਮੁੰਚ ਮਾ = ਇੱਛਾ ਕਰਕੇ ਕੁਝ ਨਾ ਗ੍ਰਹਿਣ ਕਰ ਨਾ ਤਿਆਗ ਕਰ।

ਸ਼ਲੋਕਾਰਥ:- ਜਦ 'ਮੈਂ' ਨਹੀਂ ਤਦ ਮੁਕਤੀ ਹੈ, ਜਦ 'ਮੈਂ' ਹੈ ਤਦ ਬੰਧਨ ਹੈ। ਇਸ ਤਰ੍ਹਾਂ ਮੰਨ ਕੇ ਨਾ ਇੱਛਾ ਨਾਲ ਕੁਝ ਗ੍ਰਹਿਣ ਕਰ ਨਾ ਤਿਆਗ ਕਰ।

ਭਾਵਾਰਥ:- ਜਿੱਥੇ 'ਮੈਂ' ਹੈ, ਉੱਥੇ 'ਮੇਰਾ' ਵੀ ਹੈ। ਅਸਲ ਵਿੱਚ ਬਹੁਤ ਸਾਰੇ

'ਮੇਰਿਆਂ' ਦਾ ਜੋੜ ਹੀ 'ਮੈਂ' ਹੈ---ਮੇਰਾ ਘਰ, ਮੇਰਾ ਪਰਿਵਾਰ, ਮੇਰੀ ਪਦਵੀ, ਮੇਰਾ ਧਨ, ਮੇਰਾ ਵਿਚਾਰ ਆਦਿ। ਮਨੁੱਖ ਇਨ੍ਹਾਂ 'ਮੇਰਿਆਂ' ਦੇ ਨਾਲ, ਭਾਵ ਸੰਸਾਰ ਨਾਲ ਬੱਝਾ ਰਹਿੰਦਾ ਹੈ ਜਿਸ ਕਰਕੇ ***"ਹਉਮੈ ਵਿਚਿ ਜੀਉ ਬੰਧੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੩; ਅੰਗ ੫੬੦) 'ਮੈਂ-ਭਾਵ' ਵਿਅਕਤੀ ਨੂੰ ਬੰਧਨ ਵਿੱਚ ਪਾਈ ਰੱਖਦਾ ਹੈ ਅਤੇ ***"ਹਉਮੈ ਵਿਚਿ ਸਭ ਕਾਰ ਕਮਾਹਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੩; ਅੰਗ ੬੬੬) ਹਉਮੈ ਦਾ ਪ੍ਰੇਰਿਆ ਹੋਇਆ ਹੀ ਸਾਰੇ ਕੰਮ ਕਰਦਾ ਹੈ। ਕੁਝ ਗ੍ਰਹਿਣ ਕਰਨ ਜਾਂ ਤਿਆਗਣ ਦੀਆਂ ਸਰੀਰਿਕ ਕਿਰਿਆਵਾਂ ਵੀ ਹਉਮੈ ਦਾ ਹੀ ਪ੍ਰਗਟਾਵਾ ਹਨ। ਇਨ੍ਹਾਂ ਕਿਰਿਆਵਾਂ ਦੀ ਇੱਛਾ ਤੋਂ ਉੱਪਰ ਉੱਠ ਜਾਣ ਦਾ ਮਤਲਬ ਹੈ ' ਮੇਰਿਆਂ ' ਦੇ ਅਰਥਾਤ ਹਉਮੈ ਦੇ, ' ਮੈਂ ' ਦੇ, ਸਰੀਰ ਦੇ ਬੰਧਨ 'ਚੋਂ ਨਿਕਲ ਜਾਣਾ। ***"ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੨; ਅੰਗ ੪੬੬) ਹਉਮੈ ਹੀ ਬੰਧਨ ਹੈ ਜਿਸ ਕਾਰਨ ਵਿਅਕਤੀ ਮੁੜ ਮੁੜ ਜਨਮ ਲੈਂਦਾ ਹੈ। ***"ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੩੪) ਹਉਮੈ, 'ਮੈਂ' ਦੀ ਸਮਾਪਤੀ ਨਾਲ ਗੁਰਮੁਖ ਆਪਣੇ ਸ਼ੁੱਧ ਚੇਤਨ ਸਰੂਪ ਨੂੰ ਪਛਾਣ ਲੈਂਦਾ ਹੈ ਅਤੇ ਪਰਮ-ਪਦ ਭਾਵ ਮੋਖ ਨੂੰ ਪ੍ਰਾਪਤ ਕਰ ਲੈਂਦਾ ਹੈ।

◆◆◆

ਨੌਂਵਾਂ ਅਧਿਆਇ

ਵੈਰਾਗ।

ਅਸ਼ਟਾਵਕ੍ਰ ਜੀ ਗਿਆਨ ਅਤੇ ਮੁਕਤੀ ਬਾਰੇ ਚਾਨਣ ਪਾ ਕੇ, ਹੁਣ ਰਾਜਾ ਜਨਕ ਦੇ ਤੀਜੇ ਪ੍ਰਸ਼ਨ, 'ਵੈਰਾਗ ਕਿਵੇਂ ਹੁੰਦਾ ਹੈ?' ਸੰਬੰਧੀ ਸਮਝਾਉਣ ਲੱਗੇ ਹਨ:-

अष्टावक्र उवाच।

कृताकृते च द्वन्द्वानि कदा शान्तानि कस्य वा।
एवं ज्ञात्वेह निर्वेदाद्भव त्यागपरोऽव्रती॥१॥

ਅਸ਼ਟਾਵਕ੍ਰ ਉਵਾਚ।

ਕ੍ਰਿਤਾਕ੍ਰਿਤੇ ਚ ਦ੍ਵੰਦ੍ਵਾਨਿ ਕਦਾ ਸ਼ਾਂਤਾਨਿ ਕਸਿਅ ਵਾ।
ਏਵੰ ਗਿਆਤ੍ਵੇਹ ਨਿਰਵੇਦਾਦ੍ਭਵ ਤਿਆਗਪਰੋऽਵ੍ਰਤੀ॥੧॥

ਸ਼ਬਦਾਰਥ:- ਕ੍ਰਿਤ-ਅਕ੍ਰਿਤੇ ਚ ਦ੍ਵੰਦ੍ਵਾਨਿ = ਕੀਤਾ-ਅਣਕੀਤਾ ਅਤੇ ਦਵੰਦ (ਵਿਰੋਧੀ ਭਾਵ ਸੁਖ-ਦੁੱਖ, ਜਿੱਤ-ਹਾਰ, ਹਰਖ-ਸੋਗ ਆਦਿ)। ਕਦਾ ਸ਼ਾਂਤਾਨਿ = ਕਦੋਂ ਸ਼ਾਂਤ ਹੁੰਦੇ ਹਨ। ਕਸਿਅ ਵਾ = ਅਤੇ ਕਿਸ ਦੇ। ਏਵੰ ਗਿਆਤ੍ਵਾ ਇਹ = ਇਸ ਤਰ੍ਹਾਂ ਜਾਣ ਕੇ ਏਥੇ। ਨਿਰਵੇਦਾਤ੍ = ਉਪਰਾਮਤਾ ਨਾਲ। ਭਵ ਤਿਆਗਪਰ: ਅਵ੍ਰਤੀ = ਹੋ ਜਾਓ ਤਿਆਗ ਪਰਾਯਣ ਵਰਤ-ਰਹਿਤ।

ਸ਼ਲੋਕਾਰਥ:- ਕੀਤਾ-ਅਣਕੀਤਾ (ਦੀ ਸੋਚ) ਅਤੇ ਦਵੰਦ ਕਦੋਂ ਅਤੇ ਕਿਸ ਦੇ ਸ਼ਾਂਤ ਹੁੰਦੇ ਹਨ ਅਰਥਾਤ ਕਿਸੇ ਦੇ ਸ਼ਾਂਤ ਨਹੀਂ ਹੁੰਦੇ। ਇਹ ਜਾਣ ਕੇ ਏਥੇ (ਸੰਸਾਰ ਤੋਂ) ਉਪਰਾਮ ਹੋ ਕੇ ਤਿਆਗ-ਪਰਾਯਣ ਅਤੇ ਵ੍ਰਤ ਰਹਿਤ ਹੋ ਜਾਓ।

ਭਾਵਾਰਥ:- ***"ਹਉਮੈ ਕਰੈ ਕਰਾਵੈ ਹਉਮੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੧) ਹਉਮੈ ਹੀ ਮਨੁੱਖ ਤੋਂ ਕਰਮ ਕਰਵਾਉਂਦਾ ਹੈ। ਉਹ ਕਰਨ ਨਾ-ਕਰਨ ਦੀ ਚੋਣ ਕਰਦਾ ਹੈ। ***"ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਰਵਿਦਾਸ ਜੀਉ; ਅੰਗ ੩੪੬) ਧਾਰਮਿਕ ਗ੍ਰੰਥਾਂ ਤੋਂ ਕਰਮ-ਅਕਰਮ ਦਾ ਨਿਰਣਾ ਤਾਂ ਲੈਂਦਾ ਹੈ ਪਰ ਸੰਸਾ ਸਦਾ ਮਨ ਵਿੱਚ ਬਣਿਆ ਰਹਿੰਦਾ ਹੈ ਕਿਉਂਕਿ ਹਉਮੈ ਨਹੀਂ ਜਾਂਦਾ। ਅਸਲ ਵਿੱਚ ***"ਸੰਸਾ ਇਹੁ ਸੰਸਾਰੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੬) ਇਹ ਸੰਸਾਰ ਹੀ ਇੱਕ ਸੰਸਾ ਹੈ। ਕੋਈ ਵੀ ਇਹੋ ਜਿਹਾ ਵਿਅਕਤੀ ਨਹੀਂ ਜਿਸ ਨੂੰ ਅਨੁਕੂਲ-ਪ੍ਰਤਿਕੂਲ

ਪਰਿਸਥਿਤੀਆਂ ਨੇ ਘੇਰਿਆ ਨਹੀਂ। 'ਕਰਾਂ ਕਿ ਨਾ ਕਰਾਂ' ਦੀ ਸੋਚ ਅਤੇ ਹੋਰ ਵਿਰੋਧੀ ਭਾਵਾਂ ਨੇ ਕਿਸ ਨੂੰ ਅਸ਼ਾਂਤ ਨਹੀਂ ਕੀਤਾ ਅਰਥਾਤ ਸਭ ਨੂੰ ਅਸ਼ਾਂਤ ਰੱਖਿਆ ਹੈ। ਇਹ ਜਾਣ ਕੇ ਵ੍ਰਤ ਰਹਿਤ ਅਰਥਾਤ ਇੱਛਾ ਰਹਿਤ (ਕਿਉਂਕਿ ਵਰਤ ਸਦਾ ਕਿਸੇ ਇੱਛਾ ਦੀ ਪੂਰਤੀ ਲਈ ਰੱਖਿਆ ਜਾਂਦਾ ਹੈ) ਹੋ ਜਾਓ ਅਤੇ ਸੰਸਾਰ ਤੋਂ ਉਪਰਾਮ ਹੋ ਕੇ ਤਿਆਗ-ਪਰਾਯਣ ਹੋ ਜਾਓ।

कस्यापि तातधन्यस्य लोकचेष्टावलोकनात्।
जीवितेच्छा बुभुक्षा च बुभुत्सोपशमं गता॥२॥

ਕਸਿਆਪਿ ਤਾਤ ਧਨਿਅਸਿਅ ਲੋਕਚੇਸ਼ਟਾਵਲੋਕਨਾਤ੍।
ਜੀਵਿਤੇਚ੍ਛਾ ਬੁਭੁਕ੍ਸ਼ਾ ਚ ਬੁਭੁਤ੍ਸੋਪਸ਼ਮੰ ਗਤਾ॥੨॥

ਸ਼ਬਦਾਰਥ:- ਕਸਿਅ ਅਪਿ ਤਾਤ ਧਨਿਅਸਿਅ = ਕਿਸ ਦੀ ਵੀ, ਹੇ ਪਿਆਰੇ, ਭਾਗਸ਼ਾਲੀ ਦੀ। ਲੋਕ-ਚੇਸ਼ਟਾ ਅਵਲੋਕਨਾਤ੍ = ਲੋਕਾਂ ਦੀ ਚੇਸ਼ਟਾ ਵੇਖਣ ਨਾਲ। ਜੀਵਿਤ-ਇੱਛਾ ਬੁਭੁਕ੍ਸ਼ਾ ਚ = ਜਿਊਂਣ ਦੀ ਅਤੇ ਭੋਗਣ ਦੀ ਇੱਛਾ। ਬੁਭੁਤ੍ਸਾ ਉਪਸ਼ਮੰ ਗਤਾ = ਜਾਣਨ ਦੀ ਇੱਛਾ ਸ਼ਾਂਤ ਹੋਈ ਹੈ।

ਸ਼ਲੋਕਾਰਥ:- ਹੇ ਪਿਆਰੇ! ਲੋਕਾਂ ਦੀ ਚੇਸ਼ਟਾ (ਜਨਮ, ਦੌੜ-ਭੱਜ, ਮਰਨ) ਵੇਖ ਕੇ, ਕਿਹੜੇ ਭਾਗਵਾਨ ਵੀ ਜਿਊਂਣ ਦੀ, ਭੋਗਣ ਦੀ ਅਤੇ ਜਾਣਨ ਦੀ ਇੱਛਾ ਸ਼ਾਂਤ ਹੋਈ ਹੈ!

ਭਾਵਾਰਥ:- ਲੋਕਾਂ ਦੇ ਦੈਨਿਕ ਜੀਵਨ ਦੀ ਭੱਜ ਦੌੜ ਵੇਖਣ ਨਾਲ ਸਪਸ਼ਟ ਹੋ ਜਾਂਦਾ ਹੈ ਕਿ *"ਜਗੁ ਦੁਖੀਆ ਸੁਖੀਆ ਜਨੁ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੩) ਜਗ ਵਿੱਚ ਕੋਈ ਵਿਰਲਾ ਹੀ ਸੁਖੀ ਹੁੰਦਾ ਹੈ। ਇਸ ਦੇ ਬਾਵਜੂਦ ਕਿਉਂਕਿ *"ਸੰਸਾਰੁ ਮਾਇਆ ਮੋਹੁ ਮੀਠਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੩੯) ਸੰਸਾਰ ਦਾ ਮਾਇਆ ਮੋਹ ਬੜਾ ਲੁਭਾਇਮਾਨ ਹੈ *"ਮਾਇਆ ਮੋਹੁ ਵਰਤੈ ਸਭ ਅੰਤਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੦) ਇਹ ਸਭਨਾਂ ਦੇ ਅੰਦਰ ਭਰਿਆ ਹੋਇਆ ਹੈ। ਕੋਈ ਵੀ ਸੰਸਾਰ ਨੂੰ ਛੱਡਣਾ ਨਹੀਂ ਚਾਹੁੰਦਾ। ਜਿਊਂਦੇ ਰਹਿਣ ਦੀ ਇੱਛਾ, ਵਿਸ਼ੇ ਭੋਗ ਦੀ ਭੁੱਖ, ਭਵਿੱਖ ਜਾਣਨ ਦੀ ਤਾਂਘ; ਇਹ ਸੰਸਾਰੀ ਦੀ ਤ੍ਰਿਸ਼ਨਾ ਦੇ ਰੂਪ ਹਨ ਅਤੇ ਇਹ *"ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੫) ਭੁੱਖ ਸ਼ਾਂਤ ਨਹੀਂ ਹੁੰਦੀ ਜਿਸ ਕਰਕੇ ਉਹ ਦਿਨ-ਰਾਤ ਸੜਦਾ ਭੁੱਜਦਾ ਰਹਿੰਦਾ ਹੈ। ਇਹ ਸਭ ਜਾਣਨ ਪਿੱਛੋਂ ਸੰਸਾਰ ਤੋਂ ਵੈਰਾਗ ਦੀ ਭਾਵਨਾ ਜਨਮ ਲੈਂਦੀ ਹੈ।

अनित्यं सर्वमेवेदं तापत्रितयदूषितम्।
असारं निन्दितं हेयमिति निश्चित्य शाम्यति॥३॥

ਅਨਿਤਿਅੰ ਸਰਵਮੇਵੇਦੰ ਤਾਪਤ੍ਰਿਤਯਦੂਸ਼ਿਤਮ੍।
ਅਸਾਰੰ ਨਿੰਦਿਤੰ ਹੇਯਮਿਤਿ ਨਿਸ਼੍ਚਿਤਿਅ ਸ਼ਾਮਿਅਤਿ॥੩॥

ਸ਼ਬਦਾਰਥ:- ਅਨਿਤਿਅੰ ਸਰਵੰ ਏਵ ਇਦੰ = ਇਹ ਸਾਰਾ ਹੀ ਸਦਾ ਰਹਿਣ ਵਾਲਾ ਨਹੀਂ। ਤਾਪ ਤ੍ਰਿਤਯ ਦੂਸ਼ਿਤੰ = ਤਿੰਨ ਤਾਪਾਂ ਦੁਆਰਾ ਦੂਸ਼ਿਤ। ਅਸਾਰੰ ਨਿੰਦਿਤੰ ਹੇਯਮ੍ = ਸਾਰਹੀਣ ਨਿੰਦਣ ਯੋਗ ਤਿਆਗਣ ਯੋਗ। ਨਿਸ਼੍ਚਿਤਿਅ ਸ਼ਾਮਿਅਤਿ = ਨਿਸ਼ਚਾ ਕਰਕੇ ਸ਼ਾਂਤ ਹੋ ਜਾਂਦਾ ਹੈ।

ਸ਼ਲੋਕਾਰਥ:- ਇਹ ਸਭ ਸਦਾ ਰਹਿਣ ਵਾਲਾ ਨਹੀਂ, ਤਿੰਨਾਂ ਤਾਪਾਂ ਦੁਆਰਾ ਦੂਸ਼ਿਤ ਹੈ (ਜਿਸ ਕਰਕੇ) ਸਾਰਹੀਣ, ਨਿੰਦਣ ਅਤੇ ਤਿਆਗਣ ਯੋਗ ਹੈ। ਇਹ ਨਿਸ਼ਚਾ ਕਰਕੇ (ਗਿਆਨੀ) ਸ਼ਾਂਤ ਹੋ ਜਾਂਦਾ ਹੈ ਭਾਵ ਸੰਸਾਰ ਤੋਂ ਉਪਰਾਮ ਹੋ ਜਾਂਦਾ ਹੈ।

ਭਾਵਾਰਥ:- ਇਹ ਸਭ ***"ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੩੬**) ਜੋ ਦਿੱਸ ਰਿਹਾ ਹੈ, ਸਦਾ ਰਹਿਣ ਵਾਲਾ ਨਹੀਂ, ਫਿਰ ਕਿਸ ਨਾਲ ਪਿਆਰ ਕੀਤਾ ਜਾਏ ਅਰਥਾਤ ਸਭ ਤੋਂ ਬੇਲਾਗ ਰਹਿਣਾ ਹੀ ਠੀਕ ਹੈ। ਸੰਸਾਰ ਵਿੱਚ ਸਾਰ-ਤੱਤ ਵੀ ਕੋਈ ਨਹੀਂ ਕਿਉਂਕਿ ***"ਜਗ ਰਚਨਾ ਸਭ ਝੂਠ ਹੈ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯**) ਇਸ ਦੀ ਰਚਨਾ ਝੂਠ ਹੈ। ਵੈਸੇ ਵੀ ਸੰਸਾਰ ਨਿੰਦਣ ਅਤੇ ਤਿਆਗਣ ਯੋਗ ਹੈ ਕਿਉਂਕਿ ***"ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੦**) ਤਿੰਨ ਤਰ੍ਹਾਂ ਦੇ ਰੋਗਾਂ (ਅਧਿਆਤਮਿਕ-ਮਾਨਸਿਕ ਅਤੇ ਸਰੀਰਿਕ; ਅਧਿਭੌਤਿਕ-ਜੀਵਾਂ ਦੁਆਰਾ ਦਿੱਤੇ ਹੋਏ; ਅਧਿਦੈਵਿਕ-ਪ੍ਰਾਕਿਰਤਿਕ ਹੜ੍ਹ, ਸੋਕਾ, ਭੁਚਾਲ ਆਦਿ) ਦੁਆਰਾ ਗ੍ਰਸਿਤ ਹੈ ਅਤੇ ਵਿਕਾਰਾਂ ਦੇ ਵਧ ਜਾਣ ਕਰਕੇ ਦੂਸ਼ਿਤ ਹੈ। ਇਸ ਤਰ੍ਹਾਂ ਦਾ ਨਿਸ਼ਚਾ ਹੋ ਜਾਣ ਤੇ ਸੰਸਾਰ ਤੋਂ ਉਪਰਾਮਤਾ ਹੋ ਜਾਂਦੀ ਹੈ।

कोऽसौ कालो वयः किं वा यत्र द्वन्द्वानि नो नृणाम्।
तान्युपेक्ष्य यथाप्राप्तवर्ती सिद्धिमवाप्नुयात्॥४॥
ਕੋऽਸੌ ਕਾਲੋ ਵਯ: ਕਿੰ ਵਾ ਯਤ੍ਰ ਦ੍ਵੰਦ੍ਵਾਨਿ ਨੋ ਨ੍ਰਿਣਾਮ੍।
ਤਾਨਿਉਪੇਕ੍ਸ਼ਿਅ ਯਥਾਪ੍ਰਾਪ੍ਤਵਰਤੀ ਸਿੱਧਿਮਵਾਪ੍ਨੁਯਾਤ੍॥੪॥

ਸ਼ਬਦਾਰਥ:- ਕ: ਅਸੌ ਕਾਲ: = ਕਿਹੜਾ ਉਹ ਸਮਾਂ ਹੈ। ਵਯ: ਕਿੰ ਵਾ = ਅਤੇ ਕਿਹੜੀ ਅਵਸਥਾ ਹੈ। ਯਤ੍ਰ ਦ੍ਵੰਦ੍ਵਾਨਿ ਨੋ ਨ੍ਰਿਣਾਮ੍ = ਜਦੋਂ ਦਵੰਦ ਨਾ ਹੋਣ ਮਨੁੱਖਾਂ ਨੂੰ। ਤਾਨਿ ਉਪੇਕ੍ਸ਼ਿਅ = ਉਨ੍ਹਾਂ ਦੀ ਉਪੇਖਿਆ ਕਰਕੇ। ਯਥਾ-ਪ੍ਰਾਪ੍ਤ-ਵਰਤੀ = ਜਿਵੇਂ ਦਾ ਪ੍ਰਾਪਤ ਹੋਵੇ, ਉਸ ਵਿੱਚ ਵਰਤਣ ਵਾਲਾ। ਸਿੱਧਿਮ੍ ਅਵਾਪ੍ਨੁਯਾਤ੍ = ਸਿੱਧੀ ਪ੍ਰਾਪਤ ਕਰ ਲੈਂਦਾ ਹੈ।

ਸ਼ਲੋਕਾਰਥ:- ਉਹ ਕਿਹੜਾ ਸਮਾਂ ਜਾਂ ਕਿਹੜੀ ਅਵਸਥਾ ਹੈ ਜਦੋਂ ਮਨੁੱਖਾਂ ਨੂੰ

ਦਵੰਦ ਨਹੀਂ ਹੁੰਦੇ? ਉਨ੍ਹਾਂ ਦੀ ਉਪੇਖਿਆ ਕਰਕੇ, ਯਥਾ-ਪ੍ਰਾਪਤ ਵਿੱਚ ਸੰਤੁਸ਼ਟ (ਮਨੁੱਖ) ਸਿੱਧੀ ਪ੍ਰਾਪਤ ਕਰ ਲੈਂਦਾ ਹੈ।

ਭਾਵਾਰਥ:- ਦਵੰਦ ਅਰਥਾਤ ਵਿਰੋਧੀ ਭਾਵ, ਜਿੱਤ-ਹਾਰ, ਲਾਭ-ਹਾਨੀ, ਸੁਖ-ਦੁੱਖ ਆਦਿ ਸਦਾ ਮਨੁੱਖ ਨੂੰ ਘੇਰੀ ਰੱਖਦੇ ਹਨ। ਉਨ੍ਹਾਂ ਲਈ ਕੋਈ ਸਮਾਂ ਜਾ ਉਮਰ ਨਿਸ਼ਚਿਤ ਨਹੀਂ। ***"ਸੁਖੈ ਕਉ ਦੁਖੁ ਅਗਲਾ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰ ਗ ੫੭)** ਜੇ ਅੱਜ ਸੁਖ ਹੈ ਤਾਂ ਅੱਗੇ ਦੁੱਖ ਖੜਾ ਹੈ। ਇਹ ਭਾਵ ਸਰੀਰ ਦੇ, ਮਨ ਦੇ ਹਨ। ਜਿਹੜਾ ਇਹ ਸਮਝ ਲੈਂਦਾ ਹੈ, ਉਹ ਆਤਮ-ਗਿਆਨੀ ਹੈ ਅਤੇ ***"ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੭)** ਸੁਖ-ਦੁੱਖ ਤੋਂ ਪਾਰ ਹੋ ਕੇ ਉਹ ਗਿਆਨੀ ਮੋਖ ਦਾ ਅਧਿਕਾਰੀ ਬਣ ਜਾਂਦਾ ਹੈ। ਇਸੇ ਤਰ੍ਹਾਂ ਇਸ ਭਾਵਨਾ ਵਿੱਚ ਜਿਊਂਣਾ ਕਿ ***"ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਵਾਰ ਮ: ੫; ਅੰਗ ੫੨੩)** ਜੋ ਪਰਮਾਤਮਾ ਦੇਵੇ ਉਸੇ ਵਿੱਚ ਸੁਖੀ ਮਹਿਸੂਸ ਕਰਨਾ, ਮੋਖ ਪ੍ਰਾਪਤੀ ਦਾ ਸਾਧਨ ਹੈ।

नाना मतं महर्षीणाम् साधूनाम् योगिनाम् तथा।
दृष्टवा निर्वेदमापन्नः को न शाम्यति मानवः॥५॥

ਨਾਨਾ ਮਤੰ ਮਹਰਸ਼ੀਣਾਮ੍ ਸਾਧੂਨਾਮ੍ ਯੋਗਿਨਾਮ੍ ਤਥਾ।
ਦ੍ਰਿਸ਼ਟਵਾ ਨਿਰਵੇਦਮਾਪੰਨ: ਕੋ ਨ ਸ਼ਾਮਿਅਤਿ ਮਾਨਵ:॥੫॥

ਸ਼ਬਦਾਰਥ:- ਨਾਨਾ ਮਤੰ ਮਹਰਸ਼ੀਣਾਮ੍ ਸਾਧੂਨਾਮ੍ ਯੋਗਿਨਾਮ੍ ਤਥਾ = ਰਿਸ਼ੀਆਂ, ਸਾਧੂਆਂ ਅਤੇ ਯੋਗੀਆਂ ਦੇ ਕਈ ਮਤ ਹਨ। ਦ੍ਰਿਸ਼ਟਵਾ ਨਿਰਵੇਦਮ੍ ਆਪੰਨ:= ਵੇਖਕੇ ਉਪਰਾਮਤਾ ਨੂੰ ਪ੍ਰਾਪਤ ਹੋਇਆ ਹੋਇਆ। ਕ: ਨ ਸ਼ਾਮਿਅਤਿ ਮਾਨਵ: = ਕਿਹੜਾ ਨਹੀਂ ਸ਼ਾਂਤੀ ਨੂੰ ਪ੍ਰਾਪਤ ਹੁੰਦਾ ਮਨੁੱਖ!

ਸ਼ਲੋਕਾਰਥ:- ਰਿਸ਼ੀਆਂ, ਸਾਧੂਆਂ ਅਤੇ ਜੋਗੀਆਂ ਦੇ ਅਨੇਕਾਂ ਮਤ ਹਨ। (ਇਹ) ਵੇਖਕੇ ਉਪਰਾਮ ਹੋਇਆ ਹੋਇਆ ਕਿਹੜਾ ਮਨੁੱਖ ਸ਼ਾਂਤੀ ਪ੍ਰਾਪਤ ਨਹੀਂ ਕਰਦਾ!

ਭਾਵਾਰਥ:- ਅਧਿਆਤਮਿਕ ਜਗਤ ਵਿੱਚ ਕਈ ਤਰ੍ਹਾਂ ਦੇ ਮਤ ਵੱਖ-ਵੱਖ ਸਮੇਂ ਵਿੱਚ ਪ੍ਰਚਲਿਤ ਰਹੇ ਹਨ। ਰਿਸ਼ੀਆਂ ਦੁਆਰਾ ਰਚੇ ਹੋਏ ਦਰਸ਼ਨ-ਸ਼ਾਸਤਰ ਵੀ ਛੇ ਹਨ। ਸਾਧੂਆਂ ਦੀਆਂ ਸਾਧਨਾ-ਵਿਧੀਆਂ ਅਤੇ ਜੋਗੀਆਂ ਦੀ ਯੋਗ-ਸਾਧਨਾ ਦੇ ਤਰੀਕੇ ਵੱਖ-ਵੱਖ ਹਨ। ਇੱਕ ਸਧਾਰਨ ਵਿਅਕਤੀ ਲਈ ਇਹ ਅਨੇਕਤਾ ਦੁਵਿਧਾ ਦਾ ਕਾਰਨ ਬਣਦੀ ਹੈ ਕਿ ਕਿਹੜਾ ਰਸਤਾ ਅਪਣਾਇਆ ਜਾਏ। ਇਸ ਕਰਕੇ ਇਨ੍ਹਾਂ ਮਤਾਂ-ਮਤਾਂਤਰਾਂ ਵਿੱਚ ਨਾ ਫਸ ਕੇ ***"ਸਹਜ ਸੁਭਾਇ ਹੋਵੈ ਸੋ ਹੋਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੨)** ਜੋ ਸਹਿਜ ਸੁਭਾਅ ਹੋਏ ਉਹ ਹੀ ਠੀਕ ਹੁੰਦਾ ਹੈ ਕਿਉਂਕਿ ***"ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ**

ਮ: ੩; ਅੰਗ ੬੮) ਸਹਿਜ ਵਿੱਚ ਹੀ ਸੁਖ ਸ਼ਾਂਤੀ ਹੈ ਅਤੇ *"ਸਹਜੇ ਹੀ ਭਗਤਿ ਊਪਜੈ"* (ਅੰਗ ੬੮) ਭਗਤੀ ਵੀ ਸਹਿਜੇ ਹੀ ਉਪਜਦੀ ਹੈ। ਇਸ ਕਰਕੇ ਇਨ੍ਹਾਂ ਮਤਾਂ-ਮਤਾਂਤਰਾਂ ਤੋਂ ਨਿਰਲੇਪ ਰਹਿ ਕੇ, ਵੈਰਾਗ ਲੈ ਕੇ, ਮਨੁੱਖ ਸ਼ਾਂਤੀ ਪ੍ਰਾਪਤ ਕਰ ਸਕਦਾ ਹੈ।

कृत्वा मूर्तिपरिज्ञानं चैतन्यस्य न किं गुरुः।
निर्वेदसमतायुक्त्या यस्तारयति संसृतेः॥६॥
ਕ੍ਰਿਤ੍ਵਾ ਮੂਰਿਤਪਰਿਗਿਆਨੰ ਚੈਤਨਿਅਸਿਅ ਨ ਕਿੰ ਗੁਰੁ:।
ਨਿਰਵੇਦਸਮਤਾਯੁਕ੍ਤ੍ਯਾ ਯਸ੍ਤਾਰਯਤਿ ਸੰਸ੍ਰਿਤੇ:॥੬॥

ਸ਼ਬਦਾਰਥ:- ਕ੍ਰਿਤ੍ਵਾ ਮੂਰਿਤ ਪਰਿਗਿਆਨੰ ਚੈਤਨਿਅਸਿਅ = ਚੇਤਨ ਦੇ ਸ਼ੁੱਧ ਸਰੂਪ ਨੂੰ ਜਾਣ ਕੇ। ਨ ਕਿੰ ਗੁਰੁ: = ਕੀ ਗੁਰੂ ਨਹੀਂ? ਨਿਰਵੇਦ ਸਮਤਾ ਯੁਕ੍ਤ੍ਯਾ = ਵੈਰਾਗ ਸਮਤਾ ਅਤੇ ਯੁਕਤੀ ਦੁਆਰਾ। ਯ: ਤਾਰਯਤਿ ਸੰਸ੍ਰਿਤੇ: = ਜੋ (ਆਪਣੇ ਆਪ ਨੂੰ) ਤਾਰ ਲੈਂਦਾ ਹੈ ਸੰਸਾਰ ਤੋਂ ਅਰਥਾਤ ਸੰਸਾਰ ਵਿੱਚ ਆਪਣੇ ਆਪ ਨੂੰ ਨਿਰਲੇਪ ਰੱਖਦਾ ਹੈ।

ਸ਼ਲੋਕਾਰਥ:- ਜੋ ਵੈਰਾਗ, ਸਮ-ਬੁੱਧੀ ਅਤੇ ਦਲੀਲ ਨਾਲ ਚੇਤਨ ਦੇ ਸ਼ੁੱਧ ਸਰੂਪ ਨੂੰ ਜਾਣ ਕੇ ਆਪਣੇ ਆਪ ਨੂੰ ਸੰਸਾਰ ਵਿੱਚ ਨਿਰਲੇਪ ਰੱਖਦਾ ਹੈ, ਕੀ (ਉਹ) ਗੁਰੂ ਨਹੀਂ?

ਭਾਵਾਰਥ:- ਪਿਛਲੇ ਸ਼ਲੋਕ ਰਾਹੀਂ ਅਸ਼ਟਾਵਕ੍ਰ ਜੀ ਨੇ ਸਮਝਾਇਆ ਸੀ ਕਿ ਸਾਧੂਆਂ ਸੰਤਾਂ ਦੇ ਰਚੇ ਹੋਏ ਮਤਾਂ-ਮਤਾਂਤਰਾਂ ਦੇ ਪਿਛਲੱਗ ਬਣਨ ਦੀ ਲੋੜ ਨਹੀਂ। ਹੁਣ ਦੱਸ ਰਹੇ ਹਨ ਕਿ ਗੁਰੂ ਕੌਣ ਹੋ ਸਕਦਾ ਹੈ ਜਿਸ ਦੇ ਦੱਸੇ ਰਾਹ ਉੱਤੇ ਚੱਲਣਾ ਲੋੜੀਂਦਾ ਹੈ।

ਗਿਆਨੀ ਜਾਣਦਾ ਹੈ ਕਿ *"ਜਗ ਰਚਨਾ ਸਭ ਝੂਠ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਸੰਸਾਰ ਮਿਥਿਆ ਹੈ ਜਿਸ ਕਰਕੇ *"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮) ਸਰੀਰ, ਧਨ, ਰਿਸ਼ਤੇ-ਨਾਤੇ ਆਦਿ ਸਭ ਝੂਠੇ ਹਨ। ਇਸ ਕਰਕੇ ਉਹ ਕਿਸੇ ਮੋਹ-ਮਮਤਾ ਵਿੱਚ ਨਹੀਂ ਪੈਂਦਾ। ਉਹ ਜਾਣਦਾ ਹੈ ਕਿ *"ਸਰਬ ਜੀਆ ਮਹਿ ਏਕੋ ਰਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੮) ਸਭ ਵਿੱਚ ਇੱਕ ਹੀ ਆਤਮਾ ਹੈ ਜਿਸ ਕਰਕੇ ਉਹ *"ਸਮਦਰਸੀ ਏਕ ਦ੍ਰਿਸਟੇਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬) ਸਭ ਨੂੰ ਇੱਕ ਹੀ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ ਪਰ ਸਰੀਰਾਂ ਨੂੰ ਝੂਠੇ ਜਾਣਦਾ ਹੋਇਆ *"ਸਭ ਕੈ ਮਧਿ ਸਗਲ ਤੇ ਉਦਾਸ॥"* (ਅੰਗ ੨੯੬) ਸੰਸਾਰ ਵਿੱਚ ਵਿਚਰਦਾ ਹੋਇਆ ਸਭ ਤੋਂ ਨਿਰਲਿਪਤ ਰਹਿੰਦਾ ਹੈ ਅਤੇ ਬਾਹਰਮੁਖੀ ਨਾ ਰਹਿ ਕੇ *"ਅੰਦਰੁ ਖੋਜੈ ਤਤੁ ਲਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੩; ਅੰਗ ੬੫੦) ਆਪਣੇ ਅੰਦਰ ਖੋਜ ਕਰਕੇ ਤੱਤ-ਸਾਰ ਜਾਣ ਲੈਂਦਾ ਹੈ ਕਿ ਹੇ

"ਮਨ ਤੂੰ ਜੋਤਿ ਸਰੂਪੁ ਹੈ" (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਮੇਰੇ ਮਨਾਂ! ਤੂੰ ਤਾਂ ਚੇਤਨ ਜੋਤੀ ਸਰੂਪ ਹੈਂ ਅਰਥਾਤ ਉਹ ਆਤਮ-ਸਾਖਿਆਤਕਾਰ ਕਰ ਲੈਂਦਾ ਹੈ। ਇਸ ਤਰ੍ਹਾਂ ਦਾ ਗਿਆਨੀ, ਜਿਸ ਨੇ ਆਪ ਅਧਿਆਤਮ ਦੀ ਰਾਹ ਉੱਤੇ ਚੱਲ ਕੇ ਸਫਲਤਾ ਪ੍ਰਾਪਤ ਕੀਤੀ ਹੋਵੇ, ਸ੍ਰੇਸ਼ਠ ਮਾਰਗ ਦਰਸ਼ਕ ਅਰਥਾਤ ਗੁਰੂ ਹੈ।

पश्य भूतविकारांस्त्वं भूतमात्रान् यथार्थत:।
तत्क्षणाद्बन्धनिर्मुक्तः स्वरूपस्थो भविष्यसि।।७।।
ਪਸ਼ਿਅ ਭੂਤਵਿਕਾਰਾਂਸ੍ਤ੍ਵੰ ਭੂਤਮਾਤ੍ਰਾਨ੍ ਯਥਾਰਥਤ:।
ਤਤ੍ਕ੍ਸ਼ਣਾਦ੍ਬੰਧਨਿਰਮੁਕ੍ਤ: ਸ੍ਵਰੂਪਸ੍ਥੋ ਭਵਿਸ਼ਿਅਸਿ॥੭॥

ਸ਼ਬਦਾਰਥ:- ਪਸ਼ਿਅ ਭੂਤਵਿਕਾਰਾਨ੍ ਤ੍ਵੰ ਭੂਤਮਾਤ੍ਰਾਨ੍ ਯਥਾਰਥਤ: = ਵੇਖੋ (ਪੰਜ) ਭੂਤਾਂ (ਅਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ) ਦੇ ਕਾਰਜਾਂ (ਦੇਹ ਆਦਿ) ਨੂੰ ਅਸਲ ਵਿੱਚ ਭੂਤ-ਮਾਤਰ। ਤਤ੍ ਕ੍ਸ਼ਣਾਤ੍ = ਉਸੇ ਖਿਣ ਤੋਂ। ਬੰਧ-ਨਿਰਮੁਕ੍ਤ: ਸ੍ਵਰੂਪ-ਸ੍ਥ: ਭਵਿਸ਼ਿਅਸਿ = ਬੰਧਨ ਮੁਕਤ ਅਤੇ (ਆਪਣੇ) ਸਰੂਪ ਵਿੱਚ ਸਥਿਤ ਹੋ ਜਾਓਗੇ।

ਸ਼ਲੋਕਾਰਥ:- (ਹੇ ਜਨਕ ਜੀ!) ਭੂਤਾਂ ਦੇ ਕਾਰਜ (ਸਰੀਰ ਆਦਿਕਾਂ) ਨੂੰ ਭੂਤ ਮਾਤਰ ਹੀ ਸਮਝੋ। ਉਸੇ ਖਿਣ ਤੋਂ ਬੰਧਨ ਮੁਕਤ ਅਤੇ ਆਪਣੇ ਸਰੂਪ ਵਿੱਚ ਸਥਿਤ ਹੋ ਜਾਓਗੇ।

ਭਾਵਾਰਥ:- ਜਨਕ ਜੀ! *"ਪੰਚ ਤਤੁ ਕਾ ਰਚਨੁ ਰਚਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੩) ਸੰਸਾਰ ਰਚਨਾ ਪੰਜ ਤੱਤਾਂ ਦੀ ਰਚੀ ਹੋਈ ਹੈ। ਇਸੇ ਤਰ੍ਹਾਂ *"ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੧; ਅੰਗ ੧੧੨੮) ਮਨੁੱਖਾ ਦੇਹ ਵੀ ਪੰਜਾਂ ਤਤਾਂ ਦਾ ਹੀ ਜੋੜ ਹੈ। ਤੂੰ ਦੇਹ ਨੂੰ ਪੰਜ ਤੱਤ ਮਾਤਰ ਹੀ ਵੇਖ ਕਿਉਂਕਿ *"ਮਨੁ ਹਰਿ ਕੀਆ ਤਨੁ ਸਭੁ ਸਾਜਿਆ॥ ਪੰਚ ਤਤ ਰਚਿ ਜੋਤਿ ਨਿਵਾਜਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੫; ਅੰਗ ੧੩੩੭) ਪਰਮਾਤਮਾ ਨੇ ਪੰਜ ਜੜ੍ਹ ਤੱਤਾਂ ਨਾਲ ਮਨ, ਦੇਹ ਆਦਿ ਬਣਾ ਕੇ ਉਸ ਨੂੰ ਆਪਣੀ ਜੋਤ ਨਾਲ ਵੀ ਨਿਵਾਜਿਆ ਹੋਇਆ ਹੈ ਜੋ ਦੇਹ ਵਿੱਚ ਚੇਤਨਤਾ ਦੇ ਰੂਪ ਵਿੱਚ ਬਿਰਾਜਮਾਨ ਹੈ। ਇਸ ਕਰਕੇ ਤੂੰ ਜੜ੍ਹ ਦੇਹ ਨੂੰ ਆਤਮ-ਰੂਪ ਨਾ ਸਮਝ ਕਿਉਂਕਿ ਤੇਰਾ ਸਰੂਪ ਸ਼ੁੱਧ ਚੇਤਨ ਹੈ। ਵਿਅਕਤੀ *"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੯; ਅੰਗ ੧੨੩੧) ਦਾ ਬੰਧਨ ਇਹ ਹੈ ਕਿ ਉਹ ਮਿਥਿਆ ਦੇਹ ਨੂੰ ਸੱਚਾ ਅਰਥਾਤ ਆਪਣਾ ਆਪ ਮੰਨ ਕੇ ਸੰਸਾਰ ਨਾਲ ਬੱਝ ਜਾਂਦਾ ਹੈ। ਜਿਸ ਵੇਲੇ ਵਿਅਕਤੀ ਨੂੰ ਇਹ ਨਿਸ਼ਚਾ ਹੋ ਜਾਵੇ ਕਿ ਇੰਦ੍ਰੀ-ਗੋਚਰ ਸਭ ਕੁਝ, ਜੜ੍ਹ ਤੱਤਾਂ ਦੇ ਮਿਸ਼ਰਣ ਤੋਂ ਵੱਧ ਕੁਝ ਨਹੀਂ, ਜਿਸ ਨਾਲ ਮੁਝ 'ਚੇਤਨ ਸਰੂਪ' ਦਾ ਕੋਈ ਜੋੜ ਨਹੀਂ ਹੋ ਸਕਦਾ,

ਉਸੇ ਵੇਲੇ ਉਹ ਬੰਧਨ ਮੁਕਤ ਅਤੇ ਆਪਣੇ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ।

वासना एव संसार इति सर्वा विमुञ्च ताः।
तत्त्यागो वासनात्यागात् स्थितिरद्य यथा तथा॥८॥

ਵਾਸਨਾ ਏਵ ਸੰਸਾਰ ਇਤਿ ਸਰਵਾ ਵਿਮੁੰਚ ਤਾ:।
ਤਤ੍ਰ ਤਿਆਗੋ ਵਾਸਨਾਤਿਆਗਾਤ੍ਰ ਸ੍ਥਿਤਿਰਦਿਅ ਯਥਾ ਤਥਾ॥੮॥

ਸ਼ਬਦਾਰਥ:- ਵਾਸਨਾ ਏਵ ਸੰਸਾਰ = ਵਾਸ਼ਨਾ ਹੀ ਸੰਸਾਰ ਹੈ। ਇਤਿ ਸਰਵਾ: ਵਿਮੁੰਚ ਤਾ: = ਇਸ ਲਈ ਸਾਰੀਆਂ (ਵਾਸ਼ਨਾਵਾਂ) ਤਿਆਗ ਉਹ। ਤਤ੍ਰ ਤਿਆਗ: ਵਾਸਨਾ ਤਿਆਗਾਤ੍ਰ = ਉਸ ਦਾ (ਸੰਸਾਰ ਦਾ) ਤਿਆਗ ਵਾਸ਼ਨਾ ਦੇ ਤਿਆਗ ਨਾਲ। ਸ੍ਥਿਤਿ: ਅਦਿਅ ਯਥਾ ਤਥਾ = ਸਥਿਤ ਹੋ ਹੁਣ ਕਿਤੇ ਵੀ।

ਸ਼ਲੋਕਾਰਥ:- ਵਾਸ਼ਨਾ ਹੀ ਸੰਸਾਰ ਹੈ। ਇਸ ਲਈ ਉਨ੍ਹਾਂ ਸਾਰੀਆਂ (ਵਾਸ਼ਨਾਵਾਂ) ਨੂੰ ਤਿਆਗ। ਵਾਸ਼ਨਾ ਦਾ ਤਿਆਗ ਹੀ ਸੰਸਾਰ ਦਾ ਤਿਆਗ ਹੈ। ਉਸ ਪਿੱਛੋਂ ਕਿਤੇ ਵੀ ਰਹੁ।

ਭਾਵਾਰਥ:- ਹਰ ਵਾਸ਼ਨਾ ਦੇ ਮੂਲ ਵਿੱਚ ਕੋਈ ਨਾ ਕੋਈ ਵਿਸ਼ਾ ਹੁੰਦਾ ਹੈ ਅਤੇ *"ਸੰਸਾਰੁ ਬਿਖਿਆ ਕੂਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੩੮) ਸੰਸਾਰ ਹੀ ਵਿਸ਼ਿਆਂ ਦਾ ਖੂਹ ਹੈ, ਘਰ ਹੈ, ਸ੍ਰੋਤ ਹੈ। ਵਾਸ਼ਨਾ ਅਰਥਾਤ ਵਿਸ਼ੇ ਪ੍ਰਾਪਤੀ ਦੀ *"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩) ਭੁੱਖ ਕਿਸੇ ਵਿਰਲੇ ਦੀ ਹੀ ਸ਼ਾਂਤ ਹੁੰਦੀ ਹੈ ਕਿਉਂਕਿ *"ਤ੍ਰਿਸਨਾ ਚਲਤ ਬਹੁ ਪਰਕਾਰਿ॥ ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੪-੨੫) ਇਹ ਕਈ ਰੂਪਾਂ ਵਿੱਚ ਆਉਂਦੀ ਹੈ ਪਰ ਤ੍ਰਿਪਤ ਕਦੇ ਨਹੀਂ ਹੁੰਦੀ ਅਤੇ ਅੰਤ ਵਿੱਚ ਵਿਅਕਤੀ ਥੱਕ-ਹਾਰ ਜਾਂਦਾ ਹੈ। ਵਾਸ਼ਨਾ ਦੀ ਤ੍ਰਿਪਤੀ ਲਈ ਹੀ ਮਨੁੱਖ ਸੰਸਾਰ ਨਾਲ ਜੁੜਿਆ ਰਹਿੰਦਾ ਹੈ ਅਤੇ ਦੂਜੇ ਸ਼ਬਦਾਂ ਵਿੱਚ, ਵਾਸ਼ਨਾ ਹੀ ਉਸ ਦਾ ਸੰਸਾਰ ਬਣ ਜਾਂਦਾ ਹੈ। ਜੇ ਵਾਸ਼ਨਾ ਨਹੀਂ ਤਾਂ ਸੰਸਾਰ ਵੀ ਨਹੀਂ। ਇਸ ਕਰਕੇ ਜਿਸ ਵਿਅਕਤੀ ਨੇ ਵਾਸ਼ਨਾ ਦਾ ਬਿਲਕੁਲ ਤਿਆਗ ਕੀਤਾ ਹੋਇਆ ਹੈ, ਉਸ ਵਾਸਤੇ ਸੰਸਾਰ ਦੀ ਹੋਂਦ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਉਹ ਹਰ ਥਾਂ, ਹਰ ਵੇਲੇ ਮੁਕਤ ਹੈ।

◆◆◆

ਦਸਵਾਂ ਅਧਿਆਇ

ਨਿਹਕਰਮਤਾ।

विहाय वैरिणं काममर्थम् चानर्थसंकुलम्।
धर्ममप्येतयोर्हेतुं सर्वत्रानादरं कुरु॥१॥

ਵਿਹਾਯ ਵੈਰਿਣੰ ਕਾਮਮਰਥਮ੍ ਚਾਨਰਥਸੰਕੁਲਮ੍।
ਧਰਮਮਪਿਏਤਯੋਰਹੇਤੁੰ ਸਰਵਤ੍ਰਾਨਾਦਰੰ ਕੁਰੁ॥੧॥

ਸ਼ਬਦਾਰਥ:- ਵਿਹਾਯ ਵੇਰਿਣੰ ਕਾਮਮ੍ = ਤਿਆਗ ਕੇ ਵੈਰੀ ਰੂਪ ਕਾਮਨਾ ਨੂੰ। ਅਰਥੰ ਚ ਅਨਰਥ ਸੰਕੁਲਮ੍ = ਅਤੇ ਅਰਥ ਨੂੰ ਅਨਰਥ ਦੇ ਭਰੇ ਹੋਏ ਨੂੰ। ਧਰਮਮ੍ ਅਪਿ ਏਤਯੋ: ਹੇਤੁੰ = ਧਰਮ ਨੂੰ ਵੀ ਇਨ੍ਹਾਂ ਦੋਹਾਂ ਦੇ ਕਾਰਨ ਨੂੰ। ਸਰਵਤ੍ਰ ਅਨਾਦਰੰ ਕੁਰੁ = ਸਭ ਦਾ ਅਨਾਦਰ ਕਰ।

ਸ਼ਲੋਕਾਰਥ:- ਵੈਰੀ ਰੂਪ ਇੱਛਾ ਨੂੰ, ਅਨਰਥ ਦੇ ਭਰੇ ਹੋਏ ਅਰਥ ਨੂੰ ਅਤੇ ਇਨ੍ਹਾਂ ਦੋਹਾਂ ਦੇ ਕਾਰਨ ਧਰਮ ਨੂੰ ਵੀ ਤਿਆਗ ਕੇ ਸਭ ਦਾ ਅਨਾਦਰ ਕਰੋ ਅਰਥਾਤ ਇਨ੍ਹਾਂ ਤੋਂ ਉਪਰਾਮ ਹੋ ਜਾਓ।

ਭਾਵਾਰਥ:- ਮਨੁੱਖਾ ਜੀਵਨ ਦੇ ਚਾਰ ਪੁਰਖਾਰਥ ਮੰਨੇ ਗਏ ਹਨ - ਧਰਮ, ਅਰਥ, ਕਾਮ ਅਤੇ ਮੋਖ। ਇੱਕ ਸਧਾਰਨ ਵਿਅਕਤੀ ਪਹਿਲੇ ਤਿੰਨਾਂ ਵਿੱਚ ਹੀ ਰੁੱਝਾ ਰਹਿੰਦਾ ਹੈ। ਅਸ਼ਟਾਵਕ੍ਰ ਜੀ ਕਹਿ ਰਹੇ ਹਨ ਕਿ ਮੋਖ ਦੀ ਪ੍ਰਾਪਤੀ ਲਈ ਪਹਿਲੇ ਤਿੰਨਾਂ ਤੋਂ ਉਪਰਾਮ ਹੋ ਜਾਓ।

ਕਾਮ, ਕਾਮਨਾ ਦਾ ਹੀ ਲਘੂ ਰੂਪ ਹੈ ਜਿਸ ਦਾ ਮਤਲਬ ਹੈ ਇੱਛਾ, ਵਾਸ਼ਨਾ, ਤ੍ਰਿਸ਼ਨਾ। ਇਸ ਨੂੰ ਵੈਰੀ ਕਿਹਾ ਹੈ ਕਿਉਂਕਿ ਇਹ ਮਨੁੱਖ ਨੂੰ ਕਰਮ ਲਈ ਪ੍ਰੇਰਦਾ ਹੈ ਅਤੇ *"ਕਰਮ ਕਰਤ ਜੀਅ ਕਉ ਜੰਜਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੫) ਕਰਮ ਕਰਦਾ ਮਨੁੱਖ ਝੰਜਟਾਂ ਵਿੱਚ ਫਸ ਜਾਂਦਾ ਹੈ। ਵਾਸ਼ਨਾ ਹੀ ਕਈ ਪਾਪਾਂ ਦੀ ਜੜ੍ਹ ਹੈ ਜਿਸ ਕਰਕੇ ਉਪਦੇਸ਼ ਹੈ ਕਿ *"ਬਾਸਨ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲਕਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੫) ਵਾਸ਼ਨਾ ਰਹਿਤ ਹੋ ਕੇ ਸਾਰੇ ਪਾਪ ਸਾੜ ਦਿਓ। ਅਰਥ ਦਾ *"ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੮੭੬) ਲੋਭੀ ਚਾਰ ਚੁਫੇਰੇ ਲੱਭਦਾ ਫਿਰਦਾ ਹੈ, ਥਿਰ ਨਹੀਂ ਰਹਿ ਸਕਦਾ ਜਿਸ ਕਰਕੇ ਉਸ ਲਈ ਪ੍ਰਭੂ ਪ੍ਰਾਪਤੀ ਅਸੰਭਵ ਹੈ।

ਧਰਮ ਸਮਝ ਕੇ ਇੱਕ ਸੰਸਾਰੀ ਪੁੰਨ ਕਰਮ ਕਰਦਾ ਹੈ ਪਰ *"ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਹਾਗੜਾ ਮ: ੩; ਅੰਗ ੫੫੧) ਧਰਮ ਕਰਮ ਵੀ ਪਾਪ ਜਾਂ ਪੁੰਨ ਨਾਲ ਸੰਬੰਧਿਤ ਹੋਣ ਕਰਕੇ ਬੰਧਨ ਰੂਪ ਹਨ। ਇਨ੍ਹਾਂ ਕਾਰਨਾਂ ਕਰਕੇ ਧਰਮ, ਅਰਥ ਅਤੇ ਕਾਮ ਤੋਂ ਉਪਰਾਮ ਹੋਣ ਲਈ ਕਿਹਾ ਹੈ।

स्वप्नेन्द्रजालवत् पश्य दिनानि त्रीणि पञ्च वा।
मित्रक्षेत्रधनागारदारदायादिसम्पदः ॥२॥

ਸੁਵਪ੍ਨੇਂਦ੍ਰਜਾਲਵਤ੍ ਪਸ਼ਿਅ ਦਿਨਾਨਿ ਤ੍ਰੀਣਿ ਪੰਚ ਵਾ।
ਮਿਤ੍ਰਕ੍ਸ਼ੇਤ੍ਰਧਨਾਗਾਰਦਾਰਦਾਯਾਦਿਸੰਪਦ: ॥੨॥

ਸ਼ਬਦਾਰਥ:- ਸੁਵਪ੍ਨ-ਇੰਦ੍ਰਜਾਲ-ਵਤ੍ ਪਸ਼ਿਅ = ਸੁਪਨੇ ਅਤੇ ਇੰਦਰਜਾਲ ਵਾਂਗ ਵੇਖ। ਦਿਨਾਨਿ ਤ੍ਰੀਣਿ ਪੰਚ ਵਾ = ਤਿੰਨ ਜਾਂ ਪੰਜ ਦਿਨਾਂ ਤੱਕ। ਮਿਤ੍ਰ-ਕ੍ਸ਼ੇਤ੍ਰ-ਧਨ-ਆਗਾਰ-ਦਾਰ-ਦਾਯ-ਆਦਿ-ਸੰਪਦ: = ਮਿੱਤਰ, ਖੇਤ, ਧਨ, ਮਕਾਨ, ਪਤਨੀ, ਭਰਾ ਆਦਿ ਸੰਪਤੀਆਂ।

ਸ਼ਲੋਕਾਰਥ:- ਮਿੱਤਰ, ਖੇਤ, ਧਨ, ਘਰ, ਪਤਨੀ, ਭਰਾ ਆਦਿ ਸੰਪਤੀਆਂ ਨੂੰ ਸੁਪਨੇ ਅਤੇ ਇੰਦਰਜਾਲ ਵਾਂਗ ਤਿੰਨ-ਪੰਜ ਦਿਨਾਂ ਦੇ ਅਰਥਾਤ ਨਾਸਵਾਨ ਸਮਝ।

ਭਾਵਾਰਥ:- *"ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ॥ ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੪੭) ਹੀਰੇ-ਮੋਤੀ, ਸੋਨਾ-ਰੁਪਏ, ਮਾਤਾ-ਪਿਤਾ, ਪੁੱਤਰ-ਪਤਨੀ, ਮਿੱਤਰ-ਬੰਧੂ ਸਾਰੇ ਰਿਸ਼ਤੇ-ਨਾਤੇ ਮਿਥਿਆ ਹਨ। ਇਨ੍ਹਾਂ ਦਾ ਸੰਬੰਧ ਕੇਵਲ ਦੇਹ ਨਾਲ ਹੈ, *"ਕਛੂ ਸੰਗਿ ਨ ਚਾਲੈ ਸਮਝ ਲੇਹ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੭) ਕੁਝ ਵੀ ਨਾਲ ਨਹੀਂ ਜਾਂਦਾ, *"ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੩੫) ਜੀਵ ਹੰਸ ਨਿੰਮੋ-ਝੂਣਾ ਉੱਡ ਜਾਂਦਾ ਹੈ ਅਤੇ ਸਭ ਧਨ, ਰਿਸ਼ਤੇ ਨਾਤੇ ਪਿੱਛੇ ਰਹਿ ਜਾਂਦੇ ਹਨ। ਇਸ ਕਰਕੇ ਇਨ੍ਹਾਂ ਦੀ ਮੋਹ-ਮਮਤਾ ਦੇ ਇੰਦਰਜਾਲ ਵਿੱਚ ਨਾ ਫਸ।

यत्र यत्र भवेत्तृष्णा संसारं विद्धि तत्र वै।
प्रौढवैराग्यमाश्रित्य वीततृष्णः सुखी भव॥३॥

ਯਤ੍ਰ ਯਤ੍ਰ ਭਵੇਤ੍ਤ੍ਰਿਸ਼ਣਾ ਸੰਸਾਰੰ ਵਿੱਧਿ ਤਤ੍ਰ ਵੈ।
ਪ੍ਰੌਢਵੈਰਾਗਿਅਮਾਸ਼੍ਰਿਤਿਅ ਵੀਤਤ੍ਰਿਸ਼੍ਣ: ਸੁਖੀ ਭਵ॥੩॥

ਸ਼ਬਦਾਰਥ:- ਯਤ੍ਰ ਯਤ੍ਰ ਭਵੇਤ੍ ਤ੍ਰਿਸ਼੍ਣਾ = ਜਿੱਥੇ ਜਿੱਥੇ ਤ੍ਰਿਸ਼ਨਾ ਹੋਵੇ। ਸੰਸਾਰੰ ਵਿੱਧਿ ਤਤ੍ਰ ਵੈ = ਸੰਸਾਰ ਨੂੰ ਜਾਣੋ ਉੱਥੇ ਹੀ। ਪ੍ਰੌਢ-ਵੈਰਾਗਿਅਮ੍-ਆਸ਼੍ਰਿਤਿਅ = ਪੱਕੇ ਵੈਰਾਗ ਨੂੰ ਆਸਰਾ ਬਣਾ ਕੇ। ਵੀਤ-ਤ੍ਰਿਸ਼੍ਣ: ਸੁਖੀ ਭਵ = ਤ੍ਰਿਸ਼ਨਾ ਰਹਿਤ ਹੋ ਕੇ ਸੁਖੀ ਹੋ ਜਾ।

ਸ਼ਲੋਕਾਰਥ:- ਜਿੱਥੇ ਜਿੱਥੇ ਤ੍ਰਿਸ਼ਨਾ ਹੋਵੇ, ਸੰਸਾਰ ਨੂੰ ਉੱਥੇ ਹੀ ਸਮਝ। (ਇਸ ਕਰਕੇ) ਦ੍ਰਿੜ੍ਹ ਵੈਰਾਗ ਧਾਰਨ ਕਰਕੇ ਤ੍ਰਿਸ਼ਨਾ ਰਹਿਤ ਹੋ ਕੇ ਸੁਖੀ ਹੋ ਜਾ।

ਭਾਵਾਰਥ:- ਅਸ਼ਟਾਵਕ੍ਰ ਜੀ ਅਧਿਆਇ ੯ ਦੇ ਸ਼ਲੋਕ ੮ ਵਿੱਚ ਕਿਹਾ ਹੋਇਆ ਦੋਹਰਾ ਰਹੇ ਹਨ ਕਿ ਵਾਸ਼ਨਾ/ਤ੍ਰਿਸ਼ਨਾ ਹੀ ਸੰਸਾਰ ਹੈ ਕਿਉਂਕਿ ***"ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੦੦)** ਤ੍ਰਿਸ਼ਨਾ ਕਾਰਨ ਮਨੁੱਖ ਸੰਸਾਰਿਕ ਕਰਮ ਨਾਲ ਇਸ ਤਰ੍ਹਾਂ ਬੱਝਦਾ ਹੈ ਜਿਵੇਂ ਤੇਲੀ ਦਾ ਬਲਦ ਕੋਹਲੂ ਦੇ ਡੰਡੇ ਨਾਲ ਬੱਝਾ ਹੋਇਆ ਘੁੰਮਦਾ ਹੈ। ***"ਤ੍ਰਿਸਨਾ ਜਾਲੇ ਸੁਧਿ ਨ ਕਾਈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੦)** ਤ੍ਰਿਸ਼ਨਾ ਮਨੁੱਖ ਨੂੰ ਇਸ ਤਰ੍ਹਾਂ ਦੁਖੀ ਰੱਖਦੀ ਹੈ ਕਿ ਉਸ ਨੂੰ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਇਸ ਕਰਕੇ ਸੰਸਾਰ ਪ੍ਰਤੀ ਦ੍ਰਿੜ੍ਹ ਵੈਰਾਗੀ ਹੋ ਕੇ ***"ਤ੍ਰਿਸਨਾ ਤਜਿ ਸਹਜ ਸੁਖੁ ਪਾਇਆ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੧)** ਜਿਸ ਨੇ ਤ੍ਰਿਸ਼ਨਾ ਦਾ ਤਿਆਗ ਕੀਤਾ ਹੈ ਉਸ ਨੇ ਹੀ ਸਹਿਜ ਸੁਖ ਦਾ ਅਨੁਭਵ ਕੀਤਾ ਹੈ।

तृष्णमात्रात्मको बन्धस्तन्नाशो मोक्ष उच्यते।
भवासंसक्तिमात्रेण प्राप्तितुष्टिर्मुहुर्महुः॥४॥

ਤ੍ਰਿਸ਼੍ਣਮਾਤ੍ਰਾਤ੍ਮਕੋ ਬੰਧਸ੍ਤੰਨਾਸ਼ੋ ਮੋਕ੍ਸ਼ ਉਚਿਅਤੇ।
ਭਵਾਸੰਸਕ੍ਤਿਮਾਤ੍ਰੇਣ ਪ੍ਰਾਪ੍ਤਿਤੁਸ਼੍ਟਿਰਮੁਹੁਰਮੁਹੁ:॥੪॥

ਸ਼ਬਦਾਰਥ:- ਤ੍ਰਿਸ਼੍ਣਮਾਤ੍ਰਾਤ੍ਮਕ: ਬੰਧ: = ਬੰਧਨ ਦਾ ਸਰੂਪ ਤ੍ਰਿਸ਼ਨਾ ਮਾਤਰ ਹੈ। ਤਤ੍ ਨਾਸ਼: ਮੋਕ੍ਸ਼ ਉਚਿਅਤੇ = ਉਸ ਦਾ ਨਾਸ ਮੋਖ ਕਿਹਾ ਜਾਂਦਾ ਹੈ। ਭਵ-ਅਸੰਸਕ੍ਤਿ-ਮਾਤ੍ਰੇਣ = ਸੰਸਾਰ ਤੋਂ ਅਸਕਤ-ਮਾਤਰ ਹੋਣ ਨਾਲ। ਪ੍ਰਾਪ੍ਤਿ: ਤੁਸ਼੍ਟਿ: ਮੁਹੁ: ਮੁਹੁ: = ਪ੍ਰਾਪਤ ਹੁੰਦੀ ਹੈ ਸੰਤੁਸ਼ਟੀ ਬਾਰੰਬਾਰ।

ਸ਼ਲੋਕਾਰਥ:- ਤ੍ਰਿਸ਼ਨਾ ਮਾਤਰ ਬੰਧਨ ਹੈ, ਉਸ ਦਾ ਨਾਸ ਮੋਖ ਕਿਹਾ ਜਾਂਦਾ ਹੈ। ਸੰਸਾਰ ਤੋਂ ਅਸਕਤੀ ਮਾਤਰ ਪਰਮ-ਸੰਤੋਖ ਦੀ ਪ੍ਰਾਪਤੀ ਹੈ।

ਭਾਵਾਰਥ:- ਜਿਸ ਵਿਸ਼ੇ ਦੀ ਤ੍ਰਿਸ਼ਨਾ ਹੋਵੇ, ਉਸ ਦੀ ਪ੍ਰਾਪਤੀ ਦੇ ***"ਲੋਭਿ ਮੋਹਿ ਬਾਧੀ ਦੇਹ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੩੮)** ਲੋਭ ਮੋਹ ਵਿੱਚ ਮਨੁੱਖ ਸੰਸਾਰ ਨਾਲ ਬੱਝਾ ਰਹਿੰਦਾ ਹੈ ਕਿਉਂਕਿ ***"ਸੰਸਾਰੁ ਬਿਖਿਆ ਕੂਪ॥"*** **(ਅੰਗ ੮੩੮)** ਸੰਸਾਰ ਵਿਸ਼ਿਆਂ ਦਾ ਘਰ ਹੈ। ਇਸ ਤਰ੍ਹਾਂ ਤ੍ਰਿਸ਼ਨਾ ਮਨੁੱਖ ਨੂੰ ਸੰਸਾਰ ਨਾਲ ਬੰਨ੍ਹੀ ਰੱਖਦੀ ਹੈ ਭਾਵ ਬੰਧਨ ਰੂਪ ਹੈ ਅਤੇ ਜਦੋਂ ਮਨੁੱਖ ਤ੍ਰਿਸ਼ਨਾ ਰਹਿਤ ਹੋ ਜਾਂਦਾ ਹੈ, ਉਸ ਦਾ ਸੰਸਾਰ ਨਾਲੋਂ ਸੰਬੰਧ ਟੁੱਟ ਜਾਂਦਾ ਹੈ ਅਤੇ ਉਹ ਮੁਕਤ ਹੋ ਜਾਂਦਾ ਹੈ। ***"ਤ੍ਰਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੨੧)** ਤ੍ਰਿਸ਼ਨਾ ਦੀ ਸਮਾਪਤੀ ਨਾਲ ਕੋਈ ਆਸ ਅਧੂਰੀ ਨਹੀਂ ਰਹਿੰਦੀ ਅਤੇ ਪਰਮ ਸੰਤੋਖ ਦੀ ਪ੍ਰਾਪਤੀ ਹੋ ਜਾਂਦੀ ਹੈ।

त्वमेकश्चेतनः शुद्धो जडं विश्वमसत्तथा।
अविद्यापि न किञ्चित्सा का बुभुत्सा तथापि ते।।५।।
ਤ੍ਵਮੇਕਸ਼੍ਚੇਤਨ: ਸ਼ੁੱਧੋ ਜਡੰ ਵਿਸ਼੍ਵਮਸੱਤਥਾ।
ਅਵਿਦਿਆਪਿ ਨ ਕਿੰਚਿਤ੍ਸਾ ਕਾ ਬੁਭੁਤ੍ਸਾ ਤਥਾਪਿ ਤੇ॥੫॥

ਸ਼ਬਦਾਰਥ:- ਤ੍ਵੰ ਏਕ: ਚੇਤਨ: ਸ਼ੁੱਧ: = ਤੂੰ ਇੱਕ ਹੀ ਸ਼ੁੱਧ ਚੇਤਨ ਹੈਂ। ਜਡੰ ਵਿਸ਼੍ਵੰ ਅਸਤ੍ ਤਥਾ = ਵਿਸ਼ਵ ਜੜ੍ਹ ਅਤੇ ਅਸਤਿ ਹੈ। ਅਵਿਦਿਆ ਅਪਿ ਨ ਕਿੰਚਿਤ੍ ਸਾ = ਅਗਿਆਨ/ਮਾਇਆ ਵੀ ਕੁਝ ਨਹੀਂ ਉਹ। ਕਾ ਬੁਭੁਤ੍ਸਾ ਤਥਾ ਅਪਿ ਤੇ = ਕੀ ਜਾਣਨ ਦੀ ਤਾਂਘ ਹੈ ਤਦ ਵੀ ਤੇਰੀ?

ਸ਼ਲੋਕਾਰਥ:- ਤੂੰ ਇਕੱਲਾ ਹੀ ਸ਼ੁੱਧ ਚੇਤਨ ਹੈਂ। ਸੰਸਾਰ ਜੜ੍ਹ ਅਤੇ ਅਸਤਿ (ਮਿਥਿਆ) ਹੈ। ਅਵਿੱਦਿਆ ਦੀ ਹੋਂਦ ਵੀ ਨਹੀਂ। ਤਦ ਵੀ ਤੇਰੀ ਕੀ ਜਾਣਨ ਦੀ ਤਾਂਘ ਹੈ?

ਭਾਵਾਰਥ:- ਹੇ ਰਾਜਾ ਜਨਕ ਸੁਣੋ-***"ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ॥ ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ,** ਸਾਰਗ ਮ: ੫; ਅੰਗ ੧੨੧੬) ਪ੍ਰਾਣੀ ਦਾ ਮੂਲ ਕੀ ਹੈ ਅਤੇ ਉਸ ਦਾ ਰੂਪ ਕੀ ਦਿੱਸਦਾ ਹੈ; ਜਦ ਮਿੱਟੀ ਵਿੱਚ ਪਰਮਾਤਮਾ ਦੀ ਜੋਤੀ ਦਾ ਪਰਕਾਸ਼ ਹੋ ਜਾਂਦਾ ਹੈ ਤਦ ਉਹ ਮਨੁੱਖ ਦੀ ਦੁਰਲੱਭ ਦੇਹ ਕਹਾਉਂਦੀ ਹੈ ਅਰਥਾਤ ਤੂੰ ਨਾਸਵਾਨ ਦੇਹ ਵਿੱਚ ਸ਼ੁੱਧ ਚੇਤਨ ਸਰੂਪ ਜੋਤੀ ਹੈਂ। ਜਿੱਥੋਂ ਤੱਕ ਜਗਤ ਦਾ ਸੰਬੰਧ ਹੈ ***"ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੫)** ਪਰਮਾਤਮਾ ਨੇ ਜਲ, ਅਗਨੀ, ਪਵਨ ਆਦਿ ਤਿੰਨ ਜੜ੍ਹ ਤੱਤਾਂ ਨੂੰ ਮਿਲਾ ਕੇ ਇਸ ਦੀ ਰਚਨਾ ਕੀਤੀ ਹੈ ਜਿਸ ਕਰਕੇ ਇਹ ਜੜ੍ਹ ਹੈ ਅਤੇ ***"ਮਿਥਨੀ ਬਿਸਥਾਰੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ,** ਸਾਰਗ ਮ: ੫; ਅੰਗ ੧੨੨੯) ਇਹ ਵਿਸਤਾਰ ਮਿਥਿਆ ਹੈ। ਜਿਵੇਂ ਹਨ੍ਹੇਰੇ ਦੀ ਆਪਣੀ ਕੋਈ ਹੋਂਦ ਨਹੀਂ ਹੁੰਦੀ, ਇਹ ਕੇਵਲ ਚਾਨਣ ਦੀ ਅਣਹੋਂਦ ਹੈ, ਉਸੇ ਤਰ੍ਹਾਂ ਅਗਿਆਨ/ਮਾਇਆ ਦੀ ਵੀ ਕੋਈ ਹੋਂਦ ਨਹੀਂ, ਇਹ ਗਿਆਨ ਦੀ ਅਣਹੋਂਦ ਦਾ ਹੀ ਨਾਮ ਹੈ। ਜਦ ਇਹ ਪਤਾ ਹੈ ਕਿ ਜਗਤ ਅਤੇ ਮਾਇਆ ਮਿਥਿਆ ਹਨ ਫਿਰ ਹੋਰ ਕੀ ਜਾਣਨ ਦੀ ਤਾਂਘ ਰਹਿ ਜਾਂਦੀ ਹੈ? ਭਾਵ ਆਪਣੇ ਆਪ ਨੂੰ ਜਾਣਨ ਤੋਂ ਸਿਵਾ ਹੋਰ ਕੁਝ ਜਾਣਨ ਦੀ ਇੱਛਾ ਨਾ ਕਰੋ।

राज्यं सुताः कलत्राणि शरीराणि सुखानि च।
संसक्तस्यापि नष्टानि तव जन्मनि जन्मनि।।६।।
ਰਾਜਿਅੰ ਸੁਤਾ: ਕਲਤ੍ਰਾਣਿ ਸ਼ਰੀਰਾਣਿ ਸੁਖਾਨਿ ਚ।
ਸੰਸਕ੍ਤਸਿਆਪਿ ਨਸ਼੍ਟਾਨਿ ਤਵ ਜਨ੍ਮਨਿ ਜਨ੍ਮਨਿ॥੬॥

ਸ਼ਬਦਾਰਥ:- ਰਾਜਿਅੰ ਸੁਤਾ: ਕਲਤ੍ਰਾਣਿ ਸ਼ਰੀਰਾਣਿ ਸੁਖਾਨਿ ਚ = ਰਾਜ-ਭਾਗ, ਪੁੱਤਰ, ਪਤਨੀਆਂ, ਦੇਹਾਂ, ਅਤੇ ਸੁਖ। ਸੰਸਕ੍ਤਸਿਅ ਅਪਿ ਨਸ਼੍ਟਾਨਿ ਤਵ = ਤੁਝ ਆਸਕਤ ਦੇ ਵੀ ਨਾਸ ਹੋ ਗਏ। ਜਨ੍ਮਨਿ ਜਨ੍ਮਨਿ = ਜਨਮ-ਜਨਮ ਵਿੱਚ।

ਸ਼ਲੋਕਾਰਥ:- ਹਾਲਾਂਕਿ ਤੂੰ ਆਸਕਤ ਸੀ, (ਫਿਰ ਵੀ) ਜਨਮ ਜਨਮ ਵਿੱਚ ਤੇਰੇ ਰਾਜ-ਭਾਗ, ਪੁੱਤਰ, ਪਤਨੀਆਂ, ਦੇਹਾਂ ਅਤੇ ਸੁਖ ਨਸ਼ਟ ਹੁੰਦੇ ਆਏ ਹਨ।

ਭਾਵਾਰਥ:- ਤੂੰ ਸੰਸਾਰ ਵਿੱਚ ਆਸਕਤ ਸੀ ਜਿਸ ਕਰਕੇ ਤੈਨੂੰ ***"ਮੋਹ ਭਰਮਿ ਬਹੁ ਜੋਨਿ ਭਵਾਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੮)** ਤੇਰੇ ਮੋਹ ਨੇ ਕਈ ਜੂਨਾਂ ਵਿੱਚ ਭਵਾਇਆ ਹੈ। ਹਰ ਨਵੇਂ ਜਨਮ ਵਿੱਚ ਤੂੰ ਨਵੇਂ ਧਨ-ਦੌਲਤ, ਨਵੇਂ ਪੁੱਤਰ-ਪਤਨੀਆਂ, ਨਵੇਂ ਸਰੀਰ-ਸੁਖ ਆਦਿ ਭੋਗੇ ਹਨ ਜੋ ਸਭ ਨਸ਼ਟ ਹੁੰਦੇ ਰਹੇ ਹਨ। ਸਪਸ਼ਟ ਹੈ ਕਿ ***"ਤਨੁ ਧਨੁ ਕਲਤੁ ਮਿਥਿਆ ਬਿਸਥਾਰ॥ ਹੈਵਰ ਗੈਵਰ ਚਾਲਨਹਾਰ॥ ਰਾਜ ਰੰਗ ਰੂਪ ਸਭਿ ਕੂਰ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੮)** ਦੇਹ, ਧਨ, ਪਤਨੀ, ਹਾਥੀ, ਘੋੜੇ, ਰਾਜ-ਭੋਗ, ਰੰਗ-ਰੂਪ ਸਭ ਝੂਠ ਹੈ ਕਿਉਂਕਿ ***"ਸੰਗਿ ਨਾਹੀ ਰੇ ਸਗਲ ਪਸਾਰੀ॥"*** **(ਅੰਗ ੮੮੮)** ਸਾਰੇ ਪਸਾਰੇ ਵਿੱਚੋਂ ਕੁਝ ਵੀ ਨਾਲ ਨਹੀਂ ਰਹਿੰਦਾ। ਇਸ ਕਰਕੇ ਸੰਸਾਰ ਨਾਲ ਆਸਕਤੀ ਛੱਡ।

अलमर्थेन कामेन सुकृतेनापि कर्मणा।
एभ्यः संसारकान्तारे न विश्रान्तमभून्मनः॥७॥

ਅਲਮਰਥੇਨ ਕਾਮੇਨ ਸੁਕ੍ਰਿਤੇਨਾਪਿ ਕਰਮਣਾ।
ਏਭਿਅ: ਸੰਸਾਰਕਾਂਤਾਰੇ ਨ ਵਿਸ਼੍ਰਾਂਤਮਭੂਨ੍ਮਨ:॥੭॥

ਸ਼ਬਦਾਰਥ:- ਅਲਮ੍ ਅਰਥੇਨ ਕਾਮੇਨ ਸੁਕ੍ਰਿਤੇਨ ਅਪਿ ਕਰਮਣ: = ਕਾਫ਼ੀ ਧਨ, ਕਾਮਨਾਵਾਂ, ਚੰਗੇ ਕਰਮਾਂ ਨਾਲ ਵੀ। ਏਭਿਅ: = ਇਨ੍ਹਾਂ ਦੁਆਰਾ। ਸੰਸਾਰਕਾਂਤਾਰੇ = ਸੰਸਾਰ ਰੂਪੀ ਜੰਗਲ ਵਿੱਚ। ਨ ਵਿਸ਼੍ਰਾਂਤਮ੍ ਅਭੂਤ੍ ਮਨ: = ਨਾ ਸ਼ਾਂਤ ਹੋਇਆ ਮਨ।

ਸ਼ਲੋਕਾਰਥ:- ਇਨ੍ਹਾਂ ਬਹੁਤ ਸਾਰੇ ਧਨ, ਕਾਮਨਾਵਾਂ, ਚੰਗੇ ਚੰਗੇ ਕਰਮਾਂ ਦੁਆਰਾ ਵੀ, ਸੰਸਾਰ ਰੂਪੀ ਜੰਗਲ ਵਿੱਚ (ਤੇਰਾ) ਮਨ ਸ਼ਾਂਤ ਨਾ ਹੋਇਆ।

ਭਾਵਾਰਥ:- ਅਸ਼ਟਾਵਕ੍ਰ ਜੀ ਇਸੇ ਅਧਿਆਇ ਦੇ ਪਹਿਲੇ ਸ਼ਲੋਕ ਵਿੱਚ ਕਿਹਾ ਦੋਹਰਾ ਰਹੇ ਹਨ ਕਿ ਕਿੰਨੇ ਵੀ ਪੁੰਨ-ਕਰਮ ਕੀਤੇ ਜਾਣ, ਅਰਥ (ਧਨ) ਕਮਾ ਲਿਆ ਜਾਏ, ਕਾਮਨਾਵਾਂ (ਇੱਛਾਵਾਂ) ਪੂਰੀਆਂ ਹੋ ਜਾਣ, ਮਨ ਨੂੰ ਸ਼ਾਂਤੀ ਨਹੀਂ ਮਿਲਦੀ।

"ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ॥" **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੪੩)** ਪੁੰਨ ਦਾਨ ਅਤੇ ਤੀਰਥ ਇਸਨਾਨਾਂ ਨਾਲ ਅੰਦਰ ਦੀ ***"ਹਉਮੈ ਮੈਲੁ ਨ ਚੁਕਈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸ ਮ: ੩; ਅੰਗ ੫੯੪)** ਹਉਮੈ ਮੈਲ ਸਾਫ਼ ਨਹੀਂ

ਹੁੰਦੀ। ਇਸੇ ਤਰ੍ਹਾਂ *"ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੦) ਰਾਜ-ਭੋਗ, ਜਵਾਨੀ ਅਤੇ ਧਨ ਨਾਲ ਕਦੇ ਤ੍ਰਿਪਤੀ ਨਹੀਂ ਹੁੰਦੀ ਅਤੇ ਲੋਕਾਂ ਦੀ ਕਾਮਨਾਵਾਂ ਪੂਰਤੀ ਦੀ *"ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੫) ਭੁੱਖ ਕਦੀ ਨਹੀਂ ਉਤਰਦੀ ਅਤੇ ਉਹ ਅਸ਼ਾਂਤ ਫਿਰਦੇ ਰਹਿੰਦੇ ਹਨ। ਇਸ ਕਰਕੇ ਉਪਦੇਸ਼ ਇਹ ਹੈ ਕਿ ਕਿਉਂਕਿ ਇਹ ਸ਼ਾਂਤੀ ਨਹੀਂ ਦੇ ਸਕਦੇ, ਇਨ੍ਹਾਂ ਵਿੱਚ ਲਿਪਤ ਨਾ ਹੋਵੋ।

कृतं न कति जन्मानि कायेन मनसा गिरा।
दुःखमायासदं कर्म तदद्याप्युपरम्यताम्॥८॥

ਕ੍ਰਿਤੰ ਨ ਕਤਿ ਜਨ੍ਮਾਨਿ ਕਾਯੇਨ ਮਨਸਾ ਗਿਰਾ।
ਦੁ:ਖਮਾਯਾਸਦੰ ਕਰਮ ਤਦਦਿਆਪਿਉਪਰਮਿਅਤਾਮ੍॥੮॥

ਸ਼ਬਦਾਰਥ:- ਕ੍ਰਿਤੰ ਨ ਕਤਿ ਜਨ੍ਮਾਨਿ = ਕੀਤੇ ਨਹੀਂ ਕਿੰਨੇ ਜਨਮਾਂ ਤੱਕ? ਕਾਯੇਨ ਮਨਸਾ ਗਿਰਾ ਦੁ:ਖਮ੍ ਆਯਾਸਦੰ ਕਰਮ = ਸਰੀਰ, ਮਨ, ਜ਼ੁਬਾਨ ਨਾਲ ਦੁਖੀ ਕਰਨ ਵਾਲੇ, ਮਿਹਨਤ ਵਾਲੇ ਕਰਮ। ਤਤ੍ ਅਦਿਅ ਅਪਿ ਉਪਰਮਿਅਤਾਮ੍ = ਇਸ ਕਰਕੇ ਅੱਜ ਹੀ ਉਪਰਾਮ ਹੋ ਜਾਓ।

ਸ਼ਲੋਕਾਰਥ:- (ਕੀ ਤੂੰ) ਕਿੰਨੇ ਹੀ ਜਨਮਾਂ ਤੱਕ ਸਰੀਰ ਨਾਲ, ਮਨ ਨਾਲ, ਜ਼ੁਬਾਨ ਨਾਲ ਦੁਖੀ ਕਰਨ ਵਾਲੇ, ਮਿਹਨਤ ਵਾਲੇ ਕਰਮ ਨਹੀਂ ਕੀਤੇ? ਇਸ ਕਰਕੇ ਹੁਣ (ਉਨ੍ਹਾਂ ਤੋਂ) ਉਪਰਾਮ ਹੋ ਜਾਓ।

ਭਾਵਾਰਥ:- ਹੇ ਰਾਜਾ ਜੀ! ਮਨੁੱਖ *"ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯) ਜੇ ਕਰਮ ਕਰੇ ਤਾਂ ਪਾਪ-ਪੁੰਨ ਨਾਲ ਬੱਝ ਜਾਂਦਾ ਹੈ ਅਤੇ ਜੇ ਨਾ ਕਰੇ ਤਾਂ ਨਿੰਦਾ ਦਾ ਪਾਤਰ ਬਣ ਜਾਂਦਾ ਹੈ। ਇਸ ਕਰਕੇ ਤੁਸੀਂ ਵੀ ਕਿੰਨੇ ਹੀ ਜਨਮਾਂ ਵਿੱਚ ਸਰੀਰ ਨਾਲ, ਮਨ ਨਾਲ, ਜ਼ੁਬਾਨ ਨਾਲ, ਦੁੱਖ ਸਹਾਰ ਕੇ ਵੀ, ਮਿਹਨਤ ਨਾਲ ਕਈ ਕਰਮ ਕੀਤੇ ਹੋਣਗੇ। ਕਿਉਂਕਿ *"ਕਿਰਤ ਨ ਕੋਈ ਮੇਟਣਹਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੧੯) ਕੀਤੇ ਨੂੰ ਕੋਈ ਮਿਟਾ ਨਹੀਂ ਸਕਦਾ ਅਤੇ *"ਕਰਮੀ ਆਵੈ ਕਪੜਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੨) ਕਰਮਾਂ ਅਨੁਸਾਰ ਹੀ ਅਗਲੀ ਦੇਹ ਮਿਲਦੀ ਹੈ, ਤੁਸੀਂ ਅਨੇਕ ਜਨਮਾਂ/ਦੇਹਾਂ ਵਿੱਚੋਂ ਲੰਘ ਕੇ ਆਏ ਹੋ। ਰਾਜਾ ਜੀ! *"ਕਰਮੀ ਸਹਜੁ ਨ ਊਪਜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੧੯) ਸੰਸਾਰੀ ਕਰਮ ਸਹਿਜ ਸਥਿਤੀ ਭਾਵ ਸ਼ਾਂਤ ਅਵਸਥਾ ਪ੍ਰਾਪਤ ਨਹੀਂ ਕਰਵਾ ਸਕਦੇ। ਇਸ ਕਰਕੇ, ਅੱਜ ਤੋਂ, ਕਰਮਾਂ ਵਿੱਚ ਲਿਪਤ ਨਾ ਰਹਿ ਕੇ, ਨਿਹਕਰਮੀ ਹੋ ਜਾਓ।

◆◆◆

ਗਿਆਰ੍ਹਵਾਂ ਅਧਿਆਇ

ਵਿਵੇਕ।

भावाभावविकारश्च स्वभावादिति निश्चयी।
निर्विकारो गतक्लेशः सुखेनैवोपशाम्यति॥१॥

ਭਾਵਾਭਾਵਵਿਕਾਰਸ਼੍ਚ ਸ੍ਵਭਾਵਾਦਿਤਿ ਨਿਸ਼੍ਚਯੀ।
ਨਿਰਿਵਕਾਰੋ ਗਤਕ੍ਲੇਸ਼: ਸੁਖੇਨੈਵੋਪਸ਼ਾਮਿਅਤਿ॥੧॥

ਸ਼ਬਦਾਰਥ:- ਭਾਵ-ਅਭਾਵ ਵਿਕਾਰ: ਚ ਸ੍ਵਭਾਵਾਤ੍ = ਹੋਂਦ ਅਤੇ ਅਣਹੋਂਦ ਦੇ ਬਦਲਾਓ ਸੁਭਾਅ ਤੋਂ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਨਿਰਿਵਕਾਰ: ਗਤ-ਕ੍ਲੇਸ਼: = ਵਿਕਾਰ ਰਹਿਤ, ਕਲੇਸ਼ ਮੁਕਤ। ਸੁਖੇਨ ਏਵ ਉਪਸ਼ਾਮਿਅਤਿ = ਅਸਾਨੀ ਨਾਲ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ।

ਸ਼ਲੋਕਾਰਥ:- ਹੋਂਦ ਅਤੇ ਅਣਹੋਂਦ ਦੇ ਬਦਲਾਓ ਸੁਭਾਵਿਕ ਹਨ, ਇਹ ਨਿਸ਼ਚਾ ਰੱਖਣ ਵਾਲਾ, ਪਰੇਸ਼ਾਨੀ ਅਤੇ ਕਲੇਸ਼ ਮੁਕਤ ਮਨੁੱਖ, ਅਸਾਨੀ ਨਾਲ ਹੀ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ।

ਭਾਵਾਰਥ:- ਸੰਸਾਰ ਵਿੱਚ ***"ਜੋ ਦੀਸੈ ਸਭ ਆਵਣ ਜਾਣੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੧) ਜੋ ਵੀ ਦਿੱਸਦਾ ਹੈ, ਆਉਣ ਜਾਣ ਵਾਲਾ ਹੈ, ਥਿਰ ਕੁਝ ਵੀ ਨਹੀਂ। ਕੁਦਰਤ ਦਾ ਇਹ ਨਿਯਮ ਹੈ ਕਿ ***"ਹੋਂਦੀ ਕਉ ਅਣਹੋਂਦੀ ਹਿਰੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੦੦) ਹੋਂਦ ਨੂੰ ਅਣਹੋਂਦ ਹਿਰ ਲੈਂਦੀ ਹੈ ਅਰਥਾਤ ***"ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਜੋ ਵੀ ਉਪਜਦਾ ਹੈ ਉਸ ਨੇ ਬਿਨਸਣਾ ਹੀ ਹੈ, ਰਹਿ ਨਹੀਂ ਸਕਦਾ। ਵਸਤੂ, ਵਿਅਕਤੀ, ਵਿਚਾਰ, ਪਰਿਸਥਿਤੀਆਂ-ਸਭ ਉਪਜਦੇ ਹਨ ਬਿਨਸਦੇ ਹਨ। ਜਿਹੜਾ ਇਸ ਨਿਸ਼ਚੇ ਵਿੱਚ ਪੱਕਾ ਹੋ ਜਾਂਦਾ ਹੈ ਕਿ ਸਾਰੇ ਬਦਲਾਓ ਸੁਭਾਵਿਕ ਹਨ, ਕੁਦਰਤ ਦੇ ਨਿਯਮ ਅਨੁਸਾਰ ਹੋ ਰਹੇ ਹਨ ਅਤੇ ***"ਹੋਨਾ ਹੈ ਸੋ ਹੋਈ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਪੂਰਬੀ ਕਬੀਰ ਜੀਉ; ਅੰਗ ੩੩੭) ਜੋ ਹੋਣਾ ਹੈ ਉਸ ਨੇ ਹੋਣਾ ਹੀ ਹੈ, ਰੋਕਿਆ ਨਹੀਂ ਜਾ ਸਕਦਾ, ਉਹ ਹਰਖ-ਸੋਗ ਅਤੇ ਪਰੇਸ਼ਾਨੀਆਂ ਤੋਂ ਅਛੂਤਾ ਰਹਿੰਦਾ ਹੈ ਅਤੇ ਸਹਿਜੇ ਹੀ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ।

ईश्वरः सर्वनिर्माता नेहान्य इति निश्चयी।
अन्तर्गलितसर्वाशः शान्तः क्वापि न सज्जते॥२॥

ਈਸ਼੍ਵਰ: ਸਰਵਨਿਰਮਾਤਾ ਨੇਹਾਨਿਅ ਇਤਿ ਨਿਸ਼੍ਚਯੀ।
ਅੰਤਰਗਲਿਤਸਰਵਾਸ਼: ਸ਼ਾਂਤ: ਕ੍ਵਾਪਿ ਨ ਸੱਜਤੇ॥੨॥

ਸ਼ਬਦਾਰਥ:- ਈਸ਼੍ਵਰ: ਸਰਵ ਨਿਰਮਾਤਾ = ਈਸ਼ਵਰ ਸਭ ਦਾ ਨਿਰਮਾਣ ਕਰਨ ਵਾਲਾ ਹੈ। ਨ ਇਹ ਅਨਿਅ = ਨਹੀਂ ਏਥੇ ਹੋਰ ਕੋਈ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਅੰਤਰਗਲਿਤ-ਸਰਵ-ਆਸ਼: = ਸਾਰੀਆਂ ਆਸ਼ਾਵਾਂ ਅੰਦਰ ਸਮਾਪਤ ਹੋਈਆਂ ਵਾਲਾ। ਸ਼ਾਂਤ: = ਸ਼ਾਂਤ। ਕ੍ਵ ਅਪਿ ਨ ਸੱਜਤੇ = ਕਿਤੇ ਵੀ ਆਸਕਤ ਨਹੀਂ ਹੁੰਦਾ।

ਸ਼ਲੋਕਾਰਥ:- ਏਥੇ ਈਸ਼ਵਰ ਹੀ ਸਭ ਦਾ ਨਿਰਮਾਣ ਕਰਨ ਵਾਲਾ ਹੈ ਹੋਰ ਕੋਈ ਨਹੀਂ। ਇਸ ਨਿਸ਼ਚੇ ਵਾਲਾ ਸ਼ਾਂਤ ਵਿਅਕਤੀ ਜਿਸ ਦੀਆਂ ਸਾਰੀਆਂ ਆਸ਼ਾਵਾਂ ਅੰਦਰ ਹੀ ਸਮਾਪਤ ਹੋ ਗਈਆਂ ਹਨ, ਕਿਤੇ ਵੀ ਆਸਕਤ ਨਹੀਂ ਹੁੰਦਾ।

ਭਾਵਾਰਥ:- ਜੋ ਇਸ ਨਿਸ਼ਚੇ ਉੱਤੇ ਪੱਕਾ ਹੈ ਕਿ ***"ਏਕੋ ਕਰਤਾ ਜਿਨਿ ਜਗੁ ਕੀਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੧; ਅੰਗ ੧੧੮੮) ਜਗ ਦਾ ਰਚਨਹਾਰ ਇੱਕੋ ਕਰਤਾ ਪੁਰਖ ਹੈ ਅਤੇ ***"ਏਕੋ ਕਰਤਾ ਅਵਰੁ ਨ ਕੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੩; ਅੰਗ ੧੧੭੪) ਓਸ ਇੱਕ ਤੋਂ ਸਿਵਾ ਹੋਰ ਕੋਈ ਕਰਤਾ ਨਹੀਂ ਅਤੇ ਨਾਲ ਹੀ ਇਹ ਨਿਸ਼ਚਾ ਵੀ ਹੋਵੇ ਕਿ ***"ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਦੇਵਗੰਧਾਰੀ ਮ: ੫; ਅੰਗ ੫੩੦) ਕਰਨ ਕਰਾਉਣ ਵਿੱਚ ਓਹ ਹੀ ਸਮਰਥ ਹੈ, ਵਿਚਾਰੇ ਜੀਵ ਦੇ ਹੱਥ-ਵੱਸ ਕੁਝ ਨਹੀਂ ਜਿਸ ਕਰਕੇ ***"ਜੋ ਤਿਸੁ ਭਾਵੈ ਸੋਈ ਹੋਗੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੬) ਹੋਏਗਾ ਉਹ ਹੀ ਜੋ ਪ੍ਰਭੂ ਨੂੰ ਭਾਉਂਦਾ ਹੈ, ਉਹ ਵਿਅਕਤੀ ਕਿਸੇ ਵਸਤੂ, ਵਿਅਕਤੀ, ਕਿਰਿਆ ਵਿੱਚ ਲਿਪਤ ਨਹੀਂ ਹੁੰਦਾ ਅਤੇ ਆਸ਼ਾ ਮੁਕਤ ਹੋ ਕੇ ਸੰਸਾਰ ਵਿੱਚ ਸ਼ਾਂਤ ਵਿਚਰਦਾ ਹੈ।

आपदः सम्पदः काले दैवादेवेति निश्चयी।
तृप्तः स्वस्थेन्द्रियो नित्यं न वाञ्छति न शोचति॥३॥

ਆਪਦ: ਸੰਪਦ: ਕਾਲੇ ਦੈਵਾਦੇਵੇਤਿ ਨਿਸ਼੍ਚਯੀ।
ਤ੍ਰਿਪ੍ਤ: ਸ੍ਵਸ੍ਥੇਂਦ੍ਰਿਯੋ ਨਿਤਿਅੰ ਨ ਵਾਂਛਤਿ ਨ ਸ਼ੋਚਤਿ॥੩॥

ਸ਼ਬਦਾਰਥ:- ਆਪਦ: ਸੰਪਦ: ਕਾਲੇ = ਬਿਪਤਾ ਅਤੇ ਸੁਖ-ਅਰਾਮ ਸਮੇਂ ਤੇ। ਦੈਵਾਤ੍ ਏਵ = ਦੇਵਯੋਗ ਨਾਲ ਹੀ ਅਰਥਾਤ ਪਿਛਲੇ ਕਰਮਾਂ ਅਨੁਸਾਰ ਹੀ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਿੱਚ ਸਥਿਤ। ਤ੍ਰਿਪ੍ਤ: ਸ੍ਵਸ੍ਥ-ਇੰਦ੍ਰਿਯ: ਨਿਤਿਅੰ = ਸਦਾ ਸੰਤੁਸ਼ਟ ਅਤੇ ਇੰਦ੍ਰੀਆਂ ਉੱਤੇ ਕਾਬਜ਼। ਨ ਵਾਂਛਤਿ ਨ ਸ਼ੋਚਤਿ = ਨਾ ਕੁਝ ਚਾਹੁੰਦਾ ਹੈ ਨਾ ਚਿੰਤਾ ਕਰਦਾ ਹੈ।

ਸ਼ਲੋਕਾਰਥ:- ਜੋ ਇਸ ਨਿਸ਼ਚੇ ਵਿੱਚ ਸਥਿਤ ਹੈ ਕਿ ਬਿਪਤਾ ਅਤੇ ਸੁਖ-ਅਰਾਮ, ਸਮੇਂ ਉੱਤੇ, ਕਰਮਾਂ ਅਨੁਸਾਰ ਆਉਂਦੇ ਹਨ, ਉਹ ਸਦਾ ਸੰਤੁਸ਼ਟ ਅਤੇ ਇੰਦ੍ਰੀ-ਜਿੱਤ ਵਿਅਕਤੀ, ਨਾ ਕੋਈ ਇੱਛਾ ਕਰਦਾ ਹੈ ਨਾ ਚਿੰਤਾ ਕਰਦਾ ਹੈ।

ਭਾਵਾਰਥ:- ਜਿਹੜਾ ਇਸ ਨਿਸ਼ਚੇ ਵਿੱਚ ਸਥਿਤ ਹੈ ਕਿ *"ਸੁਖੁ ਦੁਖੁ ਪੁਰਬ ਜਨਮ ਕੇ ਕੀਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਸੁਖ ਦੁੱਖ ਪੂਰਬਲੇ ਜਨਮਾਂ ਵਿੱਚ ਕੀਤੇ ਕਰਮਾਂ ਦੇ ਫਲ ਹਨ ਕਿਉਂਕਿ *"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਂਝ ਮ: ੫; ਅੰਗ ੧੩੪) ਕਰਮ-ਖੇਤ ਵਿੱਚ ਜਿਵੇਂ ਦਾ ਬੀਜ ਬੀਜਿਆ ਜਾਏ, ਉਵੇਂ ਦੀ ਉਪਜ ਹੁੰਦੀ ਹੈ ਅਤੇ *"ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੩; ਅੰਗ ੫੭੧) ਕਰਮਾਂ ਅਨੁਸਾਰ ਜੋ ਧੁਰੋਂ ਲਿਖਿਆ ਜਾਂਦਾ ਹੈ ਉਸ ਨੂੰ ਕੋਈ ਮਿਟਾ ਨਹੀਂ ਸਕਦਾ ਅਤੇ ਮਿਲਦਾ ਉਹੋ ਹੈ ਜਿਸ ਕਰਕੇ *"ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥"* (ਅੰਗ ੧੦੩੦-੩੧) ਕਿਸੇ ਨੂੰ ਦੋਸ਼ ਦੇਣਾ ਠੀਕ ਨਹੀਂ ਕਿਉਂਕਿ ਆਪਣਾ ਹੀ ਕੀਤਾ ਭੁਗਤੀਦਾ ਹੈ, ਉਹ ਵਿਅਕਤੀ ਸਭ ਪਰਮਾਤਮਾ ਉੱਤੇ ਛੱਡ ਦੇਂਦਾ ਹੈ ਕਿ *"ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਟੋਡੀ ਮ: ੫; ਅੰਗ ੭੧੩) ਜੋ ਤੂੰ ਦੇਂਦਾ ਹੈਂ ਉਸੇ ਵਿੱਚ ਮੇਰੀ ਸੰਤੁਸ਼ਟੀ ਹੈ। ਇਸ ਤਰ੍ਹਾਂ ਇੱਕ ਤਾਂ ਉਸ ਦੀਆਂ ਇੰਦ੍ਰੀਆਂ ਉਸ ਦੇ ਵੱਸ ਵਿੱਚ ਰਹਿੰਦੀਆਂ ਹਨ ਅਤੇ ਦੂਜੇ, ਉਹ ਨਾ ਕੋਈ ਇੱਛਾ ਕਰਦਾ ਹੈ ਨਾ ਹੀ ਚਿੰਤਾ ਕਰਦਾ ਹੈ।

सुखदुःखे जन्ममृत्यू दैवादेवेति निश्चयी।
साध्यादर्शी निरायासः कुर्वन्नपि न लिप्यते॥४॥

ਸੁਖਦੁ:ਖੇ ਜਨ੍ਮਮ੍ਰਿਤਿਊ ਦੈਵਾਦੇਵੇਤਿ ਨਿਸ਼੍ਚਯੀ।
ਸਾਧਿਆਦਰਸ਼ੀ ਨਿਰਾਯਾਸ: ਕੁਰਵੰਨਪਿ ਨ ਲਿਪਿਅਤੇ॥੪॥

ਸ਼ਬਦਾਰਥ:- ਸੁਖ-ਦੁ:ਖੇ ਜਨ੍ਮ-ਮ੍ਰਿਤਿਊ ਦੈਵਾਤ੍ ਏਵ = ਸੁਖ-ਦੁੱਖ, ਜਨਮ-ਮਰਣ, ਪ੍ਰਾਰਬਧ ਅਨੁਸਾਰ ਹੀ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਸਾਧਿਆਦਰਸ਼ੀ = ਆਪਣੇ ਆਪ ਸਿੱਧ ਹੋਣ ਵਾਲੇ ਕਰਮਾਂ ਨੂੰ ਵੇਖਣ ਵਾਲਾ। ਨਿਰਾਯਾਸ: = ਨਿਰ ਜਤਨ। ਕੁਰਵਨ੍ ਅਪਿ ਨ ਲਿਪਿਅਤੇ = ਕਰਦਾ ਹੋਇਆ ਵੀ ਲਿਪਤ ਨਹੀਂ ਹੁੰਦਾ।

ਸ਼ਲੋਕਾਰਥ:- ਇਸ ਨਿਸ਼ਚੇ ਵਾਲਾ ਕਿ ਸੁਖ ਦੁੱਖ ਅਤੇ ਜਨਮ ਮ੍ਰਿਤੂ ਪ੍ਰਾਰਬਧ ਅਨੁਸਾਰ ਹੁੰਦੇ ਹਨ, ਆਪ ਨਿਰ-ਜਤਨ ਰਹਿ ਕੇ ਇਹ ਵੇਖਣ ਵਾਲਾ ਕਿ ਕਰਮ ਆਪਣੇ ਆਪ ਸਿੱਧ ਹੋ ਰਹੇ ਹਨ, ਕਰਮ ਕਰਦਾ ਹੋਇਆ ਵੀ ਉਨ੍ਹਾਂ ਵਿੱਚ ਲਿਪਤ ਨਹੀਂ ਹੁੰਦਾ।

ਭਾਵਾਰਥ:- ਜਿਸ ਨੂੰ ਇਹ ਯਕੀਨ ਹੈ ਕਿ ***"ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੧; ਅੰਗ ੫੮੧) ਪਰਮਾਤਮਾ ਨੇ ਸਭਨਾਂ ਦੇ ਮੱਥਿਆਂ ਉੱਤੇ ਪੂਰਬਲੇ ਕਰਮਾਂ ਦਾ ਵਿਚਾਰ ਕਰਕੇ ਦੁੱਖ ਸੁਖ ਲਿਖਿਆ ਹੋਇਆ ਹੈ ਅਤੇ ***"ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੨; ਅੰਗ ੧੨੩੯) ਜੋ ਧੁਰੋਂ ਲਿਖਿਆ ਹੁੰਦਾ ਹੈ ਉਹ ਹੁਕਮ ਮੰਨਣਾ ਪੈਂਦਾ ਹੈ, ਜਦੋਂ ਓਹ ਭੇਜਦਾ ਹੈ, ਜਨਮ ਹੋ ਜਾਂਦਾ ਹੈ ਅਤੇ ਜਦੋਂ ਬੁਲਾ ਲੈਂਦਾ ਹੈ, ਜਾਣਾ ਪੈਂਦਾ ਹੈ, ***"ਇਕ ਰਤੀ ਬਿਲਮ ਨ ਦੇਵਨੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੭੮) ਇੱਕ ਪਲ ਦੀ ਮੁਹਲਤ ਵੀ ਨਹੀਂ ਦੇਂਦਾ, ਉਸ ਨੂੰ ਇਹ ਨਿਸ਼ਚਾ ਵੀ ਹੁੰਦਾ ਹੈ ਕਿ ***"ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੭੭) ਕਰਨ ਕਰਾਉਣ ਵਾਲਾ ਵੀ ਪ੍ਰਭੂ ਹੀ ਹੈ ਅਤੇ ਮਨੁੱਖ ਦੇ ਹੱਥ-ਵੱਸ ਕੁਝ ਨਹੀਂ, ਉਹ ਨਿਰ-ਜਤਨ ਰਹਿ ਕੇ, ਹੋ ਰਹੇ ਕਰਮਾਂ ਨੂੰ ਸਾਖੀ ਬਣ ਕੇ ਵੇਖਦਾ ਹੈ ਅਤੇ ਕਿਸੇ ਕਰਮ ਵਿੱਚ ਲਿਪਤ ਨਹੀਂ ਹੁੰਦਾ।

चिन्तया जायते दुःखं नान्यथेहेति निश्चयी।
तया हीनः सुखी शान्तः सर्वत्र गलितस्पृहः॥५॥
ਚਿੰਤਯਾ ਜਾਯਤੇ ਦੁ:ਖੰ ਨਾਨਿਅਥੇਹੇਤਿ ਨਿਸ਼੍ਚਯੀ।
ਤਯਾ ਹੀਨ: ਸੁਖੀ ਸ਼ਾਂਤ: ਸਰ੍ਵਤ੍ਰ ਗਲਿਤਸ੍ਪ੍ਰਹ:॥੫॥

ਸ਼ਬਦਾਰਥ:- ਚਿੰਤਯਾ ਜਾਯਤੇ ਦੁ:ਖੰ = ਚਿੰਤਾ ਨਾਲ ਦੁੱਖ ਪੈਦਾ ਹੁੰਦਾ ਹੈ। ਨ ਅਨਿਅਥਾ ਇਹ = ਹੋਰ ਪ੍ਰਕਾਰ ਨਾਲ ਨਹੀਂ, ਏਥੇ। ਇਤਿ ਨਿਸ਼੍ਚਯੀ = ਇਸ ਤਰ੍ਹਾਂ ਦੇ ਨਿਸ਼ਚੇ ਵਾਲਾ। ਤਯਾ ਹੀਨ: ਸੁਖੀ ਸ਼ਾਂਤ: ਸਰ੍ਵਤ੍ਰ ਗਲਿਤ-ਸ੍ਪ੍ਰਹ: = ਉਸ ਤੋਂ ਹੀਨ, ਸੁਖੀ ਸ਼ਾਂਤ ਅਤੇ ਹਰ ਥਾਂ ਇੱਛਾ-ਮੁਕਤ ਹੈ।

ਸ਼ਲੋਕਾਰਥ:- ਇਸ ਸੰਸਾਰ ਵਿੱਚ ਚਿੰਤਾ ਕਾਰਨ ਦੁੱਖ ਪੈਦਾ ਹੁੰਦਾ ਹੈ, ਕਿਸੇ ਹੋਰ ਕਾਰਨ ਨਹੀਂ। ਇਸ ਨਿਸ਼ਚੇ ਵਾਲਾ (ਮਨੁੱਖ) ਚਿੰਤਾ-ਮੁਕਤ, ਸੁਖੀ, ਸ਼ਾਂਤ ਅਤੇ ਹਰ ਥਾਂ ਇੱਛਾ-ਮੁਕਤ ਰਹਿੰਦਾ ਹੈ।

ਭਾਵਾਰਥ:- ਸੰਸਾਰ ਵਿੱਚ ***"ਚਿੰਤਤ ਹੀ ਦੀਸੈ ਸਭੁ ਕੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੩੨) ਹਰ ਕੋਈ ਚਿੰਤਾ ਵਿੱਚ ਹੀ ਦਿੱਸਦਾ ਹੈ। ਹਰ ਚਿੰਤਾ ਦੇ ਮੂਲ ਵਿੱਚ ਕੋਈ ਨਾ ਕੋਈ ਇੱਛਾ ਹੁੰਦੀ ਹੈ-ਜੋ ਨਹੀਂ ਹੈ ਉਸ ਨੂੰ ਪ੍ਰਾਪਤ ਕਰਨ ਦੀ ਇੱਛਾ, ਜੋ ਹੈ ਉਸ ਨੂੰ ਖੁੱਸ ਜਾਣ ਤੋਂ ਬਚਾਉਣ ਦੀ ਇੱਛਾ, ਜੀਊਂਦੇ ਰਹਿਣ ਦੀ ਇੱਛਾ ਆਦਿ। ਇਹ ਸਾਰੀਆਂ ਇੱਛਾਵਾਂ ਡਰ ਦੇ ਰੂਪ ਵਿੱਚ ਮਨੁੱਖ ਨੂੰ ਚਿੰਤਾ ਵਿਚ ਅਤੇ ਦੁਖੀ ਰੱਖਦੀਆਂ ਹਨ। ਜਿਸ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ***"ਜਉ***

ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨ ਭਰੇ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮਾਲਾ ਮ: ੫; ਅੰਗ ੨੧੪) ਜਿੰਨੀ ਦੇਰ ਤੱਕ ਮੈਂ ਸੋਚਾਂ, ਚਿੰਤਾਵਾਂ ਵਿੱਚ ਰਹਾਂਗਾ, ਦੁਖੀ ਰਹਾਂਗਾ, ਉਹ *"ਭਾਵਨੁ ਤਿਆਗਿਓ ਰੀ ਤਿਆਗਿਓ॥"* (ਅੰਗ ੨੧੪) ਇੱਛਾਵਾਂ ਦਾ ਤਿਆਗ ਕਰ ਦੇਂਦਾ ਹੈ। *"ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ॥ ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ॥"* (ਅੰਗ ੨੧੪) ਜਿੰਨੀ ਦੇਰ ਤੱਕ ਇੱਛਾਂਵਾਂ/ਚਿੰਤਾਵਾਂ ਦੀ ਪੰਡ ਚੁੱਕੀ ਫਿਰਦਾ ਸੀ, ਦੁੱਖ ਭੋਗਦਾ ਸੀ ਪਰ ਜਦੋਂ ਉਹ ਪੰਡ ਮੋਢੇ ਤੋਂ ਲਾਹ ਦਿੱਤੀ ਤਦ ਨਿਰਭਾਰ ਹੋ ਗਿਆ, ਉਸ ਦੇ ਸਾਰੇ ਡਰ ਖ਼ਤਮ ਹੋ ਗਏ ਜਿਸ ਕਰਕੇ ਉਹ ਸ਼ਾਂਤ, ਸੁਖੀ ਅਤੇ ਇੱਛਾ-ਮੁਕਤ ਵਿਚਰਨ ਲੱਗ ਪਿਆ।

नाहं देहो न मे देहो बोधोऽहमिति निश्चयी।
कैवल्यमिव संप्राप्तो न स्मरत्यकृतं कृतम्।।६।।
ਨਾਹੰ ਦੇਹੋ ਨ ਮੇ ਦੇਹੋ ਬੋਧੋऽਹਮਿਤਿ ਨਿਸ਼੍ਚਯੀ।
ਕੈਵਲਿਅਮਿਵ ਸੰਪ੍ਰਾਪ੍ਤੋ ਨ ਸ੍ਮਰਤਿਅਕ੍ਰਿਤੰ ਕ੍ਰਿਤੰ॥੬॥

ਸ਼ਬਦਾਰਥ:- ਨ ਅਹੰ ਦੇਹ: ਨ ਮੇ ਦੇਹ: = ਨਾ ਮੈਂ ਦੇਹ ਹਾਂ ਨਾ ਦੇਹ ਮੇਰੀ ਹੈ। ਬੋਧ: ਅਹੰ = ਮੈਂ ਬੋਧ ਰੂਪ ਹਾਂ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਕੈਵਲਿਅੰ ਇਵ ਸੰਪ੍ਰਾਪ੍ਤ: = ਬਿਦੇਹ ਮੁਕਤੀ ਨੂੰ ਪਹੁੰਚਿਆ ਹੋਇਆ। ਨ ਸ੍ਮਰਤਿ ਅਕ੍ਰਿਤੰ ਕ੍ਰਿਤੰ = ਨਹੀਂ ਚੇਤੇ ਕਰਦਾ ਕੀਤੇ ਨਾ ਕੀਤੇ ਨੂੰ।

ਸ਼ਲੋਕਾਰਥ:- ਜਿਸ ਨੂੰ ਇਹ ਨਿਸ਼ਚਾ ਹੈ ਕਿ ਮੈਂ ਦੇਹ ਨਹੀਂ ਨਾ ਹੀ ਦੇਹ ਮੇਰੀ ਹੈ, ਮੈਂ ਚੇਤਨ ਬੋਧ ਰੂਪ ਹਾਂ, ਉਹ ਜੀਵਨ-ਮੁਕਤ ਵਿਅਕਤੀ ਕੀਤੇ ਹੋਏ ਜਾਂ ਨਾ ਕੀਤੇ ਹੋਏ ਨੂੰ ਚੇਤੇ ਨਹੀਂ ਕਰਦਾ।

ਭਾਵਾਰਥ:- ਜਿਹੜਾ ਆਪਣੇ ਆਪ ਨੂੰ ਨਿਸ਼ਚੇ ਨਾਲ ਇਹ ਕਹਿੰਦਾ ਹੈ ਕਿ *"ਮਨ ਤੂੰ ਜੋਤਿ ਸਰੂਪੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਤੂੰ ਜੋਤੀ ਸਰੂਪ ਸ਼ੁੱਧ ਬੋਧ ਹੈਂ ਜਿਸ ਕਰਕੇ ਚੇਤਨ ਹੈਂ ਅਤੇ ਦੇਹ ਨਹੀਂ ਕਿਉਂਕਿ *"ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੧; ਅੰਗ ੧੧੨੮) ਇਹ ਤਾਂ ਪੰਜ ਜੜ੍ਹ ਤੱਤਾਂ ਦਾ ਜੋੜ ਹੈ ਜਿਸ ਕਰਕੇ ਜੜ੍ਹ ਹੈ ਪਰ ਤੂੰ ਚੇਤਨ ਹੈਂ, ਇਸੇ ਕਰਕੇ *"ਨਾ ਤਨੁ ਤੇਰਾ ਨਾ ਮਨੁ ਤੋਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੯) ਇਹ ਸਰੀਰ/ਮਨ ਵੀ ਤੇਰੇ ਨਹੀਂ, ਉਸ ਮਨੁੱਖ ਦਾ 'ਮੇਰਾ-ਪਣ, ਮੈਂ-ਪਣ' ਅਰਥਾਤ ਹਉਮੈ ਵਿਲੀਨ ਹੋ ਜਾਂਦਾ ਹੈ। ਅਜਿਹਾ ਮਨੁੱਖ ਜੀਂਦੇ-ਜੀਅ ਮੁਕਤ ਹੈ ਕਿਉਂਕਿ *"ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੯-੧੦)। ਕਿਉਂਕਿ ਉਸ ਨੂੰ ਨਿਸ਼ਚਾ ਹੈ ਕਿ ਮੈਂ ਦੇਹ ਨਹੀਂ ਨਾ ਹੀ ਦੇਹ ਮੇਰੀ ਹੈ, ਉਹ ਦੇਹ ਨਾਲ ਹੋਏ ਕਰਮਾਂ ਦਾ ਸਾਖੀ ਮਾਤਰ ਰਹਿੰਦਾ ਹੈ, ਕਿਸੇ ਕੀਤੇ ਨਾ

ਕੀਤੇ ਬਾਰੇ ਸੋਚਦਾ ਨਹੀਂ।

आब्रह्मस्तम्बपर्यन्तमहमेवेति निश्चयी।
निर्विकल्पः शुचिः शान्तः प्राप्ताप्राप्तविनिर्वृतः॥७॥

ਆਬ੍ਰਮ੍ਹਸ੍ਤੰਬਪਰਯੰਤਮਹਮੇਵੇਤਿ ਨਿਸ਼੍ਚਯੀ।
ਨਿਰਿਵਕਲਪ: ਸ਼ੁਚਿ: ਸ਼ਾਂਤ: ਪ੍ਰਾਪ੍ਤਾਪ੍ਰਾਪ੍ਤਵਿਨਿਰਵ੍ਰਿਤ:॥੭॥

ਸ਼ਬਦਰਾਥ:- ਆਬ੍ਰਮ੍ਹ-ਸ੍ਤੰਬ-ਪਰਯੰਤਮ੍ = ਬ੍ਰਹਮ ਤੋਂ ਤਿਣਕੇ ਤੱਕ। ਅਹਮ੍ ਏਵ = ਮੈਂ ਹੀ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਨਿਰਿਵਕਲ੍ਪ: ਸ਼ੁਚਿ: ਸ਼ਾਂਤ: ਪ੍ਰਾਪ੍ਤ-ਅਪ੍ਰਾਪ੍ਤ ਵਿਨਿਰਵ੍ਰਿਤ: = ਵਿਕਲਪ ਰਹਿਤ, ਪਵਿੱਤਰ, ਸ਼ਾਂਤ, ਪ੍ਰਾਪਤ-ਅਪ੍ਰਾਪਤ ਬਾਰੇ ਸੋਚ-ਮੁਕਤ।

ਸ਼ਲੋਕਾਰਥ:- 'ਬ੍ਰਹਮ ਤੋਂ ਲੈ ਕੇ ਤੀਲ੍ਹੇ ਤੱਕ ਮੈਂ ਹੀ ਹਾਂ' ਇਸ ਨਿਸ਼ਚੇ ਵਾਲਾ; ਵਿਕਲਪ ਰਹਿਤ, ਪਵਿੱਤਰ, ਸ਼ਾਂਤ ਅਤੇ ਪ੍ਰਾਪਤ-ਅਪ੍ਰਾਪਤ ਬਾਰੇ ਸੋਚ-ਮੁਕਤ (ਹੁੰਦਾ ਹੈ)।

ਭਾਵਾਰਥ:- 'ਬ੍ਰਹਮ ਤੋਂ ਲੈ ਕੇ ਤੀਲ੍ਹੇ ਤੱਕ ਮੇਰੇ ਸਿਵਾ ਹੋਰ ਕੋਈ ਸੱਤਾ ਹੈ ਹੀ ਨਹੀਂ', ਜਿਸ ਨੂੰ ਇਹ ਨਿਸ਼ਚਾ ਹੁੰਦਾ ਹੈ ਉਸ ਨੂੰ ਅਨੁਭਵ ਹੋਇਆ ਹੁੰਦਾ ਹੈ ਕਿ ***"ਨਾਮੇ ਨਾਰਾਇਨ ਨਾਹੀ ਭੇਦੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਨਾਮਦੇਉ ਜੀ; ਅੰਗ ੧੧੬੬)** ਭਗਤ ਅਤੇ ਭਗਵਾਨ ਵਿੱਚ ਕੋਈ ਫ਼ਰਕ ਨਹੀਂ ਅਰਥਾਤ ਉਹ ਵੀ ਭਗਵਾਨ ਦਾ ਹੀ ਇੱਕ ਰੂਪ ਹੈ ਕਿਉਂਕਿ ਉਸ ***"ਇਕਸੁ ਬਾਝਹੁ ਦੂਜਾ ਕੋ ਨਹੀ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਵਾਰ ਮ: ੧; ਅੰਗ ੧੪੧)** ਤੋਂ ਬਿਨਾ ਤਾਂ ਹੋਰ ਕੋਈ ਹੈ ਹੀ ਨਹੀਂ ਅਤੇ ਓਹ ***"ਏਕਹਿ ਆਪਿ ਅਨੇਕਹਿ ਭਾਤਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੩੮)** ਇੱਕ ਹੀ ਅਨੇਕ ਰੂਪਾਂ ਵਿੱਚ ਭਾਸਦਾ ਹੈ। ਜਦ ਇਹ ਨਿਸ਼ਚਾ ਹੋ ਜਾਵੇ ਕਿ ਮੇਰੇ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ, ਫਿਰ ਸੋਚਣ ਲਈ, ਪ੍ਰਾਪਤ ਕਰਨ ਲਈ ਜਾਂ ਛੱਡਣ ਲਈ ਕੋਈ ਵਿਸ਼ਾ ਨਹੀਂ ਬਚਦਾ ਅਤੇ ਵਿਅਕਤੀ ਸੋਚ-ਮੁਕਤ, ਸ਼ਾਂਤ ਵਿਚਰਦਾ ਹੈ।

नानाश्चर्यमिदं विश्वं न किञ्चिदिति निश्चयी।
निर्वासनः स्फूर्तिमात्रो न किञ्चिदिव शाम्यति॥८॥

ਨਾਨਾਸ਼੍ਚਰਯਮਿਦੰ ਵਿਸ਼੍ਵੰ ਨ ਕਿੰਚਿਦਿਤਿ ਨਿਸ਼੍ਚਯੀ।
ਨਿਰਵਾਸਨ: ਸ੍ਫੂਰਿਤਮਾਤ੍ਰੋ ਨ ਕਿੰਚਿਦਿਵ ਸ਼ਾਮਿਅਤਿ॥੮॥

ਸ਼ਬਦਾਰਰਥ:- ਨਾਨਾ ਆਸ਼੍ਚਰਯੰ ਇਦੰ ਵਿਸ਼੍ਵੰ ਨ ਕਿੰਚਿਤ੍ = ਅਨੇਕ ਹੈਰਾਨੀਆਂ ਭਰਿਆ ਇਹ ਸੰਸਾਰ ਨਹੀਂ ਕੁਝ ਵੀ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਨਿਰਵਾਸਨ: ਸ੍ਫੂਰਿਤ ਮਾਤ੍ਰ: = ਵਾਸ਼ਨਾ ਰਹਿਤ, ਬੋਧ-ਸਰੂਪ। ਨ ਕਿੰਚਿਤ੍ ਇਵ = ਜਿਵੇਂ ਕੁਝ ਹੈ ਹੀ ਨਹੀਂ। ਸ਼ਾਮਿਅਤਿ = ਸ਼ਾਂਤੀ ਪ੍ਰਾਪਤ ਕਰਦਾ ਹੈ।

ਸ਼ਲੋਕਾਰਥ:- ਇਸ ਨਿਸ਼ਚੇ ਵਾਲਾ ਕਿ ਅਨੇਕ ਅਚੰਭਿਆਂ ਭਰਿਆ ਇਹ ਸੰਸਾਰ ਹੈ ਹੀ ਨਹੀਂ, ਵਾਸ਼ਨਾ ਰਹਿਤ ਅਤੇ ਬੋਧ ਮਾਤਰ ਰਹਿ ਕੇ, ਸ਼ਾਂਤ ਵਿਚਰਦਾ ਹੈ ਜਿਵੇਂ ਕਿ ਕੁਝ ਹੈ ਹੀ ਨਹੀਂ।

ਭਾਵਾਰਥ:- ***"ਤਿਸਨਾ ਅਗਨਿ ਜਲੈ ਸੰਸਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੦) ਹਰ ਸੰਸਾਰੀ ਕਿਸੇ ਨਾ ਕਿਸੇ ਵਿਸ਼ੇ-ਭੋਗ ਦੀ ਵਾਸ਼ਨਾ ਵਿੱਚ ਬੇਚੈਨ ਰਹਿੰਦਾ ਹੈ ਕਿਉਂਕਿ ***"ਸੰਸਾਰੁ ਮਾਇਆ ਮੋਹੁ ਮੀਠਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੩੯) ਸੰਸਾਰੀ ਨੂੰ ਮਾਇਆਵੀ ਵਿਸ਼ਿਆਂ ਦਾ ਮੋਹ ਲੁਭਾਈ ਰੱਖਦਾ ਹੈ। ਜਦੋਂ ਉਸ ਨੂੰ ਸਮਝ ਆਉਂਦੀ ਹੈ ਕਿ ***"ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਸੰਸਾਰ ਰਾਤ ਦੇ ਸੁਪਨੇ ਵਾਂਗ ਮਿਥਿਆ ਹੈ, ***"ਇਨ ਮੈ ਕਛੁ ਸਾਚੋ ਨਹੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਜਿਸ ਵਿੱਚ ਕਿਸੇ ਦੀ ਵੀ ਸੱਤਾ ਨਹੀਂ, ਦਿੱਸਣ ਵਾਲੇ ਵਿਸ਼ੇ ਸਭ ਝੂਠ ਹਨ ਭਾਵ ਹਨ ਹੀ ਨਹੀਂ, ਤਦ ਇਹ ਸੋਚ ਪੈਦਾ ਹੁੰਦੀ ਹੈ ਕਿ ***"ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥"*** (ਅੰਗ ੧੨੩੧) ਇਹ ਤਨ, ਧਨ, ਸੰਪਤੀ ਕੀ ਹਨ ਅਤੇ ਕਿਸ ਦੇ ਹਨ ਅਤੇ ਕਿਸ ਨਾਲ ਮੋਹ ਪਾਇਆ ਜਾਏ ਭਾਵ ਕਿਸੇ ਦੀ ਇੱਛਾ ਨਾ ਕੀਤੀ ਜਾਏ ਕਿਉਂਕਿ ***"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥"*** (ਅੰਗ ੧੨੩੧) ਜੋ ਵੀ ਦਿੱਸ ਰਿਹਾ ਹੈ ਉਹ ਬੱਦਲ ਦੀ ਛਾਂ ਵਾਂਗ ਬਿਨਸ ਜਾਣ ਵਾਲਾ ਹੈ। ਇਸ ਨਿਸ਼ਚੇ ਨਾਲ ਉਸ ਦੀਆਂ ਸਾਰੀਆਂ ਵਾਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਹਨ ਅਤੇ ਉਹ ਚੇਤਨ ਮਾਤਰ ਰਹਿ ਕੇ, ਸੰਸਾਰ ਵਿੱਚ ਇਵੇਂ ਵਿਚਰਦਾ ਹੈ ਜਿਵੇਂ ਕਿ ਹੋਰ ਕੁਝ ਹੈ ਹੀ ਨਹੀਂ।

◆◆◆

ਬਾਰ੍ਹਵਾਂ ਅਧਿਆਇ

ਸਵੈ ਵਿੱਚ ਠਹਿਰਾਅ।

जनक उवाच।

कायाकृत्यासहः पूर्वं ततो वाग्विस्तरासहः।
अथ चिन्तासहस्तस्मादेवमेवाहमास्थितः॥१॥

ਜਨਕ ਉਵਾਚ।

ਕਾਯਾਕ੍ਰਿਤਿਆਸਹ: ਪੂਰਵੰ ਤਤੋ ਵਾਗ੍ਵਿਸ੍ਤਰਾਸਹ:।
ਅਥ ਚਿੰਤਾਸਹਸ੍ਤਸ੍ਮਾਦੇਵਮੇਵਾਹਮਾਸਿ੍ਥਤ:॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਕਾਯਾ-ਕ੍ਰਿਤਿ-ਅਸਹ: ਪੂਰਵੰ = ਸਰੀਰਿਕ ਕਰਮ ਅਸਹਿ ਪਹਿਲੇ। ਤਤ: ਵਾਗ੍-ਵਿਸ੍ਤਰ-ਅਸਹ: = ਉਸ ਪਿਛੋਂ ਬਾਣੀ ਦਾ ਵਿਸਤਾਰ ਅਸਹਿ। ਅਥ ਚਿੰਤਾ-ਅਸਹ: = ਤਦ ਚਿੰਤਾ (ਮਨ ਦਾ ਕਰਮ) ਅਸਹਿ। ਤਸ੍ਮਾਤ੍ ਏਵੰ ਏਵ ਅਹੰ ਆਸਿ੍ਥਤ: = ਇਸ ਲਈ ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਜਨਕ ਨੇ ਕਿਹਾ-ਪਹਿਲਾਂ ਸਰੀਰਿਕ ਕਰਮ, ਉਸ ਪਿੱਛੋਂ ਬਾਣੀ ਦਾ ਵਿਸਤਾਰ, ਤਦ (ਮਨ ਦਾ ਕਰਮ) ਚਿੰਤਾ ਅਸਹਿ ਹੋਏ; ਇਸ ਤਰ੍ਹਾਂ ਹੀ ਮੈਂ (ਸਵੈ ਵਿੱਚ) ਸਥਿਤ ਹੋਇਆਂ ਹਾਂ।

ਭਾਵਾਰਥ:- ਸਰੀਰ, ਮਨ ਅਤੇ ਬਾਣੀ ਦੇ ਕਰਮਾਂ ਪ੍ਰਤੀ ਅਸਹਿਣਸ਼ੀਲ ਹੋਣ ਦਾ ਅਰਥ ਹੈ ਮੂਲੋਂ ਹੀ ਕਰਮ-ਤਿਆਗੀ ਹੋ ਜਾਣਾ। ਪਰੰਤੂ ਕਰਮ ਦਾ ਤਿਆਗ ਸੰਭਵ ਨਹੀਂ ਅਤੇ *"ਕਰਿ ਕਰਿ ਥਾਕੇ ਵਡੇ ਵਡੇਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੯੯) ਸਾਡੇ ਬਜ਼ੁਰਗ ਵੀ ਤਾਂ ਕਰਮ ਕਰਦੇ ਕਰਦੇ ਹੀ ਥੱਕੇ ਸੀ ਕਿਉਂਕਿ *"ਕਿਰਤ ਰੇਖ ਕਰਿ ਕਰਮਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੫; ਅੰਗ ੧੧੯੩) ਪਿਛਲੇ ਕਰਮਾਂ ਦੇ ਲੇਖੇ ਅਨੁਸਾਰ ਕਰਮ ਕਰਨੇ ਹੀ ਪੈਂਦੇ ਹਨ। ਸੋ, ਕਿਸੇ ਵੀ ਸਮੇਂ ਮਨੁੱਖ ਕਰਮ ਕੀਤੇ ਬਿਨਾ ਨਹੀਂ ਰਹਿ ਸਕਦਾ, ਉੱਠਣਾ ਬੈਠਣਾ ਸਾਹ ਲੈਣਾ ਆਦਿ ਵੀ ਕਰਮ ਹੀ ਹਨ। ਕਰਮ-ਫਲ ਦਾ ਵੀ ਤਿਆਗ ਨਹੀਂ ਹੋ ਸਕਦਾ ਕਿਉਂਕਿ ਫਲ ਨੇ ਤਾਂ ਆਉਣਾ ਹੀ ਆਉਣਾ ਹੈ। ਸਿਰਫ਼ ਇਹ ਹੋ ਸਕਦਾ ਹੈ ਕਿ ਮਨੁੱਖ *"ਕਾਹੂ ਫਲ ਕੀ ਇਛਾ ਨਹੀ ਬਾਛੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ-ਫਲ

ਦੀ ਇੱਛਾ ਦਾ ਤਿਆਗ ਕਰ ਦੇਵੇ ਅਤੇ ਇਸ ਤਰ੍ਹਾਂ *"ਕਰਮ ਕਰਤ ਹੋਵੈ ਨਿਹਕਰਮ॥"* (ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਰਹੇ। ਰਾਜਾ ਜਨਕ ਆਪਣੀ ਨਿਹਕਰਮ ਅਵਸਥਾ ਦਾ ਵਰਨਣ ਕਰ ਰਹੇ ਹਨ ਕਿ ਕਰਮਾਂ ਪ੍ਰਤੀ *"ਮਨੁ ਬੈਰਾਗੀ ਘਰਿ ਵਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੨੧) ਬੈਰਾਗੀ ਮਨ ਨਿਜ ਘਰ ਵਿੱਚ ਠਹਿਰ ਗਿਆ ਹੈ ਅਰਥਾਤ ਮੈਂ ਆਪਣੇ ਸਰੂਪ ਵਿੱਚ ਸਥਿਤ ਹੋ ਗਿਆ ਹਾਂ।

प्रीत्यभावेन शब्दादेरदृश्यत्वेन चात्मनः।
विक्षेपैकाग्रहृदय एवमेवाहमास्थितः॥२॥

ਪ੍ਰੀਤਿਅਭਾਵੇਨ ਸ਼ਬ੍ਦਾਦੇਰਦ੍ਰਿਸ਼ਿਅਤ੍ਵੇਨ ਚਾਤ੍ਮਨ:।
ਵਿਕ੍ਸ਼ੇਪੈਕਾਗ੍ਰਹ੍ਰਿਦਯ ਏਵਮੇਵਾਹਮਾਸ੍ਥਿਤ:॥੨॥

ਸ਼ਬਦਾਰਥ:- ਪ੍ਰੀਤਿ-ਅਭਾਵੇਨ ਸ਼ਬ੍ਦਾਦੇ: = ਸ਼ਬਦ ਆਦਿ ਪ੍ਰਤੀ ਪ੍ਰੀਤੀ ਦੇ ਅਭਾਵ ਦੁਆਰਾ। ਅਦ੍ਰਿਸ਼ਿਅਤ੍ਵੇਨ ਚ ਆਤ੍ਮਨ: = ਅਤੇ ਆਤਮਾ ਦੀ ਅਦ੍ਰਿਸ਼ਿਅਤਾ ਨਾਲ। ਵਿਕ੍ਸ਼ੇਪੈ: ਏਕਾਗ੍ਰ ਹ੍ਰਿਦਯ = ਵਿਖੇਪ ਮੁਕਤ ਇਕਾਗਰ ਮਨ। ਏਵੰ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਸ਼ਬਦ ਆਦਿ ਵਿਸ਼ਿਆਂ ਪ੍ਰਤੀ ਲਗਾਅ ਦੇ ਅਭਾਵ ਅਤੇ ਆਤਮਾ ਦੀ ਅਦ੍ਰਿਸ਼ਿਅਤਾ ਕਾਰਨ, ਮਨ ਵਿਖੇਪ ਮੁਕਤ ਅਤੇ ਇਕਾਗਰ ਹੈ। ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਭਾਵਾਰਥ:- ਸ਼ਬਦ ਸਪਰਸ਼ ਰੂਪ ਆਦਿ ਇੰਦ੍ਰੀਆਂ ਦੇ ਵਿਸ਼ੇ ਹਨ। *"ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੦) ਦਸ ਦੀਆਂ ਦਸ ਇੰਦ੍ਰੀਆਂ ਆਪਣੇ ਆਪਣੇ ਵਿਸ਼ਿਆਂ ਵੱਲ ਦੌੜਦੀਆਂ ਰਹਿੰਦੀਆਂ ਹਨ ਅਤੇ ਤਿੰਨ ਗੁਣਾਂ-ਸਤ, ਰਜ, ਤਮ-ਅਧੀਨ ਵਰਤ ਰਹੇ ਪ੍ਰਾਣੀ ਨੂੰ ਇੱਕ ਪਲ ਵੀ ਨਹੀਂ ਟਿਕਣ ਦੇਂਦੀਆਂ। ਜਨਕ ਜੀ ਕਹਿ ਰਹੇ ਹਨ ਕਿ ਇਨ੍ਹਾਂ ਵਿਸ਼ਿਆਂ ਪ੍ਰਤੀ ਮੇਰੇ ਲਗਾਅ ਦਾ ਅੰਤ *"ਧਾਵਤ ਮਨੁ ਰਾਖੈ ਇਕ ਠਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੯) ਮੇਰੇ ਚੰਚਲ ਮਨ ਨੂੰ ਇੱਕ ਥਾਂ ਟਿਕਾ ਕੇ ਰੱਖਦਾ ਹੈ। ਆਤਮਾ ਅਦਿੱਖ ਹੋਣ ਕਰਕੇ ਇੰਦ੍ਰੀਆਂ ਦਾ ਵਿਸ਼ਾ ਨਹੀਂ ਜਿਸ ਕਰਕੇ ਉਸ ਦਾ ਧਿਆਨ ਕਰਨ ਦੇ ਚਿੰਤਾ ਰੂਪੀ ਵਿਖੇਪ ਤੋਂ ਵੀ ਮੈਂ ਮੁਕਤ ਹਾਂ ਅਤੇ ਇਸ ਤਰ੍ਹਾਂ *"ਤਜਿਓ ਰੀ ਸਗਲ ਬਿਕਾਰ॥ ਧਾਵਤੋ ਅਸਥਿਰੁ ਥੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੫; ਅੰਗ ੧੨੭੧) ਸਾਰੇ ਵਿਕਾਰਾਂ ਤੋਂ ਮੁਕਤ ਹੋ ਕੇ ਮੈਂ, ਏਧਰ ਓਧਰ ਭਟਕਣਾ ਛੱਡ ਕੇ, ਇੱਕ ਥਾਂ ਇਕਾਗਰ ਹੋ ਕੇ ਟਿਕ ਗਿਆ ਹਾਂ।

समाध्यासादिविक्षिप्तौ व्यवहारः समाधये।
एवं विलोक्य नियममेवमेवाहमास्थितः॥३॥

ਸਮਾਧਿਆਸਾਦਿਵਿਕ੍ਸ਼ਪ੍ਤੌ ਵਿਅਵਹਾਰ: ਸਮਾਧਯੇ।
ਏਵੰ ਵਿਲੋਕਿਅ ਨਿਯਮਮੇਵਮੇਵਾਹਮਾਸ੍ਥਿਤ:॥੩॥

ਸ਼ਬਦਾਰਥ:- ਸਮ-ਅਧਿਆਸ-ਆਦਿ ਵਿਕ੍ਸ਼ਪਤੌ = ਮਿਥਿਆ ਗਿਆਨ ਆਦਿ ਕਾਰਨ ਉਪਜੇ ਵਿਖੇਪ। ਵਿਅਵਹਾਰ: ਸਮਾਧਯੇ= ਜਤਨ ਹਨ ਸਮਾਧੀ (ਇਕਾਗ੍ਰਤਾ) ਲਈ। ਏਵੰ ਵਿਲੋਕਿਅ ਨਿਯਮਮ੍ = ਇਸ ਤਰ੍ਹਾਂ ਨਿਯਮ ਵੇਖ ਕੇ। ਏਵੰ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਮਿਥਿਆ ਗਿਆਨ ਜਿਵੇਂ ਕਿ ਇੱਕ ਵਸਤੂ ਵਿੱਚ ਕਿਸੇ ਹੋਰ ਦੀ ਕਲਪਨਾ ਕਰਨ ਨਾਲ ਉਪਜੇ ਵਿਖੇਪ, ਇਕਾਗ੍ਰਤਾ ਲਈ ਜਤਨ-ਕਾਰਕ ਸਿੱਧ ਹੁੰਦੇ ਹਨ। ਇਸ ਨਿਯਮ ਨੂੰ ਜਾਣਦਾ ਹੋਇਆ ਮੈਂ ਇਸੇ ਤਰ੍ਹਾਂ ਹੀ ਸਥਿਤ ਹਾਂ।

ਭਾਵਾਰਥ:- "*ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੧੩) ਜਿਸ ਮਨੁੱਖ ਨੂੰ ਆਤਮ ਗਿਆਨ ਨਹੀਂ, ਉਸ ਦਾ ਚੰਚਲ ਮਨ ਦਸਾਂ ਦਿਸ਼ਾਵਾਂ ਵਿੱਚ ਭੱਜਦਾ ਰਹਿੰਦਾ ਹੈ। ਉਸ ਨੂੰ ਥਿਰ ਰੱਖਣ ਅਰਥਾਤ ਇਕਾਗਰ ਕਰਨ ਲਈ ਜਤਨ ਲੋੜੀਂਦਾ ਹੈ। ਮਨ ਵਿਚਾਰਾਂ ਦੇ ਸਮੂਹ ਤੋਂ ਸਿਵਾ ਹੋਰ ਕੁਝ ਵੀ ਨਹੀਂ। ਹਰ ਵਿਚਾਰ ਦੇ ਮੂਲ ਵਿੱਚ ਕਰਤਾ/ਭੋਗਤਾ ਭਾਵ ਹੀ ਹੁੰਦੇ ਹਨ। ਗਿਆਨੀ ਜਾਣਦਾ ਹੈ ਕਿ ਇਨ੍ਹਾਂ ਭਾਵਾਂ ਦਾ ਸੰਬੰਧ ਦੇਹ, ਮਨ, ਹਉਮੈ ਆਦਿ ਨਾਲ ਹੀ ਹੈ ਜੋ ਮਿਥਿਆ ਹਨ। ਅਗਿਆਨੀ "*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੭-੦੮) ਮਿਥਿਆ ਨੂੰ ਵੇਖ ਕੇ, ਉਸ ਨੂੰ ਸਤਿ ਸਮਝ ਲੈਂਦਾ ਹੈ ਜਿਸ ਕਰਕੇ ਦੇਹ ਆਦਿ ਨਾਲ ਸੰਬੰਧਿਤ ਤੱਥ ਉਸ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਜਨਕ ਜੀ ਕਹਿ ਰਹੇ ਹਨ ਕਿ ਮੈਂ ਦੇਹ ਆਦਿ ਦੇ ਸਵੈ ਉੱਤੇ ਅਧਿਆਸ ਨੂੰ ਅਨੁਭਵ ਕਰ ਲਿਆ ਹੈ ਅਰਥਾਤ ਜਾਣ ਲਿਆ ਹੈ ਕਿ ਉਹ ਕੇਵਲ ਕਲਪਨਾ ਮਾਤਰ ਹਨ ਜਿਸ ਕਰਕੇ ਉਨ੍ਹਾਂ ਨਾਲ ਸੰਬੰਧਿਤ ਕੋਈ ਵਿਚਾਰ ਮੇਰੀ ਇਕਾਗ੍ਰਤਾ ਲਈ ਵਿਖੇਪ ਨਹੀਂ ਬਣਦਾ। ਇਸ ਕਰਕੇ ਮੇਰਾ "*ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੭੫) ਨਿਜ ਸਰੂਪ ਘਰ ਵਿੱਚ ਵਾਸਾ ਹੋ ਗਿਆ ਹੈ ਜਿੱਥੇ ਕੋਈ ਵਿਖੇਪ ਨਹੀਂ ਅਤੇ ਉੱਥੇ ਮੈਂ ਨਿਰ-ਵਿਚਾਰ, ਨਿਰ-ਜਤਨ ਸ਼ਾਂਤ ਸਥਿਤ ਹਾਂ।

हेयोपादेयविरहादेवं हर्षविषादयोः।
अभावादद्य हे ब्रह्मन्नेवमेवाहमास्थितः॥४॥
ਹੇਯੋਪਾਦੇਯਵਿਰਹਾਦੇਵੰ ਹਰਸ਼ਵਿਸ਼ਾਦਯੋ:।
ਅਭਾਵਾਦਦਿਅ ਹੇ ਬ੍ਰਹਮੰਨੇਵਮੇਵਾਹਮਾਸ੍ਥਿਤ:॥੪॥

ਸ਼ਬਦਾਰਥ:- ਹੇਯ ਉਪਾਦੇਯ ਵਿਰਹਾਤ੍ = ਤਿਆਗਣ ਯੋਗ ਅਤੇ ਪ੍ਰਾਪਤ ਕਰਨ

ਯੋਗ (ਦੇ ਭਾਵ) ਰਹਿਤ। ਏਵੰ ਹਰਸ਼-ਵਿਸ਼ਾਦਯੋ: ਅਭਾਵਾਤ੍ = ਇਸ ਤਰ੍ਹਾਂ ਹਰਖ ਖੇਦ ਦੋਹਾਂ ਦੇ ਅਭਾਵ ਕਾਰਨ। ਅਦਿਅ ਹੇ ਬ੍ਰਹਮਨ੍ ਏਵੰ ਏਵ ਅਹੰ ਆਸ੍ਥਿਤ: = ਅੱਜ ਸ੍ਰੀਮਾਨ ਜੀ! ਮੈਂ ਇਸ ਤਰ੍ਹਾਂ ਹੀ ਸਥਿਤ ਹਾਂ।

ਸ਼ਲੋਕਾਰਥ:- ਤਿਆਗਣ ਯੋਗ ਅਤੇ ਪ੍ਰਾਪਤ ਕਰਨ ਯੋਗ ਭਾਵਾਂ ਰਹਿਤ, ਇਸ ਤਰ੍ਹਾਂ ਹਰਖ ਸੋਗ ਦੋਹਾਂ ਤੋਂ ਮੁਕਤ, ਹੇ ਸ਼੍ਰੀਮਾਨ ਜੀ! ਅੱਜ ਮੈਂ ਇਸ ਤਰ੍ਹਾਂ ਹੀ ਸਥਿਤ ਹਾਂ।

ਭਾਵਾਰਥ:- ਅਧਿਆਇ ੧੧ ਸ਼ਲੋਕ ੭ ਵਿੱਚ ਜਨਕ ਜੀ ਕਹਿ ਚੁੱਕੇ ਹਨ ਕਿ ਉਨ੍ਹਾਂ ਨੂੰ ਗਿਆਨ ਹੈ ਕਿ ਬ੍ਰਹਮ ਤੋਂ ਲੈ ਕੇ ਤੀਲ੍ਹੇ ਤੱਕ ਉਨ੍ਹਾਂ ਤੋਂ ਸਿਵਾ ਹੋਰ ਕੋਈ ਸੱਤਾ ਹੈ ਹੀ ਨਹੀਂ। ਇਸ ਨਿਸ਼ਚੇ ਵਾਲੇ ਲਈ ਨਾ ਕਿਸੇ ਤਿਆਗਣ ਯੋਗ ਪਦਾਰਥ ਦੀ ਹੋਂਦ ਹੈ ਨਾ ਹੀ ਪ੍ਰਾਪਤ ਕਰਨ ਯੋਗ ਦੀ। ਇਸ ਕਰਕੇ *"ਨਾ ਇਸੁ ਹਰਖੁ ਨਹੀ ਇਸੁ ਸੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਗ੍ਰਹਿਣ ਕਰਨ ਜਾਂ ਛੱਡਣ ਵਿੱਚ ਹੋਣ ਵਾਲੇ ਹਰਖ ਸੋਗ ਤੋਂ ਵੀ ਉਹ ਮੁਕਤ ਹੈ। ਇਸ ਅਵਸਥਾ ਵਿੱਚ ਜਨਕ ਜੀ ਕਹਿ ਰਹੇ ਹਨ ਕਿ ਹੇ ਸ਼੍ਰੀਮਾਨ ਜੀ! ਮੈਂ *"ਨਿਜ ਘਰਿ ਤਿਸਹਿ ਥਾਨਿ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯) ਨਿਜ ਸਰੂਪ ਘਰ ਵਿੱਚ ਸਥਿਤ ਹਾਂ।

आश्रमानाश्रमं ध्यानं चित्तस्वीकृतवर्जनम्।
विकल्पं मम वीक्ष्यैतैरेवमेवाहमास्थित:॥५॥

ਆਸ਼੍ਰਮਾਨਾਸ਼੍ਰਮੰ ਧਿਆਨੰ ਚਿੱਤਸ੍ਵੀਕ੍ਰਿਤਵਰਜਨਮ੍।
ਵਿਕਲ੍ਪੰ ਮਮ ਵੀਕ੍ਸ਼੍ਯੈਤੈਰੇਵਮੇਵਾਹਮਾਸ੍ਥਿਤ:॥੫॥

ਸ਼ਬਦਾਰਥ:- ਆਸ਼੍ਰਮ = ਚਾਰ ਆਸ਼੍ਰਮ; ੨੫ ਸਾਲ ਦੀ ਉਮਰ ਤੱਕ ਬ੍ਰਹਮਚਰਜ, ਅਗੋਂ ੫੦ ਸਾਲ ਤੱਕ ਗ੍ਰਹਿਸਤ, ਫਿਰ ੭੫ ਸਾਲ ਤੱਕ ਬਾਨਪ੍ਰਸਥ ਅਤੇ ਉਸ ਪਿੱਛੋਂ ਸੰਨਿਆਸ। ਅਨਾਸ਼੍ਰਮ = ਚਾਰ ਵਰਨ; ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ। ਧਿਆਨ = ਮਨ ਨੂੰ ਸਵੈ ਉੱਤੇ ਇਕਾਗਰ ਕਰਨ ਦੀ ਕਿਰਿਆ। ਚਿੱਤ ਸ੍ਵੀਕ੍ਰਿਤ ਵਰਜਨਮ੍ = ਚਿੱਤ ਦੀ ਸਵੀਕ੍ਰਿਤੀ ਅਤੇ ਵਰਜਨਾ। ਵਿਕਲ੍ਪੰ ਮਮ ਵੀਕ੍ਸ਼੍ਯ ਏਤੈ: = ਵਿਕਲਪ ਆਪਣੇ ਵੇਖ ਕੇ ਇਨ੍ਹਾਂ ਦੁਆਰਾ। ਏਵੰ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਆਸ਼੍ਰਮਾਂ, ਵਰਨਾਂ, ਧਿਆਨ, ਚਿੱਤ ਦੀ ਸਵੀਕ੍ਰਿਤੀ ਅਸਵੀਕ੍ਰਿਤੀ ਦੁਆਰਾ (ਪੈਦਾ ਹੋਏ) ਆਪਣੇ ਸੰਕਲਪਾਂ-ਵਿਕਲਪਾਂ ਦਾ ਸਾਖੀ ਹੋ ਕੇ ਮੈਂ ਇਸੇ ਤਰ੍ਹਾਂ (ਉਨ੍ਹਾਂ ਤੋਂ ਨਿਰਲੇਪ) ਸਥਿਤ ਹਾਂ।

ਭਾਵਾਰਥ:- ਆਸ਼੍ਰਮ, ਵਰਨ, ਧਿਆਨ, ਚਿੱਤ ਦੁਆਰਾ ਸਵੀਕ੍ਰਿਤੀ-ਅਸਵੀਕ੍ਰਿਤੀ-ਸਭ ਦੇਹ ਦੇ ਧਰਮ ਹਨ, ਸਵੈ ਇਨ੍ਹਾਂ ਸਭਨਾਂ ਤੋਂ ਅਛੂਤਾ ਹੈ ਕਿਉਂਕਿ

"ਨਾ ਇਹੁ ਬੂਢਾ ਨਾ ਇਹੁ ਬਾਲਾ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਨਾ ਇਹ ਬਿਰਧ ਹੈ ਨਾ ਬੱਚਾ ਜਿਸ ਕਰਕੇ *"ਨਾ ਇਹੁ ਗਿਰਹੀ ਨਾ ਓਦਾਸੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧) ਇਹ ਗ੍ਰਹਿਸਤ ਜਾਂ ਸੰਨਿਆਸ, ਕਿਸੇ ਅਸ਼੍ਰਮ ਵਿੱਚ ਨਹੀਂ। ਇਸੇ ਤਰ੍ਹਾਂ *"ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੬) ਉਸ ਦਾ ਬ੍ਰਾਹਮਣ, ਖੱਤਰੀ ਆਦਿ ਕੋਈ ਵਰਨ ਨਹੀਂ। ਧਿਆਨ, ਸਵੀਕ੍ਰਿਤੀ, ਅਸਵੀਕ੍ਰਿਤੀ-ਸਭ ਮਨ ਦੀਆਂ ਖੇਡਾਂ ਹਨ ਜਿਨ੍ਹਾਂ ਨਾਲ ਸਵੈ ਦਾ ਕੋਈ ਲੈਣਾ ਦੇਣਾ ਨਹੀਂ। ਜਨਕ ਜੀ ਕਹਿ ਰਹੇ ਹਨ ਕਿ ਇਨ੍ਹਾਂ ਸਭਨਾਂ ਦਾ ਸਾਖੀ ਮਾਤ੍ਰ ਰਹਿ ਕੇ ਮੈਂ *"ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੦) ਨਿਜ ਸਰੂਪ ਵਿੱਚ ਸਥਿਤ ਹਾਂ ਜਿੱਥੇ ਮੋਹ-ਮਾਇਆ, ਸੰਕਲਪ-ਵਿਕਲਪ ਦੀ ਪਹੁੰਚ ਹੀ ਨਹੀਂ।

कर्मानुष्ठानमज्ञानाद्यथैवोपरमस्तथा।
बुध्वा सम्यगिदं तत्त्वमेवमेवाहमास्थितः॥६॥

ਕਰਮਾਨੁਸ਼੍ਠਾਨਮਗਿਆਨਾਦਿਅਥੈਵੋਪਰਮਸ੍ਤਥਾ।
ਬੁਧ੍ਵਾ ਸਮਿਅਗਿਦੰ ਤੱਤ੍ਵਮੇਵਮੇਵਾਹਮਾਸ੍ਥਿਤ:॥੬॥

ਸ਼ਬਦਾਰਥ:- ਕਰਮ-ਅਨੁਸ਼੍ਠਾਨਮ੍ ਅਗਿਆਨਾਤ੍ ਯਥਾ = ਕਰਮਾਂ ਦਾ ਅਨੁਸ਼ਠਾਨ ਅਗਿਆਨ ਕਾਰਨ (ਹੁੰਦਾ ਹੈ) ਜਿਵੇਂ। ਏਵ ਉਪਰਮ: ਤਥਾ = ਉਪਰਾਮਤਾ ਉਸੇ ਤਰ੍ਹਾਂ ਹੀ। ਬੁਧ੍ਵਾ ਸਮਿਅਕ੍ ਇਦੰ ਤੱਤ੍ਵਮ੍ = ਜਾਣ ਕੇ ਪੂਰੀ ਤਰ੍ਹਾਂ ਇਹ ਤੱਥ। ਏਵੰ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਜਿਵੇਂ ਕਰਮ-ਅਨੁਸ਼ਠਾਨ ਅਗਿਆਨ ਕਰਕੇ ਹੈ ਉਸੇ ਤਰ੍ਹਾਂ ਹੀ ਕਰਮ-ਤਿਆਗ। ਇਸ ਤੱਥ ਨੂੰ ਚੰਗੀ ਤਰ੍ਹਾਂ ਸਮਝ ਕੇ ਮੈਂ ਇਸੇ ਤਰ੍ਹਾਂ (ਕਰਨ ਨਾ-ਕਰਨ ਦੀ ਇੱਛਾ ਰਹਿਤ) ਸਥਿਤ ਹਾਂ।

ਭਾਵਾਰਥ:- ਕਰਮ ਕਰਨ ਜਾਂ ਨਾ-ਕਰਨ ਦੀ ਇੱਛਾ ਦੇ ਮੂਲ ਵਿੱਚ ਅਗਿਆਨਤਾ ਹੈ ਕਿਉਂਕਿ *"ਕਰਨ ਕਰਾਵਨਹਾਰ ਸਮਰਥਾ ਕਿਆ ਨਾਨਕ ਜੰਤ ਬਿਚਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਦੇਵਗੰਧਾਰੀ ਮ: ੫; ਅੰਗ ੫੩੦) ਕਰਨ-ਕਰਵਾਉਣ ਵਿੱਚ ਸਮਰੱਥ ਕੇਵਲ ਪਰਮਾਤਮਾ ਹੈ, ਵਿਚਾਰੇ ਜੀਵ ਦੇ ਹੱਥ-ਵੱਸ ਕੁਝ ਵੀ ਨਹੀਂ। ਵੈਸੇ ਵੀ ਕਰਨਾ ਜਾਂ ਨਾ-ਕਰਨਾ ਦੇਹ ਦੇ ਕੰਮ ਹਨ ਅਤੇ ਜਿੱਥੋਂ ਤੱਕ ਸਵੈ ਦਾ ਸੰਬੰਧ ਹੈ *"ਨਾ ਇਸੁ ਪਿੰਡੁ ਨ ਰਕਤੁ ਰਾਤੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧) ਇਸ ਦਾ ਕੋਈ ਸਰੀਰ ਹੈ ਹੀ ਨਹੀਂ। ਜਨਕ ਜੀ ਕਹਿ ਰਹੇ ਹਨ ਕਿ ਮੈਂ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਕਰਨ ਨਾ-ਕਰਨ ਨਾਲ ਸਵੈ ਦਾ ਕੋਈ ਸੰਬੰਧ ਨਹੀਂ ਜਿਸ ਕਰਕੇ ਮੈਂ ਇਸ ਇੱਛਾ ਤੋਂ ਮੁਕਤ ਹੋ ਕੇ *"ਨਿਜ ਘਰਿ ਵਸਿਆ ਪ੍ਰਭ ਕੀ ਰਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ,

ਗਉੜੀ ਮ: ੩; ਅੰਗ ੨੩੩) ਆਪਣੇ ਸਰੂਪ ਘਰ ਵਿੱਚ ਪ੍ਰਭੂ-ਰਜ਼ਾ ਵਿੱਚ ਸਥਿਤ ਹਾਂ।

अचिन्त्यं चिन्त्यमानोऽपि चिन्तारूपं भजत्यसौ।
त्यक्त्वातद्भावनं तस्मादेवमेवाहमास्थित:॥७॥

ਅਚਿੰਤਿਅੰ ਚਿੰਤਿਅਮਾਨੋऽਪਿ ਚਿੰਤਾਰੂਪੰ ਭਜਤਿਅਸੌ।
ਤਿਅਕ੍ਤ੍ਵਾਤਦ੍ਭਾਵਨੰ ਤਸ੍ਮਾਦੇਵਮੇਵਾਹਮਾਸ੍ਥਿਤ:॥੭॥

ਸ਼ਬਦਾਰਥ:- ਅਚਿੰਤਿਅੰ ਚਿੰਤਿਅਮਾਨ: ਅਪਿ ਚਿੰਤਾ ਰੂਪੰ ਭਜਤਿ ਅਸੌ = ਅਚਿੰਤ ਦਾ ਚਿੰਤਨ ਕਰਦਾ ਹੋਇਆ ਵੀ ਚਿੰਤਾ-ਰੂਪੀ ਭਾਵਨਾ ਕਰਦਾ ਹੈ ਉਹ (ਮਨੁੱਖ)। ਤਿਅਕ੍ਤ੍ਵਾ ਤਤ੍ ਭਾਵਨੰ ਤਸ੍ਮਾਤ੍ = ਤਿਆਗ ਕਰਕੇ ਉਸ ਭਾਵਨਾ ਦਾ ਇਸ ਕਰਕੇ। ਏਵੰ ਏਵ ਅਹੰ ਆਸ੍ਥਿਤ: = ਇਸ ਤਰ੍ਹਾਂ ਹੀ ਮੈਂ ਸਥਿਤ ਹਾਂ।

ਸ਼ਲੋਕਾਰਥ:- ਜੋ ਚਿੰਤਨ ਤੋਂ ਪਰ੍ਹੇ ਹੈ, ਉਸ ਦਾ ਚਿੰਤਨ ਕਰਦਾ ਹੋਇਆ ਵੀ ਮਨੁੱਖ ਵਿਚਾਰਨ ਵਾਲੀ ਭਾਵਨਾ ਕਰਦਾ ਹੈ। ਇਸ ਕਰਕੇ ਉਸ ਦਾ ਤਿਆਗ ਕਰਕੇ ਮੈਂ ਇਸੇ ਤਰ੍ਹਾਂ ਸਥਿਤ ਹਾਂ।

ਭਾਵਾਰਥ:- ਮਨੁੱਖ ਦੀ ਸੋਚ ਦੇ ਘੇਰੇ ਵਿੱਚ ਪੰਜਾਂ ਤੱਤਾਂ ਦਾ ਕੋਈ ਨਾਸ਼ਵਾਨ ਮਿਸ਼ਰਣ ਹੀ ਆ ਸਕਦਾ ਹੈ, ਪਰ *"ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੧੬) ਪਰਮਾਤਮਾ ਅਵਿਨਾਸ਼ੀ ਹੈ ਜਿਸ ਦਾ ਨਾ ਕੋਈ ਰੂਪ ਹੈ ਨਾ ਰੇਖਿਆ ਨਾ ਹੀ ਓਹ ਪੰਜਾਂ ਵਿੱਚੋਂ ਕਿਸੇ ਤੱਤ ਦਾ ਬਣਿਆ ਹੋਇਆ ਹੈ। ਓਸ ਦਾ *"ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੫; ਅੰਗ ੫੭੮) ਕੋਈ ਰੰਗ ਜਾਂ ਚਿੰਨ੍ਹ ਵੇਖਿਆ ਨਹੀਂ ਜਾ ਸਕਦਾ, ਨਾ ਹੀ ਓਸ ਨੂੰ ਕਿਹਾ ਸਕਦਾ ਹੈ। ਵੈਸੇ ਵੀ ਮਨੁੱਖ ਦੀ ਸੋਚ ਸੀਮਿਤ ਹੈ ਪਰੰਤੂ ਪ੍ਰਭੂ *"ਬੇਅੰਤ ਅੰਤੁ ਨ ਜਾਇ ਪਾਇਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੫੮) ਸੀਮਾਵਾਂ ਤੋਂ ਪਾਰ ਹੈ ਜਿਸ ਕਰਕੇ ਚਿੰਤਨ ਵਿੱਚ ਨਹੀਂ ਆ ਸਕਦਾ। ਇਸ ਦੇ ਬਾਵਜੂਦ ਜਦੋਂ ਮਨੁੱਖ ਓਸ ਚਿੰਤਨ ਤੋਂ ਬਾਹਰੇ ਉੱਤੇ ਧਿਆਨ ਲਾਉਣ ਦੀ ਕਿਰਿਆ ਕਰਦਾ ਹੈ ਕਿਰਿਆ ਇੱਕ ਵਿਚਾਰ ਦਾ, ਸੋਚ ਦਾ, ਰੂਪ ਲੈ ਲੈਂਦੀ ਹੈ ਅਤੇ ਉਹ, ਅਕਸਰ ਵਿਚਾਰਾਂ ਦੀਆਂ ਗੁੰਝਲਾਂ ਵਿੱਚ ਫਸ ਜਾਂਦਾ ਹੈ। ਜਨਕ ਜੀ ਕਹਿ ਰਹੇ ਹਨ ਕਿ ਇਸੇ ਕਰਕੇ ਮੈਂ ਵਿਚਾਰਨ ਵਾਲੀ ਭਾਵਨਾ ਦਾ ਤਿਆਗ ਕਰਕੇ *"ਨਿਜ ਘਰਿ ਵਸੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਹਿਜ ਅਵਸਥਾ ਵਿੱਚ ਆਪਣੇ ਸਰੂਪ ਘਰ ਵਿੱਚ ਸਥਿਤ ਹਾਂ।

एवमेव कृतं येन स कृतार्थो भवेदसौ।
एवमेव स्वभावो य: स कृतार्थो भवेदसौ॥८॥

ਏਵਮੇਵ ਕ੍ਰਿਤੰ ਯੇਨ ਸ ਕ੍ਰਿਤਾਰਥੋ ਭਵੇਦਸੌ।

ਜੈਸਾ ਸੇਵੈ ਤੈਸੋ ਹੋਇ ॥੮॥

ਪਦ ਅਰਥ- ਜੈਸੇ ਜੈਸੇ [illegible] = ਜਿਸ ਤਰ੍ਹਾਂ ਦੀ ਸੇਵਾ ਕੀਤਾ ਗਿਆ ਹੈ ਜਿਸ [illegible] = ਉਹ ਵਿਰਤਰਕ ਹੋ ਜਾਂਦਾ ਹੈ ਮਨੁੱਖ। [illegible] = ਜਿਸ ਤਰ੍ਹਾਂ ਦੀ (ਜਿਸ ਦਾ) [illegible] ਹੈ, ਉਹ ਵਿਰਤਰਕ ਹੈ ਮਨੁੱਖ।

ਅਰਥ- ਜਿਸ ਪ੍ਰਕਾਰ ਜਿਸ ਤਰ੍ਹਾਂ ਕੀਤਾ ਗਿਆ ਹੈ ਅਰਥਾਤ ਜਿਸ [illegible] ਹੈ, ਉਹ ਵਿਰਤਰਕ ਹੋ ਗਿਆ ਹੈ ਅਰਥਾਤ ਉਸ [illegible] ਹੈ। ਜਿਸ ਦਾ ਆਪਣਾ ਭਾਵ ਹੀ ਅਜਿਹਾ ਹੈ, ਉਹ [illegible] ਹੋ ਜਾਂਦਾ ਹੈ।

ਭਾਵਾਰਥ- ਜਿਸ ਤਰ੍ਹਾਂ ਦਾ ਜੀਵਨ ਜੀਅ ਰਹੇ ਹੋ "[illegible]" (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੩, ਅੰਗ ੧੩੩੪) [illegible] ਉਨ੍ਹਾਂ ਦੀ ਆਪਣੇ ਸਰੂਪ ਘਰ ਵਿੱਚ ਸਥਿਤੀ ਹੁੰਦੀ ਹੈ [illegible] ਹੈ। ਉਹ ਆਪਣੇ ਆਪ ਕੁਝ ਕਰਨ ਜਾਂ [illegible] ਉਨ੍ਹਾਂ "[illegible]" (ਸ੍ਰੀ ਗੁਰੂ ਗ੍ਰੰਥ ਸਾਹਿਬ, [illegible] ਮ: ੩, ਅੰਗ [illegible]) ਦੁਆਰਾ ਪ੍ਰਭੂ ਰਜ਼ਾ ਅਨੁਸਾਰ [illegible] ਹੁੰਦੇ ਹਨ। ਕਿਸੇ ਕਰਮ-ਧਰਮ ਦੇ ਜਾਲ ਵਿੱਚ ਨਾ ਫਸ [illegible], [illegible]-[illegible], [illegible]-ਵਿਕਾਰ ਰਹਿਤ ਵਿੱਚ ਵਿਚਰਦੇ ਹੋਏ "[illegible]" (ਸ੍ਰੀ ਗੁਰੂ ਗ੍ਰੰਥ ਸਾਹਿਬ, [illegible] ਮ: ੧, ਅੰਗ [illegible]) ਹਿਰਦੇ ਵਿੱਚ [illegible] ਦਾ ਨਾਮ [illegible] ਕੇ ਸਦਾ ਵਿਰਤਰਕ ਹੁੰਦੇ ਹਨ। "[illegible]" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੪, ਅੰਗ ੫੦੭) [illegible] ਹੋ ਜਾਂਦਾ ਹੈ, ਉਹ ਆਪ ਸੰਸਾਰ ਸਾਗਰ ਨੂੰ ਤਰ ਜਾਂਦੇ ਹਨ [illegible] ਤਾਰ ਦਿੰਦੇ ਹਨ।

◆◆◆

ਤੇਰ੍ਹਵਾਂ ਅਧਿਆਇ

ਅਨੰਦ।

जनक उवाच।

अकिञ्चनभवं स्वास्थ्यं कौपीनत्वेऽपि दुर्लभम्।
त्यागादाने विहायास्मादहमासे यथासुखम्॥१॥

ਜਨਕ ਉਵਾਚ।

ਅਕਿੰਚਨਭਵੰ ਸ੍ਵਾਸ੍ਥਿਅੰ ਕੌਪੀਨਤ੍ਵੇऽਪਿ ਦੁਰਲਭਮ੍।
ਤਿਆਗਾਦਾਨੇ ਵਿਹਾਯਾਸ੍ਮਾਦਹਮਾਸੇ ਯਥਾਸੁਖਮ੍॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਅ-ਕਿੰਚਨ-ਭਵੰ ਸ੍ਵਾਸ੍ਥਿਅੰ = 'ਕੁਝ ਵੀ ਨਹੀਂ ਹੈ' (ਦੇ ਨਿਸ਼ਚੇ) ਤੋਂ ਪੈਦਾ ਹੋਈ ਸਵੈ ਵਿੱਚ ਸਥਿਤੀ। ਕੌਪੀਨਤ੍ਵੇ ਅਪਿ ਦੁਰਲਭਮ੍ = ਲੰਗੋਟ ਧਾਰਨ ਕਰਨ (ਸੰਨਿਆਸ ਲੈ ਲੈਣ) ਨਾਲ ਵੀ ਦੁਰਲਭ ਹੈ। ਤਿਆਗ-ਆਦਾਨੇ ਵਿਹਾਯ ਅਸ੍ਮਾਤ੍ = ਤਿਆਗ-ਗ੍ਰਹਿਣ ਨੂੰ ਛੱਡ ਕੇ ਇਸ ਲਈ। ਅਹਮ੍ ਆਸੇ ਯਥਾਸੁਖਮ੍ = ਮੈਂ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਜਨਕ ਨੇ ਕਿਹਾ ਕਿ 'ਕੁਝ ਵੀ ਨਹੀਂ ਹੈ' ਇਸ ਵਿਚਾਰ ਤੋਂ ਉਪਜੀ ਸਵੈ ਵਿੱਚ ਸਥਿਤੀ, ਕੌਪੀਨ ਧਾਰਨ ਕਰਨ ਨਾਲ ਵੀ ਮਿਲਣੀ ਮੁਸ਼ਕਲ ਹੈ। ਇਸ ਕਰਕੇ ਤਿਆਗ ਅਤੇ ਗ੍ਰਹਿਣ, ਦੋਹਾਂ ਭਾਵਾਂ ਨੂੰ ਛੱਡ ਕੇ ਮੈਂ ਸੁਖ ਪੂਰਵਕ ਸਥਿਤ ਹਾਂ।

ਭਾਵਾਰਥ:- ਜਿਸ ਨੂੰ ਇਹ ਆਭਾਸ ਹੋਵੇ ਕਿ *"ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਦੇਵਗੰਧਾਰੀ ਮ: ੫; ਅੰਗ ੫੩੬) ਜਗ ਰਚਨਾ ਮ੍ਰਿਗ ਤ੍ਰਿਸ਼ਨਾ ਵਾਂਗ ਹੈ ਅਰਥਾਤ ਭਰਮ ਹੀ ਹੈ ਅਤੇ *"ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੦੯) ਏਥੇ ਕੁਝ ਵੀ ਆਉਂਦਾ-ਜਾਂਦਾ ਨਹੀਂ, ਇਹ ਸਭ ਪਰਮਾਤਮਾ ਦੀ ਲੀਲ੍ਹਾ ਹੈ, ਉਸ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ *"ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਪਰਮਾਤਮਾ ਤੋਂ, ਸਵੈ ਤੋਂ, ਜੋ ਪਰਮਾਤਮਾ ਦਾ ਹੀ ਅੰਸ਼ ਹੈ, ਸਿਵਾ ਹੋਰ ਕੁਝ ਹੈ ਹੀ ਨਹੀਂ ਅਤੇ ਉਹ *"ਨਿਜ ਘਰਿ ਵਸੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਹਿਜ ਸੁਭਾਇ ਸਵੈ ਵਿੱਚ ਸਥਿਤ ਹੋ ਜਾਂਦਾ

ਹੈ ਪਰ ਇਹ ਸਥਿਤੀ *"ਵਿਰਲੇ ਕਰਮਿ ਪਰਾਪਤਿ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੩੬੧) ਕਿਸੇ ਭਾਗਾਂ ਵਾਲੇ ਵਿਰਲੇ ਨੂੰ ਪ੍ਰਾਪਤ ਹੁੰਦੀ ਹੈ, ਕੋਪੀਨ ਧਾਰਨ ਕਰ ਲੈਣ ਨਾਲ ਹੀ ਨਹੀਂ ਮਿਲ ਜਾਂਦੀ। ਜਨਕ ਜੀ ਕਹਿ ਰਹੇ ਹਨ ਕਿ ਉਹ ਇਸੇ ਸਥਿਤੀ ਵਿੱਚ ਹਨ ਜਿਸ ਕਰਕੇ ਕੁਝ ਗ੍ਰਹਿਣ ਕਰਨ ਜਾਂ ਛੱਡਣ ਦੇ ਭਾਵ ਉਨ੍ਹਾਂ ਲਈ ਅਰਥ-ਹੀਨ ਹਨ ਅਤੇ ਉਹ ਅਨੰਦ ਵਿੱਚ ਹਨ।

कुत्रापिखेदः कायस्य जिह्वा कुत्रापि खिद्यते।
मनः कुत्रापि तत्त्यक्त्वा पुरुषार्थे स्थितः सुखम्।।२।।
ਕੁਤ੍ਰਾਪਿ ਖੇਦ: ਕਾਯਸਿਅ ਜਿਹ੍ਵਾ ਕੁਤ੍ਰਾਪਿ ਖਿਦਿਅਤੇ।
ਮਨ: ਕੁਤ੍ਰਾਪਿ ਤਤ੍ਤਿਅਕ੍ਤ੍ਵਾ ਪੁਰੁਸ਼ਾਰਥੇ ਸ੍ਥਿਤ: ਸੁਖਮ੍॥੨॥

ਸ਼ਬਦਾਰਥ:- ਕੁਤ੍ਰ ਅਪਿ ਖੇਦ: ਕਾਯਸਿਅ = ਕਿਤੇ ਹੈ ਦੁੱਖ ਸਰੀਰ ਦਾ। ਜਿਹ੍ਬਾ ਕੁਤ੍ਰ ਅਪਿ ਖਿਦਿਅਤੇ = ਕਿਤੇ ਬਾਣੀ ਦੁਖੀ ਹੈ। ਮਨ: ਕੁਤ੍ਰ ਅਪਿ = ਕਿਤੇ ਮਨ (ਦੁਖੀ ਹੈ)। ਤਤ੍ ਤਿਅਕ੍ਤ੍ਵਾ ਪੁਰੁਸ਼ਾਰਥੇ ਸ੍ਥਿਤ: ਸੁਖਮ੍ = ਉਹ ਤਿਆਗ ਕੇ ਜੀਵਨ ਦੇ ਉਦੇਸ਼ ਵਿੱਚ ਸੁਖ ਪੂਰਵਕ ਸਥਿਤ ਹਾਂ।

ਸ਼ਲੋਕਾਰਥ:- ਕਿਤੇ ਸਰੀਰ ਦੁਖੀ ਹੈ, ਕਦੇ ਬਾਣੀ ਦੁੱਖ ਦੇਂਦੀ ਹੈ, ਕਿਧਰੇ ਮਾਨਸਿਕ ਪੀੜਾ ਹੈ। ਇਨ੍ਹਾਂ ਸਭਨਾਂ ਤੋਂ ਉੱਪਰ ਉੱਠ ਕੇ ਮੈਂ ਅਨੰਦ ਨਾਲ ਜੀਵਨ ਦੇ ਉਦੇਸ਼ ਲਈ ਸਥਿਤ ਹਾਂ।

ਭਾਵਾਰਥ:- ਅਗਿਆਨੀ ਸਮਝਦਾ ਹੈ ਕਿ *"ਹਮ ਕੀਆ ਹਮ ਕਰਹਗੇ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਮੈਂ ਕੀਤਾ ਹੈ ਅਤੇ ਮੈਂ ਹੀ ਕਰਾਂਗਾ ਅਤੇ ਇਸ ਤਰ੍ਹਾਂ *"ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੭) ਹਉਮੈ ਅਧੀਨ ਕਰਮ ਕਰਨ ਕਰਕੇ ਮਨੁੱਖ ਦੁੱਖ-ਸੁਖ ਵਿੱਚ ਬੱਝਾ ਰਹਿੰਦਾ ਹੈ ਕਿਉਂਕਿ *"ਸੁਖੁ ਦੁਖੁ ਪੁਰਬ ਜਨਮ ਕੇ ਕੀਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਸੁਖ ਦੁੱਖ, ਪੂਰਬਲੇ ਜਨਮਾਂ ਵਿੱਚ ਕੀਤੇ ਕਰਮਾਂ ਦੇ ਫਲ-ਰੂਪ ਵਿੱਚ ਆਉਂਦੇ ਹਨ। ਜਿਵੇਂ ਸਾਡੇ ਕਰਮ ਸਰੀਰਿਕ, ਵਾਚਿਕ ਅਤੇ ਮਾਨਸਿਕ ਹੁੰਦੇ ਹਨ ਉਸੇ ਤਰ੍ਹਾਂ ਸੁਖ-ਦੁੱਖ ਵੀ ਸਰੀਰਿਕ, ਵਾਚਿਕ ਅਤੇ ਮਾਨਸਿਕ ਹੁੰਦੇ ਹਨ। ਜਨਕ ਜੀ ਕਹਿ ਰਹੇ ਹਨ ਕਿ ਮੈਂ ਆਪਣਾ ਮੂਲ ਪਛਾਣ ਲਿਆ ਹੈ ਕਿ ਮੈਂ ਜੋਤੀ ਸਰੂਪ ਹਾਂ, ਜੜ੍ਹ ਤੱਤਾਂ ਦਾ ਕਰਤਾ-ਭਾਵ ਵਾਲਾ ਸਰੀਰ ਨਹੀਂ ਜਿਸ ਕਰਕੇ *"ਨਾ ਹਉ ਕਰਤਾ ਨਾ ਮੈ ਕੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩) ਮੈਂ ਕਰਤਾ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ। ਸੁਖ ਦੁੱਖ ਸਰੀਰ ਦੇ ਧਰਮ ਹਨ, ਸਵੈ ਦੇ ਅਰਥਾਤ ਮੇਰੇ ਨਹੀਂ ਅਤੇ ਮੈਂ ਇਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾ ਇਨ੍ਹਾਂ ਨੂੰ ਸਾਖੀ-ਭਾਵ ਨਾਲ ਵੇਖਦਾ ਹਾਂ ਅਤੇ ਅਨੰਦ ਨਾਲ ਸਵੈ ਵਿੱਚ ਸਥਿਤ ਹਾਂ ਜੋ ਗਿਆਨੀ ਦੇ ਜੀਵਨ ਦਾ ਲਕਸ਼ ਹੈ।

कृतं किमपि नैव स्यादिति संचिन्त्य तत्त्वतः।
यदा यत्कर्तुमायाति तत्कृत्वाऽऽसे यथासुखम्॥३॥
ਕ੍ਰਿਤੰ ਕਿਮਪਿ ਨੈਵ ਸਿਆਦਿਤਿ ਸੰਚਿੰਤਿਅ ਤੱਤ੍ਵਤ:।
ਯਦਾ ਯਤ੍ਕਰਤੁਮਾਯਾਤਿ ਤਤ੍ਕ੍ਰਿਤ੍ਵਾऽऽਸੇ ਯਥਾਸੁਖਮ੍॥੩॥

ਸ਼ਬਦਾਰਥ:- ਕ੍ਰਿਤੰ ਕਿਮ੍ ਅਪਿ ਨ ਏਵ (ਕ੍ਰਿਤੰ) ਸਿਆਤ੍ = ਕੀਤਾ ਹੋਇਆ ਕੁਝ ਵੀ ਨਹੀਂ ਕੀਤਾ ਹੁੰਦਾ। ਇਤਿ ਸੰਚਿੰਤਿਅ ਤੱਤ੍ਵਤ: = ਇਹ ਸੋਚ ਕੇ ਦਰ-ਅਸਲ। ਯਦਾ ਯਤ੍ ਕਰਤੁਮ ਆਯਾਤਿ = ਜਦ ਜੋ ਕਰਨ ਲਈ ਆਉਂਦਾ ਹੈ। ਤਤ੍ ਕ੍ਰਿਤ੍ਵਾ ਆਸੇ ਯਥਾ ਸੁਖਮ੍ = ਉਹ ਕਰਕੇ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਅਸਲ ਵਿੱਚ ਕੁਝ ਵੀ ਕੀਤਾ ਹੋਇਆ (ਸਵੈ ਦੁਆਰਾ) ਕੀਤਾ ਹੋਇਆ ਨਹੀਂ ਹੁੰਦਾ। ਇਹ ਸੋਚ ਕੇ, ਜਦ ਜੋ ਕਰਮ ਸਾਮ੍ਹਣੇ ਆਉਂਦਾ ਹੈ, ਉਹ ਕਰਕੇ ਸੁਖ ਪੂਰਵਕ ਸਥਿਤ ਹਾਂ।

ਭਾਵਾਰਥ:- ਜਨਕ ਜੀ ਪਿਛਲੇ ਸ਼ਲੋਕ ਵਾਲੇ ਵਿਚਾਰ ਦਾ ਹੀ ਵਿਸਤਾਰ ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਮੈਂ ਚੇਤਨ ਸਰੂਪ ਹਾਂ ਅਤੇ ਮੇਰੀ ਉਪਸਥਿਤੀ ਕਾਰਨ ਜੜ੍ਹ ਸਰੀਰ ਕਰਮ ਕਰਦਾ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਚੁੰਬਕ ਕੁਝ ਨਹੀਂ ਕਰਦਾ ਪਰ ਉਸ ਦੀ ਮੌਜੂਦਗੀ ਕਰਕੇ ਲੋਹਾ ਹਰਕਤ ਕਰਦਾ ਹੈ। ਇਸ ਕਰਕੇ ਜੋ ਵੀ ਸਰੀਰ ਦੁਆਰਾ ਕੀਤਾ ਜਾਂਦਾ ਹੈ, ਉਹ ਸਵੈ ਦੀ, ਮੇਰੀ, ਮੌਜੂਦਗੀ ਕਰਕੇ ਹੁੰਦਾ ਹੈ, ਸਵੈ ਦੁਆਰਾ, ਮੇਰੇ ਦੁਆਰਾ, ਕੀਤਾ ਹੋਇਆ ਨਹੀਂ ਹੁੰਦਾ। ਮੈਂ ਜੋ ਕਰਮ ਕਰਦਾ ਦਿੱਸਦਾ ਹਾਂ ਉਹ *"ਕਰਤਾ ਕਰੇ ਕਰਾਵੈ ਸੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੭੯੬) ਉਹ ਹੀ ਹੁੰਦਾ ਹੈ ਜੋ ਕਰਤਾ ਪੁਰਖ ਕਰਵਾ ਰਿਹਾ ਹੁੰਦਾ ਹੈ ਅਤੇ ਮੈਂ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਹਾਂ ਅਤੇ ਸੁਖ ਭੋਗਦਾ ਹਾਂ।

कर्मनैष्कर्म्यनिर्बन्धभावा देहस्थयोगिनः।
संयोगायोगविरहादहमासे यथासुखम्॥४॥
ਕਰਮਨੈਸ਼੍ਕਰਮਿਅਨਿਰਬੰਧਭਾਵਾ ਦੇਹਸ੍ਥਯੋਗਿਨ:।
ਸੰਯੋਗਾਯੋਗਵਿਰਹਾਦਹਮਾਸੇ ਯਥਾਸੁਖਮ੍॥੪॥

ਸ਼ਬਦਾਰਥ:- ਕਰਮ-ਨੈਸ਼੍ਕਰਮਿਅ ਨਿਰਬੰਧ ਭਾਵਾ: = ਕਰਮ ਨਿਹਕਰਮ ਦੇ ਬੰਧਨ-ਯੁਕਤ ਸੁਭਾਅ ਵਾਲੇ। ਦੇਹਸ੍ਥ ਯੋਗਿਨ: = ਦੇਹ ਵਿੱਚ ਸਥਿਤ ਜੋਗੀ। ਸੰਯੋਗ-ਅਯੋਗ ਵਿਰਹਾਤ੍ ਅਹੰ ਆਸੇ ਯਥਾ ਸੁਖਮ੍ = (ਦੇਹ ਵਿੱਚ) ਆਸਕਤੀ ਵਿਰਕਤੀ ਰਹਿਤ ਹੋਣ ਕਰਕੇ ਮੈਂ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਕਰਮ ਨਿਸ਼ਕਰਮ ਦੇ ਬੰਧਨ ਯੁਕਤ ਸੁਭਾਅ ਵਾਲੇ ਜੋਗੀ, ਦੇਹ

ਵਿੱਚ ਸਥਿਤੀ (ਆਸਕਤੀ) ਵਾਲੇ (ਹੁੰਦੇ) ਹਨ। ਦੇਹ ਦੀ ਆਸਕਤੀ-ਵਿਰਕਤੀ ਤੋਂ ਬਾਹਰਾ, ਮੈਂ ਸੁਖੀ ਸਥਿਤ ਹਾਂ।

ਭਾਵਾਰਥ:- ਜਿਸ ਜੋਗੀ ਦੀ ਸਥਿਤੀ ਅਜੇ ਦੇਹ ਵਿੱਚ ਹੈ ਅਰਥਾਤ ਜਿਹੜਾ ਦੇਹ-ਭਾਵ ਤੋਂ ਉੱਪਰ ਨਹੀਂ ਉੱਠਿਆ, ਉਸ ਦੀ ਕਰਮਸ਼ੀਲਤਾ ਜਾਂ ਨਿਹਕਰਮਤਾ ਦੇ ਭਾਵਾਂ ਦੇ ਮੂਲ ਵਿੱਚ ਹਉਮੈ ਰਹਿੰਦਾ ਹੈ ਕਿਉਂਕਿ ***"ਹਉਮੈ ਕਰੈ ਕਰਾਵੈ ਹਉਮੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੧) ਹਉਮੈ ਹੀ ਕਰਦਾ ਕਰਵਾਉਂਦਾ ਹੈ ਅਤੇ ***"ਹਉਮੈ ਸਭੁ ਸਰੀਰੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੩; ਅੰਗ ੫੬੦) ਇਹ ਹੁੰਦਾ ਵੀ ਸਾਰੇ ਸਰੀਰਾਂ ਵਿੱਚ ਹੈ। ਸਚਾਈ ਇਹ ਵੀ ਹੈ ਕਿ ***"ਹਉਮੈ ਕਰੈ ਨਿਹਕਰਮੀ ਨ ਹੋਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮) ਹਉਮੈ ਦੇ ਰਹਿੰਦਿਆਂ ਨਿਹਕਰਮੀ ਨਹੀਂ ਹੋਇਆ ਜਾ ਸਕੀਦਾ। ਦੇਹ ਪ੍ਰਤੀ ਆਸਕਤੀ-ਵਿਰਕਤੀ-ਦੋਵੇਂ ਹਉਮੈ ਦੇ ਹੀ ਪ੍ਰਗਟਾਵੇ ਹਨ। ਇਸ ਕਰਕੇ ***"ਜੀਵਨ ਮੁਕਤੁ ਸੋ ਆਖੀਐ ਜਿਸੁ ਵਿੱਚਹੁ ਹਉਮੈ ਜਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ:੧; ਅੰਗ ੧੦੦੯-੧੦) ਜੀਊਂਦੇ-ਜੀਅ ਮੁਕਤ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਵਿੱਚ ਹਉਮੈ ਨਹੀਂ ਬਚਿਆ ਅਰਥਾਤ ਜੋ ਸਰੀਰ ਪ੍ਰਤੀ ਆਸਕਤੀ ਜਾਂ ਵਿਰਕਤੀ-ਦੋਹਾਂ ਭਾਵਾਂ ਤੋਂ ਬਾਹਰ ਹੋ ਗਿਆ ਹੈ। ਜਨਕ ਜੀ ਦੱਸ ਰਹੇ ਹਨ ਕਿ ਉਹ ਹੁਣ ਦੇਹ-ਭਾਵ ਤੋਂ ਬਾਹਰ, ਅਨੰਦ ਦੀ ਸਥਿਤੀ ਵਿੱਚ ਸਥਾਪਿਤ ਹਨ।

अर्थानर्थौ न मे सिथित्या गत्या न शयनेन वा।
तिष्ठन् गच्छन् स्वपन् तस्मादहमासे यथासुखम्।।५।।
ਅਰਥਾਨਰਥੌਂ ਨ ਮੇ ਸ੍ਰਿਥਤਿਆ ਗਤਿਆ ਨ ਸ਼ਯਨੇਨ ਵਾ।
ਤਿਸ਼ਠਨ੍ ਗੱਛਨ੍ ਸ੍ਵਪਨ੍ ਤਸ੍ਮਾਦਹਮਾਸੇ ਯਥਾਸੁਖਮ੍॥੫॥

ਸ਼ਬਦਾਰਥ:- ਅਰਥ ਅਨਰਥੌਂ ਨ ਮੇ ਸ੍ਰਿਥਤਿਆ ਗਤਿਆ ਨ ਸ਼ਯਨੇਨ ਵਾ = ਚੰਗਾ ਬੁਰਾ ਨਾ ਮੇਰੇ ਠਹਿਰਾਓ, ਨਾ ਗਤੀ ਜਾਂ ਸੌਣ ਨਾਲ (ਸੰਬੰਧਿਤ ਹੈ)। ਤਿਸ਼ਠਨ੍ ਗੱਛਨ੍ ਸ੍ਵਪਨ੍ ਤਸ੍ਮਾਤ੍ ਅਹੰ ਆਸੇ ਯਥਾ ਸੁਖੰ = ਬੈਠਾ-ਚਲਦਾ-ਸੁੱਤਾ ਹੋਇਆ ਇਸ ਲਈ ਮੈਂ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਚੰਗੇ ਬੁਰੇ ਦਾ ਮੇਰੇ ਠਹਿਰਣ ਨਾਲ ਜਾਂ ਚੱਲਣ ਨਾਲ ਜਾਂ ਸੌਣ ਨਾਲ ਕੋਈ ਸੰਬੰਧ ਨਹੀਂ। ਇਸ ਕਰਕੇ ਮੈਂ ਬੈਠਾ ਹੋਇਆ, ਚਲਦਾ ਹੋਇਆ, ਸੁੱਤਾ ਹੋਇਆ ਸੁਖ ਪੂਰਵਕ ਸਥਿਤ ਹਾਂ।

ਭਾਵਾਰਥ:- ਸਰੀਰ ਦੀਆਂ ਕਰਮ-ਇੰਦ੍ਰੀਆਂ ਦੁਆਰਾ ਕਰਮ ਹੁੰਦਾ ਹੈ ਅਤੇ ਉਸ ਦੇ ਚੰਗੇ ਮਾੜੇ ਫਲ ਅਨੁਸਾਰ ਉਹ ਚੰਗਾ ਮਾੜਾ ਕਿਹਾ ਜਾਂਦਾ ਹੈ। ਠਹਿਰਣਾ, ਗਤੀਸ਼ੀਲ ਹੋਣਾ ਜਾਂ ਸੌਣਾ, ਸਰੀਰ ਦੇ ਕਰਮ ਹਨ ਜਿਨ੍ਹਾਂ ਨਾਲ ਸਵੈ ਦਾ ਕੋਈ ਸੰਬੰਧ

ਨਹੀਂ ਕਿਉਂਕਿ *"ਨਾ ਇਸੁ ਪਿੰਡੁ ਨਾ ਰਕਤੁ ਰਾਤੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧) ਇਸ ਦਾ ਸਰੀਰ ਹੈ ਹੀ ਨਹੀਂ। ਇਸ ਕਰਕੇ ਕਿਸੇ ਵੀ ਚੰਗੇ ਬੁਰੇ ਕਰਮ ਦਾ ਸਵੈ ਨਾਲ ਕੋਈ ਸੰਬੰਧ ਨਹੀਂ ਜਿਸ ਕਰਕੇ *"ਨਾ ਇਸੁ ਹਰਖੁ ਨਹੀ ਇਸੁ ਸੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਇਸ ਨੂੰ ਹਰਖ-ਸੋਗ ਨਹੀਂ ਛੂੰਹਦੇ। ਬੈਠਣਾ, ਚੱਲਣਾ, ਸੌਣਾ ਆਦਿ ਦੇਹ ਦੇ ਕਰਮ ਹਨ ਪਰੰਤੂ *"ਆਤਮਾ ਅਡੋਲੁ ਨ ਡੋਲਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੪; ਅੰਗ ੮੭) ਸਵੈ ਸਦਾ ਇੱਕ ਰਸ ਰਹਿੰਦਾ ਹੈ, ਹਿੱਲਦਾ ਜੁਲਦਾ ਨਹੀਂ। ਜਨਕ ਜੀ ਕਹਿ ਰਹੇ ਹਨ ਕਿ ਸਰੀਰ ਤਾਂ ਸਦਾ ਕਿਰਿਆਸ਼ੀਲ ਹੈ ਅਤੇ ਕਰਮਾਂ ਦੇ ਸ਼ੁਭ-ਅਸ਼ੁਭ ਫਲ ਪ੍ਰਗਟ ਹੁੰਦੇ ਰਹਿੰਦੇ ਹਨ ਪਰ ਮੈਂ ਉਨ੍ਹਾਂ ਤੋਂ ਬੇਲਾਗ, ਚੰਗੇ ਮਾੜੇ ਫਲਾਂ ਦੀ ਚਿੰਤਾ ਤੋਂ ਅਛੂਤਾ ਅਨੰਦ ਨਾਲ ਸਵੈ ਵਿੱਚ ਸਥਿਤ ਹਾਂ।

स्वपतो नास्ति मे हानिः सिद्धिर्यत्नवतो न वा।
नाशोल्लासौ विहायास्मादहमासे यथासुखम्॥६॥

ਸੁਵਪਤੋ ਨਾਸ੍ਤਿ ਮੇ ਹਾਨਿ: ਸਿੱਧਿਰਯਤ੍ਨਵਤੋ ਨ ਵਾ।
ਨਾਸ਼ੋਲ੍ਲਾਸੌ ਵਿਹਾਯਾਸ੍ਮਾਦਹਮਾਸੇ ਯਥਾਸੁਖਮ੍॥੬॥

ਸ਼ਬਦਾਰਥ:- ਸੁਵਪਤ: ਨ ਅਸ੍ਤਿ ਮੇ ਹਾਨਿ: = ਸੁੱਤੇ ਰਹਿਣ ਨਾਲ ਨਹੀਂ ਹੈ ਮੇਰਾ ਨੁਕਸਾਨ। ਸਿੱਧਿ: ਯਤ੍ਨਵਤ: ਨ ਵਾ = ਪ੍ਰਾਪਤੀ ਜਤਨਸ਼ੀਲਤਾ ਨਾਲ ਨਹੀਂ ਅਤੇ। ਨਾਸ਼: ਉੱਲਾਸ: ਵਿਹਾਯ = ਹਾਨੀ (ਦੇ ਸੋਗ ਅਤੇ ਲਾਭ ਦੇ) ਹਰਖ ਤੋਂ ਮੁਕਤ ਹੋ ਕੇ। ਅਸ੍ਮਾਤ੍ ਅਹਮ੍ ਆਸੇ ਯਥਾ ਸੁਖਮ੍ = ਇਸ ਲਈ ਮੈਂ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਸੁੱਤੇ ਰਹਿਣ ਨਾਲ ਮੇਰਾ ਕੋਈ ਨੁਕਸਾਨ ਨਹੀਂ ਅਤੇ ਜਤਨਸ਼ੀਲ ਰਹਿਣ ਨਾਲ ਮੈਨੂੰ ਕੋਈ ਲਾਭ ਨਹੀਂ। ਹਾਨੀ-ਲਾਭ ਦੇ ਵਿਚਾਰ ਤੋਂ ਮੁਕਤ ਹੋ ਕੇ ਮੈਂ ਸੁਖ ਪੂਰਵਕ ਸਥਿਤ ਹਾਂ।

ਭਾਵਾਰਥ:- ਸੌਣਾ ਜਾਂ ਜਤਨਸ਼ੀਲ ਰਹਿਣਾ ਸਰੀਰ ਦੇ ਕਰਮ ਹਨ ਜੋ ਲਾਭ-ਹਾਨੀ ਦੇ ਗੇੜ ਵਿੱਚ ਰਹਿੰਦਾ ਹੈ ਪਰੰਤੂ *"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯) ਜੋ ਸਰੀਰ ਤੋਂ ਨਿਰਲੇਪ ਹੈ ਉਹ ਗੁਰਮੁਖ ਪੂਰਨ-ਕਾਮ ਹੈ ਅਰਥਾਤ ਉਸ ਨੂੰ ਕੁਝ ਵੀ ਕਰਨ ਜਾਂ ਨਾ ਕਰਨ ਦੀ ਲੋੜ ਨਹੀਂ। ਚੇਤਨ ਸਰੂਪ ਸਵੈ ਦੀ ਕੋਈ ਦੇਹ ਨਹੀਂ ਜਿਸ ਕਰਕੇ ਲਾਭ ਹਾਨੀ ਦੀ ਧਾਰਨਾ ਉਸ ਲਈ ਅਰਥਹੀਨ ਹੈ। ਵੈਸੇ ਵੀ ਜਿੱਥੋਂ ਤੱਕ ਸਵੈ ਦਾ ਸੰਬੰਧ ਹੈ ਉਹ *"ਬੇਅੰਤ ਅੰਤੁ ਨ ਜਾਇ ਪਾਇਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੫੮) ਬੇਅੰਤ ਹੈ ਜਿਸ ਦੇ ਵਿਸਤਾਰ ਦਾ ਪਾਰ ਨਹੀਂ ਪਾਇਆ ਜਾ ਸਕਦਾ ਅਤੇ *"ਨਾ ਓਹੁ ਬਢੈ ਨ ਘਟਤਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੩) ਵਿੱਚ ਕੁਝ ਪਾਉਣ

ਨਾਲ ਜਾਂ ਵਿੱਚੋਂ ਕੁਝ ਕੱਢਣ ਨਾਲ ਉਹ ਵਧਦਾ ਘਟਦਾ ਨਹੀਂ। ਬੇਅੰਤ ਵਿੱਚ ਕੁਝ ਜੋੜਿਆ ਨਹੀਂ ਜਾ ਸਕਦਾ ਅਤੇ ਜੇ ਉਸ ਵਿੱਚੋਂ ਕੁਝ ਕੱਢਿਆ ਜਾਏ ਤਾਂ ਵੀ ਉਹ ਬੇਅੰਤ ਹੀ ਰਹਿੰਦਾ ਹੈ। ਜਨਕ ਜੀ ਇਹ ਕਹਿ ਰਹੇ ਹਨ ਕਿ ਦੇਹ-ਭਾਵ ਤੋਂ ਅਤੇ ਲਾਭ-ਹਾਨੀ ਦੇ ਵਿਚਾਰ ਤੋਂ ਮੁਕਤ ਮੈਂ ਸੁਖ ਪੂਰਵਕ ਨਿਜ-ਘਰ ਵਿੱਚ ਸਥਿਤ ਹਾਂ।

सुखादिरूपानियमं भावेष्वालोक्य भूरिशः।
शुभाशुभे विहायास्मादहमासे यथासुखम्॥७॥

ਸੁਖਾਦਿਰੂਪਾਨਿਯਮੰ ਭਾਵੇਸ਼ੁਵਾਲੋਕਿਅ ਭੂਰਿਸ਼ਃ।
ਸ਼ੁਭਾਸ਼ੁਭੇ ਵਿਹਾਯਾਸੁਮਾਦਹਮਾਸੇ ਯਥਾਸੁਖਮੁ॥੭॥

ਸ਼ਬਦਾਰਥ:- ਸੁਖ ਅਦਿ ਰੂਪਾ: ਨਿਯਮੰ = ਸੁਖ ਆਦਿ ਦੇ ਰੂਪਾਂ ਦੇ ਨਿਯਮ ਨੂੰ। ਭਾਵੇਸ਼ੁ ਆਲੋਕਿਅ ਭੂਰਿਸ਼: = ਹਾਲਤਾਂ ਵਿੱਚ ਵੇਖ ਕੇ ਬਾਰ ਬਾਰ। ਸ਼ੁਭ-ਅਸ਼ੁਭੇ ਵਿਹਾਯ = ਸ਼ੁਭ ਅਸ਼ੁਭ ਦਾ ਤਿਆਗ ਕਰਕੇ। ਅਸੁਮਾਤ੍ਰ ਅਹਮੁ ਆਸੇ ਯਥਾ ਸੁਖਮੁ = ਇਸ ਲਈ ਮੈਂ ਸਥਿਤ ਹਾਂ ਸੁਖ ਪੂਰਵਕ।

ਸ਼ਲੋਕਾਰਥ:- ਇਸ ਲਈ ਵੱਖ ਵੱਖ ਹਾਲਤਾਂ ਵਿੱਚ ਸੁਖ ਆਦਿ ਦੇ ਨਿਯਮ ਨੂੰ ਵੇਖ ਕੇ, ਸ਼ੁਭ ਅਸ਼ੁਭ ਦਾ ਤਿਆਗ ਕਰਕੇ ਮੈਂ ਸੁਖ ਪੂਰਵਕ ਸਥਿਤ ਹਾਂ।

ਭਾਵਾਰਥ:- ਮਨ ਉੱਤੇ ਸ਼ੁਭ ਅਤੇ ਅਸ਼ੁਭ ਘਟਨਾਵਾਂ ਦੇ ਪ੍ਰਭਾਵ ਸੁਖ ਦੁੱਖ ਦੇ ਰੂਪ ਵਿੱਚ ਪ੍ਰਗਟ ਹੁੰਦੇ ਹਨ। ਵੱਖ ਵੱਖ ਹਾਲਤਾਂ ਅਨੁਸਾਰ ਸੁਖ ਦੁੱਖ ਦੇ ਭਾਵ ਵੀ ਬਦਲ ਜਾਂਦੇ ਹਨ-ਜਿਸ ਤੋਂ ਅੱਜ ਸੁਖ ਦਾ ਅਹਿਸਾਸ ਹੋ ਰਿਹਾ ਹੈ ਉਹ ਹੀ ਕਲ੍ਹ ਦੁੱਖ ਬਣ ਸਕਦਾ ਹੈ ਪਰ ਇਨ੍ਹਾਂ ਦਾ ਨਿਯਮ ਨਹੀਂ ਬਦਲਦਾ। ਨਿਯਮ ਇਹ ਹੈ ਕਿ *"ਸੁਖੈ ਕਉ ਦੁਖੁ ਅਗਲਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੭) ਸੁਖ ਤੋਂ ਅੱਗੇ ਦੁੱਖ ਨੇ ਆਉਣਾ ਹੀ ਹੈ ਅਰਥਾਤ ਕੋਈ ਸੁਖ ਸਥਾਈ ਨਹੀਂ ਫਿਰ ਭੀ *"ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥"* (ਅੰਗ ੫੭) ਹਰ ਸੰਸਾਰੀ ਸੁਖ ਹੀ ਮੰਗਦਾ ਹੈ ਦੁੱਖ ਕੋਈ ਨਹੀਂ ਚਾਹੁੰਦਾ ਅਤੇ *"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੯; ਅੰਗ ੪੧੧) ਸੁਖ ਦੀ ਖੋਜ ਵਿੱਚ ਬਥੇਰੇ ਦੁੱਖ ਝੱਲਦਾ ਹੈ। ਜਨਕ ਜੀ ਕਹਿ ਰਹੇ ਹਨ ਕਿ ਸੁਖ ਦੁੱਖ ਦੀ ਅਨਿੱਤਤਾ ਵੇਖ ਕੇ ਮੈਂ ਇਨ੍ਹਾਂ ਤੋਂ ਬਾਹਰ ਹੋ ਗਿਆ ਹਾਂ ਕਿਉਂਕਿ *"ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੭-੩੮) ਸ਼ੁਭ-ਅਸ਼ੁਭ ਦੇ ਭਾਵਾਂ ਅਰਥਾਤ ਸੁਖ-ਦੁੱਖ ਤੋਂ ਅਤੀਤ ਗੁਰਮੁਖ ਹੀ ਸਰੂਪ ਘਰ ਵਿੱਚ ਸਥਿਤ ਹੋ ਸਕਦਾ ਹੈ। ਇਸ ਤਰ੍ਹਾਂ ਮੈਂ *"ਆਤਮੁ ਚੀਨਿ ਪਰਮ ਸੁਖੁ ਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੫) ਆਪਣੇ ਆਪ ਨੂੰ ਜਾਣ ਕੇ, ਉਸ ਵਿੱਚ ਸਥਿਤ ਹੋ ਕੇ, ਪਰਮ ਸੁਖ ਵਿੱਚ ਹਾਂ ਜੋ ਸਦੀਵੀ ਹੈ ਕਿਉਂਕਿ ਉਹ ਸੰਸਾਰ ਦੀਆਂ ਨਿੱਤ ਬਦਲ ਰਹੀਆਂ ਸਥਿਤੀਆਂ ਉੱਤੇ ਨਿਰਭਰ ਨਹੀਂ ਕਰਦਾ।

ਚੌਦ੍ਹਵਾਂ ਅਧਿਆਇ

ਮੁਕਤ ਅਵਸਥਾ।

जनक उवाच।

प्रकृत्या शून्यचित्तो यः प्रमादाद्भावभावनः।
निद्रितो बोधित इव क्षीणसंसरणो हि सः॥१॥

ਜਨਕ ਉਵਾਚ।

ਪ੍ਰਕ੍ਰਿਤਿਆ ਸ਼ੂਨਿਅਚਿੱਤੋ ਯ: ਪ੍ਰਮਾਦਾਦ੍ਭਾਵਭਾਵਨ:।
ਨਿਦ੍ਰਿਤੋ ਬੋਧਿਤ ਇਵ ਕ੍ਸ਼ੀਣਸੰਸਰਣੋ ਹਿ ਸ:॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਪ੍ਰਕ੍ਰਿਤਿਆ ਸ਼ੂਨਿਅ-ਚਿੱਤ: ਯ: = ਸੁਭਾਅ ਤੋਂ ਸ਼ੁੰਨ-ਚਿੱਤ ਹੈ ਜੋ। ਪ੍ਰਮਾਦਾਤ੍ ਭਾਵ-ਭਾਵਨ: = ਬੇਧਿਆਨੀ ਵਿੱਚ ਵਿਸ਼ੇ ਸੇਵਨ ਕਰਨ ਵਾਲਾ। ਨਿਦ੍ਰਿਤ: ਬੋਧਿਤ ਇਵ = ਸੁੱਤਾ ਹੋਇਆ ਜਾਗਦੇ ਹੋਏ ਵਾਂਗ। ਕ੍ਸ਼ੀਣ ਸੰਸਰਣ: ਹਿ ਸ: = ਖੀਣ- ਸੰਸਾਰ ਨਿਸ਼ਚੇ ਹੀ ਉਹ।

ਸ਼ਲੋਕਾਰਥ:- ਜਨਕ ਨੇ ਕਿਹਾ:- ਜੋ ਸੁਭਾਅ ਤੋਂ ਸ਼ੁੰਨ-ਚਿੱਤ ਹੈ, ਬੇਧਿਆਨੀ ਵਿੱਚ ਵਿਸ਼ੇ ਸੇਵਨ ਕਰਨ ਵਾਲਾ ਹੈ, ਸੁੱਤਾ ਹੋਇਆ ਜਾਗਦੇ ਵਾਂਗ ਹੈ, ਨਿਸ਼ਚੇ ਹੀ ਉਹ ਖੀਣ-ਸੰਸਾਰ ਹੈ ਭਾਵ ਸੰਸਾਰ ਤੋਂ ਮੁਕਤ ਹੈ।

ਭਾਵਾਰਥ:- *"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਸੰਸਾਰ, ਰਾਤ ਦੇ ਸੁਪਨੇ ਵਾਂਗ ਹੈ। ਜਿਵੇਂ ਸੁਪਨਾ ਮਨ ਦੀ ਉਪਜ ਹੈ ਉਸੇ ਤਰ੍ਹਾਂ ਸੰਸਾਰ ਵੀ ਮਨ ਦੀ ਉਪਜ ਹੈ ਭਾਵ ਅ-ਮਨ ਅਵਸਥਾ ਵਿੱਚ ਸੰਸਾਰ ਨਹੀਂ ਭਾਸਦਾ। ਦੂਜੇ, *"ਸੰਸਾਰੁ ਬਿਖਿਆ ਕੂਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੩੮) ਸੰਸਾਰ ਵਿਸ਼ਿਆਂ ਦਾ ਘਰ ਹੈ, ਜਿਸ ਕਰਕੇ ਜੇ ਵਿਸ਼ੇ ਧਿਆਨ ਤੋਂ ਬਾਹਰ ਹਨ ਤਾਂ ਸੰਸਾਰ ਵੀ ਧਿਆਨ ਵਿੱਚ ਨਹੀਂ। ਤੀਜੇ, ਜੋ *"ਜਾਗਤੁ ਰਹੈ ਸੁ ਕਬਹੁ ਨ ਸੋਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਬੇਣੀ ਜੀਉ; ਅੰਗ ੯੭੪) ਜਾਗਦਾ ਰਹਿੰਦਾ ਹੈ, ਕਦੇ ਨਹੀਂ ਸੌਂਦਾ, ਭਾਵ ਸੁੱਤਾ ਹੋਇਆ ਵੀ ਜਾਗਦੇ ਵਾਂਗ ਹੈ ਉਹ *"ਤੀਨਿ ਤਿਲੋਕ ਸਮਾਧਿ ਪਲੋਵੈ॥"* (ਅੰਗ ੯੭੪) ਸਮਾਧੀ ਵਿੱਚ ਤਿੰਨਾਂ ਗੁਣਾਂ ਅਤੇ ਤਿੰਨਾਂ ਲੋਕਾਂ ਨੂੰ ਉਲੰਘ ਜਾਂਦਾ ਹੈ। ਜਨਕ ਜੀ ਦੇ ਕਹਿਣ ਦਾ ਭਾਵ ਇਹ ਹੈ ਕਿ ਇਨ੍ਹਾਂ ਤਿੰਨਾਂ ਅਨੁਭੂਤੀਆਂ ਕਾਰਨ ਉਹ ਖੀਣ-ਸੰਸਾਰ ਹੋ ਗਏ ਹਨ ਭਾਵ ਸੰਸਾਰ ਤੋਂ ਮੁਕਤ ਅਵਸਥਾ ਵਿੱਚ ਹਨ।

क्वधनानि क्व मित्राणि क्व मे विषयदस्यव:।
क्व शास्त्रं क्व च विज्ञानं यदा मे गलिता स्पृहा॥२॥
ਕ੍ਵ ਧਨਾਨਿ ਕ੍ਵ ਮਿਤ੍ਰਾਣਿ ਕ੍ਵ ਮੇ ਵਿਸ਼ਯਦਸਿਅਵ:।
ਕ੍ਵ ਸ਼ਾਸ੍ਤ੍ਰੰ ਕ੍ਵ ਚ ਵਿਗਿਆਨੰ ਯਦਾ ਮੇ ਗਲਿਤਾ ਸ੍ਪ੍ਰਿਹਾ॥੨॥

ਸ਼ਬਦਾਰਥ:- ਕ੍ਵ ਧਨਾਨਿ ਕ੍ਵ ਮਿਤ੍ਰਾਣਿ ਕ੍ਵ ਮੇ ਵਿਸ਼ਯ-ਦਸਿਅਵ: ਕ੍ਵ ਚ ਸ਼ਾਸ੍ਤ੍ਰੰ ਕ੍ਵ ਵਿਗਿਆਨੰ = ਕਿੱਥੇ ਧਨ, ਕਿੱਥੇ ਮਿੱਤਰ, ਕਿੱਥੇ ਮੇਰੇ ਵਿਸ਼ੇ ਰੂਪੀ ਡਾਕੂ, ਕਿੱਥੇ ਸ਼ਾਸਤਰ ਅਤੇ ਕਿੱਥੇ ਗਿਆਨ। ਯਦਾ ਮੇ ਗਲਿਤਾ ਸ੍ਪ੍ਰਿਹਾ = ਜਦੋਂ ਗਲਿਤ ਹੋ ਗਈ ਮੇਰੀ ਇੱਛਾ।

ਸ਼ਲੋਕਾਰਥ:- ਜਦੋਂ ਮੇਰੀ ਇੱਛਾ ਹੀ ਖ਼ਤਮ ਹੋ ਗਈ, (ਤਦ) ਧਨ, ਮਿੱਤਰ, ਵਿਸ਼ੇ ਰੂਪੀ ਡਾਕੂ, ਸ਼ਾਸਤਰ ਅਤੇ ਗਿਆਨ ਕਿੱਥੇ ਹਨ ਅਰਥਾਤ ਕਿਸੇ ਵਿੱਚ ਵੀ ਮੇਰੀ ਆਤਮ ਬੁੱਧੀ ਨਹੀਂ ਰਹੀ।

ਭਾਵਾਰਥ:- *"ਗੁਰ ਪ੍ਰਸਾਦਿ ਆਪਨ ਆਪੁ ਸੁਝੈ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੧) ਪਰਮਾਤਮਾ ਦੀ ਕਿਰਪਾ ਨਾਲ ਜੋ ਆਪਣੇ ਮੂਲ ਨੂੰ ਪਛਾਣ ਲੈਂਦਾ ਹੈ, ਉਸ ਦੀ ਸਾਰੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਜਨਕ ਜੀ ਆਪਣੇ ਸਰੂਪ ਘਰ ਵਿੱਚ ਸਥਿਤ ਹਨ ਜਿਸ ਕਰਕੇ ਉਨ੍ਹਾਂ ਦੀ *"ਤ੍ਰਿਸਨਾ ਬੁਝੀ ਮਮਤਾ ਗਈ ਨਾਠੇ ਭੈ ਭਰਮਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੧੪) ਤ੍ਰਿਸ਼ਨਾ ਬੁਝ ਗਈ ਹੈ ਜਿਸ ਦੇ ਫਲ-ਸਰੂਪ ਮੋਹ-ਮਮਤਾ ਅਤੇ ਭੈ-ਭਰਮ ਵੀ ਸਮਾਪਤ ਹੋ ਚੁੱਕੇ ਹਨ। ਧਨ ਦਾ ਲੋਭ, ਮਿੱਤਰਾਂ ਵਿੱਚ ਮੋਹ, ਵਿਸ਼ਿਆਂ ਵਿੱਚ ਆਸਕਤੀ, ਗਿਆਨ ਪ੍ਰਾਪਤੀ ਦੀ ਚਾਹ-ਸਭ ਸਮਾਪਤ ਹੋ ਗਏ ਹਨ ਕਿਉਂਕਿ *"ਤਿਸਨਾ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੨੧) ਇੱਛਾਵਾਂ ਦੀ ਸਮਾਪਤੀ ਨਾਲ ਪੂਰਨ ਤ੍ਰਿਪਤੀ ਅਤੇ ਸੰਤੁਸ਼ਟੀ ਹੋ ਗਈ ਹੈ।

विज्ञाते साक्षिपुरुषे परमात्मनि चेश्वरे।
नैराश्ये बन्धमोक्षे च न चिन्ता मुक्तये मम॥३॥
ਵਿਗਿਆਤੇ ਸਾਕ੍ਸ਼ਿਪੁਰੁਸ਼ੇ ਪਰਮਾਤ੍ਮਨਿ ਚੇਸ਼੍ਵਰੇ।
ਨੈਰਾਸ਼੍ਯੇ ਬੰਧਮੋਕ੍ਸ਼ੇ ਚ ਨ ਚਿੰਤਾ ਮੁਕ੍ਤਯੇ ਮਮ॥੩॥

ਸ਼ਬਦਾਰਥ:- ਵਿਗਿਆਤੇ ਸਾਕ੍ਸ਼ਿ-ਪੁਰੁਸ਼ੇ ਪਰਮਾਤ੍ਮਨਿ ਚ ਈਸ਼੍ਵਰੇ = ਜਾਣ ਕੇ ਸਾਖੀ ਪੁਰਖ, ਪਰਮਾਤਮਾ ਅਤੇ ਈਸ਼ਵਰ। ਨੈਰਾਸ਼੍ਯੇ ਬੰਧ-ਮੋਕ੍ਸ਼ੇ ਚ = ਇੱਛਾ ਰਹਿਤ ਬੰਧਨ ਮੋਖ ਪ੍ਰਤੀ। ਨ ਚਿੰਤਾ ਮੁਕ੍ਤਯੇ ਮਮ = ਨਹੀਂ ਚਿੰਤਾ ਮੁਕਤੀ ਲਈ ਮੈਨੂੰ।

ਸ਼ਲੋਕਾਰਥ:- ਸਾਖੀ ਪੁਰਖ, ਪਰਮਾਤਮਾ ਅਤੇ ਈਸ਼ਵਰ ਨੂੰ ਜਾਣ ਕੇ, ਬੰਧਨ-ਮੋਖ ਪ੍ਰਤੀ ਇੱਛਾ ਰਹਿਤ ਮੈਨੂੰ, ਮੁਕਤੀ ਲਈ ਚਿੰਤਾ ਨਹੀਂ।

ਭਾਵਾਰਥ:- ਜਨਕ ਜੀ ਨੇ ਜਾਣ ਲਿਆ ਹੈ ਕਿ ਉਹ ਦੇਹ ਨਹੀਂ ਹਨ, ਦੇਹ ਦੀਆਂ ਕਿਰਿਆਵਾਂ ਦਾ ਸਾਖੀ, ਚੇਤਨ ਸਰੂਪ ਹਨ। ਇਸ ਤਰ੍ਹਾਂ ਉਨ੍ਹਾਂ *"ਆਤਮੁ ਚੀਨਿ ਪਰਾਤਮੁ ਚੀਨਹੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਪਣਾ ਮੂਲ ਪਛਾਣ ਕੇ ਪਰਮਾਤਮਾ ਨੂੰ ਵੀ ਜਾਣ ਲਿਆ ਹੈ ਕਿ *"ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੮੦) ਓਹ ਇੱਕ ਹੀ ਸਭ ਦਾ ਮਾਲਿਕ ਈਸ਼ਵਰ ਹੈ। ਉਨ੍ਹਾਂ ਦਾ ਮਨ ਬਿਲਕੁਲ ਆਸ-ਮੁਕਤ ਹੈ, ਬੰਧਨ-ਮੋਖ ਪ੍ਰਤੀ ਵੀ ਕੋਈ ਇੱਛਾ ਨਹੀਂ ਬਚੀ ਕਿਉਂਕਿ ਉਨ੍ਹਾਂ ਨੂੰ ਇਹ ਗਿਆਤ ਹੈ ਕਿ *"ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਕਬੀਰ ਜੀਉ; ਅੰਗ ੧੧੬੧) ਜਿੰਨੀ ਦੇਰ ਤੱਕ ਮਨ ਵਿੱਚ ਕੋਈ ਵੀ ਆਸ ਬਚੀ ਹੈ ਭਾਵੇਂ ਉਹ ਬੈਕੁੰਠ ਲਈ ਹੀ ਕਿਉਂ ਨਾ ਹੋਵੇ, ਨਿਜ ਘਰ ਵਿੱਚ ਵਾਸ ਨਹੀਂ ਹੋ ਸਕਦਾ। ਇਸ ਤਰ੍ਹਾਂ ਉਹ ਮੁਕਤੀ ਦੀ ਚਿੰਤਾ ਤੋਂ ਵੀ ਮੁਕਤ, ਅਨੰਦ ਵਿੱਚ ਹਨ ਕਿਉਂਕਿ ਜੋ ਇਸ ਅਵਸਥਾ ਵਿੱਚ ਪਹੁੰਚਿਆ ਹੁੰਦਾ ਹੈ *"ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੩; ਅੰਗ ੬੬੪) ਉਹ ਸਦਾ ਅਨੰਦ ਵਿੱਚ ਰਹਿੰਦਾ ਹੈ।

अन्तर्विकल्पशून्यस्य बहिः स्वच्छन्दचारिणः।
भ्रान्तस्येव दशास्तास्तास्तादृशा एव जानते॥४॥

ਅੰਤਰਿਵਕਲ੍ਪਸ਼ੂਨਿਅਸਿਅ ਬਹਿ: ਸ੍ਵਛੰਦਚਾਰਿਣ:।
ਭ੍ਰਾਂਤਸਿਏਵ ਦਸ਼ਾਸ੍ਤਾਸ੍ਤਾਸ੍ਤਾਦ੍ਰਿਸ਼ਾ ਏਵ ਜਾਨਤੇ॥੪॥

ਸ਼ਬਦਾਰਥ:- ਅੰਤ: ਵਿਕਲ੍ਪ ਸ਼ੂਨਿਅਸਿਅ = ਅੰਦਰੋਂ ਵਿਕਲਪ ਰਹਿਤ ਦੀਆਂ। ਬਹਿ: ਸ੍ਵਛੰਦ ਚਾਰਿਣ: = ਬਾਹਰੋਂ ਸੁਛੰਦ ਆਚਰਨ ਕਰਨ ਵਾਲੇ ਦੀਆਂ। ਭ੍ਰਾਂਤਸਿਅ ਇਵ ਦਸ਼ਾ: ਤਾ: ਤਾ: = ਭ੍ਰਾਂਤ ਵਰਗੇ ਦੀਆਂ ਦਸ਼ਾਵਾਂ ਉਹ ਉਹ। ਤਾਦ੍ਰਿਸ਼ਾ: ਏਵ ਜਾਨਤੇ = ਉਸ ਵਰਗੇ ਹੀ ਜਾਣਦੇ ਹਨ।

ਸ਼ਲੋਕਾਰਥ:- ਅੰਦਰੋਂ ਵਿਕਲਪ ਰਹਿਤ ਦੀਆਂ, ਬਾਹਰੋਂ ਸੁਛੰਦ ਵਿਚਰਨ ਵਾਲੇ ਭ੍ਰਾਂਤ ਪੁਰਸ਼ ਵਰਗੇ ਦੀਆਂ ਉਨ੍ਹਾਂ ਉਨ੍ਹਾਂ ਦਸ਼ਾਵਾਂ ਨੂੰ ਉਸ ਵਰਗੇ ਹੀ ਸਮਝਦੇ ਹਨ।

ਭਾਵਾਰਥ:- ਅੰਤਰ ਮਨ ਦੀ ਸੰਕਲਪ-ਵਿਕਲਪ ਰਹਿਤ ਅਵਸਥਾ ਇੱਕ ਬ੍ਰਹਮ ਗਿਆਨੀ ਦੀ ਹੁੰਦੀ ਹੈ ਕਿਉਂਕਿ ਸੰਸਾਰ ਦੀ ਅਸਾਰਤਾ ਜਾਣ ਕੇ ਉਸ ਦੇ ਅੰਦਰ ਕੋਈ ਵਿਸ਼ੇ-ਵਾਸ਼ਨਾ ਨਹੀਂ ਫੁਰਦੀ। *"ਬ੍ਰਹਮ ਗਿਆਨੀ ਬੰਧਨ ਤੇ ਮੁਕਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੩) ਉਹ ਸੰਸਾਰੀ ਰੀਤੀ ਰਿਵਾਜਾਂ ਵਿੱਚ ਨਹੀਂ ਬੱਝਦਾ ਅਤੇ ਆਪਣੀ ਮਰਜ਼ੀ ਨਾਲ ਵਿਚਰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਹ ਗ਼ਲਤ ਕੰਮ ਵੀ ਕਰ ਸਕਦਾ ਹੈ ਕਿਉਂਕਿ *"ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥ ਜੈਸੇ ਮੈਲੁ ਨ ਲਾਗੈ ਜਲਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਉਹ ਬਿਲਕੁਲ

ਨਿਰਮਲ-ਮਨ ਰਹਿੰਦਾ ਹੈ ਜਿਵੇਂ ਜਲ ਕਦੀ ਮੈਲਾ ਨਹੀਂ ਹੁੰਦਾ। ਇਸੇ ਕਰਕੇ *"ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥"* (ਅੰਗ ੨੭੨) ਉਸ ਦੇ ਹੱਥੋਂ ਬੁਰਾ ਹੋ ਹੀ ਨਹੀਂ ਸਕਦਾ। ਬਾਹਰੋਂ ਵੇਖਣ ਉੱਤੇ ਉਹ ਭਰਮਾਏ ਹੋਏ ਸੰਸਾਰੀ ਵਾਂਗ ਵਿਚਰਦਾ ਜਾਪਦਾ ਹੈ ਪਰ ਅੰਦਰੋਂ ਇਸ ਤਰ੍ਹਾਂ ਰਹਿੰਦਾ ਹੈ *"ਜੈਸੇ ਜਲ ਮਹਿ ਕਮਲ ਅਲੇਪ॥"* (ਅੰਗ ੨੭੨) ਜਿਵੇਂ ਪਾਣੀ ਵਿੱਚ ਜੰਮਿਆ ਪਲਿਆ ਕਮਲ ਪਾਣੀ ਤੋਂ ਅਛੂਤਾ ਰਹਿੰਦਾ ਹੈ। *"ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥"* (ਅੰਗ ੨੭੩) ਉਸ ਦਾ ਭੇਦ ਕੋਈ ਨਹੀਂ ਪਾ ਸਕਦਾ। ਹਾਂ *"ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥"* (ਅੰਗ ੨੭੩) ਇੱਕ ਬ੍ਰਹਮ ਗਿਆਨੀ ਹੀ ਆਪਣੇ ਵਰਗੇ ਦੀਆਂ ਗਤੀ-ਵਿਧੀਆਂ ਪਛਾਣ ਸਕਦਾ ਹੈ।

◆◆◆

ਪੰਦਰ੍ਹਵਾਂ ਅਧਿਆਇ

ਤੱਤ ਬੋਧ ਦਾ ਵਰਣਨ।

अष्टावक्र उवाच।

यथातथोपदेशेन कृतार्थः सत्त्वबुद्धिमान्।
आजीवमपि जिज्ञासुः परस्तत्र विमुह्यति॥१॥

ਅਸ਼ਟਾਵਕ੍ਰ ਉਵਾਚ।

ਯਥਾਤਥੋਪਦੇਸ਼ੇਨ ਕ੍ਰਿਤਾਰਥ: ਸੱਤ੍ਵਬੁੱਧਿਮਾਨ੍।
ਆਜੀਵਮਪਿ ਜਿਗਿਆਸੁ: ਪਰਸ੍ਤਤ੍ਰ ਵਿਮੁਹਿਅਤਿ॥੧॥

ਸ਼ਬਦਾਰਥ:- ਅਸ਼ਟਾਵਕ੍ਰ ਉਵਾਚ = ਅਸ਼ਟਾਵਕ੍ਰ ਨੇ ਕਿਹਾ। ਯਥਾ-ਤਥਾ ਉਪਦੇਸ਼ੇਨ ਕ੍ਰਿਤਾਰਥ: ਸੱਤ੍ਵ-ਬੁੱਧਿਮਾਨ੍ = ਜਿਵੇਂ-ਤਿਵੇਂ ਉਪਦੇਸ਼ ਨਾਲ ਕ੍ਰਿਤਾਰਥ ਹੋ ਜਾਂਦਾ ਹੈ ਸਾਤਵਿਕ ਬੁਧੀ ਵਾਲਾ। ਆਜੀਵਮ੍ ਅਪਿ ਜਿਗਿਆਸੁ: ਪਰ: ਤਤ੍ਰ ਵਿਮੁਹਿਅਤਿ = ਜੀਵਨ ਭਰ ਵੀ ਜਿਗਿਆਸਾ ਕਰਕੇ ਦੂਜਾ ਉੱਥੇ ਮੋਹ ਵਿੱਚ ਰਹਿੰਦਾ ਹੈ।

ਸ਼ਲੋਕਾਰਥ:- ਅਸ਼ਟਾਵਕ੍ਰ ਜੀ ਬੋਲੇ:- ਜਿਵੇਂ ਤਿਵੇਂ ਦੇ, ਭਾਵ ਥੋੜ੍ਹੇ ਜਿਹੇ, ਉਪਦੇਸ਼ ਨਾਲ ਸ਼ੁੱਧ ਬੁੱਧੀ ਵਾਲਾ ਕ੍ਰਿਤਾਰਥ ਹੋ ਜਾਂਦਾ ਹੈ। ਦੂਜਾ, ਭਾਵ ਮਲੀਨ ਬੁੱਧੀ ਵਾਲਾ, ਜੀਵਨ ਭਰ ਜਿਗਿਆਸਾ ਕਰਕੇ ਵੀ ਉਸ ਬਾਰੇ ਮੋਹ ਵਿੱਚ ਹੀ ਰਹਿੰਦਾ ਹੈ।

ਭਾਵਾਰਥ:- ਅਸ਼ਟਾਵਕ੍ਰ ਜੀ ਸਾਧਕਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਦੇ ਹਨ-ਸ਼ੁੱਧ ਬੁੱਧੀ ਵਾਲੇ ਭਾਵ ਗੁਰਮੁਖ ਕਿਉਂਕਿ *"ਗੁਰਮੁਖਿ ਨਿਰਮਲੁ ਮੈਲੁ ਨ ਲਾਗੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੩) ਉਸ ਦਾ ਵਿਅਕਤਿਤਵ ਹਰ ਪੱਖੋਂ ਨਿਰਮਲ ਹੁੰਦਾ ਹੈ। ਦੂਜੇ ਮਲੀਨ ਬੁੱਧੀ ਵਾਲੇ ਮਨਮੁਖ ਹਨ ਕਿਉਂਕਿ *"ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਵਾਰ ਮ: ੩; ਅੰਗ ੩੧੪) ਉਹ ਅਗਿਆਨੀ, ਮਲੀਨ ਬੁੱਧੀ ਅਤੇ ਅਹੰਕਾਰੀ ਹੁੰਦੇ ਹਨ। ਸ਼ੁੱਧ ਬੁੱਧੀ ਵਾਲਾ *"ਗੁਰਮੁਖਿ ਸਾਂਤਿ ਊਤਮ ਕਰਾਮੰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੧) ਗੁਰਮੁਖ ਸ਼ਾਂਤ ਰਹਿੰਦਾ ਹੈ ਅਤੇ ਉੱਤਮ ਕਰਮ ਕਰਦਾ ਹੈ ਜਦ ਕਿ *"ਮਨਮੁਖ ਕਰਮ ਕਰੈ ਅਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੫; ਅੰਗ ੧੩੪੮) ਮਨਮੁਖ ਫ਼ਜ਼ੂਲ ਫ਼ਜ਼ੂਲ ਕਰਮ ਕਰਦਾ ਰਹਿੰਦਾ ਹੈ। *"ਗੁਰਮੁਖਿ ਮਨੁ ਜੀਤਾ ਹਉਮੈ ਮਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ:੧; ਅੰਗ

੬੪੬) ਗੁਰਮੁਖ ਹਉਮੈ ਨੂੰ ਮਾਰ ਕੇ ਮਨ ਨੂੰ ਵੱਸ ਵਿੱਚ ਕਰ ਲੈਂਦਾ ਹੈ ਜੋ ਏਧਰ ਉਧਰ ਭਟਕਦਾ ਨਹੀਂ। ਇਸ ਤਰ੍ਹਾਂ ਟਿਕੇ ਹੋਏ ਮਨ ਕਰਕੇ ਥੋੜ੍ਹਾ ਜਿਹਾ ਸਮਝਾਉਣ ਨਾਲ ਵੀ *"ਗੁਰਮੁਖਿ ਬੂਝੈ ਤਤੁ ਬੀਚਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਬ, ਮਾਝ ਮ: ੧; ਅੰਗ ੧੦੯) ਸ਼ੁੱਧ ਬੁੱਧੀ ਵਾਲਾ ਗੁਰਮੁਖ ਅਸਲੀਅਤ ਸਮਝ ਜਾਂਦਾ ਹੈ। ਦੂਜੇ ਪਾਸੇ *"ਮਨਮੁਖ ਮੰਨੁ ਅਜਿਤੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੩; ਅੰਗ ੬੪੪) ਮਨਮੁਖ ਦਾ ਮਨ ਉਸ ਦੇ ਵੱਸ ਵਿੱਚ ਨਹੀਂ ਹੁੰਦਾ, ਭਟਕਦਾ ਰਹਿੰਦਾ ਹੈ ਜਿਸ ਕਰਕੇ *"ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੩; ਅੰਗ ੪੯੧) ਉਸ ਦੇ ਭਟਕਦੇ ਹੋਏ ਮੂਰਖ ਮਨ ਨੂੰ ਕੁਝ ਵੀ ਸਮਝ ਨਹੀਂ ਆਉਂਦਾ ਭਾਵੇਂ ਉਹ ਸਾਰੀ ਉਮਰ ਕੋਸ਼ਿਸ਼ ਕਰਦਾ ਰਹੇ।

मोक्षो विषयवैरस्यं बन्धो वैषयिको रसः।
एतावदेव विज्ञानं यथेच्छसि तथा कुरु॥२॥
ਮੋਕ੍ਸ਼ੋ ਵਿਸ਼ਯਵੈਰਸਿਅੰ ਬੰਧੋ ਵੈਸ਼ਯਿਕੋ ਰਸ:।
ਏਤਾਵਦੇਵ ਵਿਗਿਆਨੰ ਯਥੇਚ੍ਛਸਿ ਤਥਾ ਕੁਰੁ॥੨॥

ਸ਼ਬਦਾਰਥ:- ਮੋਕ੍ਸ਼: ਵਿਸ਼ਯ-ਵੈਰਸਿਅੰ = ਮੋਖ ਹੈ ਵਿਸ਼ੇ-ਵੈਰਾਗ। ਬੰਧ: ਵੈਸ਼ਯਿਕ: ਰਸ: = ਬੰਧਨ ਹੈ ਵਿਸ਼ੇ-ਰਸ। ਏਤਾਵਤ੍ ਏਵ ਵਿਗਿਆਨੰ = ਇਤਨਾ ਹੀ ਵਿਗਿਆਨ ਹੈ। ਯਥਾ ਇੱਛਸਿ ਤਥਾ ਕੁਰੁ = ਜਿਸ ਤਰ੍ਹਾਂ ਚਾਹੁੰਦਾ ਹੈਂ, ਉਸੇ ਤਰ੍ਹਾਂ ਕਰ।

ਸ਼ਲੋਕਾਰਥ:- ਵਿਸ਼ਿਆਂ ਪ੍ਰਤੀ ਵੈਰਾਗ ਮੁਕਤੀ ਹੈ, ਵਿਸ਼ਿਆਂ ਵਿੱਚ ਰਸ (ਆਸਕਤੀ) ਬੰਧਨ ਹੈ; ਗਿਆਨ (ਬਸ) ਇਤਨਾ ਹੀ ਹੈ। (ਇਹ ਜਾਣ ਕੇ) ਜਿਵੇਂ ਚਾਹੁੰਦਾ ਹੈਂ, ਉਸੇ ਤਰ੍ਹਾਂ ਕਰ।

ਭਾਵਾਰਥ:- ਅਸ਼ਟਾਵਕ੍ਰ ਜੀ ਬੰਧਨ-ਮੋਖ ਦੀ ਅਰਥ-ਪੂਰਨ ਪਰਿਭਾਸ਼ਾ ਸੰਖੇਪ ਵਿੱਚ ਦੇਂਦੇ ਹਨ-ਵਿਸ਼ੇ-ਰਸ ਵਿੱਚ ਆਸਕਤੀ ਬੰਧਨ ਹੈ ਅਤੇ ਇਨ੍ਹਾਂ ਪ੍ਰਤੀ ਵੈਰਾਗ ਮੋਖ ਹੈ। *"ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੩) ਵਿਸ਼ੇ-ਰਸ ਵਿੱਚ ਆਸਕਤ ਮੂਰਖ ਕਿਵੇਂ ਸੁਖ ਮਾਣ ਸਕਦਾ ਹੈ ਕਿਉਂਕਿ *"ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੮੭) ਮੂਰਖ ਦੀ ਵਿਸ਼ਿਆਂ ਤੋਂ ਤ੍ਰਿਪਤੀ ਕਦੀ ਨਹੀਂ ਹੁੰਦੀ ਜਿਸ ਕਰਕੇ ਉਨ੍ਹਾਂ ਲਈ ਉਸ ਦੀ ਭੁੱਖ ਜਾਂਦੀ ਨਹੀਂ ਅਤੇ *"ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੭) ਉਹ ਵਿਸ਼ਿਆਂ ਦੀ ਖੋਜ ਵਿੱਚ ਹੀ ਰਹਿੰਦਾ ਹੈ ਅਤੇ ਜਨਮ-ਮਰਨ ਦੇ ਗੇੜ ਵਿੱਚ ਫਸਿਆ ਰਹਿੰਦਾ ਹੈ। ਇਸ ਦੇ ਉਲਟ ਜੋ *"ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ॥"* (ਸ੍ਰੀ

ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੫੨) ਵਿਸ਼ਿਆਂ ਪ੍ਰਤੀ ਵੈਰਾਗੀ ਹੈ ਅਤੇ ਜਿਸ ਨੇ ਗੁਰਸ਼ਬਦ ਰਾਹੀਂ ਹਉਮੈ ਦਾ ਵੀ ਤਿਆਗ ਕੀਤਾ ਹੈ, ਉਹ *"ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ॥"* (ਅੰਗ ੮੫੨) ਆਪ ਵੀ ਤਰ ਜਾਂਦਾ ਹੈ, ਕੁਲ ਨੂੰ ਵੀ ਤਾਰ ਲੈਂਦਾ ਹੈ ਅਤੇ ਉਸ ਦੀ ਜਨਨੀ ਧੰਨ ਧੰਨ ਹੈ। ਅਸ਼ਟਾਵਕ੍ਰ ਜੀ ਕਹਿੰਦੇ ਹਨ ਕਿ ਰਾਜਾ ਜੀ ਤੁਹਾਨੂੰ ਬੰਧਨ ਅਤੇ ਮੁਕਤੀ ਦੇ ਮਾਰਗ ਸਮਝਾ ਦਿੱਤੇ ਹਨ, ਤੁਸੀਂ ਆਪਣੀ ਇੱਛਾ ਅਨੁਸਾਰ ਜੋ ਮਾਰਗ ਚਾਹੋ, ਚੁਣ ਲਵੋ।

वाग्मिप्राज्ञमहोद्योगं जनं मूकजडालसम्।
करोति तत्त्वबोधोऽयमतस्त्यक्तो बुभुक्षुभिः॥३॥
ਵਾਗ੍ਮਿਪ੍ਰਾਗਿਅਮਹੋਦਿਓਗੰ ਜਨੰ ਮੂਕਜਡਾਲਸਮ੍।
ਕਰੋਤਿ ਤੱਤ੍ਵਬੋਧੋऽਯਮਤਸਿਅਤਿਅਕ੍ਤੋ ਬੁਭੁਕ੍ਸ਼ੁਭਿ:॥੩॥

ਸ਼ਬਦਾਰਥ:- ਵਾਗ੍ਮਿ-ਪ੍ਰਾਗਿਅ-ਮਹਾ-ਉਦਿਓਗੰ ਜਨੰ = ਮਹਾਂ-ਬੁਲਾਰੇ ਬੁੱਧੀਮਾਨ ਅਤੇ ਮਹਾਂ ਉੱਦਮੀ ਮਨੁੱਖ ਨੂੰ। ਮੂਕ-ਜਡ-ਆਲਸਮ੍ ਕਰੋਤਿ ਤੱਤ੍ਵ ਬੋਧ: ਅਯਮ੍ = ਗੂੰਗਾ, ਜੜ੍ਹ, ਆਲਸੀ ਕਰ ਦੇਂਦਾ ਹੈ ਤੱਤ-ਗਿਆਨ ਇਹ। ਅਤ: ਤਿਅਕ੍ਤ: ਬੁਭੁਕ੍ਸ਼ੁਭਿ: = ਇਸ ਕਰਕੇ ਤਿਆਗਿਆ ਗਿਆ ਹੈ ਭੋਗ ਦੇ ਇੱਛੁਕਾਂ ਦੁਆਰਾ।

ਸ਼ਲੋਕਾਰਥ:- ਤੱਤ ਗਿਆਨ ਮਹਾਂ ਬੁਲਾਰੇ, ਬੁੱਧੀਮਾਨ ਅਤੇ ਮਹਾਂ ਉੱਦਮੀ ਮਨੁੱਖ ਨੂੰ ਗੂੰਗਾ, ਜੜ੍ਹ ਅਤੇ ਆਲਸੀ ਬਣਾ ਦੇਂਦਾ ਹੈ। ਇਸ ਕਰਕੇ ਭੋਗ-ਅਭਿਲਾਸ਼ੀਆਂ ਦੁਆਰਾ ਤਿਆਗਿਆ ਗਿਆ ਹੈ।

ਭਾਵਾਰਥ:- ਮਨੁੱਖ ਦੀ ਹਰ ਗੱਲ-ਬਾਤ, ਬੁੱਧੀਮਾਨੀ ਦੇ ਪ੍ਰਗਟਾਵੇ ਅਤੇ ਹਰ ਕਿਰਿਆ ਦਾ ਕੋਈ ਨਾ ਕੋਈ ਮਕਸਦ ਹੁੰਦਾ ਹੈ ਪਰੰਤੂ *"ਤ੍ਰਿਪਤਿ ਤਰੰਗ ਤਤੁ ਬੀਚਾਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੩੧) ਤੱਤ ਗਿਆਨੀ ਦੇ ਮਨ ਦੀਆਂ ਸਾਰੀਆਂ ਤਰੰਗਾਂ ਅਰਥਾਤ ਇੱਛਾਵਾਂ ਤ੍ਰਿਪਤ ਹੋ ਚੁੱਕੀਆਂ ਹੁੰਦੀਆਂ ਹਨ ਜਿਸ ਕਰਕੇ ਉਸ ਕੋਲ ਗੱਲ-ਬਾਤ ਲਈ, ਬੁੱਧੀਮਾਨੀ ਦੇ ਪ੍ਰਯੋਗ ਲਈ ਜਾਂ ਕੰਮ ਕਰਨ ਲਈ ਕੋਈ ਮਕਸਦ ਨਹੀਂ ਬਚਦਾ। ਤੱਤ ਤਾਂ ਇੱਕ ਹੀ ਹੈ ਅਤੇ ਓਹ ਹੈ ਬ੍ਰਹਮ। ਜਿਸ ਨੇ ਬ੍ਰਹਮ ਨੂੰ ਜਾਣ ਲਿਆ ਉਹ ਸਮਝ ਜਾਂਦਾ ਹੈ ਕਿ *"ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੪) ਮੈਂ ਓਸ ਅਲਖ ਅਪਾਰ ਦਾ ਵਰਨਣ ਕਰਨ ਵਿੱਚ ਸਮਰੱਥ ਨਹੀਂ ਜਿਸ ਕਰਕੇ ਉਹ ਇਸ ਤਰ੍ਹਾਂ ਹੋ ਜਾਂਦਾ ਹੈ *"ਜਿਉ ਗੂੰਗਾ ਮਨ ਮਹਿ ਬਿਸਮਾਦੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੧) ਜਿਵੇਂ ਗੂੰਗਾ ਅੰਦਰ ਹੀ ਅੰਦਰ ਖ਼ੁਸ਼ ਹੁੰਦਾ ਰਹਿੰਦਾ ਹੈ। ਜਿਸ ਨੇ ਬ੍ਰਹਮ ਨੂੰ ਜਾਣ ਲਿਆ ਉਸ ਦੇ ਜਾਣਨ ਲਈ ਹੋਰ ਕੁਝ ਨਹੀਂ ਬਚਦਾ ਕਿਉਂਕਿ *"ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਨਟ ਮ: ੪; ਅੰਗ ੯੮੨) ਸਾਰਾ ਪਸਾਰਾ ਬ੍ਰਹਮ

ਹੀ ਹੈ ਜਿਸ ਤੋਂ ਬਾਹਰ ਕੁਝ ਹੈ ਹੀ ਨਹੀਂ। ਇਸੇ ਤਰ੍ਹਾਂ *"ਸੋ ਨਿਹਕਰਮੀ ਜੋ ਸਬਦੁ ਬੀਚਾਰੇ॥ ਅੰਤਰਿ ਤਤੁ ਗਿਆਨਿ ਹਉਮੈ ਮਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮) ਤੱਤ ਗਿਆਨੀ ਪਰਮਾਤਮਾ ਵਿੱਚ ਧਿਆਨ ਲਗਾ ਕੇ ਹਉਮੈ ਨੂੰ ਮਾਰ ਲੈਂਦਾ ਹੈ ਅਤੇ ਨਿਹਕਰਮੀ ਰਹਿੰਦਾ ਹੈ। ਸੰਸਾਰੀ ਭੋਗਾਂ ਦਾ ਅਭਿਲਾਸ਼ੀ *"ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੩੧) ਤੱਤ-ਵਿਚਾਰ ਨਹੀਂ ਕਰਦਾ ਅਤੇ ਵਿਸ਼ਿਆਂ ਦੀ ਖੋਜ ਵਿੱਚ ਫ਼ਜ਼ੂਲ ਫ਼ਜ਼ੂਲ ਕੰਮਾਂ ਦੀ ਪੰਡ ਥੱਲੇ ਦੱਬਿਆ ਦੁਖੀ ਰਹਿੰਦਾ ਹੈ।

न त्वं देहो न ते देहो भोक्ता कर्ता न वा भवान्।
चिद्रूपोऽसि सदा साक्षी निरपेक्षः सुखं चर॥४॥

ਨ ਤ੍ਵੰ ਦੇਹੋ ਨ ਤੇ ਦੇਹੋ ਭੋਕ੍ਤਾ ਕਰ੍ਤਾ ਨ ਵਾ ਭਵਾਨ੍।
ਚਿਦ੍ਰੂਪੋऽਸਿ ਸਦਾ ਸਾਕ੍ਸ਼ੀ ਨਿਰਪੇਕ੍ਸ਼: ਸੁਖੰ ਚਰ॥੪॥

ਸ਼ਬਦਾਰਥ:- ਨ ਤ੍ਵੰ ਦੇਹ: = ਨਾ ਤੁਸੀਂ ਦੇਹ ਹੋ। ਨ ਤੇ ਦੇਹ: = ਨਾ ਦੇਹ ਤੁਹਾਡੀ ਹੈ। ਭੋਕ੍ਤਾ ਕਰ੍ਤਾ ਨ ਵਾ ਭਵਾਨ੍ = ਭੋਗਤਾ ਜਾਂ ਕਰਤਾ ਨਹੀਂ ਹੋ ਤੁਸੀਂ। ਚਿਦ੍ਰੂਪ: ਅਸਿ = ਚੇਤਨ ਰੂਪ ਹੋ। ਸਦਾ ਸਾਕ੍ਸ਼ੀ ਨਿਰਪੇਕ੍ਸ਼: ਸੁਖੰ ਚਰ = ਸਦਾ ਸਾਖੀ, ਨਿਰਲੇਪ, ਸੁਖ ਪੂਰਵਕ ਵਿਚਰੋ।

ਸ਼ਲੋਕਾਰਥ:- ਤੁਸੀਂ ਦੇਹ ਨਹੀਂ ਹੋ ਨਾ ਦੇਹ ਤੁਹਾਡੀ ਹੈ। ਤੁਸੀਂ ਭੋਗੀ ਜਾਂ ਕਰਤਾ ਵੀ ਨਹੀਂ ਹੋ। ਤੁਸੀਂ ਚੇਤੰਨ ਰੂਪ, ਸਦੀਵੀ, ਸਾਖੀ ਅਤੇ ਨਿਰਲੇਪ ਹੋ, ਸੁਖ ਪੂਰਵਕ ਵਿਚਰੋ।

ਭਾਵਾਰਥ:- *"ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੧; ਅੰਗ ੧੧੨੮) ਦੇਹ ਦਾ ਆਕਾਰ ਪੰਜ ਤੱਤਾਂ ਦਾ ਮਿਸ਼ਰਣ ਹੈ ਅਤੇ ਜਿੱਥੋਂ ਤੱਕ ਸ੍ਵੈ ਦਾ ਸੰਬੰਧ ਹੈ *"ਕਹੁ ਕਬੀਰ ਇਹੁ ਰਾਮ ਕੀ ਅੰਸੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧) ਇਹ ਪਰਮਾਤਮਾ ਦਾ ਅੰਸ਼ ਹੈ ਜੋ *"ਨਹ ਬਿਨਸੈ ਅਬਿਨਾਸੀ ਹੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੫) ਸਦੀਵੀਂ ਹੈ। ਕਿਉਂਕਿ ਦੇਹ ਨਾਸਵਾਨ ਹੈ ਇਹ ਸਪਸ਼ਟ ਹੈ ਕਿ ਤੂੰ ਦੇਹ ਨਹੀਂ। ਪਰਮਾਤਮਾ ਦਾ ਅੰਸ਼ ਹੋਣ ਕਰਕੇ ਸ੍ਵੈ *"ਸਭ ਕੈ ਮਧਿ ਅਲਿਪਤੋ ਰਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸੰਸਾਰ ਪ੍ਰਤੀ ਨਿਰਲੇਪ ਹੈ, ਇਸ ਦਾ ਸੰਸਾਰ ਦੇ ਕਿਸੇ ਵਸਤੂ/ਵਿਅਕਤੀ ਨਾਲ ਕੋਈ ਸੰਬੰਧ ਨਹੀਂ ਜਿਸ ਕਰਕੇ ਇਹ ਸੰਸਾਰੀ ਦੇਹ ਵੀ ਤੇਰੀ ਨਹੀਂ। ਕਰਤਾਪਨ ਅਤੇ ਭੋਗਤਾਪਨ ਅੰਤ:ਕਰਨ ਦੇ ਧਰਮ ਹਨ ਪਰ ਤੂੰ ਅੰਤ:ਕਰਨ ਦਾ ਸਾਖੀ ਹੈਂ, ਜਿਸ ਕਰਕੇ ਕਰਤਾ-ਭੋਗਤਾ ਨਹੀਂ। ਜੇ ਤੂੰ *"ਮੂਲੁ ਪਛਾਣਹਿ ਤਾਂ ਸਹੁ ਜਾਣਹਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਆਪਣਾ ਮੂਲ ਪਛਾਣ ਲਵੇਂ ਤਾਂ ਜਾਣ ਜਾਏਂਗਾ ਕਿ *"ਮਨ ਤੂੰ ਜੋਤਿ*

ਸਰੂਪੁ ਹੈ" (ਅੰਗ ੪੪੧) ਤੂੰ ਜੋਤੀ ਸਰੂਪ ਹੈਂ, ਸਭ ਦਾ ਸਾਖੀ, ਸਭ ਤੋਂ ਅਸੰਬੰਧਿਤ, ਸੁਤੰਤਰ। ਇਸ ਭਾਵ ਦਸ਼ਾ ਵਿੱਚ ਸੁਖ ਪੂਰਵਕ ਸੰਸਾਰ ਵਿੱਚ ਵਿਚਰ।

रागद्वेषौ मनोधर्मौ न मनस्ते कदाचन।
निर्विकल्पोऽसि बोधात्मा निर्विकारः सुखं चर॥५॥

ਰਾਗਦ੍ਵੇਸ਼ੌ ਮਨੋਧਰਮਾ ਨ ਮਨਸ੍ਤੇ ਕਦਾਚਨ।
ਨਿਰਵਿਕਲ੍ਪੋ਽ਸਿ ਬੋਧਾਤ੍ਮਾ ਨਿਰਵਿਕਾਰ: ਸੁਖੰ ਚਰ॥੫॥

ਸ਼ਬਦਾਰਥ:- ਰਾਗ-ਦ੍ਵੇਸ਼ੌ ਮਨ: ਧਰਮੌ = ਰਾਗ ਦੁਵੈਸ਼ ਮਨ ਦੇ ਧਰਮ ਹਨ। ਨ ਮਨ: ਤੇ ਕਦਾਚਨ = ਨਹੀਂ ਮਨ ਤੇਰਾ ਕਦੀ ਵੀ। ਨਿਰਵਿਕਲ੍ਪ: ਅਸਿ ਬੋਧ-ਆਤ੍ਮਾ ਨਿਰ-ਵਿਕਾਰ: = ਵਿਕਲਪ ਰਹਿਤ ਹੋ, ਬੋਧ-ਸਰੂਪ, ਵਿਕਾਰ ਰਹਿਤ। ਸੁਖੰ ਚਰ = ਸੁਖੀ ਵਿਚਰੋ।

ਸ਼ਲੋਕਾਰਥ:- ਰਾਗ ਅਤੇ ਦੁਵੈਸ਼ ਮਨ ਦੇ ਧਰਮ ਹਨ, ਮਨ ਕਦੀ ਵੀ ਤੇਰਾ ਨਹੀਂ। ਵਿਕਲਪ ਰਹਿਤ, ਬੋਧ-ਸਰੂਪ, ਵਿਕਾਰ ਰਹਿਤ ਤੂੰ, ਸੁਖੀ ਰਹੁ।

ਭਾਵਾਰਥ:- ਇਹ ਸ਼ਲੋਕ ਪਿਛਲੇ ਸ਼ਲੋਕ ਦਾ ਸਮਾਨਾਂਤਰ ਹੈ। ਇਸ ਦਾ ਭਾਵ ਇਹ ਹੈ ਕਿ ਨਾ ਤੂੰ ਮਨ ਹੈਂ ਨਾ ਮਨ ਤੇਰਾ ਹੈ। ਸੰਕਲਪ-ਵਿਕਲਪ ਮਨ ਦੀ ਉਪਜ ਹਨ ਜੋ ਹਰ ਪਲ ਬਦਲਦਾ ਰਹਿੰਦਾ ਹੈ ਪਰ ਤੂੰ ਮਨ ਨਹੀਂ ਜਿਸ ਕਰਕੇ ਵਿਕਲਪ ਰਹਿਤ ਅਤੇ ਵਿਕਾਰ ਰਹਿਤ ਹੈਂ। ਮਨ ਨੂੰ ਹੀ ਕੁਝ ਚੰਗਾ ਲੱਗਦਾ ਹੈ ਕੁਝ ਭੈੜਾ ਅਰਥਾਤ ਮਨ ਵਿੱਚ ਹੀ ਕਿਸੇ ਪ੍ਰਤੀ ਰਾਗ ਅਤੇ ਕਿਸੇ ਪ੍ਰਤੀ ਦੁਵੈਸ਼ ਹੁੰਦਾ ਹੈ ਪਰ ਤੂੰ ਭਾਵ ਸਵੈ *"ਸਭ ਕੈ ਮਧਿ ਸਗਲ ਤੇ ਉਦਾਸ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬) ਸਭ ਵਿੱਚ, ਪਰ ਸਭਨਾਂ ਤੋਂ ਅਲੇਪ ਰਹਿੰਦਾ ਹੈ-ਨਾ ਕਿਸੇ ਨਾਲ ਲਗਾਅ ਨਾ ਕਿਸੇ ਤੋਂ ਨਫ਼ਰਤ। ਸਵੈ "ਜੋਤਿ ਸਰੂਪੁ ਹੈ", ਬੋਧ ਸਰੂਪ, ਦੁਨਿਆਵੀ ਝਮੇਲਿਆਂ ਤੋਂ ਬੇਲਾਗ। ਇਸ ਭਾਵ ਦਸ਼ਾ ਵਿੱਚ *"ਨਿਜ ਘਰਿ ਬੈਸਿ ਸਹਜ ਘਰੁ ਲਹੀਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੨੭) ਸਵੈ ਵਿੱਚ ਸਥਿਤ ਹੋ ਕੇ ਸੁਖੀ ਰਹੋ।

सर्वभूतेषु चात्मानं सर्वभूतानि चात्मनि।
विज्ञाय निरहंकारो निर्ममस्त्वं सुखी भव॥६॥

ਸਰਵਭੂਤੇਸ਼ੁ ਚਾਤ੍ਮਾਨੰ ਸਰਵਭੂਤਾਨਿ ਚਾਤ੍ਮਨਿ।
ਵਿਗਿਆਯ ਨਿਰਹੰਕਾਰੋ ਨਿਰਮਮਸ੍ਤ੍ਵੰ ਸੁਖੀ ਭਵ॥੬॥

ਸ਼ਬਦਾਰਥ:- ਸਰਵ ਭੂਤੇਸ਼ੁ ਚ ਆਤ੍ਮਾਨੰ = ਸਾਰੇ ਭੂਤਾਂ ਵਿੱਚ ਆਤਮਾ ਨੂੰ। ਸਰਵ ਭੂਤਾਨਿ ਚ ਆਤ੍ਮਨਿ ਵਿਗਿਆਯ = ਅਤੇ ਸਾਰੇ ਭੂਤਾਂ ਨੂੰ ਆਤਮਾ ਵਿੱਚ ਜਾਣ ਕੇ। ਨਿਰਹੰਕਾਰ: ਨਿਰਮਮ: ਤ੍ਵੰ ਸੁਖੀ ਭਵ = ਅਹੰਕਾਰ ਰਹਿਤ ਅਤੇ ਮਮਤਾ ਰਹਿਤ ਤੂੰ ਸੁਖੀ ਹੋ।

ਸ਼ਲੋਕਾਰਥ:- ਸਾਰੇ ਭੂਤਾਂ ਵਿੱਚ ਆਤਮਾ ਨੂੰ ਅਤੇ ਸਾਰੇ ਭੂਤਾਂ ਨੂੰ ਆਤਮਾ ਵਿੱਚ ਜਾਣ ਕੇ, ਮੋਹ ਰਹਿਤ ਅਤੇ ਅਹੰਕਾਰ ਰਹਿਤ ਤੂੰ, ਸੁਖੀ ਵਿਚਰ।

ਭਾਵਾਰਥ:- ***"ਖਾਲਿਕੁ ਖਲਕ ਖਲਕ ਮਹਿ ਖਾਲਿਕੁ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਕਬੀਰ ਜੀਉ; ਅੰਗ ੧੩੫੦) ਪਰਮਾਤਮਾ ਖਲਕਤ ਵਿੱਚ ਹੈ ਅਤੇ ਖਲਕਤ ਪਰਮਾਤਮਾ ਵਿੱਚ। ਇਹ ਗਿਆਨ ਦੱਸਦਾ ਹੈ ਕਿ ***"ਜੀਉ ਏਕੁ ਅਰੁ ਸਗਲ ਸਰੀਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੩੦) ਸਾਰੇ ਸਰੀਰਾਂ ਵਿੱਚ ਇੱਕ ਹੀ ਆਤਮਾ ਹੈ ਅਤੇ ***"ਤਿਸ ਤੇ ਬਾਹਰਿ ਨਾਹਿ ਕੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੨) ਉਸ ਤੋਂ ਬਾਹਰ ਕੁਝ ਵੀ ਨਹੀਂ ਅਰਥਾਤ ਸਾਰੇ ਸਰੀਰ ਉਸੇ ਵਿੱਚ ਹਨ। ਇਹ ਜਾਣਨ ਵਾਲਾ ***"ਸਰਬ ਮੈ ਪੇਖੈ ਭਗਵਾਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਸਭ ਵਿੱਚ ਭਗਵਾਨ ਨੂੰ ਵੇਖਦਾ ਹੈ। ਇਹ ਗਿਆਨ ਕਿ ਸਾਰੇ ਸਰੀਰਾਂ ਵਿੱਚ ਇੱਕ ਹੀ ਆਤਮਾ ਹੈ, ਇਸ ਅਹਿਸਾਸ ਨੂੰ ਜਨਮ ਦੇਂਦਾ ਹੈ ਕਿ ਜੋ ਆਤਮਾ ਮੇਰੇ ਵਿੱਚ ਹੈ ਉਹ ਹੀ ਸਭ ਵਿੱਚ ਹੈ ਜਿਸ ਕਰਕੇ ਸਭਨਾਂ ਵਿੱਚ ਆਪਣਾ ਆਪ ਦਿੱਸਦਾ ਹੈ ਅਤੇ ਦੂਈ ਭਾਵ ਮਿਟ ਜਾਂਦਾ ਹੈ। ਦੂਈ ਮਿਟਣ ਨਾਲ ***"ਹਉਮੈ ਮਮਤਾ ਰੋਗੁ ਨ ਲਾਗੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੨) ਹੰਕਾਰ ਅਤੇ ਮਮਤਾ ਦੇ ਰੋਗ ਨਹੀਂ ਲੱਗਦੇ। ਅਸ਼ਟਾਵਕ੍ਰ ਜੀ ਕਹਿ ਰਹੇ ਹਨ ਕਿ ਹੇ ਰਾਜਨ! ਇਸ ਗਿਆਨ ਵਿੱਚ ਸਥਿਤ ਹੋ ਜਾਓ ਕਿ ਇੱਕ ਹੀ ਆਤਮਾ ਸਭ ਵਿੱਚ ਹੈ ਅਤੇ ਸਭ ਆਤਮਾ ਵਿੱਚ ਹਨ ਜਿਸ ਨਾਲ ਹਉਮੈ-ਮਮਤਾ ਰਹਿਤ ਹੋ ਕੇ ਤੁਸੀਂ ਸੁਖੀ ਸੁਖੀ ਵਿਚਰੋ।

विश्वं स्फुरति यत्रेदं तरंगा इव सागरे।
तत्त्वमेव न संदेहश्चिन्मूर्ते विज्वरो भव॥७॥
ਵਿਸ਼ਵੰ ਸੁਫੁਰਤਿ ਯਤ੍ਰੇਦੰ ਤਰੰਗਾ ਇਵ ਸਾਗਰੇ।
ਤੱਤ੍ਵਮੇਵ ਨ ਸੰਦੇਹਸ਼੍ਚਿਨਮੂਰਤੇ ਵਿਜ੍ਵਰੋ ਭਵ॥੭॥

ਸ਼ਬਦਾਰਥ:- ਵਿਸ਼ਵੰ ਸੁਫੁਰਤਿ ਯਤ੍ਰ ਇਦੰ ਤਰੰਗਾ: ਇਵ ਸਾਗਰੇ = ਸੰਸਾਰ ਫੁਰਦਾ ਹੈ ਜਿੱਥੇ ਤਰੰਗਾਂ ਵਾਂਗ ਸਾਗਰ ਵਿੱਚ। ਤਤ੍ ਤ੍ਵੰ ਏਵ = ਉਹ ਤੁਸੀਂ ਹੀ ਹੋ। ਨ ਸੰਦੇਹ: = ਸੰਦੇਹ ਨਹੀਂ। ਚਿਨਮੂਰਤੇ = ਹੇ ਚੇਤਨ ਸਰੂਪ! ਵਿਜ੍ਵਰ: ਭਵ = ਸੰਤਾਪ ਰਹਿਤ ਹੋ ਜਾਓ।

ਸ਼ਲੋਕਾਰਥ:- ਜਿੱਥੇ ਇਹ ਸੰਸਾਰ, ਸਾਗਰ ਵਿੱਚ ਤਰੰਗਾਂ ਵਾਂਗ ਫੁਰਦਾ ਹੈ, ਉਹ ਤੁਸੀਂ ਹੀ ਹੋ, ਇਸ ਵਿੱਚ ਸੰਦੇਹ ਨਹੀਂ। ਹੇ ਚੇਤਨ ਸਰੂਪ! ਸੰਤਾਪ ਰਹਿਤ ਹੋ ਕੇ ਵਿਚਰੋ।

ਭਾਵਾਰਥ:- ***"ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੫੭) ਸੰਸਾਰ, ਜਲ ਉੱਤੇ ਉੱਠ ਰਹੀਆਂ ਤਰੰਗਾਂ ਅਤੇ

ਬੁਲਬੁਲਿਆਂ ਵਾਂਗ ਹੈ ਅਤੇ ਜਿਵੇਂ *"ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੩੫) ਸਮੁੰਦਰ ਦੀ ਲਹਿਰ ਪੈਦਾ ਹੋ ਕੇ ਖਿਨ ਪਲ ਵਿੱਚ ਨਸ਼ਟ ਹੋ ਜਾਂਦੀ ਹੈ ਉਸੇ ਤਰ੍ਹਾਂ *"ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੪; ਅੰਗ ੪੪੭) ਸੰਸਾਰ ਪੈਦਾ ਹੋ ਹੋ ਕੇ ਮਿਟਦਾ ਰਹਿੰਦਾ ਹੈ। ਦੂਜੀ ਧਿਆਨ ਯੋਗ ਗੱਲ ਇਹ ਹੈ ਕਿ *"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਸੰਸਾਰ, ਰਾਤ ਦੇ ਸੁਪਨੇ ਵਾਂਗ ਹੈ ਅਰਥਾਤ ਜਿਵੇਂ ਸੁਪਨਾ ਵਿਅਕਤੀ ਦੇ ਅੰਦਰ ਉਪਜਦਾ ਅਤੇ ਅੰਦਰ ਹੀ ਵਿਲੀਨ ਹੋ ਜਾਂਦਾ ਹੈ ਉਸੇ ਤਰ੍ਹਾਂ ਸੰਸਾਰ ਵੀ ਵਿਅਕਤੀ ਦੇ ਅੰਦਰੋਂ ਹੀ ਪੈਦਾ ਹੁੰਦਾ ਹੈ। ਅਸ਼ਟਾਵਕ੍ਰ ਜੀ ਸਮਝਾ ਰਹੇ ਹਨ ਕਿ ਹੇ ਚੇਤਨ ਸਰੂਪ ਰਾਜਨ! ਜਿਵੇਂ ਸੁਪਨੇ ਦੇ ਉਪਜਣ ਜਾਂ ਵਿਲੀਨ ਹੋਣ ਨਾਲ ਵਿਅਕਤੀ ਵਿੱਚ ਕੋਈ ਵਾਧਾ ਘਾਟਾ ਨਹੀਂ ਹੁੰਦਾ, ਉਸੇ ਤਰ੍ਹਾਂ ਤੇਰਾ ਸ਼ੁੱਧ ਚੇਤਨ ਸਰੂਪ, ਸਾਗਰ ਦੀਆਂ ਲਹਿਰਾਂ ਰੂਪੀ ਸੰਸਾਰ ਪ੍ਰਤੀ ਨਿਰਲੇਪ ਹੈ ਅਤੇ ਇਸ ਭਾਵ ਦਸ਼ਾ ਵਿੱਚ ਸਥਿਤ ਰਹਿ ਕੇ ਨਿਸ਼ਚਿੰਤ ਰਹੁ।

श्रद्धत्स्व तात श्रद्धत्स्व नात्र मोहं कुरुष्व भोः।
ज्ञानस्वरूपो भगवानात्मा त्वं प्रकृतेः परः॥८॥

ਸ਼੍ਰੱਧਤ੍ਸ੍ਵ ਤਾਤ ਸ਼੍ਰੱਧਤ੍ਸ੍ਵ ਨਾਤ੍ਰ ਮੋਹੰ ਕੁਰੁਸ਼੍ਵ ਭੋ:।
ਗਿਆਨਸ੍ਵਰੂਪੋ ਭਗਵਾਨਾਤ੍ਮਾ ਤ੍ਵੰ ਪ੍ਰਕ੍ਰਿਤੇ: ਪਰ:॥੮॥

ਸ਼ਬਦਾਰਥ:- ਸ਼੍ਰੱਧਤ੍ਸ੍ਵ ਤਾਤ ਸ਼੍ਰੱਧਤ੍ਸ੍ਵ = ਸ਼ਰਧਾ ਕਰ ਪਿਆਰੇ ਸ਼ਰਧਾ ਕਰ। ਨ ਅਤ੍ਰ ਮੋਹੰ ਕੁਰੁਸ਼੍ਵ ਭੋ: = ਨਾ ਏਥੇ ਮੋਹ ਕਰ ਸ਼੍ਰੀਮਾਨ। ਗਿਆਨ ਸ੍ਰੂਪ: ਭਗਵਾਨ੍-ਆਤ੍ਮਾ ਤ੍ਵੰ ਪ੍ਰਕ੍ਰਿਤੇ: ਪਰ: = ਗਿਆਨ-ਸਰੂਪ ਭਗਵਾਨ-ਸਰੂਪ ਆਤਮਾ ਤੂੰ ਪ੍ਰਕਿਰਤੀ ਤੋਂ ਪਰ੍ਹੇ ਹੈਂ।

ਸ਼ਲੋਕਾਰਥ:- ਹੇ ਪਿਆਰੇ! ਸ਼ਰਧਾ ਕਰ ਸ਼ਰਧਾ ਕਰ। ਹੇ ਸ਼੍ਰੀਮਾਨ! ਏਥੇ ਭੁਲੇਖੇ ਵਿੱਚ ਨਾ ਪੈ। ਤੂੰ ਗਿਆਨ-ਸਰੂਪ ਭਗਵਾਨ-ਸਰੂਪ ਆਤਮਾ, ਪ੍ਰਕਿਰਤੀ ਤੋਂ ਪਰ੍ਹੇ ਹੈਂ।

ਭਾਵਾਰਥ:- ਜਨਕ ਜੀ ਸੋਚੋ *"ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੧੬) ਪ੍ਰਾਣੀ ਦਾ ਅਰਥਾਤ ਤੁਹਾਡਾ ਮੂਲ ਕੀ ਹੈ ਅਤੇ ਜੋ ਰੂਪ ਦਿੱਸਦਾ ਹੈ, ਉਹ ਕੀ ਹੈ? *"ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ॥"* (ਅੰਗ ੧੨੧੬) ਜਦੋਂ ਜੋਤੀ ਦਾ ਪ੍ਰਕਾਸ਼ ਮਿੱਟੀ ਨਾਲ ਰਲ ਜਾਂਦਾ ਹੈ ਤਾਂ ਜੋ ਬਣਦਾ ਹੈ ਉਸ ਨੂੰ ਦੁਲਭ ਦੇਹ ਕਿਹਾ ਜਾਂਦਾ ਹੈ। ਭਾਵ, ਤੁਸੀਂ ਜੋਤੀ ਸਰੂਪ ਹੋ, ਜੋ ਨਿਰੋਲ ਪ੍ਰਕਾਸ਼ ਹੈ ਅਤੇ ਪ੍ਰਕਾਸ਼ ਪ੍ਰਤੀਕ ਹੈ ਗਿਆਨ ਦਾ। ਸੋ ਤੁਸੀਂ ਗਿਆਨ ਸਰੂਪ ਹੋ। ਤੁਸੀਂ ਅਰਥਾਤ ਤੁਹਾਡਾ ਸਵੈ *"ਕਹੁ ਕਬੀਰ ਇਹੁ ਰਾਮ ਕੀ ਅੰਸੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੧) ਇਹ ਪਰਮਾਤਮਾ

ਦਾ ਅੰਸ਼ ਹੈ ਜੋ ਪਰਮਾਤਮਾ ਹੀ ਹੈ ਕਿਉਂਕਿ *"ਆਤਮ ਰਾਮੁ ਰਾਮੁ ਹੈ ਆਤਮ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ, ਪਰਮਾਤਮਾ ਹੈ ਅਤੇ ਪਰਮਾਤਮਾ ਹੀ ਆਤਮਾ ਹੈ। ਹੋਰ, *"ਤ੍ਰੈ ਗੁਣ ਵਰਤਹਿ ਸਗਲ ਸੰਸਾਰਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੩; ਅੰਗ ੬੦੪) ਸਾਰਾ ਸੰਸਾਰ ਭਾਵ ਪ੍ਰਕਿਰਤੀ ਤਿੰਨ ਗੁਣਾਂ ਸਤ, ਰਜ, ਤਮ ਵਿੱਚ ਵਰਤਦੀ ਹੈ ਪਰ ਪਰਮਾਤਮਾ *"ਤ੍ਰੈ ਗੁਣ ਰਹਤ ਰਹੈ ਨਿਰਾਰੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੩) ਤਿੰਨਾਂ ਗੁਣਾਂ ਤੋਂ ਸੱਖਣਾ, ਨਿਰਲੇਪ ਰਹਿੰਦਾ ਹੈ ਅਰਥਾਤ ਪ੍ਰਕਿਰਤੀ ਤੋਂ ਪਰ੍ਹੇ ਹੈ। ਹੇ ਸ਼੍ਰੀਮਾਨ ਜੀ! ਇਨ੍ਹਾਂ ਤੱਥਾਂ ਵਿੱਚ ਦ੍ਰਿੜ੍ਹ ਵਿਸ਼ਵਾਸ ਰੱਖੋ, ਸ਼ਰਧਾ ਰੱਖੋ ਅਤੇ ਭੁਲੇਖੇ ਵਿੱਚ ਨਾ ਜੀਓ।

गुणैः संवेष्टितो देहस्तिष्ठत्यायाति याति च।
आत्मा न गन्ता नागन्ता किमेनमनुशोचसि॥९॥

ਗੁਣੈ: ਸੰਵੇਸ਼੍ਟਿਤੋ ਦੇਹਸ੍ਤਿਸ਼੍ਠਤਿਆਯਾਤਿ ਯਾਤਿ ਚ।
ਆਤ੍ਮਾ ਨ ਗੰਤਾ ਨਾਗੰਤਾ ਕਿਮੇਨਮਨੁਸ਼ੋਚਸਿ॥੯॥

ਸ਼ਬਦਾਰਥ:- ਗੁਣੈ: ਸੰਵੇਸ਼੍ਟਿਤ: ਦੇਹ: ਤਿਸ਼੍ਠਤਿ = ਗੁਣਾਂ ਦੁਆਰਾ ਘੇਰੀ ਹੋਈ ਦੇਹ ਸਥਿਤ ਰਹਿੰਦੀ ਹੈ। ਆਯਾਤਿ ਯਾਤਿ ਚ = ਆਉਂਦੀ ਅਤੇ ਜਾਂਦੀ ਹੈ। ਆਤ੍ਮਾ ਨ ਗੰਤਾ ਨ ਆਗੰਤਾ = ਨਾ ਆਤਮਾ ਜਾਂਦੀ ਹੈ ਨਾ ਆਉਂਦੀ ਹੈ। ਕਿਮ੍ ਏਨਮ੍ ਅਨੁਸ਼ੋਚਸਿ = ਕਿਉਂ ਇਸ ਬਾਰੇ ਸ਼ੋਕ ਕਰਦਾ ਹੈਂ?

ਸ਼ਲੋਕਾਰਥ:- ਗੁਣਾਂ-ਸਤ, ਰਜ, ਤਮ-ਨਾਲ ਘਿਰੀ ਹੋਈ ਅਰਥਾਤ ਬਣੀ ਹੋਈ, ਦੇਹ ਸਥਿਤ ਰਹਿੰਦੀ ਹੈ ਅਤੇ (ਸੰਸਾਰ ਵਿੱਚ) ਆਉਂਦੀ ਜਾਂਦੀ ਹੈ। ਆਤਮਾ ਨਾ ਆਉਂਦੀ ਹੈ ਨਾ ਜਾਂਦੀ ਹੈ। ਕਿਉਂ ਇਸ ਬਾਰੇ ਚਿੰਤਾ ਕਰਦਾ ਹੈਂ?

ਭਾਵਾਰਥ:- ਹੇ ਰਾਜਨ! *"ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੩) ਸਰੀਰ ਤਿੰਨ ਗੁਣਾਂ ਦਾ ਮਿਸ਼ਰਣ ਹੈ। ਨਿਯਮ ਇਹ ਹੈ ਕਿ *"ਜੋ ਦੀਸੈ ਸੋ ਕਾਲਹਿ ਖਰਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੦) ਜੋ ਦਿੱਸਦਾ ਹੈ ਉਸ ਦਾ ਨਾਸ ਅਵੱਸ਼ ਹੈ। ਇਸ ਕਰਕੇ *"ਕਾਇਆ ਨਗਰੁ ਢਹੈ ਢਹਿ ਢੇਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੨) ਦੇਹ ਦਾ ਵੀ ਨਾਸ ਹੋ ਜਾਂਦਾ ਹੈ ਅਰਥਾਤ ਸੰਸਾਰ ਵਿੱਚੋਂ ਚਲੀ ਜਾਂਦੀ ਹੈ ਅਤੇ ਜਦ ਮਨੁੱਖ *"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੯; ਅੰਗ ੧੨੩੧) ਝੂਠੀ ਦੇਹ ਨੂੰ ਆਪਣਾ ਸਵੈ ਮੰਨ ਲੈਂਦਾ ਹੈ ਤਦ ਬੱਝ ਜਾਂਦਾ ਹੈ ਅਤੇ *"ਬੰਧਨਿ ਬਾਧਿਆ ਆਈਐ ਜਾਈਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੨) ਬੰਧਨ ਵਿੱਚ ਬੱਝਾ ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ। ਸਵੈ ਅਰਥਾਤ ਆਤਮਾ *"ਨਾ ਓਹੁ ਆਵੈ ਨਾ ਓਹੁ ਜਾਇ॥"* (ਅੰਗ ੮੩੨) ਨਾ ਕਿਤੋਂ ਆਉਂਦਾ ਹੈ ਨਾ ਕਿਤੇ ਜਾਂਦਾ

ਹੈ ਕਿਉਂਕਿ *"ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੬) ਉਹ ਸਭ ਦੇ ਅੰਦਰ ਰਮਿਆ ਹੋਇਆ ਹੈ ਜਿਸ ਕਰਕੇ ਕਿੱਥੋਂ ਆਏ ਅਤੇ ਕਿੱਥੇ ਜਾਏ ਭਾਵ ਉਸ ਦੇ ਆਉਣ ਜਾਣ ਲਈ ਕੋਈ ਥਾਂ ਹੈ ਹੀ ਨਹੀਂ ਜੋ ਉਸ ਤੋਂ ਖ਼ਾਲੀ ਹੋਵੇ। ਇਸ ਕਰਕੇ, ਜਨਕ ਜੀ! ਆਤਮਾ ਚਿੰਤਾ ਦਾ ਵਿਸ਼ਾ ਨਹੀਂ।

देहस्तिष्ठतु कल्पान्तं गच्छत्वद्यैव वा पुनः।
क्व वृद्धिः क्व च वा हानिस्तव चिन्मात्ररूपिणः॥१०॥
ਦੇਹਸ੍ਤਿਸ਼ਠਤੁ ਕਲ੍ਪਾਂਤੰ ਗੱਛਤ੍ਵਦਿਐਵ ਵਾ ਪੁਨ:।
ਕ੍ਵ ਵ੍ਰਿੱਧਿ: ਕ੍ਵ ਚ ਵਾ ਹਾਨਿਸ੍ਤਵ ਚਿੰਮਾਤ੍ਰਰੂਪਿਣ:॥੧੦॥

ਸ਼ਬਦਾਰਥ:- ਦੇਹ: ਤਿਸ਼ਠਤੁ ਕਲਪ-ਅੰਤੰ = ਦੇਹ ਸਥਿਤ ਰਹੇ ਕਲਪ ਦੇ ਅੰਤ ਤੱਕ। ਗੱਛਤੁ ਅਦਿਅ ਏਵ ਵਾ ਪੁਨ: = ਚਲੀ ਜਾਏ ਅੱਜ ਹੀ ਜਾਂ ਫਿਰ। ਕ੍ਵ ਵ੍ਰਿੱਧਿ ਕ੍ਵ ਚ ਵਾ ਹਾਨਿ: ਤਵ ਚਿੰਮਾਤ੍ਰ ਰੂਪਿਣ: = ਕੀ ਵਾਧਾ ਕੀ ਅਤੇ ਜਾਂ ਘਾਟਾ ਤੇਰਾ ਚੇਤਨ-ਰੂਪ ਦਾ।

ਸ਼ਲੋਕਾਰਥ:- ਦੇਹ ਕਲਪ ਦੇ ਅੰਤ ਤੱਕ ਕਾਇਮ ਰਹੇ ਜਾਂ ਫਿਰ ਅੱਜ ਹੀ ਮਿਟ ਜਾਏ, (ਉਸ ਨਾਲ) ਤੁਝ ਚੇਤਨ ਸਰੂਪ ਵਿੱਚ ਕੀ ਵਾਧਾ ਜਾਂ ਘਾਟਾ ਹੁੰਦਾ ਹੈ?

ਭਾਵਾਰਥ:- ਤਿੰਨ ਗੁਣਾਂ ਦੀ ਬਣੀ *"ਦੇਹੀ ਕਾਚੀ ਕਾਗਦ ਮਿਕਦਾਰਾ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੪੮) ਦੇਹ ਕਾਗ਼ਜ਼ ਵਾਂਗ ਕੱਚੀ ਹੈ ਜਿਸ ਨੂੰ ਪਾਣੀ ਦੀ ਇੱਕ ਬੂੰਦ ਉੱਤੇ ਡਿੱਗਣ ਨਾਲ ਨਾਸ ਹੋਣ ਵਿੱਚ ਦੇਰ ਨਹੀਂ ਲੱਗਦੀ ਪਰੰਤੂ ਆਤਮਾ *"ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਬਿਨਸਦੀ ਨਹੀਂ ਅਤੇ ਜੁਗਾਂ ਜੁਗਾਂਤਰਾਂ ਤੱਕ ਹਰ ਥਾਂ ਰਮੀ ਰਹਿੰਦੀ ਹੈ। ਅਸਲ ਵਿੱਚ ਦੇਹ ਜੜ੍ਹ ਹੈ ਪਰ ਸਵੈ ਚੇਤਨ ਸਰੂਪ ਹੈ ਅਤੇ ਹਰ ਪੱਖੋਂ ਨਿਰਲੇਪ ਹੈ ਜਿਸ ਕਰਕੇ ਸਰੀਰ ਦੀ ਹੋਂਦ-ਅਣਹੋਂਦ ਦਾ ਉਸ ਨਾਲ ਕੋਈ ਸੰਬੰਧ ਨਹੀਂ। ਅਸ਼ਟਾਵਕ੍ਰ ਜੀ ਇਹ ਹੀ ਕਹਿ ਰਹੇ ਹਨ ਕਿ ਜਿੱਥੋਂ ਤੱਕ ਸਵੈ ਦਾ ਸੰਬੰਧ ਹੈ, ਸਰੀਰ ਦੇ ਕਾਇਮ ਰਹਿਣ ਨਾਲ ਜਾਂ ਉਸ ਦੇ ਮਿਟ ਜਾਣ ਨਾਲ *"ਨਾ ਓਹੁ ਬਢੈ ਨ ਘਟਤਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੩) ਨਾ ਉਹ ਵਧਦਾ ਹੈ ਨਾ ਘਟਦਾ ਹੈ, ਸਦਾ ਇੱਕ ਰਸ ਰਹਿੰਦਾ ਹੈ।

त्वय्यनन्तमहाम्भोधौ विश्ववीचिः स्वभावतः।
उदेतु वास्तमायातु न ते वृद्धिर्न वा क्षतिः॥११॥
ਤ੍ਵੱਯਨੰਤਮਹਾਂਭੋਧੌ ਵਿਸ਼੍ਵਵੀਚਿ: ਸ੍ਵਭਾਵਤ:।
ਉਦੇਤੁ ਵਾਸ੍ਤਮਾਯਾਤੁ ਨ ਤੇ ਵ੍ਰਿੱਧਿਰਨ ਵਾ ਕ੍ਸ਼ਤਿ:॥੧੧॥

ਸ਼ਬਦਾਰਥ:- ਤ੍ਵਈ ਅਨੰਤ ਮਹਾਂਭੋਧੌ ਵਿਸ਼੍ਵ-ਵੀਚਿ: ਸ੍ਵਭਾਵਤ: ਉਦੇਤੁ ਵਾ ਅਸ੍ਤਮ੍ ਆਯਾਤੁ = ਤੁਝ ਅਨੰਤ ਮਹਾਂ ਸਾਗਰ ਵਿੱਚ ਵਿਸ਼ਵ ਰੂਪੀ ਤਰੰਗ ਸੁਭਾਅ ਨਾਲ ਉਦੇ ਹੁੰਦੀ ਹੈ ਅਤੇ ਅਸਤ ਨੂੰ ਪ੍ਰਾਪਤ ਹੁੰਦੀ ਹੈ। ਨ ਤੇ ਵ੍ਰਿਧਿ: ਨ ਵਾ ਕ੍ਸ਼ਤਿ: = ਨਾ ਤੇਰੀ ਵ੍ਰਿਧੀ ਹੁੰਦੀ ਹੈ ਨਾ ਹਾਨੀ।

ਸ਼ਲੋਕਾਰਥ:- ਤੁਝ ਅਨੰਤ ਮਹਾਂ ਸਾਗਰ ਵਿੱਚ ਵਿਸ਼ਵ ਰੂਪੀ ਤਰੰਗ ਸੁਭਾਅ ਨਾਲ ਉਦੇ ਅਤੇ ਅਸਤ ਹੁੰਦੀ ਹੈ। (ਇਸ ਨਾਲ) ਤੇਰੇ ਵਿੱਚ ਨਾ ਵਾਧਾ ਹੁੰਦਾ ਹੈ ਨਾ ਘਾਟਾ।

ਭਾਵਾਰਥ:- ਪਿੱਛੇ ਸ਼ਲੋਕ ੭ ਵਿੱਚ ਕਿਹਾ ਸੀ ਕਿ ਜਿਸ ਥਾਂ ਤੋਂ ਵਿਸ਼ਵ, ਸਾਗਰ ਵਿੱਚ ਤਰੰਗਾਂ ਵਾਂਗ ਫੁਰਦਾ ਹੈ ਉਹ ਤੂੰ ਹੀ ਹੈਂ। ਇੱਥੇ ਉਸੇ ਤੱਥ ਦੀ ਪੁਸ਼ਟੀ ਕੀਤੀ ਹੈ। ਸਵੈ, ਚੇਤਨ-ਸਰੂਪ ਅਨੰਤ ਮਹਾਂ ਸਾਗਰ ਹੈ ਜਿੱਥੇ ***"ਉਰਝਿ ਰਹਿਓ ਬਿਖਿਆ ਕੈ ਸੰਗਾ॥ ਮਨਹਿ ਬਿਆਪਤ ਅਨਿਕ ਤਰੰਗਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੫੯) ਮਨ ਵਿਸ਼ਿਆਂ ਸੰਬੰਧੀ ਅਨੇਕ ਸੰਸਾਰ ਰੂਪੀ ਤਰੰਗਾਂ ਵਿੱਚ ਉਲਝਿਆ ਰਹਿੰਦਾ ਹੈ। ਤਰੰਗਾਂ ਦੇ ਉੱਠਣ ਨਾਲ ਸੰਸਾਰ ਉਦੇ ਹੁੰਦਾ ਹੈ ਅਤੇ ਸ਼ਾਂਤ ਹੋਣ ਨਾਲ ਅਸਤ ਹੋ ਜਾਂਦਾ ਹੈ। ***"ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਨਟ ਮ: ੪; ਅੰਗ ੯੭੭) ਜਿਵੇਂ ਸਾਗਰ ਵਿੱਚ ਅਣਗਿਣਤ ਲਹਿਰਾਂ ਉੱਠਦੀਆਂ ਹਨ ਫਿਰ ਸਾਗਰ ਵਿੱਚ ਹੀ ਸਮਾਅ ਜਾਂਦੀਆਂ ਹਨ ਪਰ ਸਾਗਰ ਵਿੱਚ ਕੋਈ ਵਾਧਾ ਘਾਟਾ ਨਹੀਂ ਹੁੰਦਾ, ਉਸੇ ਤਰ੍ਹਾਂ ਸੰਸਾਰ ਦੇ ਉਦੇ-ਅਸਤ ਹੋਣ ਨਾਲ ***"ਆਤਮਾ ਅਡੋਲੁ ਨ ਡੋਲਈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੪; ਅੰਗ ੮੭) ਸਵੈ ਵਿੱਚ ਕੋਈ ਫ਼ਰਕ ਨਹੀਂ ਪੈਂਦਾ।

तात चिन्मात्ररूपोऽसि न ते भिन्नमिदं जगत्।
अतः कस्य कथं कुत्र हेयोपादेयकल्पना॥१२॥
ਤਾਤ ਚਿੰਮਾਤ੍ਰਰੂਪੋ਽ਸਿ ਨ ਤੇ ਭਿੰਨਮਿਦੰ ਜਗਤ੍।
ਅਤ: ਕਸਿਅ ਕਥੰ ਕੁਤ੍ਰ ਹੇਯੋਪਾਦੇਯਕਲ੍ਪਨਾ॥੧੨॥

ਸ਼ਬਦਾਰਥ:- ਤਾਤ ਚਿੰਮਾਤ੍ਰਰੂਪ: ਅਸਿ = ਹੇ ਪਿਆਰੇ! ਤੁਸੀਂ ਚੇਤਨ ਸਰੂਪ ਹੋ। ਨ ਤੇ ਭਿੰਨੰ ਇਦੰ ਜਗਤ੍ = ਨਹੀਂ ਤੇਰੇ ਤੋਂ ਅੱਡ ਇਹ ਜਗਤ। ਅਤ: ਕਸਿਅ ਕਥੰ ਕੁਤ੍ਰ ਹੇਯ ਉਪਾਦੇਯ ਕਲ੍ਪਨਾ = ਇਸ ਲਈ ਕਿਸ ਦੀ, ਕਿਉਂ, ਕਿੱਥੇ ਤਿਆਗਣ ਯੋਗ ਜਾਂ ਗ੍ਰਹਿਣ ਕਰਨ ਯੋਗ ਦੀ ਕਲਪਨਾ ਹੋ ਸਕਦੀ ਹੈ!

ਸ਼ਲੋਕਾਰਥ:- ਹੇ ਪਿਆਰੇ! ਤੁਸੀਂ ਚੇਤਨ ਸਰੂਪ ਹੋ, ਇਹ ਜਗਤ ਤੁਹਾਡੇ ਤੋਂ ਅੱਡ ਨਹੀਂ। ਇਸ ਲਈ ਕਿਸ ਦੀ, ਕਿਉਂ, ਕਿੱਥੇ, ਤਿਆਗਣ ਯੋਗ ਜਾਂ ਗ੍ਰਹਿਣ ਕਰਨ ਯੋਗ ਦੀ ਕਲਪਨਾ ਹੋ ਸਕਦੀ ਹੈ?

ਭਾਵਾਰਥ:- ਪਿਛਲੇ ਸ਼ਲੋਕ ਵਿੱਚ ਕਿਹਾ ਹੈ ਕਿ ਤੂੰ ਚੇਤਨ ਸਰੂਪ ਅਨੰਤ ਮਹਾਂ ਸਾਗਰ ਹੈਂ ਜਿਸ ਵਿੱਚ ਤਰੰਗਾਂ ਦੇ ਰੂਪ ਵਿੱਚ ਸੰਸਾਰ ਉਦੇ-ਅਸਤ ਹੁੰਦਾ ਰਹਿੰਦਾ ਹੈ। ਸਭ ਜਾਣਦੇ ਹਨ ਕਿ ***"ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀਉ; ਅੰਗ ੪੮੫**) ਜਲ ਤਰੰਗਾਂ ਜਲ ਤੋਂ ਭਿੰਨ ਨਹੀਂ ਹੁੰਦੀਆਂ, ਉਸੇ ਤਰ੍ਹਾਂ ਸਵੈ ਦੇ ਵਿੱਚ ਹੀ ਉਦੇ-ਅਸਤ ਹੋਣ ਵਾਲਾ ਸੰਸਾਰ ਸਵੈ ਤੋਂ ਅੱਡ ਨਹੀਂ ਹੋ ਸਕਦਾ। ਇਸ ਗਿਆਨ ਦੇ ਪ੍ਰਕਾਸ਼ ਵਿੱਚ ਕਿਵੇਂ, ਕਿਉਂ ਅਤੇ ਕਿੱਥੇ ਕਿਸੇ ਲਹਿਰ ਦੇ ਚੰਗੀ ਮਾੜੀ ਹੋਣ ਦੀ ਕਲਪਨਾ ਕੀਤੀ ਜਾ ਸਕਦੀ ਹੈ ਕਿਉਂਕਿ ***"ਜਤ ਕਤ ਤੁਮ੍ ਭਰਪੂਰ ਹਹੁ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੧੧**) ਹਰ ਥਾਂ ਨੂੰ ਤੁਸੀਂ, ਸਵੈ ਨੇ, ਭਰਿਆ ਹੋਇਆ ਹੈ।

एकस्मिन्नव्यये शान्ते चिदाकाशेऽमले त्वयि।
कुतो जन्म कुतः कर्म कुतोऽहंकार एव च॥१३॥
ਏਕਸ੍ਮਿੰਨਵਿਅਯੇ ਸ਼ਾਂਤੇ ਚਿਦਾਕਾਸ਼ੇऽਮਲੇ ਤ੍ਵਯਿ।
ਕੁਤੋ ਜਨ੍ਮ ਕੁਤ: ਕਰ੍ਮ ਕੁਤੋऽਹੰਕਾਰ ਏਵ ਚ॥੧੩॥

ਸ਼ਬਦਾਰਥ:- ਏਕਸ੍ਮਿਨ੍ ਅਵਿਅਯੇ ਸ਼ਾਂਤੇ ਚਿਦਾਕਾਸ਼ੇ ਅਮਲੇ ਤ੍ਵਯਿ = ਇੱਕ, ਅਵਿਨਾਸ਼ੀ, ਸ਼ਾਂਤ, ਚੇਤਨ-ਰੂਪ ਖ਼ਲਾਅ, ਨਿਰਮਲ, ਤੁਝ ਵਿੱਚ। ਕੁਤ: ਜਨ੍ਮ ਕੁਤ: ਕਰ੍ਮ ਕੁਤ: ਅਹੰਕਾਰ ਏਵ ਚ = ਕਿੱਥੋਂ ਜਨਮ, ਕਿੱਥੋਂ ਕਰਮ, ਕਿੱਥੋਂ ਹਉਮੈ ਵੀ ਅਤੇ।

ਸ਼ਲੋਕਾਰਥ:- ਇੱਕ, ਅਵਿਨਾਸ਼ੀ, ਸ਼ਾਂਤ, ਚੇਤਨ-ਰੂਪ ਖ਼ਲਾਅ, ਨਿਰਮਲ, ਤੁਝ ਵਿੱਚ, ਜਨਮ ਕਿੱਥੋਂ, ਕਰਮ ਕਿੱਥੋਂ ਅਤੇ ਹਉਮੈ ਵੀ ਕਿੱਥੋਂ!

ਭਾਵਾਰਥ:- ਸਵੈ ***"ਇਕਸੁ ਬਿਨੁ ਨਾਹੀ ਦੂਜਾ ਕੋਇ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੨**) ਤੋਂ ਬਿਨਾ ਹੋਰ ਕੋਈ ਹੈ ਹੀ ਨਹੀਂ ਅਤੇ ***"ਸਦਾ ਸਦਾ ਸਦ ਹੋਵਣਹਾਰਾ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੭**) ਉਹ ਸਦਾ ਸਲਾਮਤ ਹੈ, ਅਵਿਨਾਸ਼ੀ ਹੈ। ***"ਤੂ ਅਡੋਲੁ ਕਦੇ ਡੋਲਹਿ ਨਾਹੀ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੪**) ਤੂੰ ਭਾਵ ਸਵੈ ਕਦੇ ਡੋਲਦਾ ਨਹੀਂ, ਸਦਾ ਸ਼ਾਂਤ ਹੈ। ਆਤਮਾ ***"ਜੋਤਿ ਸਰੂਪੀ ਤਤ ਅਨੂਪ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੪**) ਚੇਤਨ ਸਰੂਪ ਅਨੂਪ ਤੱਤ ਹੈ ਜੋ ***"ਪੂਰਿ ਰਹਿਆ ਸਗਲ ਮੰਡਲ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਲੀ ਗਉੜਾ ਮ: ੫; ਅੰਗ ੯੮੮**) ਸਾਰੇ ਮੰਡਲ ਨੂੰ, ਪੂਰੇ ਖ਼ਲਾਅ ਨੂੰ, ਪੂਰ ਰਿਹਾ ਹੈ। ਆਤਮਾ ਰੂਪੀ ***"ਨਿਰਮਲ ਜੋਤਿ ਸਭ ਮਾਹਿ ਸਮਾਣੀ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੧**) ਨਿਰਮਲ ਜੋਤੀ ਸਭਨਾਂ ਵਿੱਚ ਸਮਾਈ ਹੋਈ ਹੈ। ਜਨਮ ਉਸ ਦਾ ਹੁੰਦਾ ਹੈ ਜੋ ਨਾਸਵਾਨ ਹੈ ਪਰ ਸਵੈ ਅਵਿਨਾਸ਼ੀ ਹੈ, ਅਜਨਮਾ ਹੈ। ਕਰਮ ਕਿਸੇ ਅਸ਼ਾਂਤੀ ਦਾ ਸੂਚਕ ਹੈ ਪਰ ਸਵੈ ਸਦਾ ਸ਼ਾਂਤ ਹੈ, ਅਕਰਤਾ ਹੈ। ***"ਹਉਮੈ ਮੈਲਾ ਇਹੁ ਸੰਸਾਰਾ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ,**

ਅੰਗ ੨੨੦) ਹਉਮੈ ਨੇ ਸੰਸਾਰ ਨੂੰ ਮੈਲਾ ਕੀਤਾ ਹੋਇਆ ਹੈ ਪਰ ਆਤਮਾ ਨਿਰਮਲ ਹੈ ਅਰਥਾਤ ਹਉਮੈ ਰਹਿਤ ਹੈ। ਵੈਸੇ ਵੀ ਜਨਮ, ਕਰਮ, ਹਉਮੈ ਦੂਜੇ ਦਾ ਭੇਦ ਹੈ ਪਰ ਸਭੈ ਇੱਕ ਹੀ ਹੈ, ਅਦ੍ਵੈਤ, ਜਿਸ ਵਿੱਚ ਜਨਮ, ਹਉਮੈ ਦੀ ਸੰਭਾਵਨਾ ਹੀ ਨਹੀਂ।

यत्त्वं पश्यसि तत्रैकस्त्वमेव प्रतिभाससे।
किं पृथग्भासते स्वर्णात् कटकाङ्गदनूपुरम्॥१४॥

ਯਤ੍ਤ੍ਵੰ ਪਸ਼ਿਅਸਿ ਤਤ੍ਰੈਕਸ੍ਤ੍ਵਮੇਵ ਪ੍ਰਤਿਭਾਸਸੇ।
ਕਿੰ ਪ੍ਰਿਥਗ੍ਭਾਸਤੇ ਸ੍ਵਰਣਾਤ੍ ਕਟਕਾਂਗਦਨੂਪੁਰਮ੍॥੧੪॥

ਸ਼ਬਦਾਰਥ:- ਯਤ੍ ਤ੍ਵੰ ਪਸ਼ਿਅਸਿ = ਜੋ ਤੂੰ ਵੇਖਦਾ ਹੈਂ। ਤਤ੍ਰ ਏਕ: ਤ੍ਵਮ੍ ਏਵ ਪ੍ਰਤਿਭਾਸਸੇ = ਉਥੇ ਇੱਕ ਤੂੰ ਹੀ ਭਾਸਦਾ ਹੈਂ। ਕਿੰ ਪ੍ਰਿਥਕ੍ ਭਾਸਤੇ ਸ੍ਵਰਣਾਤ੍ ਕਟਕ ਅੰਗਦ ਨੂਪੁਰਮ੍ = ਕੀ ਅੱਡ ਭਾਸਦੇ ਹਨ ਸੋਨੇ ਤੋਂ ਕੰਗਣ ਬਾਜ਼ੂਬੰਦ ਘੁੰਗਰੂ?

ਭਾਵਾਰਥ:- ਜੋ ਤੂੰ ਵੇਖਦਾ ਹੈਂ, ਉਥੇ ਇੱਕੋ ਤੂੰ ਹੀ ਭਾਸਦਾ ਹੈਂ। ਕੀ (ਸੋਨੇ ਦੇ ਬਣੇ) ਕੰਗਣ, ਬਾਜ਼ੂਬੰਦ, ਘੁੰਗਰੂ ਸੋਨੇ ਤੋਂ ਵੱਖਰੇ ਭਾਸਦੇ ਹਨ?

ਭਾਵਾਰਥ:- *"ਏਕੈ ਏਕੈ ਏਕ ਤੂਹੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੦੩) ਕੇਵਲ ਤੂੰ ਇੱਕ ਹੀ ਹੈਂ ਅਤੇ *"ਏਕਸੁ ਤੇ ਸਭਿ ਰੂਪ ਹਹਿ ਰੰਗਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੦) ਇੱਕ ਤੋਂ ਹੀ ਸਭ ਰੰਗ ਰੂਪ ਉਪਜੇ ਹਨ ਇਸ ਕਰਕੇ *"ਜੋ ਦੀਸੈ ਸੋ ਤੇਰਾ ਰੂਪੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮ: ੫; ਅੰਗ ੭੨੪) ਜੋ ਵੀ ਤੈਨੂੰ ਦਿਸਦਾ ਹੈ ਉਹ ਤੇਰਾ ਹੀ ਰੂਪ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਸੋਨੇ ਦੇ ਬਣੇ ਕੰਗਣ, ਬਾਜ਼ੂਬੰਦ, ਘੁੰਗਰੂ ਆਦਿ ਸੋਨੇ ਤੋਂ ਵੱਖਰੇ ਨਹੀਂ, ਸੋਨਾ ਹੀ ਹਨ।

अयं सोऽहमयं नाहं विभागमिति सन्त्यज।
सर्वमात्मेति निश्चित्य निःसङ्कल्पः सुखी भव॥१५॥

ਅਯੰ ਸੋऽਹਮਯੰ ਨਾਹੰ ਵਿਭਾਗਮਿਤਿ ਸੰਤਿਅਜ।
ਸਰ੍ਵਮਾਤ੍ਮੇਤਿ ਨਿਸ਼੍ਚਿਤਿਅ ਨਿ:ਸੰਕਲ੍ਪ: ਸੁਖੀ ਭਵ॥੧੫॥

ਸ਼ਬਦਾਰਥ:- ਅਯੰ ਸ: = ਮੈਂ ਉਹ ਹਾਂ। ਅਹੰ ਅਯੰ = ਮੈਂ ਇਹ ਹਾਂ। ਨ ਅਹੰ = ਮੈਂ ਨਹੀਂ ਹਾਂ। ਵਿਭਾਗਮ੍ ਇਤਿ ਸੰਤਿਅਜ = ਵਿਭਾਗ ਇਹ ਤਿਆਗ। ਸਰ੍ਵਮ੍ ਆਤ੍ਮਾ ਇਤਿ ਨਿਸ਼੍ਚਿਤਿਅ = ਸਭ ਆਤਮਾ ਹੈ ਇਹ ਨਿਸ਼ਚਾ ਕਰਕੇ। ਨਿ:ਸੰਕਲ੍ਪ: ਸੁਖੀ ਭਵ = ਸੰਕਲਪ ਰਹਿਤ ਸੁਖੀ ਹੋਵੋ।

ਭਾਵਾਰਥ:- 'ਮੈਂ ਉਹ ਹਾਂ, ਮੈਂ ਇਹ ਹਾਂ, ਮੈਂ ਨਹੀਂ ਹਾਂ' ਇਸ ਤਰ੍ਹਾਂ ਦੀ ਵੰਡ ਛੱਡ। 'ਸਭ ਆਤਮਾ ਹੀ ਹੈ' ਇਹ ਨਿਸ਼ਚਾ ਕਰਕੇ, ਨਿਰ-ਸੰਕਲਪ ਹੋ ਕੇ ਸੁਖੀ ਹੋ।

ਭਾਵਾਰਥ:- ' ਮੈਂ ਉਹ ਹਾਂ, ਇਹ ਹਾਂ, ਨਹੀਂ ਹਾਂ ' ਇਸ ਤਰ੍ਹਾਂ ਦੀ ਸੋਚ ਫ਼ਜ਼ੂਲ ਹੈ ਕਿਉਂਕਿ ***"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀਉ; ਅੰਗ ੪੮੫) ਸਭ ਪਰਮਾਤਮਾ ਹੈ ਜਿਸ ਤੋਂ ਬਿਨਾ ਕੁਝ ਹੈ ਹੀ ਨਹੀਂ। ***"ਦੂਸਰ ਹੋਆ ਨਾ ਕੋ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੦) ਦੂਜਾ ਨਾ ਕੋਈ ਹੋਇਆ ਹੈ ਨਾ ਹੋਵੇਗਾ। ਇਸ ਸੋਚ ਨਾਲ ਦੂਜੇ ਭਾਵ ਤੋਂ ਬਾਹਰ ਹੋ ਕੇ ਨਿਸ਼ਚਿੰਤ ਅਤੇ ਸੁਖੀ ਹੋ ਕੇ ਵਿਚਰੋ ਕਿਉਂਕਿ ***"ਦੂਜੈ ਭਾਇ ਲਗੇ ਦੁਖੁ ਪਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੩੬੨) ਦੁਵੈਤ ਭਾਵ ਵਿੱਚ ਹੀ ਦੁੱਖ ਹੈ। ਜਦ ਇਸ ਨਿਸ਼ਚੇ ਵਿੱਚ ਸਥਿਤੀ ਹੋ ਜਾਏ ਕਿ ਹੋਰ ਕੋਈ/ਕੁਝ ਹੈ ਹੀ ਨਹੀਂ ਫਿਰ ਡਰ ਕਿਸ ਤੋਂ ਅਤੇ ਚਿੰਤਾ ਕਿਸ ਦੀ!

तवैवाज्ञानतो विश्वं त्वमेकः परमार्थतः।
त्वत्तोऽन्यो नास्ति संसारी नासंसारी च कश्चन।।१६।।

ਤਵੈਵਾਗਿਆਨਤੋ ਵਿਸ਼੍ਵੰ ਤ੍ਵਮੇਕ: ਪਰਮਾਰਥਤ:।
ਤ੍ਵੱਤੋऽਨਿਓ ਨਾਸ੍ਤਿ ਸੰਸਾਰੀ ਨਾਸੰਸਾਰੀ ਚ ਕਸ਼੍ਚਨ॥੧੬॥

ਸ਼ਬਦਾਰਥ:- ਤਵ ਏਵ ਅਗਿਆਨਤ: ਵਿਸ਼੍ਵੰ = ਤੇਰੇ ਹੀ ਅਗਿਆਨ ਤੋਂ ਸੰਸਾਰ ਹੈ। ਤ੍ਵੰ ਏਕ: ਪਰਮਾਰਥਤ: = ਤੂੰ ਹੀ ਇੱਕ ਹੈਂ ਅਸਲ ਵਿੱਚ। ਤ੍ਵੱਤ: ਅਨਿਅ: ਨ ਅਸ੍ਤਿ ਸੰਸਾਰੀ ਨ ਅਸੰਸਾਰੀ ਚ ਕਸ਼੍ਚਨ = ਤੇਰੇ ਤੋਂ ਦੂਜਾ ਨਹੀਂ ਹੈ ਸੰਸਾਰੀ ਨਾ ਅਸੰਸਾਰੀ ਅਤੇ ਕੋਈ।

ਸ਼ਲੋਕਾਰਥ:- ਤੇਰੇ ਹੀ ਅਗਿਆਨ ਦੀ ਉਪਜ ਸੰਸਾਰ ਹੈ। ਅਸਲ ਵਿੱਚ ਇੱਕ ਤੂੰ ਹੀ ਹੈਂ। ਤੇਰੇ ਤੋਂ ਸਿਵਾ, ਸੰਸਾਰੀ ਜਾਂ ਅਸੰਸਾਰੀ, ਕੋਈ ਨਹੀਂ ਹੈ।

ਭਾਵਾਰਥ:- ***"ਸੰਸਾ ਇਹੁ ਸੰਸਾਰੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੬) ਇਹ ਸੰਸਾਰ ਇੱਕ ਭਰਮ ਹੈ ਅਤੇ ***"ਭਰਮੇ ਭੂਲਾ ਤਤੁ ਨ ਜਾਣੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੪) ਅਤੇ ਭਰਮ ਵਿੱਚ ਭੁੱਲਿਆ ਹੋਇਆ ਵਿਅਕਤੀ ਅਸਲੀਅਤ ਨਹੀਂ ਪਛਾਣਦਾ ਅਰਥਾਤ ਅਗਿਆਨੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਸੰਸਾਰ ਤੇਰੇਂ ਅਗਿਆਨ ਦੀ ਉਪਜ ਹੈ। ਅਸਲ ਵਿੱਚ ***"ਏਕੈ ਏਕੈ ਏਕ ਤੂਹੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੪) ਕੇਵਲ ਇੱਕ ਤੂੰ ਹੀ ਹੈਂ ਅਤੇ ***"ਤੁਝ ਬਿਨੁ ਦੂਜਾ ਅਵਰੁ ਨ ਕੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੪; ਅੰਗ ੧੩੦) ਤੇਰੇ ਸਿਵਾ ਹੋਰ ਕੁਝ ਹੈ ਹੀ ਨਹੀਂ, ਨਾ ਸੰਸਾਰੀ ਨਾ ਅਸੰਸਾਰੀ। ਪਰਮਾਤਮਾ ਦਾ ਅੰਸ਼ ਹੋਣ ਕਰਕੇ ਸਵੈ ਵੀ ਪੂਰਨ ਹੈ ਅਤੇ ***"ਪੂਰਿ ਰਹਿਓ ਪੂਰਨੁ ਸਭ ਠਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੪) ਉਸ ਪੂਰਨ ਨੇ ਸਾਰੀਆਂ ਥਾਂਵਾਂ ਪੂਰ ਰੱਖੀਆਂ ਹਨ। ***"ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ,

ਰਾਮਕਲੀ ਮ: ੩; ਅੰਗ ੯੫੦) ਭਰਮ ਮਿਟ ਜਾਣ ਨਾਲ ਅਗਿਆਨ ਦਾ ਹਨ੍ਹੇਰਾ ਛਟ ਜਾਂਦਾ ਹੈ ਅਤੇ ਫਿਰ ਸੰਸਾਰ ਨਹੀਂ ਵਿਆਪਦਾ।

भ्रान्तिमात्रमिदं विश्वं न किंचिदिति निश्चयी।
निर्वासनः स्फूर्तिमात्रो न किंचिदिव शाम्यति॥१७॥

ਭ੍ਰਾਂਤਿਮਾਤ੍ਰਮਿਦੰ ਵਿਸ਼੍ਵੰ ਨ ਕਿੰਚਿਦਿਤਿ ਨਿਸ਼੍ਚਯੀ।
ਨਿਰਵਾਸਨ: ਸ੍ਫੂਰਿਤਮਾਤ੍ਰੋ ਨ ਕਿੰਚਿਦਿਵ ਸ਼ਾਮਿਅਤਿ॥੧੭॥

ਸ਼ਬਦਾਰਥ:- ਭ੍ਰਾਂਤਿਮਾਤ੍ਰਮ੍ ਇਦੰ ਵਿਸ਼੍ਵੰ ਨ ਕਿੰਚਿਤ੍ = ਭਰਮ ਮਾਤਰ ਇਹ ਵਿਸ਼ਵ (ਅਸਲ ਵਿੱਚ) ਕੁਝ ਹੈ ਨਹੀਂ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਨਿਰਵਾਸਨ: ਸ੍ਫੂਰਿਤ ਮਾਤ੍ਰ: = ਵਾਸਨਾ ਰਹਿਤ ਬੋਧ ਮਾਤਰ ਰਹਿ ਕੇ। ਨ ਕਿੰਚਿਤ੍ ਇਵ ਸ਼ਾਮਿਅਤਿ = ਜਿਵੇਂ ਕੁਝ ਵੀ ਨਹੀਂ (ਸਮਝ ਕੇ) ਸ਼ਾਂਤੀ ਪ੍ਰਾਪਤ ਕਰਦਾ ਹੈ।

ਸ਼ਲੋਕਾਰਥ:- ਇਸ ਨਿਸ਼ਚੇ ਵਾਲਾ ਕਿ ' ਸੰਸਾਰ ਇੱਕ ਭਰਮ ਮਾਤਰ ਹੈ (ਅਸਲ ਵਿੱਚ) ਕੁਝ ਹੈ ਨਹੀਂ ' ਵਾਸ਼ਨਾ ਰਹਿਤ ਅਤੇ ਬੋਧ-ਮਾਤਰ ਰਹਿ ਕੇ, ਇਸ ਤਰ੍ਹਾਂ ਸ਼ਾਂਤ ਰਹਿੰਦਾ ਹੈ ਜਿਵੇਂ ਕਿ ਕੁਝ ਹੈ ਹੀ ਨਹੀਂ।

ਭਾਵਾਰਥ:- ਇਸ ਸ਼ਲੋਕ ਵਿੱਚ ਇਸ ਤੋਂ ਪਹਿਲੇ ਸ਼ਲੋਕ ਦਾ ਵਿਚਾਰ ਦੁਹਰਾਇਆ ਹੈ ਕਿ ਸੰਸਾਰ ਕੇਵਲ ਇੱਕ ਭਰਮ ਹੈ ਅਤੇ ਦੂਜੀ ਲਾਈਨ ਵਿੱਚ ਅਧਿਆਇ ੧੧ ਸ਼ਲੋਕ ੮ ਦੀ ਦੂਜੀ ਲਾਈਨ ਦੁਹਰਾਈ ਹੈ।

"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਸੰਸਾਰ ਰਾਤ ਦੇ ਸੁਪਨੇ ਵਰਗਾ ਹੈ। ਸੁੱਤੇ ਹੋਏ ਵਿਅਕਤੀ ਨੂੰ ਆਪਣੇ ਆਸ ਪਾਸ ਦਾ ਗਿਆਨ ਨਹੀਂ ਰਹਿੰਦਾ ਅਤੇ ਉਹ ਉਸ ਅਗਿਆਨ ਦੇ ਪ੍ਰਭਾਵ ਹੇਠ, ਸੁਪਨੇ ਰਾਹੀਂ, ਉਨ੍ਹਾਂ ਵਸਤੂਆਂ/ਘਟਨਾਵਾਂ/ਵਿਅਕਤੀਆਂ ਵਿੱਚ ਵਿਚਰਦਾ ਹੈ ਜੋ ਦਿੱਸਦੀਆਂ ਤਾਂ ਹਨ ਪਰ ਅਸਲ ਵਿੱਚ ਹੁੰਦੀਆਂ ਨਹੀਂ। ਇਸੇ ਤਰ੍ਹਾਂ ਸੰਸਾਰ ਮਨੁੱਖ ਦੇ ਅਗਿਆਨ ਦੀ ਉਪਜ ਹੈ ਅਤੇ ***"ਮਿਥਨੀ ਵਿਸਥਾਰੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੯) ਸਾਰਾ ਵਿਸਤਾਰ ਮਿਥਿਆ ਹੈ, ਅਸਲ ਵਿੱਚ ਹੈ ਨਹੀਂ। ਜਿਸ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ, ਉਹ ***"ਸਭ ਕੈ ਮਧਿ ਅਲਿਪਤੋ ਰਹੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸਭ ਤੋਂ ਨਿਰਲੇਪ ਰਹਿ ਕੇ ਵਿਚਰਦਾ ਹੈ, ਕਿਸੇ ਵਿਸ਼ੇ ਲਈ ਉਸ ਦੀ ਵਾਸ਼ਨਾ ਨਹੀਂ ਹੁੰਦੀ। ਸੰਸਾਰ ਵਿੱਚ ਕਾਰ-ਵਿਹਾਰ ਕੇਵਲ ਬੋਧ ਮਾਤਰ ਕਰਦਾ ਹੋਇਆ ਉਹ ਇਸ ਤਰ੍ਹਾਂ ਸ਼ਾਂਤ ਰਹਿੰਦਾ ਹੈ ਜਿਵੇਂ ਕਿ ਹੋਰ ਕੁਝ ਹੈ ਹੀ ਨਹੀਂ।

एक एव भवाम्भोधावासीदस्ति भविष्यति।
न ते बन्धोऽस्ति मोक्षो वा कृतकृत्यः सुखं चर॥१८॥

ਏਕ ਏਵ ਭਵਾਂਭੋਧਾਵਾਸੀਦਸ੍ਤਿ ਭਵਿਸ਼ਿਅਤਿ।
ਨ ਤੇ ਬੰਧੋऽਸ੍ਤਿ ਮੋਕ੍ਸ਼ੋ ਵਾ ਕ੍ਰਿਤਕ੍ਰਿਤਿਅ: ਸੁਖੰ ਚਰ॥੧੮॥

ਸ਼ਬਦਾਰਥ:- ਏਕ ਏਵ ਭਵ ਅੰਭੋਧੌ ਆਸੀਤ੍ ਅਸ੍ਤਿ ਭਵਿਸ਼ਿਅਤਿ = ਇੱਕ ਹੀ ਭਵ ਸਾਗਰ ਵਿੱਚ ਸੀ, ਹੈ, ਹੋਵੇਗਾ। ਨ ਤੇ ਬੰਧ: ਅਸ੍ਤਿ ਮੋਕ੍ਸ਼: ਵਾ = ਨਾ ਤੇਰਾ ਬੰਧਨ ਹੈ ਨਾ ਮੋਖ। ਕ੍ਰਿਤਕ੍ਰਿਤਿਅ: ਸੁਖੰ ਚਰ = ਕ੍ਰਿਤਾਰਥ ਸੁਖੀ ਵਿਚਰ।

ਸ਼ਲੋਕਾਰਥ:- ਭਵ ਸਾਗਰ ਵਿੱਚ ਇੱਕ ਹੀ ਸੀ, ਹੈ, ਹੋਵੇਗਾ। ਨਾ ਤੇਰਾ ਬੰਧਨ ਹੈ ਨਾ ਮੋਖ। ਤੂੰ ਕ੍ਰਿਤਾਰਥ ਹੈਂ, ਸੁਖੀ ਵਿਚਰ।

ਭਾਵਾਰਥ:- ਸਵੈ ਪਰਮਾਤਮਾ ਦਾ ਅੰਸ਼ ਹੈ, ਓਹ ਪਰਮਾਤਮਾ ਜੋ *"ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੧) ਸਦਾ ਤੋਂ ਸੀ, ਹੈ ਅਤੇ ਹੋਵੇਗਾ ਵੀ। ਓਸ ਦਾ ਅੰਸ਼ ਸਵੈ ਵੀ, ਓਸ ਤੋਂ ਅਭੇਦ ਹੋਣ ਕਰਕੇ, ਸਦਾ ਤੋਂ ਸੀ, ਅੱਜ ਵੀ ਹੈ, ਸਦਾ ਰਹੇਗਾ ਵੀ ਅਤੇ *"ਪੂਰਿ ਰਹਿਓ ਪੂਰਨੁ ਸਭ ਠਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੪) ਪੂਰਨ ਦੇ ਅੰਸ਼ ਪੂਰਨ ਨੇ ਹਰ ਥਾਂ ਨੂੰ ਭਰਿਆ ਹੋਇਆ ਹੈ ਜਿਸ ਕਰਕੇ ਉਸ ਇੱਕ ਤੋਂ ਸਿਵਾ ਹੋਰ ਕੋਈ ਹੋ ਹੀ ਨਹੀਂ ਸਕਦਾ। ਸੰਸਾਰ ਸਵੈ ਵਿੱਚ ਹੀ ਕਲਪਿਤ ਹੈ ਜਿਸ ਕਰਕੇ ਸੰਸਾਰ ਨਾਲ ਬੰਧਨ ਜਾਂ ਉਸ ਤੋਂ ਮੁਕਤੀ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਪੂਰਨ ਹੋਣ ਕਰਕੇ ਸਵੈ ਕ੍ਰਿਤਾਰਥ ਹੈ, ਉਸ ਵਿੱਚ ਕੋਈ ਵਾਸ਼ਨਾ ਨਹੀਂ, ਜਿਸ ਕਰਕੇ ਤੂੰ ਸੰਤੁਸ਼ਟ ਅਤੇ ਨਿਹਕਾਮ ਰਹਿ ਕੇ ਸੁਖੀ ਰਹੁ।

मा संकल्पविकल्पाभ्यां चित्तं क्षोभय चिन्मय।
उपशाम्य सुखं तिष्ठ स्वात्मन्यानन्दविग्रहे।।१९।।

ਮਾ ਸੰਕਲ੍ਪਵਿਕਲ੍ਪਾਭਿਆਮ੍ ਚਿੱਤੰ ਕ੍ਸ਼ੋਭਿਅ ਚਿੰਮਯ।
ਉਪਸ਼ਾਮਿਅ ਸੁਖੰ ਤਿਸ਼੍ਠ ਸ੍ਵਾਤ੍ਮਨਿਆਨੰਦਵਿਗ੍ਰਹੇ॥੧੯॥

ਸ਼ਬਦਾਰਥ:- ਮਾ ਸੰਕਲ੍ਪ-ਵਿਕਲ੍ਪਾਭਿਆਮ੍ ਚਿੱਤੰ ਕ੍ਸ਼ੋਭਿਅ = ਮਤ ਸੰਕਲਪਾਂ ਵਿਕਲਪਾਂ ਦੁਆਰਾ ਚਿੱਤ ਨੂੰ ਦੁਖੀ ਕਰ। ਚਿੰਮਯ = ਹੇ ਸ਼ੁੱਧ ਚੇਤਨ ਸਰੂਪ! ਉਪਸ਼ਾਮਿਅ ਸੁਖੰ ਤਿਸ਼੍ਠ ਸ੍ਵ ਆਤ੍ਮਨਿ ਆਨੰਦ ਵਿਗ੍ਰਹੇ = ਸ਼ਾਂਤ ਹੋ ਕੇ ਸੁਖੀ ਬੈਠੋ ਨਿਜ ਸਰੂਪ ਦੇ ਅਨੰਦ ਘਰ ਵਿੱਚ।

ਸ਼ਲੋਕਾਰਥ:- ਹੇ ਸ਼ੁੱਧ ਚੇਤਨ ਸਰੂਪ! ਸੰਕਲਪਾਂ ਵਿਕਲਪਾਂ ਦੁਆਰਾ ਚਿੱਤ ਨੂੰ ਮਤ ਪ੍ਰੇਸ਼ਾਨ ਕਰੋ। ਸ਼ਾਂਤ ਹੋ ਕੇ, ਸੁਖ ਨਾਲ, ਅਨੰਦ ਭਰਪੂਰ ਨਿਜ ਘਰ ਵਿੱਚ ਸਥਿਤ ਹੋ ਜਾਓ।

ਭਾਵਾਰਥ:- *"ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੧; ਅੰਗ ੫੯੮) ਹੇ ਜੋਤੀ ਸਰੂਪ ਮਨ! ਆਸੇ ਪਾਸੇ ਨਾ ਜਾ, ਥਿਰ ਰਹੁ।

"ਮਤ ਭਰਮਿ ਭੂਲਹੁ ਭੂਲਹੁ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੫; ਅੰਗ ੧੧੮੫) ਸੰਕਲਪਾਂ ਵਿਕਲਪਾਂ ਦੇ ਭਰਮਾਂ ਭੁਲੇਖਿਆਂ ਵਿੱਚ ਨਾ ਭੁੱਲਿਆ ਫਿਰ। *"ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ॥"* (ਅੰਗ ੩੯੮) ਬਾਹਰ ਲੱਭਣ ਵਿੱਚ ਦੁਖੀ ਹੋਵੇਂਗਾ, ਤੇਰੇ ਹਿਰਦੇ ਘਰ ਵਿੱਚ ਹੀ ਅੰਮ੍ਰਿਤ ਮੌਜੂਦ ਹੈ। ਸ਼ਾਂਤ ਰਹਿ ਕੇ *"ਨਿਜ ਘਰਿ ਵਾਸੁ ਅਮਰ ਪਦੁ ਪਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਨਿਜ ਘਰ ਵਿੱਚ ਸਥਿਤ ਹੋਣ ਵਾਲਾ ਅਮਰ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ਜਿਸ ਤੋਂ ਵੱਡਾ ਅਨੰਦ ਕਿਤੇ ਨਹੀਂ।

त्यजैवध्यानं सर्वत्र मा किञ्चित् हृदिधारय।
आत्मा त्वं मुक्त एवासि किं विमृश्य करिष्यसि॥२०॥
ਤਿਅਜੈਵ ਧਿਆਨੰ ਸਰਵਤ੍ਰ ਮਾ ਕਿੰਚਿਤ੍ ਹ੍ਰਿਦਿ ਧਾਰਯ।
ਆਤ੍ਮਾ ਤ੍ਵੰ ਮੁਕ੍ਤ ਏਵਾਸਿ ਕਿੰ ਵਿਮ੍ਰਿਸ਼ਿਅ ਕਰਿਸ਼ਿਅਸਿ॥੨੦॥

ਸ਼ਬਦਾਰਥ:- ਤਿਅਜ ਏਵ ਧਿਆਨੰ ਸਰਵਤ੍ਰ = ਤਿਆਗ ਹੀ ਧਿਆਨ ਹਰ ਥਾਂ। ਮਾ ਕਿੰਚਿਤ੍ ਹ੍ਰਿਦਿ ਧਾਰਯ = ਮਤ ਹਿਰਦੇ ਵਿੱਚ ਕੁਝ ਧਾਰ। ਆਤ੍ਮਾ ਤ੍ਵੰ ਮੁਕ੍ਤ ਏਵ ਅਸਿ = ਆਤਮਾ ਤੂੰ ਮੁਕਤ ਹੀ ਹੈਂ। ਕਿੰ ਵਿਮ੍ਰਿਸ਼ਿਅ ਕਰਿਸ਼ਿਅਸਿ = ਕੀ ਵਿਚਾਰ ਕਰਕੇ ਕਰੇਂਗਾ?

ਸ਼ਲੋਕਾਰਥ:- ਹਰ ਥਾਂ ਅਰਥਾਤ ਪੂਰੀ ਤਰ੍ਹਾਂ ਧਿਆਨ ਹੀ ਤਿਆਗ, ਮਤ ਹਿਰਦੇ ਵਿੱਚ ਕੁਝ ਧਾਰ। ਤੂੰ ਆਤਮਾ ਮੁਕਤ ਹੀ ਹੈਂ। ਵਿਚਾਰ ਕਰਕੇ ਕੀ ਕਰੇਂਗਾ?

ਭਾਵਾਰਥ:- ਮਨ ਵਿੱਚ ਕਿਸੇ ਹੋਰ ਹੋਂਦ ਦੀ ਧਾਰਨਾ ਰੱਖ ਕੇ ਧਿਆਨ ਕੀਤਾ ਜਾਂਦਾ ਹੈ ਪਰ *"ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕੁ ਤੁਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੧; ਅੰਗ ੧੪੪) ਕੀ ਇੱਕ ਤੋਂ ਇਲਾਵਾ ਵੀ ਕੋਈ ਹੈ? ਕੇਵਲ ਇੱਕ ਤੂੰ ਹੀ ਹੈਂ, ਹੋਰ ਕੋਈ ਹੈ ਹੀ ਨਹੀਂ। ਇਸ ਕਰਕੇ ਤੈਨੂੰ ਹਿਰਦੇ ਵਿੱਚ ਕੁਝ ਧਾਰਨ ਦੀ ਅਤੇ ਧਿਆਨ ਕਰਨ ਦੀ ਲੋੜ ਨਹੀਂ। ਤੂੰ ਸਰੀਰ ਨਹੀਂ, ਜੋਤੀ ਸਰੂਪ ਆਤਮਾ ਹੈਂ ਅਤੇ ਜਿੱਥੋਂ ਤੱਕ ਆਤਮਾ ਦਾ ਸੰਬੰਧ ਹੈ *"ਨਾ ਉਸੁ ਬੰਧਨ ਨਾ ਹਮ ਬਾਧੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੧) ਉਹ ਕਿਸੇ ਬੰਧਨ ਵਿੱਚ ਨਹੀਂ, ਸਦਾ ਮੁਕਤ ਹੈ ਜਿਸ ਕਰਕੇ ਅਸੀਂ ਵੀ ਬੰਧਨ ਵਿੱਚ ਨਹੀਂ ਹਾਂ। *"ਨਾ ਉਸੁ ਸੋਚੁ ਨ ਹਮ ਕਉ ਸੋਚਾ॥"* (ਅੰਗ ੩੯੧) ਆਤਮਾ ਨੂੰ ਕੋਈ ਚਿੰਤਾ ਨਹੀਂ, ਸੋਚ ਨਹੀਂ ਜਿਸ ਕਰਕੇ ਸਾਨੂੰ ਵੀ ਸੋਚਾਂ ਵਿੱਚ ਪੈਣ ਦੀ ਲੋੜ ਨਹੀਂ। ਹੇ ਰਾਜਨ! ਆਤਮਾ ਦੇ ਰੂਪ ਵਿੱਚ ਹਰ ਥਾਂ ਤੁਸੀਂ ਹੀ ਹੋ, *"ਤੁਧੁ ਬਿਨੁ ਦੂਜਾ ਅਵਰੁ ਨ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੪; ਅੰਗ ੧੨) ਹੋਰ ਕੋਈ ਹੈ ਹੀ ਨਹੀਂ। ਕਿਸੇ ਸੰਸਾਰੀ ਬੰਧਨ ਤੋਂ ਮੁਕਤੀ ਬਾਰੇ ਨਾ ਸੋਚੋ ਕਿਉਂਕਿ ਤੁਸੀਂ ਸਦਾ ਤੋਂ ਮੁਕਤ ਹੋ। ◆◆◆

ਸੋਲ੍ਹਵਾਂ ਅਧਿਆਇ

ਬੰਧਨ-ਮੁਕਤੀ।

ਅਸ਼ਟਾਵਕ੍ਰ ਜੀ ਦੀ ਸਿੱਖਿਆ ਦਾ ਮੁੱਖ ਬਿੰਦੂ ਇਹ ਹੈ ਕਿ ਸਵੈ ਤੋਂ ਇਲਾਵਾ ਹੋਰ ਸਭ ਮਿਥਿਆ ਹੈ ਜੋ ਸੰਸਾਰੀਆਂ ਨੂੰ ਲੁਭਾਈ ਰੱਖਦਾ ਹੈ ਜਿਸ ਕਰਕੇ ਆਪਣਾ ਸਦਾ-ਮੁਕਤ ਆਤਮ ਸਰੂਪ ਪਛਾਣਨ ਲਈ ਦ੍ਰਿਸ਼ਟੀ ਨੂੰ ਸੰਸਾਰ ਵੱਲੋਂ ਮੋੜ ਕੇ ਸਵੈ ਉੱਤੇ ਇਕਾਗਰ ਕਰਨ ਦੀ ਲੋੜ ਹੈ।

अष्टावक्र उवाच।

आचक्ष्व श्रृणु वा तात नानाशास्त्राण्यनेकशः।
तथापि न तव स्वास्थ्यं सर्वविस्मरणादृते॥१॥

ਅਸ਼ਟਾਵਕ੍ਰ ਉਵਾਚ।

ਆਚਕ੍ਸ਼੍ਵ ਸ਼੍ਰਿਣੁ ਵਾ ਤਾਤ ਨਾਨਾਸ਼ਾਸ੍ਤ੍ਰਾਣਿਅਨੇਕਸ਼:।
ਤਥਾਪਿ ਨ ਤਵ ਸ੍ਵਾਸ੍ਥਿਅੰ ਸਰਵਵਿਸ੍ਮਰਣਾਦ੍ਰਿਤੇ॥੧॥

ਸ਼ਬਦਾਰਥ:- ਅਸ਼ਟਾਵਕ੍ਰ ਉਵਾਚ = ਅਸ਼ਟਾਵਕ੍ਰ ਬੋਲੇ। ਆਚਕ੍ਸ਼੍ਵ ਸ਼੍ਰਿਣੁ ਵਾ ਤਾਤ ਨਾਨਾ ਸ਼ਾਸ੍ਤ੍ਰਾਣਿ ਅਨੇਕਸ਼: = ਕਹੋ ਸੁਣੋ ਜਾਂ ਪਿਆਰੇ! ਅਨੇਕ ਸ਼ਾਸਤ੍ਰ ਅਨੇਕ ਪ੍ਰਕਾਰ। ਤਥਾ ਅਪਿ ਨ ਤਵ ਸ੍ਵਾਸ੍ਥਿਅੰ = ਫਿਰ ਭੀ ਨਹੀਂ ਤੇਰੀ ਸਵੈ ਵਿੱਚ ਸਥਿਤੀ। ਸਰਵ ਵਿਸ੍ਮਰਣਾਤ੍ ਰਿਤੇ = ਸਭ ਭੁੱਲਣ ਤੋਂ ਬਿਨਾ।

ਸ਼ਲੋਕਾਰਥ:- ਅਸ਼ਟਾਵਕ੍ਰ ਨੇ ਕਿਹਾ:- ਹੇ ਪਿਆਰੇ! ਅਨੇਕ ਸ਼ਾਸਤਰਾਂ ਨੂੰ ਅਨੇਕ ਤਰ੍ਹਾਂ ਕਹਿ ਲਵੋ ਜਾਂ ਸੁਣ ਲਵੋ, ਫਿਰ ਭੀ, ਸਭ ਨੂੰ ਭੁੱਲਣ ਤੋਂ ਬਿਨਾ, ਤੇਰੀ ਸਵੈ ਵਿੱਚ ਸਥਿਤੀ ਨਹੀਂ ਹੋ ਸਕਦੀ।

ਭਾਵਾਰਥ:- ਅਸ਼ਟਾਵਕ੍ਰ ਕਹਿ ਰਹੇ ਹਨ ਕਿ ਹੇ ਰਾਜਨ! ਅਨੇਕ ਸ਼ਾਸਤ੍ਰਾਂ ਸੰਬੰਧੀ ਵਿਖਿਆਨ ਬਾਰ ਬਾਰ ਕਰਨ ਜਾਂ ਸੁਣਨ ਨਾਲ ਆਤਮ ਸਰੂਪ ਵਿੱਚ ਸਥਿਤੀ ਨਹੀਂ ਹੁੰਦੀ ਕਿਉਂਕਿ ***"ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੮) ਅਨੇਕਾਂ ਰਿਸ਼ੀ ਮੁਨੀ ਇਹ ਕਰਕੇ ਹਾਰ ਚੁੱਕੇ ਹਨ। ਵੇਦਾਂ ਸ਼ਾਸਤ੍ਰਾਂ ਦੇ ਕੋਰੇ ਗਿਆਨ ਨਾਲ ***"ਮਨ ਕਉ ਵਿਆਪੈ ਹਉਮੈ ਮੈਲੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੯) ਮਨ ਵਿੱਚ ਗਿਆਨੀ ਹੋਣ ਦੀ ਹਉਮੈ ਮੈਲ ਭਰ ਜਾਂਦੀ ਹੈ ਅਤੇ ਉਸੇ ***"ਹਉਮੈ ਵਿਚਿ ਜਗੁ ਉਪਜੈ ਪੁਰਖਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ:

੧; ਅੰਗ ੯੪੬) ਹਉਮੈ ਵਿੱਚ, ਹੇ ਰਾਜਨ! ਸੰਸਾਰ ਉਪਜਦਾ ਹੈ ਜਿਸ ਵਿੱਚ ਰਚ ਕੇ ਮਨੁੱਖ ਆਤਮ ਸਰੂਪ ਤੋਂ ਦੂਰ ਚਲਾ ਜਾਂਦਾ ਹੈ। *"ਹਉਮੈ ਆਵੈ ਜਾਈ॥ ਮਨੁ ਟਿਕਣੁ ਨ ਪਾਵੈ ਰਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੩) ਹਉਮੈ ਦੀ ਆਵਾਜਾਈ ਵਿੱਚ ਮਨ ਇੱਕ ਪਲ ਵੀ ਕਿਤੇ ਨਹੀਂ ਟਿਕਦਾ। ਲੋੜ ਇਸ ਗੱਲ ਦੀ ਹੈ ਕਿ ਸ਼ਾਸਤ੍ਰਾਂ ਦੇ ਗਿਆਨ ਤੋਂ ਉੱਪਰ ਉੱਠ ਕੇ ਅਰਥਾਤ ਉਸ ਨੂੰ ਭੁੱਲ ਕੇ, ਮਨ ਸੰਸਾਰ ਵੱਲੋਂ ਦ੍ਰਿਸ਼ਟੀ ਮੋੜ ਲਵੇ ਅਤੇ ਇਸ ਤਰ੍ਹਾਂ ਜਦੋਂ *"ਮਨੁ ਬੈਰਾਗੀ ਹਉਮੈ ਤਿਆਗੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੫) ਵੈਰਾਗੀ ਹੋਇਆ ਹੋਇਆ ਮਨ, ਹਉਮੈ ਤਿਆਗ ਦੇਂਦਾ ਹੈ ਤਦ ਹਉਮੈ ਦੇ ਵਿਲੀਨ ਹੋਣ ਨਾਲ ਸੰਸਾਰ ਵੀ ਵਿਲੀਨ ਹੋ ਜਾਂਦਾ ਹੈ ਅਤੇ *"ਮਨੁ ਬੈਰਾਗੀ ਘਰਿ ਵਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੨੧) ਵੈਰਾਗੀ ਮਨ ਨਿਜ ਘਰ ਵਿੱਚ ਟਿਕ ਜਾਂਦਾ ਹੈ।

भोगं कर्म समाधिं वा कुरु विज्ञ तथापि ते।
चित्तं निरस्तसर्वाशमत्यर्थम् रोचयिष्यति।।२।।

ਭੋਗੰ ਕਰਮ ਸਮਾਧਿਮ੍ ਵਾ ਕੁਰੁ ਵਿਗਿਅ ਤਥਾਪਿ ਤੇ।
ਚਿੱਤੰ ਨਿਰਸ੍ਤਸਰਵਾਸ਼ਮਤਿਅਰਥਮ੍ ਰੋਚਯਿਸ਼ਿਅਤਿ॥੨॥

ਸ਼ਬਦਾਰਥ:- ਭੋਗੰ ਕਰਮ ਸਮਾਧਿਮ੍ ਵਾ ਕੁਰੁ ਵਿਗਿਅ = ਭੋਗ ਕਰਮ ਜਾਂ ਧਿਆਨ ਕਰ, ਹੇ ਗਿਆਨ ਸਰੂਪ! ਤਥਾ ਅਪਿ = ਤਦ ਵੀ। ਤੇ ਚਿੱਤੰ = ਤੇਰਾ ਮਨ। ਨਿਰਸ੍ਤ ਸਰਵ ਆਸ਼ਮ੍ = ਬੁਝ ਗਈਆਂ ਸਾਰੀਆਂ ਇੱਛਾਵਾਂ ਵਾਲਾ। ਅਤਿ ਅਰਥਮ੍ = ਵਿਸ਼ਿਆਂ ਲਈ ਅਪਹੁੰਚ ਨੂੰ। ਰੋਚਯਿਸ਼ਿਅਤਿ = ਲੋਚੇਗਾ।

ਸ਼ਲੋਕਾਰਥ:- ਹੇ ਗਿਆਨ ਸਰੂਪ ਜਨਕ! (ਤੂੰ ਜੋ ਮਰਜ਼ੀ) ਭੋਗ, ਕਰਮ ਕਰ ਜਾਂ ਸਮਾਧੀ ਲਗਾ, ਫਿਰ ਵੀ ਤੇਰਾ ਮਨ, ਵਿਸ਼ਿਆਂ ਦੀ ਪਹੁੰਚ ਤੋਂ ਪਰ੍ਹੇ (ਵਾਲੀ ਸਥਿਤੀ, ਜਿੱਥੇ) ਸਾਰੀਆਂ ਇੱਛਾਵਾਂ ਬੁਝ ਜਾਂਦੀਆਂ ਹਨ, ਲਈ ਲੋਚੇਗਾ।

ਭਾਵਾਰਥ:- ਮਨ ਸਦਾ ਸ਼ਾਂਤੀ ਦੀ ਖੋਜ ਵਿੱਚ ਹੀ ਭਟਕਦਾ ਹੈ। ਨਾਨਾ ਪ੍ਰਕਾਰ ਦੇ ਭੋਗ ਭੋਗਣ ਨਾਲ, ਚੰਗੇ ਕਰਮ ਕਰਨ ਨਾਲ ਜਾਂ ਸਮਾਧੀ ਲਗਾ ਲੈਣ ਨਾਲ ਸਥਾਈ ਸ਼ਾਂਤੀ ਨਹੀਂ ਮਿਲਦੀ। *"ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੮) ਸਹਿਜ ਵਿੱਚ ਹੀ ਸੁਖ ਅਤੇ ਸ਼ਾਂਤੀ ਮਿਲਦੇ ਹਨ ਅਤੇ ਸਹਿਜ ਵਿੱਚ ਨਾ ਟਿਕਿਆ ਹੋਇਆ ਜੀਵਨ ਬੇਅਰਥ ਹੈ, ਸੰਤੁਸ਼ਟੀ ਰਹਿਤ ਹੈ। ਵਿਅਕਤੀ ਤਦ ਸਹਿਜ ਹੁੰਦਾ ਹੈ ਜਦ ਉਹ ਆਪਣੇ ਸੁਭਾਅ ਨਾਲ ਮੇਲ ਖਾਂਦੀ ਸਥਿਤੀ ਵਿੱਚ ਪਹੁੰਚਦਾ ਹੈ। *"ਮਨ ਕਾ ਸੁਭਾਉ ਸਦਾ ਬੈਰਾਗੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਮਨ ਸੁਭਾਅ ਤੋਂ ਬੈਰਾਗੀ ਹੈ ਪਰੰਤੂ *"ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਕਬੀਰ ਜੀਉ; ਅੰਗ ੧੧੬੦)

ਮਾਇਆ ਇਤਨੀ ਲੁਭਾਉਣੀ ਹੈ ਕਿ ਸਾਰੇ ਸੰਸਾਰੀ ਉਸ ਦੇ ਮੋਹ ਵਿੱਚ ਫਸ ਜਾਂਦੇ ਹਨ ਅਤੇ "*ਮਾਇਆ ਜੇਵਡੁ ਦੁਖੁ ਨਹੀ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਸਭ ਤੋਂ ਵੱਡੀ ਦੁੱਖਦਾਈ ਮਾਇਆ ਹੈ ਜਿਸ ਕਰਕੇ ਮਨ ਸਦਾ ਆਪਣੀ ਵੈਰਾਗ ਵਾਲੀ ਸਥਿਤੀ ਲਈ ਲੋਚਦਾ ਹੈ ਜਿੱਥੇ ਸਾਰੀਆਂ ਸੰਸਾਰੀ ਇੱਛਾਵਾਂ ਬੁਝ ਜਾਂਦੀਆਂ ਹਨ ਅਤੇ ਸਥਾਈ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ।

आयासात्सकलो दु:खी नैनं जानाति कश्चन।
अनेनैवोपदेशेनधन्य: प्राप्नोति निर्वृतिम्॥३॥
ਆਯਾਸਾਤ੍ਸਕਲੋ ਦੁ:ਖੀ ਨੈਨੰ ਜਾਨਾਤਿ ਕਸ਼ਚਨ।
ਅਨੇਨੈਵੋਪਦੇਸ਼ੇਨ ਧਨਿਅ: ਪ੍ਰਾਪ੍ਨੋਤਿ ਨਿਰਵ੍ਰਿਤਿਮ੍॥੩॥

ਸ਼ਬਦਾਰਥ:- ਆਯਾਸਾਤ੍ ਸਕਲ: ਦੁ:ਖੀ = ਪਰਿਸ਼੍ਰਮ ਕਾਰਨ ਸਾਰੇ ਦੁਖੀ ਹਨ। ਨ ਏਨੰ ਜਾਨਾਤਿ ਕਸ਼ਚਨ = ਨਹੀਂ ਇਸ ਨੂੰ ਜਾਣਦਾ ਕੋਈ। ਅਨੇਨ ਏਵ ਉਪਦੇਸ਼ੇਨ ਧਨਿਅ: ਪ੍ਰਾਪ੍ਨੋਤਿ ਨਿਰ ਵ੍ਰਿਤਿਮ੍ = ਇਸ ਹੀ ਉਪਦੇਸ਼ ਨਾਲ ਵਡਭਾਗੀ (ਮਨੁੱਖ) ਪ੍ਰਾਪਤ ਕਰ ਲੈਂਦਾ ਹੈ ਮੁਕਤੀ।

ਸ਼ਲੋਕਾਰਥ:- ਸਾਰੇ ਲੋਕੀ ਪਰਿਸ਼੍ਰਮ ਕਾਰਨ ਦੁਖੀ ਹਨ, (ਪਰ) ਇਹ ਕੋਈ ਸਮਝਦਾ ਨਹੀਂ। ਵਡਭਾਗੀ ਮਨੁੱਖ ਇਸ ਉਪਦੇਸ਼ ਨਾਲ (ਭਾਵ ਇਹ ਸਮਝ ਕੇ) ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਭਾਵਾਰਥ:- "*ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੮) ਹਰ ਕੋਈ ਸੁਖ ਲਈ ਬਹੁਤ ਜਤਨ ਕਰਦਾ ਹੈ, ਦੁੱਖ ਲਈ ਕੋਈ ਨਹੀਂ ਕਰਦਾ ਪਰੰਤੂ "*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੯; ਅੰਗ ੪੧੧) ਸੁਖ ਦੀ ਪ੍ਰਾਪਤੀ ਲਈ ਬਹੁਤ ਦੁੱਖ ਝੱਲਣੇ ਪੈਂਦੇ ਹਨ। ਦੁੱਖ ਹਮੇਸ਼ਾ ਕਿਸੇ ਇੱਛਾ ਦੀ ਪੂਰਤੀ ਲਈ ਕੀਤੇ ਜਾਂਦੇ ਜਤਨ ਦੇ ਰੂਪ ਵਿੱਚ ਆਉਂਦਾ ਹੈ। ਜਿਹੜਾ ਵਡਭਾਗੀ ਇਹ ਸਮਝ ਜਾਂਦਾ ਹੈ ਉਹ ਜਾਣ ਜਾਂਦਾ ਹੈ ਕਿ ਹਰ ਕਿਸੇ ਨੇ "*ਤ੍ਰਿਸਨਾ ਤਜਿ ਸਹਜ ਸੁਖੁ ਪਾਇਆ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੧) ਇੱਛਾਵਾਂ ਦਾ ਤਿਆਗ ਕਰਕੇ ਹੀ ਸਹਿਜ ਸੁਖ ਦੀ ਪ੍ਰਾਪਤੀ ਕੀਤੀ ਹੈ ਕਿਉਂਕਿ "*ਸਹਜ ਸੁਭਾਇ ਮਿਲੇ ਗੋਪਾਲਾ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੨੬) ਸਹਿਜ ਸਥਿਤੀ ਵਿੱਚ ਹੀ, ਜਿੱਥੇ ਮਨੁੱਖ ਕਿਸੇ ਇੱਛਾ ਦੀ ਪੂਰਤੀ ਲਈ ਆਪਣੇ ਵੱਲੋਂ ਜਤਨਸ਼ੀਲ ਨਹੀਂ ਹੁੰਦਾ, ਪਰਮਾਤਮ-ਦਰਸ਼ਨ ਹੁੰਦੇ ਹਨ।

व्यापारे खिद्यते यस्तु निमेषोन्मेषयोरपि।
तस्यालस्यधुरीणस्य सुखं नान्यस्य कस्यचित्॥४॥
ਵਿਆਪਾਰੇ ਖਿਦਿਅਤੇ ਯਸ੍ਤੁ ਨਿਮੇਸ਼ੋਨ੍ਮੇਸ਼ਯੋਰਪਿ।

ਤਸਿਆਲਸਿਅਧੁਰੀਣਸਿਅ ਸੁਖੰ ਨਾਨਿਅਸਿਅ ਕਸਿਅਚਿਤ੍॥੪॥

ਸ਼ਬਦਾਰਥ:- ਵਿਆਪਾਰੇ ਖਿਦਿਅਤੇ ਯ: ਤੁ ਨਿਮੇਸ਼-ਉਨ੍ਮੇਸ਼ਯੋ: ਅਪਿ = ਕਿਰਿਆ ਵਿੱਚ ਖੇਦ ਨੂੰ ਪ੍ਰਾਪਤ ਹੁੰਦਾ ਹੈ ਜੋ ਅੱਖ ਖੋਲ੍ਹਣ-ਮੀਟਣ ਵਿੱਚ ਵੀ। ਤਸਿਅ ਆਲਸਿਅ ਧੁਰੀਣਸਿਅ ਸੁਖੰ ਨ ਅਨਿਅਸਿਅ ਕਸਿਅਚਿਤ੍ = ਉਸ ਆਲ਼ਸ ਸ਼੍ਰੋਮਣੀ ਨੂੰ ਸੁਖ ਹੈ, ਨਹੀਂ ਹੋਰ ਕਿਸੇ ਨੂੰ।

ਸ਼ਲੋਕਾਰਥ:- ਜਿਹੜਾ ਅੱਖ ਖੋਲ੍ਹਣ-ਮੀਟਣ ਦੀ ਕਿਰਿਆ ਵਿੱਚ ਵੀ ਖੇਦ ਮਹਿਸੂਸ ਕਰਦਾ ਹੈ, ਉਸ ਆਲੱਸ ਸ਼੍ਰੋਮਣੀ ਨੂੰ ਹੀ ਸੁਖ ਪ੍ਰਾਪਤ ਹੈ, ਹੋਰ ਕਿਸੇ ਨੂੰ ਨਹੀਂ।

ਭਾਵਾਰਥ:- ਅੱਖ ਖੋਲ੍ਹਣ-ਮੀਟਣ ਦੀ ਕਿਰਿਆ ਵਿੱਚ ਵੀ ਤਕਲੀਫ਼ ਮਹਿਸੂਸ ਕਰਨਾ, ਉਸ ਅਵਸਥਾ ਦਾ ਸੂਚਕ ਹੈ ਜਿਸ ਵਿੱਚ ਵਿਅਕਤੀ ਪੂਰਨ ਰੂਪ ਵਿੱਚ ਨਿਰਜਤਨ ਹੋ ਜਾਂਦਾ ਹੈ। ਉਹ ਇਸ ਸਥਿਤੀ ਵਿੱਚ ਅੱਪੜਿਆ ਹੁੰਦਾ ਹੈ ਜਿੱਥੇ ਇਹ ਅਹਿਸਾਸ ਰਹਿੰਦਾ ਹੈ ਕਿ ***"ਨਾ ਹਉ ਕਰਤਾ ਨਾ ਮੈ ਕੀਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩)** ਮੈਂ ਕੁਝ ਨਹੀਂ ਕਰਦਾ। ***"ਜੋ ਕਿਛੁ ਹੋਵੈ ਸਹਜਿ ਸੁਭਾਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨)** ਜੋ ਹੁੰਦਾ ਹੈ ਉਹ ਸਹਿਜ ਸੁਭਾਏ, ਸਰੀਰ ਤੋਂ ਹੋ ਰਿਹਾ ਹੈ, ਮੈਂ ਨਹੀਂ ਕਰ ਰਿਹਾ। ਸਰੀਰ ਦੀ ਕਿਸੇ ਕਿਰਿਆ ਵਿੱਚ ਉਹ ਭਾਗੀਦਾਰ ਨਹੀਂ ਬਣਦਾ। ਇਸ ਤਰ੍ਹਾਂ ***"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯)** ਜੋ ਦੇਹ ਤੋਂ ਨਿਰਲੇਪ ਹੈ, ਉਸ ਦੀ ਘਾਲਣਾ ਪੂਰੀ ਹੋ ਚੁੱਕੀ ਹੈ, ਉਸ ਲਈ ਕੁਝ ਵੀ ਕਰਨਾ ਬਾਕੀ ਨਹੀਂ। ਉਸ ਦਾ ਹਉਮੈ ਵਿਲੀਨ ਹੋ ਚੁੱਕਾ ਹੈ ਅਤੇ ***"ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੯-੧੦)** ਜਿਸ ਵਿੱਚੋਂ ਹਉਮੈ ਸਮਾਪਤ ਹੋ ਜਾਂਦੀ ਹੈ ਉਹ ਜੀਵਨ ਮੁਕਤ ਹੈ ਅਤੇ ਸੰਸਾਰਿਕ, ਸਰੀਰਿਕ ਅਤੇ ਮਾਨਸਿਕ ਧੰਧਿਆਂ ਤੋਂ ਬੇਲਾਗ, ਸਦਾ ਅਨੰਦ ਵਿੱਚ ਹੈ।

इदं कृतमिदं नेति द्वन्द्वैर्मुक्तं यदा मनः।
धर्मार्थकाममोक्षेषु निरपेक्षं तदा भवेत्॥५॥

ਇਦੰ ਕ੍ਰਿਤਮਿਦੰ ਨੇਤਿ ਦ੍ਵੰਦ੍ਵੈਰਮੁਕ੍ਤੰ ਯਦਾ ਮਨ:।
ਧਰਮਾਰਥਕਾਮਮੋਕ੍ਸ਼ੇਸ਼ੁ ਨਿਰਪੇਕ੍ਸ਼ੰ ਤਦਾ ਭਵੇਤ੍॥੫॥

ਸ਼ਬਦਾਰਥ:- ਇਦੰ ਕ੍ਰਿਤੰ ਇਦੰ ਨ = ਇਹ ਕੀਤਾ ਗਿਆ ਹੈ ਇਹ ਨਹੀਂ। ਇਤਿ ਦ੍ਵੰਦ੍ਵੈ: ਮੁਕ੍ਤੰ ਯਦਾ ਮਨ: = ਇਸ ਦੁਚਿੱਤੀ ਤੋਂ ਮੁਕਤ ਜਦੋਂ ਮਨ। ਧਰਮ ਅਰਥ ਕਾਮ ਮੋਕ੍ਸ਼ੇਸ਼ੁ ਨਿਰਪੇਕ੍ਸ਼ੰ ਤਦਾ ਭਵੇਤ੍ = ਧਰਮ-ਅਰਥ-ਕਾਮ-ਮੋਕਸ਼ ਪ੍ਰਤੀ ਉਦਾਸੀਨ ਤਦ ਹੁੰਦਾ ਹੈ।

ਸ਼ਲੋਕਾਰਥ:- ਜਦੋਂ ਮਨ ਇਸ ਦੁਚਿੱਤੀ 'ਇਹ ਕੀਤਾ ਗਿਆ ਹੈ ਇਹ ਨਹੀਂ

ਕੀਤਾ ਗਿਆ' ਤੋਂ ਮੁਕਤ ਹੋ ਜਾਂਦਾ ਹੈ, ਤਦ ਧਰਮ-ਅਰਥ-ਕਾਮ-ਮੋਕਸ਼ (ਵਿਸ਼ੇ ਪ੍ਰਤੀ ਵੀ) ਉਦਾਸੀਨ ਹੋ ਜਾਂਦਾ ਹੈ।

ਭਾਵਾਰਥ:- ਕਿਸੇ ਪ੍ਰਾਪਤੀ ਲਈ ਜਤਨ ਅਰੰਭ ਕਰਨ ਵੇਲੇ ***"ਸੰਸਾ ਸਦ ਹਿਰਦੈ ਬਸੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਰਵਿਦਾਸ ਜੀਉ; ਅੰਗ ੩੪੬)** ਇੱਕ ਦੁਚਿੱਤੀ ਸਦਾ ਮਨ ਵਿੱਚ ਆਉਂਦੀ ਹੈ ਕਿ ਕਿਹੜਾ ਤਰੀਕਾ ਵਰਤਿਆ ਜਾਏ, ' ਇਸ ਤਰ੍ਹਾਂ ਕੀਤਾ ਜਾਏ ਕਿ ਨਾ ਕੀਤਾ ਜਾਏ '। ਇਸ ਦੁਚਿੱਤੀ ਤੋਂ ਮੁਕਤ ਉਹ ਹੋਏਗਾ ਜੋ ***"ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੫)** ਅੰਦਰੋਂ ਤ੍ਰਿਪਤ ਹੈ, ਜਿਸ ਦੀ ਕੋਈ ਇੱਛਾ ਬਚੀ ਹੋਈ ਨਹੀਂ ਜਿਸ ਦੀ ਪੂਰਤੀ ਲਈ ਉਸ ਨੂੰ ਜਤਨਸ਼ੀਲ ਹੋਣ ਦੀ ਲੋੜ ਮਹਿਸੂਸ ਹੋਵੇ। ਉਹ ਵਿਅਕਤੀ ਵੀ ਇਸ ਤਰ੍ਹਾਂ ਦੀ ਦੁਚਿੱਤੀ ਤੋਂ ਬਚਿਆ ਰਹਿੰਦਾ ਹੈ ਜਿਸ ਦਾ ਕਰਤਾ-ਭਾਵ ਜਾਂ ਦੂਜੇ ਸ਼ਬਦਾਂ ਵਿੱਚ, ਹਉਮੈ, ਵਿਲੀਨ ਹੋ ਚੁੱਕਾ ਹੈ ਅਤੇ, ਜਿਵੇਂ ਪਿਛਲੇ ਸ਼ਲੋਕ ਵਿੱਚ ਕਿਹਾ ਹੈ, ਉਹ ਜੀਵਨ ਮੁਕਤ ਹੈ। ***"ਹਉਮੈ ਜਾਇ ਪਰਮ ਪਦੁ ਪਾਈਐ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੬)** ਹਉਮੈ ਦੇ ਵਿਲੀਨ ਹੋਣ ਨਾਲ ਵਿਅਕਤੀ ਪਰਮ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ਜਿਸ ਕਰਕੇ ਸੰਸਾਰ ਵਿੱਚ ਧਰਮ-ਅਰਥ-ਕਾਮ-ਮੋਕਸ਼ ਪ੍ਰਤੀ ਉਹ ਉਦਾਸੀਨ ਹੋ ਜਾਂਦਾ ਹੈ।

विरक्तो विषयद्वेष्टा रागी विषयलोलुपः।
ग्रहमोक्षविहीनस्तु न विरक्तो न रागवान्॥६॥

ਵਿਰਕ੍ਤੋ ਵਿਸ਼ਯਦ੍ਵੇਸ਼੍ਟਾ ਰਾਗੀ ਵਿਸ਼ਯਲੋਲੁਪ:।
ਗ੍ਰਹਮੋਕ੍ਸ਼ਵਿਹੀਨਸ੍ਤੁ ਨ ਵਿਰਕ੍ਤੋ ਨ ਰਾਗਵਾਨ੍॥੬॥

ਸ਼ਬਦਾਰਥ:- ਵਿਰਕ੍ਤ: ਵਿਸ਼ਯ-ਦ੍ਵੇਸ਼੍ਟਾ = ਵਿਰਕਤ ਹੈ ਵਿਸ਼ਿਆਂ ਨਾਲ ਦੁਵੈਸ਼ ਕਰਨ ਵਾਲਾ। ਰਾਗੀ ਵਿਸ਼ਯ-ਲੋਲੁਪ: = ਰਾਗੀ ਹੈ ਵਿਸ਼ਿਆਂ ਦਾ ਲੋਭੀ। ਗ੍ਰਹ ਮੋਕ੍ਸ਼ ਵਿਹੀਨ: ਤੁ = ਗ੍ਰਹਿਣ ਤਿਆਗ ਰਹਿਤ ਪਰੰਤੂ। ਨ ਵਿਰਕ੍ਤ: ਨ ਰਾਗਵਾਨ੍ = ਨਾ ਵਿਰਕਤ ਹੈ ਨਾ ਰਾਗੀ।

ਸ਼ਲੋਕਾਰਥ:- ਵਿਸ਼ਿਆਂ ਨਾਲ ਦੁਵੈਸ਼ ਕਰਨ ਵਾਲਾ ਵਿਰਕਤ ਹੈ, ਵਿਸ਼ਿਆਂ ਦਾ ਲੋਭੀ ਰਾਗੀ ਹੈ। ਪਰੰਤੂ ਗ੍ਰਹਿਣ-ਤਿਆਗ ਰਹਿਤ (ਵਿਅਕਤੀ) ਨਾ ਵਿਰਕਤ ਹੈ ਨਾ ਰਾਗੀ।

ਭਾਵਾਰਥ:- ਰਾਗ ਦੁਵੈਸ਼, ਦੋਸਤੀ ਦੁਸ਼ਮਣੀ, ਸੁਖ ਦੁੱਖ ਆਦਿ ਕਿਸੇ ਸਿੱਕੇ ਦੇ ਦੋ ਪਾਸੇ ਹਨ ਅਤੇ ਸਦਾ ਇੱਕ ਦੂਜੇ ਦੇ ਪਿੱਛੇ ਲੁਕੇ ਹੁੰਦੇ ਹਨ। ਇਹ ਉਸ ਵਿਅਕਤੀ ਵਿੱਚ ਪਾਏ ਜਾਂਦੇ ਹਨ ਜੋ ਦਵੈਤ ਭਾਵ ਵਿੱਚ ਜੀਅ ਰਿਹਾ ਹੈ ਪਰੰਤੂ ਜਿਸ ਦੀ ਨਿਸ਼ਠਾ ਹੈ ਕਿ ***"ਪ੍ਰਭ ਬਿਨਾ ਨਾਹੀ ਹੋਰੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੭)**

ਪਰਮਾਤਮਾ ਤੋਂ ਬਿਨਾ ਹੋਰ ਕੋਈ ਸੱਤਾ ਹੈ ਹੀ ਨਹੀਂ ਅਤੇ *"ਖਾਲਿਕੁ ਖਲਕ ਖਲਕ ਮਹਿ ਖਾਲਿਕੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਕਬੀਰ ਜੀਉ; ਅੰਗ ੧੩੫੦) ਸਾਰੀ ਸ੍ਰਿਸ਼ਟੀ ਪਰਮਾਤਮਾ ਵਿੱਚ ਹੈ ਅਰਥਾਤ ਮੇਰੇ ਵਿੱਚ ਹੈ ਕਿਉਂਕਿ *"ਨਾਮੇ ਨਾਰਾਇਨ ਨਾਹੀ ਭੇਦੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਨਾਮਦੇਉ ਜੀਉ; ਅੰਗ ੧੧੬੬) ਪਰਮਾਤਮਾ ਅਤੇ ਸਵੈ ਵਿੱਚ ਕੋਈ ਅੰਤਰ ਨਹੀਂ, ਉਹ ਸਭਨਾਂ ਪ੍ਰਤੀ ਨਿਰਲੇਪ ਹੈ, *"ਨਾ ਇਸੁ ਦੁਸਮਨੁ ਨਾ ਇਸੁ ਮੀਤੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਕਿਸੇ ਪ੍ਰਤੀ ਦੁਵੈਸ਼ ਨਹੀਂ ਨਾ ਹੀ ਕਿਸੇ ਨਾਲ ਪਿਆਰ ਹੈ। ਉਸ ਲਈ ਕੁਝ ਵੀ ਛੱਡਣ ਜਾਂ ਗ੍ਰਹਿਣ ਕਰਨ ਦਾ ਪ੍ਰਸ਼ਨ ਕੋਈ ਅਰਥ ਨਹੀਂ ਰੱਖਦਾ। ਉਹ ਜੀਵਨ ਮੁਕਤ ਹੈ *"ਨਾ ਸੰਸਾਰੀ ਨਾ ਅਉਧੂਤ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੫੩) ਨਾ ਗ੍ਰਹਿਣ ਤਿਆਗ ਵਾਲਾ ਸੰਸਾਰੀ, ਨਾ ਹੀ ਸਭ ਕੁਝ ਛੱਡ ਚੁੱਕਣ ਵਾਲਾ ਵਿਰਕਤ।

हेयोपादेयता तावत् संसारविटपांकुरः।
स्पृहा जीवति यावद्वै निर्विचारदशास्पदम्।।७।।

ਹੇਯੋਪਾਦੇਯਤਾ ਤਾਵਤ੍ ਸੰਸਾਰਵਿਟਪਾਂਕੁਰ:।
ਸ੍ਪ੍ਰਿਹਾ ਜੀਵਤਿ ਯਾਵਦ੍ਵੈ ਨਿਰਵਿਚਾਰਦਸ਼ਾਸ੍ਪਦਮ੍॥੭॥

ਸ਼ਬਦਾਰਥ:- ਹੇਯ-ਉਪਾਦੇਯਤਾ ਤਾਵਤ੍ = ਤਿਆਗਣ-ਗ੍ਰਹਿਣ ਯੋਗ ਦੀ ਭਾਵਨਾ ਤਦ ਤੱਕ। ਸੰਸਾਰ ਵਿਟਪ ਅੰਕੁਰ: = ਸੰਸਾਰ ਰੂਪੀ ਬਿਰਖ ਦਾ ਅੰਕੁਰ। ਸ੍ਪ੍ਰਿਹਾ ਜੀਵਤਿ ਯਾਵਤ੍ = ਤ੍ਰਿਸ਼ਨਾ ਜੀਵਿਤ ਹੈ ਜਦ ਤੱਕ। ਵੈ ਨਿਰਵਿਚਾਰ-ਦਸ਼ਾਸ੍ਪਦਮ੍ = ਨਿਸ਼ਚਿਤ ਰੂਪ ਵਿੱਚ ਵਿਵੇਕਹੀਨ ਦਸ਼ਾ।

ਸ਼ਲੋਕਾਰਥ:- ਜਦ ਤੱਕ ਤ੍ਰਿਸ਼ਨਾ, ਜੋ ਸੰਸਾਰ ਬਿਰਖ ਦਾ ਅੰਕੁਰ ਹੈ, ਜੀਵਿਤ ਹੈ, ਤਦ ਤੱਕ ਤਿਆਗਣ ਯੋਗ ਜਾਂ ਗ੍ਰਹਿਣ ਕਰਨ ਯੋਗ ਦੀ ਭਾਵਨਾ ਬਣੀ ਰਹਿੰਦੀ ਹੈ। ਨਿਸ਼ਚਿਤ ਰੂਪ ਵਿੱਚ ਇਹ ਵਿਵੇਕਹੀਨ ਦਸ਼ਾ ਹੈ।

ਭਾਵਾਰਥ:- ਵਿਵੇਕਹੀਨ ਵਿਅਕਤੀ *"ਤ੍ਰਿਸਨਾ ਰਾਚਿ ਤਤੁ ਨਹੀ ਬੀਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੫) ਤ੍ਰਿਸ਼ਨਾ ਗ੍ਰਸਤ ਹੋਣ ਕਰਕੇ ਸੰਸਾਰ ਦਾ ਸਾਰ ਤੱਤ ਨਹੀਂ ਪਛਾਣਦਾ ਕਿਉਂਕਿ *"ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੮੭੬) ਲੋਭੀ ਮਨ ਥਿਰ ਨਹੀਂ ਰਹਿੰਦਾ ਅਤੇ ਚਾਰ ਚੁਫੇਰੇ ਉਨ੍ਹਾਂ ਤਿਆਗਣ ਯੋਗ ਜਾਂ ਗ੍ਰਹਿਣ ਕਰਨ ਯੋਗ ਪਦਾਰਥਾਂ ਨੂੰ ਖੋਜਦਾ ਹੈ ਜਿਨ੍ਹਾਂ ਨਾਲ ਉਸ ਦੀ ਤ੍ਰਿਸ਼ਨਾ ਸ਼ਾਂਤ ਹੋ ਸਕੇ ਪਰੰਤੂ *"ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੫) ਤ੍ਰਿਸ਼ਨਾ ਭੁੱਖ ਉਤਰਦੀ ਨਹੀਂ ਅਤੇ ਵਿਅਕਤੀ ਦੁਖੀ ਹੋ ਕੇ ਭਟਕਦਾ ਰਹਿੰਦਾ ਹੈ। ਇਹ ਭਾਵ ਤਦ ਤੱਕ ਰਹਿੰਦਾ ਹੈ ਜਦ ਤੱਕ ਤ੍ਰਿਸ਼ਨਾ ਜੀਵਿਤ ਰਹਿੰਦੀ ਹੈ। ਇਹ ਭਾਵਨਾ ਹੀ ਸੰਸਾਰ ਬਿਰਖ

ਦਾ ਬੀਜ ਹੈ। ਵਿਵੇਕਸ਼ੀਲ ਇਸ ਭਾਵ ਵਿੱਚ ਰਹਿੰਦਾ ਹੈ ਕਿ *"ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੬੧) ਜੋ ਵੀ ਹੈ, ਮਿਟ ਜਾਣ ਵਾਲਾ ਹੈ ਜਿਸ ਕਰਕੇ ਉਸ ਦੇ ਮਨ ਵਿੱਚ ਨਾ ਮੋਹ ਅਰਥਾਤ ਕੁਝ ਗ੍ਰਹਿਣ ਕਰਨ ਦੀ ਇੱਛਾ, ਨਾ ਦੁਵੈਸ਼ ਅਰਥਾਤ ਤਿਆਗ ਦਾ ਭਾਵ ਹੁੰਦਾ ਹੈ, *"ਸਭ ਕੈ ਮਧਿ ਅਲਿਪਤੋ ਰਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸੰਸਾਰ ਵਿੱਚ ਸਭ ਤੋਂ ਨਿਰਲੇਪ ਰਹਿ ਕੇ ਵਿਚਰਦਾ ਹੈ।

प्रवृत्तौ जायते रागो निवृत्तौ द्वेष एव हि।
निर्द्वन्द्वो बालवद्धीमानेवमेव व्यवस्थितः॥८॥

ਪ੍ਰਵ੍ਰਿੱਤੌ ਜਾਯਤੇ ਰਾਗੋ ਨਿਵ੍ਰਿੱਤੌ ਦ੍ਵੇਸ਼ ਏਵ ਹਿ।
ਨਿਰਦ੍ਵੰਦ੍ਵੋ ਬਾਲਵੱਧੀਮਾਨੇਵਮੇਵ ਵਿਅਵਸ੍ਥਿਤ:॥੮॥

ਸ਼ਬਦਾਰਥ:- ਪ੍ਰਵ੍ਰਿੱਤੌ ਜਾਯਤੇ ਰਾਗ: = ਪ੍ਰਵਿਰਤੀ ਵਿੱਚ ਉਪਜਦਾ ਹੈ ਰਾਗ। ਨਿਵ੍ਰਿੱਤੌ ਦ੍ਵੇਸ਼ ਏਵ ਹਿ = ਨਿਵਿਰਤੀ ਵਿੱਚ ਨਿਸ਼ਚੇ ਹੀ ਦੁਵੈਸ਼। ਨਿਰਦ੍ਵੰਦ੍ਵ: ਬਾਲਵਤ੍ = ਦਵੰਦ ਰਹਿਤ ਬਾਲਕ ਦੀ ਤਰ੍ਹਾਂ। ਧੀਮਾਨ ਏਵਮ੍ ਏਵ ਵਿਅਵਸ੍ਥਿਤ: = ਬੁੱਧੀਮਾਨ ਇਸ ਤਰ੍ਹਾਂ ਹੀ ਸਥਿਤ ਹੈ।

ਸ਼ਲੋਕਾਰਥ:- ਪ੍ਰਵਿਰਤੀ ਵਿੱਚ ਰਾਗ ਉਪਜਦਾ ਹੈ ਅਤੇ ਨਿਵਿਰਤੀ ਵਿੱਚ ਨਿਸ਼ਚੇ ਹੀ ਦੁਵੈਸ਼। ਬੁੱਧੀਮਾਨ ਇੱਕ ਬਾਲਕ ਵਾਂਗ ਦਵੰਦ ਰਹਿਤ (ਭਾਵ ਵਿੱਚ), ਜੋ ਹੈ ਉਸੇ ਵਿੱਚ ਸਥਿਤ ਰਹਿੰਦਾ ਹੈ।

ਭਾਵਾਰਥ:- *"ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਹਸਕ੍ਰਿਤੀ ਮ: ੫; ਅੰਗ ੧੩੫੫) ਪ੍ਰਵਿਰਤੀ ਮਾਰਗ ਵਿਨਾਸ਼ ਵੱਲ ਲਿਜਾਂਦਾ ਹੈ ਕਿਉਂਕਿ ਇਸ ਵਿੱਚ ਮੋਹ/ਰਾਗ ਉਪਜਦਾ ਹੈ ਅਤੇ *"ਮੋਹ ਬਿਆਪੇ ਕਿਛੁ ਸੂਝੈ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੯) ਮੋਹ ਗ੍ਰਸਤ ਵਿਅਕਤੀ ਦੀ ਸੂਝ ਬੂਝ ਖ਼ਤਮ ਹੋ ਜਾਂਦੀ ਹੈ। ਨਿਵਿਰਤੀ ਮਾਰਗ ਸੰਸਾਰ ਨੂੰ ਤਿਆਗਣ ਦਾ ਮਾਰਗ ਹੈ ਅਤੇ ਤਿਆਗਿਆ ਉਹ ਹੀ ਜਾਂਦਾ ਹੈ, ਜੋ ਚੰਗਾ ਨਹੀਂ ਲੱਗਦਾ। ਇਹ ਦੁਵੈਸ਼ ਦੀ ਨਿਸ਼ਾਨੀ ਹੈ। ਰਾਗ ਦੁਵੈਸ਼ ਦੇ ਦਵੰਦ ਵਿੱਚ ਹੀ ਇੱਕ ਸਧਾਰਨ ਸੰਸਾਰੀ ਦੀ ਜੀਵਨ ਯਾਤਰਾ ਚਲਦੀ ਹੈ। ਬੁੱਧੀਮਾਨ ਵਿਅਕਤੀ *"ਪਰਵਿਰਤੀ ਨਰਵਿਰਤਿ ਪਛਾਣੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੭) ਦੋਹਾਂ ਮਾਰਗਾਂ ਨੂੰ ਤਾਂ ਪਛਾਣਦਾ ਹੈ ਪਰ ਇੱਕ ਬਾਲਕ ਦੀ ਤਰ੍ਹਾਂ ਇਨ੍ਹਾਂ ਦਵੰਦਾਂ ਤੋਂ ਮੁਕਤ ਇਸ ਭਾਵ ਵਿੱਚ ਵਿਚਰਦਾ ਹੈ ਕਿ *"ਜਹ ਰਾਖੈ ਸੋਈ ਸੁਖ ਥਾਨਾ॥ ਸਹਜੇ ਹੋਇ ਸੋਈ ਭਲ ਮਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੭) ਜਿਸ ਪਰਿਸਥਿਤੀ ਵਿੱਚ ਉਸ ਨੂੰ ਰੱਖਿਆ ਗਿਆ ਹੈ, ਉਸੇ ਵਿੱਚ ਉਹ ਸੰਤੁਸ਼ਟ ਹੈ ਅਤੇ ਜੋ ਸਹਿਜ ਭਾਵ ਵਿੱਚ ਵਰਤ ਰਿਹਾ ਹੈ, ਉਹ ਹੀ ਉਸ ਵਾਸਤੇ ਉੱਤਮ ਹੈ।

हातुमिच्छति संसारं रागी दुःखजिहासया।
वीतरागो हि निर्दुःखस्तस्मिन्नपि न खिद्यति॥९॥
ਹਾਤੁਮਿੱਛਤਿ ਸੰਸਾਰੰ ਰਾਗੀ ਦੁ:ਖਜਿਹਾਸਯਾ।
ਵੀਤਰਾਗੋ ਹਿ ਨਿਰਦੁ:ਖਸ੍ਤਸ੍ਮਿੰਨਪਿ ਨ ਖਿਦਿਅਤੇ॥੯॥

ਸ਼ਬਦਾਰਥ:- ਹਾਤੁਮ੍ ਇੱਛਤਿ ਸੰਸਾਰੰ ਰਾਗੀ ਦੁ:ਖ-ਜਿਹਾਸਯਾ = ਤਿਆਗਣਾ ਚਾਹੁੰਦਾ ਹੈ ਸੰਸਾਰ ਨੂੰ ਰਾਗੀ ਦੁੱਖ ਤੋਂ ਬਚਣ ਲਈ। ਵੀਤਰਾਗ: = ਰਾਗ-ਦੁਵੈਸ਼ ਤੋਂ ਪਰ੍ਹੇ। ਹਿ ਨਿਰਦੁ:ਖ: = ਨਿਸ਼ਚੇ ਹੀ ਦੁੱਖ ਮੁਕਤ। ਤਸ੍ਮਿਨ੍ ਅਪਿ ਨ ਖਿਦਿਅਤੇ = ਉਸ ਵਿੱਚ ਵੀ ਨਹੀਂ ਖੇਦ ਕਰਦਾ।

ਸ਼ਲੋਕਾਰਥ:- ਰਾਗੀ, ਦੁੱਖ ਤੋਂ ਬਚਣ ਲਈ ਸੰਸਾਰ ਨੂੰ ਤਿਆਗਣਾ ਚਾਹੁੰਦਾ ਹੈ। ਜੋ ਰਾਗ-ਦੁਵੈਸ਼ ਤੋਂ ਪਰ੍ਹੇ ਹੈ, ਉਹ ਨਿਸ਼ਚੇ ਹੀ ਦੁੱਖ ਮੁਕਤ ਹੈ। ਉਹ ਉਸ ਵਿੱਚ ਵੀ ਅਰਥਾਤ ਸੰਸਾਰ ਵਿੱਚ ਵੀ ਖੇਦ ਨੂੰ ਪ੍ਰਾਪਤ ਨਹੀਂ ਹੁੰਦਾ।

ਭਾਵਾਰਥ:- ਸੰਸਾਰ ਵਿੱਚ ਰਾਗ ਦਾ ਅਰਥ ਹੈ ਵਿਸ਼ਿਆਂ ਵਿੱਚ ਰਾਗ ਕਿਉਂਕਿ *"ਸੰਸਾਰੁ ਬਿਖਿਆ ਕੂਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੩੮) ਸੰਸਾਰ ਵਿਸ਼ਿਆਂ ਦਾ ਖੂਹ ਹੈ ਅਤੇ *"ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੯) ਵਿਸ਼ਿਆਂ ਦਾ ਰਾਗੀ ਦੁੱਖ ਵਿੱਚ ਹੀ ਸਮਾਇਆ ਰਹਿੰਦਾ ਹੈ। ਦੁੱਖਾਂ ਤੋਂ ਘਬਰਾ ਕੇ ਵਿਸ਼ਈ ਕਈ ਵਾਰੀ ਸੰਸਾਰ ਨੂੰ ਛੱਡਣਾ ਚਾਹੁੰਦਾ ਹੈ ਪਰ ਜਿਹੜਾ ਰਾਗ-ਦੁਵੈਸ਼ ਤੋਂ ਪਰ੍ਹੇ ਹੈ, ਉਹ ਨਿਸ਼ਚੇ ਹੀ ਦੁੱਖ ਤੋਂ ਵੀ ਪਰ੍ਹੇ ਹੈ ਅਤੇ ਸੰਸਾਰ ਤੋਂ ਭੱਜਦਾ ਨਹੀਂ ਕਿਉਂਕਿ *"ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ॥ ਨਾ ਇਸੁ ਹਰਖੁ ਨਹੀ ਇਸੁ ਸੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਉਹ ਸੰਸਾਰ ਦੀ ਸਰਦੀ-ਗਰਮੀ, ਦੁਸ਼ਮਣੀ-ਦੋਸਤੀ, ਖ਼ੁਸ਼ੀ-ਗ਼ਮੀ ਆਦਿ ਸਭ ਭਾਵਾਂ ਤੋਂ ਅਛੂਤਾ ਰਹਿੰਦਾ ਹੈ ਅਤੇ ਸੰਸਾਰ ਵਿੱਚ ਇਸ ਤਰ੍ਹਾਂ ਵਿਚਰਦਾ ਹੈ *"ਜੈਸੇ ਜਲ ਮਹਿ ਕਮਲ ਅਲੇਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਜਿਵੇਂ ਜਲ ਵਿੱਚ ਰਹਿੰਦਾ ਹੋਇਆ ਵੀ ਕਮਲ, ਜਲ ਤੋਂ ਅਛੂਤਾ ਰਹਿੰਦਾ ਹੈ।

यस्याभिमानो मोक्षेऽपि देहेऽपि ममता तथा।
न च योगी न वा ज्ञानी केवलं दुःखभागसौ॥१०॥
ਯਸਿਆਭਿਮਾਨੋ ਮੋਕ੍ਸ਼ੇऽਪਿ ਦੇਹੇऽਪਿ ਮਮਤਾ ਤਥਾ।
ਨ ਚ ਯੋਗੀ ਨ ਵਾ ਗਿਆਨੀ ਕੇਵਲੰ ਦੁ:ਖਭਾਗਸੌ॥੧੦॥

ਸ਼ਬਦਾਰਥ:- ਯਸਿਅ ਅਭਿਮਾਨ: ਮੋਕ੍ਸ਼ੇ ਅਪਿ = ਜਿਸ ਦਾ ਹਉਮੈ-ਭਾਵ ਮੋਕਸ਼ (ਪ੍ਰਾਪਤੀ) ਵਿੱਚ ਵੀ ਹੈ। ਦੇਹੇ ਅਪਿ ਮਮਤਾ ਤਥਾ = ਦੇਹ ਵਿੱਚ ਵੀ ਮੇਰਾਪਣ ਅਤੇ। ਨ ਚ ਯੋਗੀ ਨ ਵਾ ਗਿਆਨੀ = ਨਹੀਂ ਯੋਗੀ ਨਾ ਹੀ ਗਿਆਨੀ। ਕੇਵਲੰ

ਦੁ:ਖਭਾਕ੍ ਅਸੌ = ਕੇਵਲ ਦੁੱਖ ਦਾ ਭਾਗੀ ਉਹ।

ਸ਼ਲੋਕਾਰਥ:- ਜਿਸ ਦਾ ਮੋਕਸ਼-ਪ੍ਰਾਪਤੀ ਵਿੱਚ ਹਉਮੈ ਭਾਵ ਹੈ ਅਤੇ ਸਰੀਰ ਵਿੱਚ ਵੀ ਮੇਰਾਪਣ ਦਾ ਭਾਵ ਹੈ, ਉਹ ਨਾ ਯੋਗੀ ਹੈ ਨਾ ਗਿਆਨੀ। ਉਹ ਕੇਵਲ ਦੁੱਖ ਦਾ ਭਾਗੀਦਾਰ ਹੈ।

ਭਾਵਾਰਥ:- ਜਿਹੜਾ ਵਿਅਕਤੀ ਧਾਰਮਿਕ ਗ੍ਰੰਥਾਂ ਤੋਂ ਗਿਆਨ ਲੈ ਕੇ ਇਸ ਅਹੰਕਾਰ ਵਿੱਚ ਜੀਉਣ ਲੱਗ ਜਾਂਦਾ ਹੈ ਕਿ ਮੈਂ ਮੋਖ-ਪ੍ਰਾਪਤੀ ਦਾ ਅਧਿਕਾਰੀ ਹੋ ਗਿਆ ਹਾਂ, ਉਹ ਗਿਆਨੀ ਨਹੀਂ ਗਿਣਿਆ ਜਾ ਸਕਦਾ ਕਿਉਂਕਿ ਗਿਆਨੀ ਨੂੰ ਗਿਆਨ ਹੁੰਦਾ ਹੈ ਕਿ ***"ਸਰਬ ਕੀ ਰੇਣ ਹੋਵੀਜੈ॥ ਆਪੁ ਮਿਟਾਇ ਮਿਲੀਜੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੯੬) ਸਭ ਦੇ ਚਰਨਾਂ ਦੀ ਧੂੜ ਬਣ ਕੇ, ਹਉਮੈ ਮਿਟਾ ਕੇ ਹੀ ਮੋਖ ਮਿਲਦਾ ਹੈ। ਗਿਆਨੀ ਜਾਣਦਾ ਹੈ ਕਿ ***"ਇਹੁ ਸਰੀਰੁ ਮਾਇਆ ਕਾ ਪੁਤਲਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੧) ਸਰੀਰ ਮਾਇਆ ਦੀ ਖੇਡ ਹੈ ਅਤੇ ਝੂਠ ਹੈ ਪਰੰਤੂ ਅਗਿਆਨੀ ***"ਝੂਠਾ ਤਨੁ ਸਾਚਾ ਕਰਿ ਮਾਨਿਓ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਮਿਥਿਆ ਦੇਹ ਨੂੰ ਸੱਚੀ ਸਮਝਦਾ ਹੈ ਅਤੇ ਇਹ ਵੀ ਮੰਨਦਾ ਹੈ ਕਿ ***"ਮੇਰਾ ਤਨੁ ਅਰੁ ਧਨੁ ਮੇਰਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੪੭) ਸਰੀਰ ਅਤੇ ਧਨ ਮੇਰੇ ਹਨ। ਇਸ ਦੇ ਉਲਟ ਗਿਆਨੀ ਉਹ ਹੈ ***"ਆਪਨ ਤਨੁ ਨਹੀ ਜਾ ਕੋ ਗਰਬਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੭) ਜਿਸ ਦਾ ਆਪਣੇ ਸਰੀਰ ਵਿੱਚ ਕੋਈ ਆਪਣਾਪਣ ਨਹੀਂ। ਉਸ ਦਾ ਵਿਸ਼ਵਾਸ ਹੈ ਕਿ ***"ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੩) ਤਨ ਮਨ ਸਭ ਪਰਮਾਤਮਾ ਦੇ ਹਨ। ਦੇਹ ਵਿੱਚ ਮਮਤਾ ਰੱਖਣ ਵਾਲਾ ਗਿਆਨੀ ਨਹੀਂ ਹੋ ਸਕਦਾ। ਉਹ ਜੋਗੀ ਵੀ ਨਹੀਂ ਕਿਉਂਕਿ ***"ਜੋਗੀ ਜੁਗਤਿ ਸਹਜ ਘਰਿ ਵਾਸੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੮੭੯) ਜੋਗੀ ਆਪਣੇ ਸਹਿਜ ਸਰੂਪ ਵਿੱਚ ਰਹਿੰਦਾ ਹੈ, ਦੇਹ ਤੋਂ ਬੇਖ਼ਬਰ। ਨਿਸ਼ਚੇ ਹੀ, ਆਪਣੇ ਆਪ ਨੂੰ ਮੁਕਤੀ ਦਾ ਅਧਿਕਾਰੀ ਮੰਨਣ ਵਾਲਾ ਅਤੇ ਦੇਹ ਵਿੱਚ ਮਮਤਾ ਰੱਖਣ ਵਾਲਾ, ਨਾ ਗਿਆਨੀ ਹੈ ਨਾ ਜੋਗੀ, ਉਹ ਸੰਸਾਰ ਦੇ ਦੁੱਖ-ਸੁਖ ਭੋਗਣ ਵਾਲਾ ਸਧਾਰਨ ਸੰਸਾਰੀ ਹੈ।

हरो यद्युपदेष्टा ते हरिः कमलजोऽपि वा।
तथापि न तव स्वास्थ्यं सर्वविस्मरणादृते॥११॥

ਹਰੋ ਯਦਿਉਪਦੇਸ਼ਟਾ ਤੇ ਹਰਿ: ਕਮਲਜੋऽਪਿ ਵਾ।
ਤਥਾਪਿ ਨ ਤਵ ਸ੍ਵਾਸ੍ਥਿਅੰ ਸਰਵਵਿਸ੍ਮਰਣਾਦ੍ਰਿਤੇ॥੧੧॥

ਸ਼ਬਦਾਰਥ:- ਹਰ: ਯਦਿ ਉਪਦੇਸ਼ਟਾ ਤੇ = ਸ਼ਿਵ ਜੀ ਜੇ ਉਪਦੇਸ਼ਕ ਹੋਵੇ ਤੇਰਾ। ਹਰਿ: ਕਮਲਜ: ਅਪਿ ਵਾ = ਵਿਸ਼ਨੂ, ਕਮਲ 'ਚੋਂ ਪੈਦਾ ਹੋਇਆ (ਬ੍ਰਹਮਾ)

ਜਾਂ। ਤਥਾ ਅਪਿ ਨ ਤਵ ਸੁਵਾਸ੍ਥਿਅੰ = ਫਿਰ ਵੀ ਨਹੀਂ ਤੇਰੀ ਸਵੈ ਵਿੱਚ ਸਥਿਤੀ।
ਸਰਵ ਵਿਸ੍ਮਰਣਾਤ੍ ਰਿਤੇ = ਸਭ ਵਿਸਮਰਣ ਕੀਤੇ ਬਿਨਾ।

ਸ਼ਲੋਕਾਰਥ:- ਭਾਵੇਂ ਬ੍ਰਹਮਾ, ਵਿਸ਼ਨੂ ਜਾਂ ਮਹੇਸ਼ ਵੀ ਤੇਰੇ ਉਪਦੇਸ਼ਕ ਹੋਣ, ਫਿਰ ਵੀ, ਸਭ ਭੁੱਲਣ ਤੋਂ ਬਿਨਾ ਤੇਰੀ ਸਥਿਤੀ ਸਵੈ ਵਿੱਚ ਨਹੀਂ ਹੋ ਸਕਦੀ।

ਭਾਵਾਰਥ:- ਜਿਸ ਉਪਦੇਸ਼ ਨਾਲ ਇਸ ਅਧਿਆਇ ਦਾ ਅਰੰਭ ਕੀਤਾ ਸੀ, ਉਸੇ ਨਾਲ ਇਸ ਦੀ ਸਮਾਪਤੀ ਕਰ ਰਹੇ ਹਨ। ਪਹਿਲੇ ਸ਼ਲੋਕ ਵਿੱਚ ਕਿਹਾ ਸੀ ਕਿ ਜਦ ਤੱਕ ਧਰਮ ਗ੍ਰੰਥਾਂ ਤੋਂ ਪ੍ਰਾਪਤ ਕੀਤੇ ਹੋਏ ਕਿਤਾਬੀ ਗਿਆਨ ਨੂੰ ਨਹੀਂ ਭੁੱਲੇਂਗਾ, ਤੇਰੀ ਨਿਜ ਘਰ ਵਿੱਚ ਸਥਿਤੀ ਨਹੀਂ ਹੋਣੀ। ਹੁਣ ਵੀ ਉਸੇ ਗੱਲ ਨੂੰ ਦੁਹਰਾਇਆ ਹੈ।

"ਕਰਮ ਧਰਮ ਸਭਿ ਹਉਮੈ ਫੈਲੁ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੦) ਕਰਮ ਕਾਂਡ ਸਭ ਹਉਮੈ ਵਧਾਉਂਦੇ ਹਨ ਅਤੇ ***"ਹਉਮੈ ਮੈਲਾ ਇਹੁ ਸੰਸਾਰਾ॥ ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੩੦) ਸੰਸਾਰ ਨੂੰ ਹਉਮੈ ਮੈਲ ਲੱਗੀ ਹੋਈ ਹੈ ਜੋ ਤੀਰਥ ਨਹਾਉਣ ਨਾਲ ਜਾਂਦੀ ਨਹੀਂ। ਮਨ ਰੂਪੀ ਭਾਂਡਾ ਕਿਤਾਬੀ ਗਿਆਨ ਤੋਂ ਉਪਜੇ ਹੰਕਾਰ ਨਾਲ ਮੈਲਾ ਹੋਇਆ ਹੋਇਆ ਹੈ। ਇਹ ***"ਭਾਂਡਾ ਧੋਇ ਬੈਸਿ ਧੂਪੁ ਦੇਵਹੁ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੧; ਅੰਗ ੭੨੮) ਭਾਂਡਾ ਧੋ ਕੇ ਪਵਿੱਤਰ ਕਰੋ ਭਾਵ ਕਿਤਾਬੀ ਧਰਮ-ਗਿਆਨ ਨੂੰ ਮਨ ਵਿੱਚੋਂ ਕੱਢੋ ਅਤੇ ***"ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੮) ਪਿਆਰ ਨਾਲ ਭਾਂਡੇ ਨੂੰ ਨਾਮ-ਅੰਮ੍ਰਿਤ ਨਾਲ ਭਰੋ। ਇਸ ਤਰ੍ਹਾਂ ***"ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੭) ਨਿਜ ਘਰ ਵਿੱਚ ਸਥਿਤ ਹੋ ਕੇ, ਨਾਮ-ਅੰਮ੍ਰਿਤ-ਰਸ ਪੀਓ ਤਾਂ ਸਰੂਪ ਮਹਲ ਦਾ ਸੁਖ ਭੋਗ ਸਕੋਗੇ, ਨਹੀਂ ਤਾਂ ਬ੍ਰਹਮਾ, ਵਿਸ਼ਨੂ, ਮਹੇਸ਼ ਵਰਗੇ ਵੱਡੇ ਤੋਂ ਵੱਡੇ ਗੁਰੂ ਦੇ ਉਪਦੇਸ਼ ਨਾਲ ਵੀ ਆਤਮ ਸਰੂਪ ਵਿੱਚ ਸਥਿਤ ਨਹੀਂ ਹੋ ਸਕੋਗੇ ਕਿਉਂਕਿ ਤੁਹਾਡੀ ਜਾਣਕਾਰੀ ਦੀਆਂ ਤਰੰਗਾਂ ਮਨ ਨੂੰ ਟਿਕਣ ਨਹੀਂ ਦੇਣਗੀਆਂ।

◆◆◆

ਸਤਾਰ੍ਹਵਾਂ ਅਧਿਆਇ

ਅਸਲੀ ਗਿਆਨੀ।

अष्टावक्र उवाच।

तेन ज्ञानफलं प्राप्तं योगाभ्यासफलं तथा।
तृप्तः स्वच्छेन्द्रियो नित्यमेकाकी रमते तु यः॥१॥

ਅਸ਼ਟਾਵਕ੍ਰ ਉਵਾਚ।

ਤੇਨ ਗਿਆਨਫਲੰ ਪ੍ਰਾਪ੍ਤੰ ਯੋਗਾਭਿਆਸਫਲੰ ਤਥਾ।
ਤ੍ਰਿਪ੍ਤ: ਸ੍ਵੱਛੇਂਦ੍ਰਿਯੋ ਨਿਤਿਅਮੇਕਾਕੀ ਰਮਤੇ ਤੁ ਯ:॥੧॥

ਸ਼ਬਦਾਰਥ:- ਅਸ਼ਟਾਵਕ੍ਰ ਉਵਾਚ = ਅਸ਼ਟਾਵਕ੍ਰ ਨੇ ਕਿਹਾ। ਤੇਨ ਗਿਆਨ ਫਲੰ ਪ੍ਰਾਪ੍ਤੰ = ਉਨ੍ਹਾਂ ਦੁਆਰਾ ਗਿਆਨ ਫਲ ਪ੍ਰਾਪਤ ਕੀਤਾ ਗਿਆ ਹੈ। ਯੋਗਾਭਿਆਸ ਫਲੰ ਤਥਾ = ਯੋਗ ਅਭਿਆਸ ਦਾ ਫਲ ਵੀ। ਤ੍ਰਿਪ੍ਤ: ਸ੍ਵੱਛ ਇੰਦ੍ਰਿਯ: = ਸੰਤੁਸ਼ਟ ਸ਼ੁੱਧ ਇੰਦ੍ਰੀਆਂ ਵਾਲਾ। ਨਿਤਿਅੰ ਏਕਾਕੀ ਰਮਤੇ ਤੁ ਯ: = ਸਦਾ ਇਕਾਂਤ ਵਿੱਚ ਰਮਣ ਕਰਦਾ ਹੈ ਜੋ।

ਸ਼ਲੋਕਾਰਥ:- ਜੋ ਸੰਤੁਸ਼ਟ ਹੈ, ਜਿਸ ਦੀਆਂ ਇੰਦ੍ਰੀਆਂ ਸ਼ੁੱਧ ਹਨ, ਸਦਾ ਇਕਾਂਤ ਵਿੱਚ ਰਮਣ ਕਰਦਾ ਹੈ, ਉਸ ਨੂੰ ਗਿਆਨ ਦਾ ਅਤੇ ਯੋਗ-ਅਭਿਆਸ ਦਾ ਫ਼ਲ ਪ੍ਰਾਪਤ ਹੋ ਗਿਆ ਹੈ।

ਭਾਵਾਰਥ:- "*ਗਿਆਨੀਆ ਕਾ ਧਨੁ ਨਾਮੁ ਹੈ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੮੨) ਗਿਆਨੀ ਕੋਲ ਕੇਵਲ ਨਾਮ-ਧਨ ਹੁੰਦਾ ਹੈ ਅਤੇ "*ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੫; ਅੰਗ ੬੮੦) ਜਿਸ ਕੋਲ ਨਾਮ-ਧਨ ਹੈ ਉਹ ਹੀ ਪੂਰਾ ਸ਼ਾਹੂਕਾਰ ਹੈ ਕਿਉਂਕਿ ਨਾਮ-ਰਸ "*ਜਿਨ ਪੀਆ ਤੇ ਤ੍ਰਿਪਤ ਭਏ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੧; ਅੰਗ ੫੫੭) ਜਿਨ੍ਹਾਂ ਵੀ ਪੀਤਾ ਹੈ ਉਹ ਤ੍ਰਿਪਤ ਹੋ ਗਏ ਹਨ। ਉਸ ਦੇ ਮੁਕਾਬਲੇ "*ਹੋਰਿ ਸਾਦ ਸਭਿ ਫਿਕਿਆ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਹੋਰ ਸਾਰੇ ਰਸ ਫਿੱਕੇ ਲੱਗਦੇ ਹਨ। ਗਿਆਨੀ ਵੈਸੇ ਵੀ ਸੰਤੁਸ਼ਟ ਰਹਿੰਦਾ ਹੈ ਕਿਉਂਕਿ ਉਹ ਮੰਨਦਾ ਹੈ ਕਿ "*ਜੋ ਕਿਛੁ ਹੋਆ ਸੁ ਤੇਰਾ ਭਾਣਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਕਬੀਰ ਜੀਉ; ਅੰਗ ੧੩੪੯) ਜੋ ਵੀ ਹੁੰਦਾ ਹੈ, ਉਹ ਪਰਮਾਤਮਾ ਦੀ ਰਜ਼ਾ ਹੈ ਅਤੇ "*ਭਾਣਾ ਮੰਨੇ ਸਦਾ ਸੁਖੁ ਹੋਇ॥*" (ਸ੍ਰੀ ਗੁਰੂ ਗ੍ਰੰਥ

ਸਾਹਿਬ, ਆਸਾ ਮ: ੩; ਅੰਗ ੩੬੪) ਭਾਣਾ ਮੰਨਣ ਵਿੱਚ ਹੀ ਸੁਖ ਹੈ। ਗਿਆਨੀ ਦੀਆਂ ਇੰਦ੍ਰੀਆਂ ਵੀ ਸ਼ੁੱਧ ਰਹਿੰਦੀਆਂ ਹਨ ਕਿਉਂਕਿ *"ਗਿਆਨ ਕਾ ਬਧਾ ਮਨੁ ਰਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੬੯) ਗਿਆਨ ਕਾਰਨ ਮਨ ਬੱਝਾ ਰਹਿੰਦਾ ਹੈ, ਭਟਕਦਾ ਨਹੀਂ ਜਿਸ ਕਰਕੇ ਇੰਦ੍ਰੀਆਂ ਕਾਬੂ ਵਿੱਚ ਰਹਿੰਦੀਆਂ ਹਨ, ਵਿਸ਼ਿਆਂ ਪਿੱਛੇ ਦੌੜਦੀਆਂ ਨਹੀਂ। ਗਿਆਨੀ ਨੂੰ ਗਿਆਨ ਹੈ ਕਿ *"ਜੀਉ ਏਕੁ ਅਰੁ ਸਗਲ ਸਰੀਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੩੦) ਸਾਰੇ ਸਰੀਰਾਂ ਵਿੱਚ ਇੱਕ ਹੀ ਅਰਥਾਤ ਉਸ ਦੀ ਹੀ ਆਤਮਾ ਹੈ ਜਿਸ ਕਰਕੇ ਉਹ ਸੰਸਾਰ ਵਿੱਚ ਇਸ ਮਸਤੀ ਵਿੱਚ ਵਿਚਰਦਾ ਹੈ ਕਿ ਉਹ ਇਕੱਲਾ ਹੈ। ਜੋਗ-ਅਭਿਆਸੀ *"ਸਦਾ ਅਲਿਪਤੁ ਜੋਗ ਅਰੁ ਜੁਗਤੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੧) ਪਰਮਾਤਮਾ ਨਾਲ ਜੁੜੇ ਰਹਿਣ ਕਰਕੇ ਨਿਰਲੇਪ ਵਿਚਰਦੇ ਹਨ, *"ਹਰਖ ਸੋਗ ਦੁਹਹੂੰ ਤੇ ਮੁਕਤੇ॥"* (ਅੰਗ ੧੯੧) ਨਾ ਖ਼ੁਸ਼ ਹੁੰਦੇ ਹਨ ਨਾ ਉਦਾਸ ਅਰਥਾਤ ਹਰ ਹਾਲਤ ਵਿੱਚ ਸੰਤੁਸ਼ਟ ਅਤੇ *"ਦੀਸਹਿ ਸਭ ਮਹਿ ਸਭ ਤੇ ਰਹਤੇ॥"* (ਅੰਗ ੧੯੧) ਸਭ ਵਿੱਚ ਵਿਚਰਦੇ ਹੋਏ ਸਭ ਤੋਂ ਵੱਖਰੇ, ਇਕੱਲੇ ਦਿੱਸਦੇ ਹਨ। ਇਸੇ ਕਰਕੇ ਅਸ਼ਟਾਵਕ੍ਰ ਜੀ ਕਹਿ ਰਹੇ ਹਨ ਕਿ ਜਿਸ ਨੂੰ ਗਿਆਨ ਅਤੇ ਜੋਗ ਅਭਿਆਸ ਦਾ ਫ਼ਲ ਪ੍ਰਾਪਤ ਹੋ ਜਾਂਦਾ ਹੈ, ਉਹ ਇਕਾਂਤ-ਪ੍ਰੇਮੀ, ਤ੍ਰਿਪਤ ਅਤੇ ਸ਼ੁੱਧ ਇੰਦ੍ਰੀਆਂ ਵਾਲਾ ਹੋ ਜਾਂਦਾ ਹੈ।

न कदाचिज्जगत्यस्मिन् तत्त्वज्ञो हन्त खिद्यति।
यत एकेन तेनेदं पूर्णम् ब्रह्माण्डमण्डलम्॥२॥

ਨ ਕਦਾਚਿੱਜਗਤਿਅਸ੍ਮਿਨ੍ ਤੱਤ੍ਵਗਿਓ ਹੰਤ ਖਿਦਿਅਤਿ।
ਯਤ ਏਕੇਨ ਤੇਨੇਦੰ ਪੂਰ੍ਣਮ੍ ਬ੍ਰਹ੍ਮਾਂਡਮੰਡਲਮ੍॥੨॥

ਸ਼ਬਦਾਰਥ:- ਨ ਕਦਾਚਿਤ੍ ਜਗਤਿ ਅਸ੍ਮਿਨ੍ ਤੱਤ੍ਵਗਿਅ: ਹੰਤ ਖਿਦਿਅਤਿ = ਨਹੀਂ ਕਦੀ ਜਗਤ ਇਸ ਵਿੱਚ ਤੱਤ-ਗਿਆਨੀ ਹੇ ਪਿਆਰੇ! ਖੇਦ ਨੂੰ ਪ੍ਰਾਪਤ ਹੁੰਦਾ। ਯਤ: ਏਕੇਨ ਤੇਨ ਇਦੰ ਪੂਰਣੰ ਬ੍ਰਹਮਾਂਡਮੰਡਲਮ੍ = ਕਿਉਂਕਿ ਇੱਕ ਉਸ ਦੁਆਰਾ ਇਹ ਪੂਰਿਆ ਹੋਇਆ ਹੈ ਬ੍ਰਹਿਮੰਡ ਮੰਡਲ।

ਸ਼ਲੋਕਾਰਥ:- ਹੇ ਪਿਆਰੇ! ਇਸ ਜਗਤ ਵਿੱਚ ਤੱਤ ਗਿਆਨੀ ਕਦੀ ਵੀ ਖੇਦ ਨੂੰ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਉਸ ਇਕੱਲੇ ਦੁਆਰਾ ਇਹ ਬ੍ਰਹਿਮੰਡ ਮੰਡਲ ਪੂਰਿਆ ਹੋਇਆ ਹੈ।

ਭਾਵਾਰਥ:- ਖੇਦ ਦੀ ਸੰਭਾਵਨਾ ਉੱਥੇ ਹੁੰਦੀ ਹੈ ਜਿੱਥੇ ਕੋਈ ਦੂਜਾ ਵੀ ਹੋਵੇ ਕਿਉਂਕਿ *"ਦੂਜੈ ਭਾਇ ਘਣਾ ਦੁਖੁ ਆਗੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੨) ਦੂਜੇ ਭਾਵ ਵਿੱਚ ਦੁੱਖ ਹੁੰਦਾ ਹੈ। ਤੱਤ ਗਿਆਨੀ *"ਦੂਜਾ ਮੇਟੈ ਏਕੋ ਹੋਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੩) ਦਵੈਤ ਭਾਵ ਛੱਡ ਕੇ ਅਦਵੈਤ ਵਿੱਚ ਸਥਿਤ

ਰਹਿੰਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਸਵੈ ਪੂਰਨ ਪਰਮਾਤਮਾ ਦਾ ਅੰਸ਼ ਹੈ ਅਤੇ *"ਪੂਰਨ ਪੂਰਿ ਰਹਿਓ ਸੰਪੂਰਨ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੨੨) ਉਸ ਪੂਰਨ ਨੇ ਪੂਰੇ ਬ੍ਰਹਿਮੰਡ ਨੂੰ ਪੂਰ ਰੱਖਿਆ ਹੈ ਅਤੇ ਉਸ *"ਏਕਸ ਤੇ ਦੂਜਾ ਨਾਹੀ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੪੨) ਇੱਕ ਤੋਂ ਸਿਵਾ ਦੂਜਾ ਕੋਈ ਹੈ ਹੀ ਨਹੀਂ। ਪੂਰਨ ਦਾ ਅੰਸ਼ ਵੀ ਪੂਰਨ ਹੁੰਦਾ ਹੈ ਜਿਸ ਕਰਕੇ ਸਵੈ ਵੀ ਪੂਰਨ ਹੈ ਜਿਸ ਦੁਆਰਾ ਸਾਰਾ ਬ੍ਰਹਿਮੰਡ ਪਰਿਪੂਰਨ ਹੋ ਰਿਹਾ ਹੈ। ਇਸ ਤਰ੍ਹਾਂ ਉਹ ਦੂਜੇ ਦੇ ਆਭਾਸ ਤੋਂ ਮੁਕਤ ਹੋ ਕੇ ਅਦਵੈਤ ਵਿੱਚ ਸਥਿਤ ਰਹਿੰਦਾ ਹੈ ਜਿੱਥੇ ਪ੍ਰੇਸ਼ਾਨੀ ਦੀ ਕੋਈ ਸੰਭਾਵਨਾ ਨਹੀਂ।

न जातु विषयाः केऽपि स्वरारामं हर्षयन्त्यमी।
सल्लकीपल्लवप्रीतमिवेभं निम्बपल्लवाः॥३॥

ਨ ਜਾਤੁ ਵਿਸ਼ਿਆ: ਕੇ਽ਪਿ ਸ੍ਵਰਾਰਾਮੰ ਹਰਸ਼ਯੰਤਿਅਮੀ।
ਸੱਲਕੀਪੱਲਵਪ੍ਰੀਤਮਿਵੇਭੰ ਨਿੰਬਪੱਲਵਾ:॥੩॥

ਸ਼ਬਦਾਰਥ:- ਨ ਜਾਤੁ ਵਿਸ਼ਿਆ: ਕੇ ਅਪਿ ਸ੍ਵਰਾਰਾਮੰ ਹਰਸ਼ਯੰਤਿ ਅਮੀ = ਨਹੀਂ ਕਦੀ ਵਿਸ਼ੇ ਕੋਈ ਵੀ, ਸਵੈ ਵਿੱਚ ਰਮਣ ਕਰਨ ਵਾਲੇ ਨੂੰ, ਖ਼ੁਸ਼ ਕਰਦੇ, ਇਹ। ਸੱਲਕੀ-ਪੱਲਵ-ਪ੍ਰੀਤਮੁ ਇਵ ਇਭੰ ਨਿੰਬ-ਪੱਲਵਾ: = ਸੱਲਕੀ ਦੇ (ਮਿੱਠੇ) ਪੱਤਿਆਂ ਨਾਲ ਖ਼ੁਸ਼ ਹੋਏ ਹਾਥੀ ਨੂੰ ਜਿਵੇਂ ਨਿੰਮ ਦੇ (ਕੌੜੇ) ਪੱਤੇ।

ਸ਼ਲੋਕਾਰਥ:- ਜਿਵੇਂ ਨਿੰਮ ਦੇ ਕੌੜੇ ਪੱਤੇ, ਸੱਲਕੀ ਦੇ ਮਿੱਠੇ ਪੱਤਿਆਂ ਨਾਲ ਖ਼ੁਸ਼ ਹੋਏ ਹਾਥੀ ਨੂੰ ਖ਼ੁਸ਼ ਨਹੀਂ ਕਰਦੇ, ਉਸੇ ਤਰ੍ਹਾਂ (ਸੰਸਾਰੀ) ਵਿਸ਼ੇ, ਸਵੈ ਵਿੱਚ ਰਮਣ ਕਰਨ ਵਾਲੇ ਨੂੰ ਖ਼ੁਸ਼ ਨਹੀਂ ਕਰਦੇ।

ਭਾਵਾਰਥ:- *"ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੨੧) ਜੋ ਸਵੈ ਨੂੰ ਪਛਾਣ ਲੈਂਦਾ ਹੈ, ਉਹ ਪਰਮਾਤਮ ਸਰੂਪ ਹੀ ਹੋ ਜਾਂਦਾ ਹੈ ਅਤੇ *"ਆਨਦ ਮੂਲੁ ਸਦਾ ਪੁਰਖੋਤਮੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੦) ਸਾਰੇ ਅਨੰਦਾਂ ਦਾ ਮੂਲ ਪਰਮਾਤਮਾ ਹੀ ਹੈ ਅਰਥਾਤ ਉਹ ਗਿਆਨੀ ਆਪ ਹੀ ਸਾਰੇ ਅਨੰਦਾਂ ਦਾ ਘਰ ਬਣ ਜਾਂਦਾ ਹੈ। ਇਸ ਤਰ੍ਹਾਂ ਦੇ ਗਿਆਨੀ ਨੂੰ, ਸਵੈ ਵਿੱਚ ਰਮਣ ਕਰਕੇ ਜੋ ਖ਼ੁਸ਼ੀ ਮਿਲਦੀ ਹੈ ਉਹ ਸੰਸਾਰ ਦੇ ਹੋਰ ਕਿਸੇ ਵਿਸ਼ੇ ਤੋਂ ਨਹੀਂ ਮਿਲ ਸਕਦੀ ਕਿਉਂਕਿ ਉਸ ਦੇ ਮੁਕਾਬਲੇ *"ਹੋਰਿ ਸਾਦ ਸਭਿ ਫਿਕਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਹੋਰ ਸਾਰੇ ਰਸ ਫਿੱਕੇ ਲੱਗਦੇ ਹਨ। ਇਹ ਇਸ ਤਰ੍ਹਾਂ ਹੀ ਹੈ ਜਿਵੇਂ ਸੱਲਕੀ ਵੇਲ ਦੇ ਮਿੱਠੇ ਪੱਤੇ ਖਾ ਕੇ ਖ਼ੁਸ਼ ਹੋਇਆ ਹੋਇਆ ਹਾਥੀ ਨਿੰਮ ਦੇ ਕੌੜੇ ਪੱਤੇ ਖਾ ਕੇ ਕਦੇ ਖ਼ੁਸ਼ ਨਹੀਂ ਹੁੰਦਾ।

यस्तु भोगेषु भुक्तेषु न भवत्यधिवासितः।

अभुक्तेषु निराकाङ्क्षी तादृशो भवदुर्लभः॥४॥
ਯਸ੍ਤੁ ਭੋਗੇਸ਼ੁ ਭੁਕ੍ਤੇਸ਼ੁ ਨ ਭਵਤਿਅਧਿਵਾਸਿਤ:।
ਅਭੁਕ੍ਤੇਸ਼ੁ ਨਿਰਾਕਾਂਕ੍ਸ਼ੀ ਤਾਦ੍ਰਿਸ਼ੋ ਭਵਦੁਰਲਭ:॥੪॥

ਸ਼ਬਦਾਰਥ:- ਯ: ਤੁ ਭੋਗੇਸ਼ੁ ਭੁਕ੍ਤੇਸ਼ੁ ਨ ਭਵਤਿ ਅਧਿਵਾਸਿਤ: = ਜੋ ਭੋਗੇ ਹੋਏ ਭੋਗਾਂ ਤੋਂ ਨਹੀਂ ਹੁੰਦਾ ਪ੍ਰਭਾਵਿਤ। ਅ-ਭੁਕ੍ਤੇਸ਼ੁ ਨਿਰਾਕਾਂਕ੍ਸ਼ੀ = ਅਣਭੋਗਿਆਂ ਲਈ ਅਕਾਂਕਸ਼ਾ-ਰਹਿਤ। ਤਾਦ੍ਰਿਸ਼: ਭਵ-ਦੁਰਲਭ: = ਉਸ ਜਿਹਾ ਸੰਸਾਰ ਵਿੱਚ ਦੁਰਲੱਭ ਹੈ।

ਸ਼ਲੋਕਾਰਥ:- ਅਜਿਹਾ ਵਿਅਕਤੀ ਸੰਸਾਰ ਵਿੱਚ ਦੁਰਲੱਭ ਹੈ ਜੋ ਭੋਗੇ ਹੋਏ ਵਿਸ਼ਿਆਂ ਤੋਂ ਪ੍ਰਭਾਵਿਤ ਨਹੀਂ ਹੁੰਦਾ ਭਾਵ ਉਨ੍ਹਾਂ ਨੂੰ ਦੁਬਾਰਾ ਭੋਗਣ ਦੀ ਲੋਚਾ ਨਹੀਂ ਰੱਖਦਾ ਅਤੇ ਜਿਸ ਵਿੱਚ ਅਣਭੋਗੇ ਵਿਸ਼ਿਆਂ ਨੂੰ ਭੋਗਣ ਦੀ ਅਕਾਂਕਸ਼ਾ ਵੀ ਨਹੀਂ।

ਭਾਵਾਰਥ:- ਹਰ ਭੋਗਿਆ ਹੋਇਆ ਵਿਸ਼ਾ ਮਨੁੱਖ ਦੇ ਮਨਸ-ਪਟਲ ਉੱਤੇ ਇੱਕ ਛਾਪ ਛੱਡ ਜਾਂਦਾ ਹੈ ਜੋ ਉਸ ਨੂੰ ਉਸ ਵਿਸ਼ੇ ਨੂੰ ਦੁਬਾਰਾ ਭੋਗਣ ਜਾਂ ਨਾ ਭੋਗਣ ਲਈ ਪ੍ਰੇਰਿਤ ਰੱਖਦੀ ਹੈ। ਅਣਭੋਗੇ ਵਿਸ਼ੇ ਨੂੰ ਭੋਗਣ ਦੀ ਤਾਂਘ ਵੀ ਕੁਦਰਤੀ ਹੈ। ਇੱਕ ਸਧਾਰਨ ਸੰਸਾਰੀ ਤੋਂ ***"ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੫)** ਵਿਸ਼ਿਆਂ ਦੀ ਵਾਸ਼ਨਾ ਛੱਡੀ ਨਹੀਂ ਜਾਂਦੀ। ਇਸ ***"ਤਿਸਨਾ ਅਗਨਿ ਜਲੈ ਸੰਸਾਰਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੦)** ਤ੍ਰਿਸ਼ਨਾ ਦੀ ਅੱਗ ਵਿੱਚ ਸੰਸਾਰ ਦੁਖੀ ਰਹਿੰਦਾ ਹੈ ਕਿਉਂਕਿ ***"ਬਿਖਿਆ ਕਦੇ ਹੀ ਰਜੈ ਨਾਹੀ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੮੭)** ਭੋਗ ਭੋਗਣ ਦੀ ਭੁੱਖ ਕਦੀ ਨਹੀਂ ਮਿਟਦੀ। ਇਸ ਕਰਕੇ ਸੰਸਾਰ ਵਿੱਚ ***"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩)** ਕਿਸੇ ਵਿਰਲੇ ਦੀ ਹੀ ਤ੍ਰਿਸ਼ਨਾ ਸ਼ਾਂਤ ਹੋ ਚੁੱਕੀ ਹੁੰਦੀ ਹੈ ਜੋ ***"ਬਿਖਿਆ ਮਾਹਿ ਉਦਾਸ ਹੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੫੨)** ਵਿਸ਼ਿਆਂ ਨੂੰ ਭੋਗਦਾ ਹੋਇਆ ਵੀ ਉਨ੍ਹਾਂ ਤੋਂ ਨਿਰਲੇਪ ਰਹਿੰਦਾ ਹੈ ਅਤੇ ਇਸ ਭਾਵ ਵਿੱਚ ਵਿਚਰਦਾ ਹੈ ਕਿ ***"ਜੋ ਦੇਵੈ ਸੋ ਖਾਵਣਾ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੧; ਅੰਗ ੪੮੯)** ਪ੍ਰਭੂ ਜੋ ਭੋਗ ਦੇਂਦਾ ਹੈ, ਬਿਨਾ ਆਪਣੀ ਕੋਈ ਇੱਛਾ ਅਣਿੱਛਾ ਮਨ ਵਿੱਚ ਰੱਖ ਕੇ, ਉਸੇ ਨੂੰ ਭੋਗਣਾ ਹੈ। ਅਜਿਹਾ ਵਿਅਕਤੀ ਸੰਸਾਰ ਵਿੱਚ ਦੁਰਲੱਭ ਹੈ।

बुभुक्षुरिह संसारे मुमुक्षुरपि दृश्यते।
भोगमोक्षनिराकांक्षी विरलो हि महाशयः॥५॥
ਬੁਭੁਕ੍ਸ਼ੁਰਿਹ ਸੰਸਾਰੇ ਮੁਮੁਕ੍ਸ਼ੁਰਪਿ ਦ੍ਰਿਸ਼ਿਅਤੇ।
ਭੋਗਮੋਕ੍ਸ਼ਨਿਰਕਾਂਕ੍ਸ਼ੀ ਵਿਰਲੋ ਹਿ ਮਹਾਸ਼ਯ:॥੫॥

ਸ਼ਬਦਾਰਥ:- ਬੁਭੁਕ੍ਸ਼: ਇਹ ਸੰਸਾਰੇ ਮੁਮੁਕ੍ਸ਼ੁ: ਅਪਿ ਦ੍ਰਿਸ਼ਿਅਤੇ = ਭੋਗ ਦੀ

ਇੱਛਾ ਵਾਲੇ, ਇਸ ਸੰਸਾਰ ਵਿੱਚ, ਮੋਖ ਚਾਹੁਣ ਵਾਲੇ ਭੀ, ਦਿੱਸਦੇ ਹਨ। ਭੋਗ-ਮੋਕ੍ਸ਼-ਨਿਰਕਾਂਕ੍ਸ਼ੀ ਵਿਰਲ: ਹਿ ਮਹਾਸ਼ਯ: = ਭੋਗ-ਮੋਖ ਦੀ ਇੱਛਾ ਰਹਿਤ, ਵਿਰਲਾ ਪਰੰਤੂ ਮਹਾਂ ਪੁਰਖ।

ਸ਼ਲੋਕਾਰਥ:- ਇਸ ਸੰਸਾਰ ਵਿੱਚ ਭੋਗ ਭੋਗਣ ਦਾ ਇੱਛਕ ਅਤੇ ਮੋਖ ਪ੍ਰਾਪਤੀ ਦਾ ਇੱਛਕ ਵੀ ਦਿੱਸਦਾ ਹੈ ਪਰੰਤੂ ਭੋਗ ਮੁਕਤੀ ਦੋਹਾਂ ਦੀ ਇੱਛਾ ਤੋਂ ਰਹਿਤ ਮਹਾਂ ਪੁਰਸ਼ ਕੋਈ ਵਿਰਲਾ ਹੀ ਹੈ।

ਭਾਵਾਰਥ:- ਸੰਸਾਰ ਵਿੱਚ ਅਜਿਹਾ ਮਨੁੱਖ ਦਿੱਸਦਾ ਹੈ ਜੋ ***"ਨਿਸ ਬਾਸੁਰ ਬਿਖਿਅਨ ਕਉ ਧਾਵਤ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੯; ਅੰਗ ੬੩੨) ਦਿਨ ਰਾਤ ਵਿਸ਼ੇ ਭੋਗਣ ਲਈ ਉਤਾਵਲਾ ਰਹਿੰਦਾ ਹੈ। ***"ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੯; ਅੰਗ ੬੩੧) ਉਹ ਮੁਕਤੀ ਦੀ ਰਾਹ ਜਾਣਦਾ ਹੀ ਨਹੀਂ ਅਤੇ ਧਨ ਇਕੱਠਾ ਕਰਨ ਵਿੱਚ ਲੱਗਾ ਰਹਿੰਦਾ ਹੈ। ***"ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੪੩) ਮੁਕਤ ਮਨੁੱਖ ਵੀ ਲੱਭ ਜਾਂਦੇ ਹਨ ਜਿਨ੍ਹਾਂ ਸਤਿ-ਨਾਮ ਮਨ ਵਿੱਚ ਧਾਰਿਆ ਹੁੰਦਾ ਹੈ। ਕੋਈ ਜੀਵਨ ਮੁਕਤ ਵੀ ਹੈ ਅਤੇ ***"ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੯-੧੦) ਜੀਵਨ ਮੁਕਤ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿੱਚੋਂ ਹਉਮੈ ਜਾ ਚੁੱਕਾ ਹੈ ਕਿਉਂਕਿ ***"ਹਉਮੈ ਵਿਚਿ ਜੀਉ ਬੰਧੁ ਹੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੩; ਅੰਗ ੫੬੦) ਹਉਮੈ ਕਾਰਨ ਹੀ ਜੀਵ ਸੰਸਾਰ ਨਾਲ ਬੱਝਦਾ ਹੈ। ਹਉਮੈ ਹੀ ਵਿਅਕਤੀ ਵਿੱਚ ਇੱਛਾ ਪੈਦਾ ਕਰਦਾ ਹੈ ਅਤੇ ਇਸ ਦੀ ਅਣਹੋਂਦ ਵਿੱਚ ਕੋਈ ਇੱਛਾ ਪੈਦਾ ਹੀ ਨਹੀਂ ਹੁੰਦੀ, ਨਾ ਭੋਗ ਭੋਗਣ ਦੀ ਨਾ ਹੀ ਮੁਕਤ ਹੋਣ ਦੀ। ਇਸ ਤਰ੍ਹਾਂ ਦਾ ***"ਜੀਵਨ ਮੁਕਤੁ ਗੁਰਮੁਖਿ ਕੋ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੩੨) ਜੀਵਨ ਮੁਕਤ ਮਹਾਂ ਪੁਰਸ਼ ਕੋਈ ਵਿਰਲਾ ਹੀ ਹੁੰਦਾ ਹੈ।

धर्मार्थकाममोक्षेषु जीविते मरणे तथा।
कस्याप्युदारचित्तस्य हेयोपादेयता न हि॥६॥

ਧਰਮਾਰਥਕਾਮਮੋਕ੍ਸ਼ੇਸ਼ੁ ਜੀਵਿਤੇ ਮਰਣੇ ਤਥਾ।
ਕਸਿਆਪਿਉਦਾਰਚਿੱਤਸਿਅ ਹੇਯੋਪਾਦੇਯਤਾ ਨ ਹਿ॥੬॥

ਸ਼ਬਦਾਰਥ:- ਧਰਮ-ਅਰਥ-ਕਾਮ-ਮੋਕ੍ਸ਼ੇਸ਼ੁ ਜੀਵਿਤੇ ਮਰਣੇ ਤਥਾ = ਧਰਮ ਅਰਥ ਕਾਮ ਮੋਕਸ਼ ਪ੍ਰਤੀ, ਜਿਊਣ ਅਤੇ ਮਰਨ ਪ੍ਰਤੀ। ਕਸਿਅ ਅਪਿ ਉਦਾਰ-ਚਿੱਤਸਿਅ = ਕਿਸ ਵਿਸ਼ਾਲ ਹਿਰਦੇ ਦੀ। ਹੇਯ-ਉਪਾਦੇਯਤਾ ਨ ਹਿ = ਤਿਆਗ-ਗ੍ਰਹਿਣ-ਭਾਵਨਾ ਨਹੀਂ ਹੈ।

ਸ਼ਲੋਕਾਰਥ:- ਕਿਸ ਵਿਸ਼ਾਲ ਹਿਰਦੇ ਦੀ ਧਰਮ-ਅਰਥ-ਕਾਮ-ਮੋਕਸ਼ ਪ੍ਰਤੀ

ਅਤੇ ਜਿਊਣ-ਮਰਨ ਪ੍ਰਤੀ ਤਿਆਗ ਕਰਨ ਜਾਂ ਗ੍ਰਹਿਣ ਕਰਨ ਦੀ ਭਾਵਨਾ ਨਹੀਂ ਹੈ?

ਭਾਵਾਰਥ:- ਮਨੁੱਖ ਦੀ ਹਰ ਕਿਰਿਆ ਦਾ ਲਕਸ਼ ਧਰਮ, ਅਰਥ, ਕਾਮ, ਮੋਕਸ਼ ਵਿੱਚੋਂ ਕਿਸੇ ਇੱਕ ਜਾਂ ਬਹੁਤਿਆਂ ਦੀ ਪ੍ਰਾਪਤੀ ਹੁੰਦਾ ਹੈ ਪਰ ਹਰ ਅਰੰਭ ਵੇਲੇ ***"ਸੰਸਾ ਸਦ ਹਿਰਦੈ ਬਸੈ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਰਵਿਦਾਸ ਜੀਉ; ਅੰਗ ੩੪੬) ਮਨ ਵਿੱਚ ਇੱਕ ਦੁਬਿਧਾ ਜ਼ਰੂਰ ਰਹਿੰਦੀ ਹੈ ਕਿ ਕਰਾਂ ਜਾਂ ਨਾ। ਜਿੱਥੋਂ ਤੱਕ ਜਿਊਣ ਮਰਨ ਦਾ ਸੰਬੰਧ ਹੈ ***"ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੪; ਅੰਗ ੪੪੭) ਸੰਸਾਰ ਵਿੱਚ ਮਰਨਾ ਕਿਸੇ ਨੂੰ ਚੰਗਾ ਨਹੀਂ ਲੱਗਦਾ ਅਤੇ ਲੋਕੀਂ ਆਪਣਾ ਆਪ ਲੁਕਾਉਂਦੇ ਰਹਿੰਦੇ ਹਨ ਮਤਾਂ ਮੌਤ ਦਾ ਦੇਵਤਾ ਪਕੜ ਕੇ ਲੈ ਜਾਏ। ਇਹ ਜਾਣਦਾ ਹੋਇਆ ਕਿ ਸੰਸਾਰ ਮਿਥਿਆ ਹੈ ***"ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਬ੍ਰਹਮ ਗਿਆਨੀ ਹਰ ਸੰਸਾਰੀ ਕਿਰਿਆ ਵਿੱਚ ਅਲੇਪ ਰਹਿੰਦਾ ਹੈ ਜਿਵੇਂ ਜਲ ਵਿੱਚ ਰਹਿੰਦਾ ਕਮਲ ਭਿੱਜਦਾ ਨਹੀਂ। ਉਸ ਵਿੱਚ ਤਿਆਗ-ਗ੍ਰਹਿਣ ਦੀ ਭਾਵਨਾ ਨਹੀਂ ਹੁੰਦੀ। ਇਹ ਜਾਣਦਾ ਹੋਇਆ ਕਿ ਝੂਠੀ ***"ਦੇਹੀ ਹੋਵਗਿ ਖਾਕੁ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੧; ਅੰਗ ੭੫੨) ਦੇਹ ਦਾ ਮਿੱਟੀ ਹੋ ਜਾਣਾ ਮਿਥਿਆ ਹੀ ਹੋਇਆ ਹੈ, ਬ੍ਰਹਮ ਗਿਆਨੀ ਦੇਹ ਵਿੱਚ ਲਿਪਤ ਨਹੀਂ ਹੁੰਦਾ ਪਰ ਇਸ ਤਰ੍ਹਾਂ ਦਾ ਜੋ ***"ਜੀਵਣ ਮਰਣੁ ਕੋ ਸਮਸਰਿ ਵੇਖੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੭੯੮) ਜਿਊਣ ਮਰਨ ਨੂੰ ਇੱਕੋ ਜਿਹਾ ਸਮਝੇ, ਕੋਈ ਵਿਰਲਾ ਹੀ ਹੁੰਦਾ ਹੈ।

वाञ्छा न विश्वविलये न द्वेषस्तस्य च स्थितौ।
यथा जीविकया तस्माद्धन्य आस्ते यथासुखम्॥७॥
ਵਾਂਛਾ ਨ ਵਿਸ਼੍ਵਵਿਲਯੇ ਨ ਦ੍ਵੇਸ਼ਸ੍ਤਸਿਅ ਚ ਸ੍ਥਿਤੌ।
ਯਥਾ ਜੀਵਿਕਯਾ ਤਸ੍ਮਾਦ੍ਧਨਿਅ ਆਸ੍ਤੇ ਯਥਾਸੁਖਮ੍॥੭॥

ਸ਼ਬਦਾਰਥ:- ਵਾਂਛਾ ਨ ਵਿਸ਼੍ਵ ਵਿਲਯੇ = ਚਾਹਣਾ ਨਹੀਂ ਵਿਸ਼ਵ ਦੇ ਲੈਅ ਹੋਣ ਵਿੱਚ। ਨ ਦ੍ਵੇਸ਼: ਤਸਿਅ ਸ੍ਥਿਤੌ = ਨਾ ਰੋਸ ਉਸ ਦੀ ਸਥਿਤੀ ਵਿੱਚ। ਯਥਾ ਜੀਵਿਕਯਾ ਤਸ੍ਮਾਤ੍ ਧਨਿਅ: = ਯਥਾ ਪ੍ਰਾਪਤ ਆਜੀਵਿਕਾ ਵਿੱਚ ਸੰਤੁਸ਼ਟ। ਆਸ੍ਤੇ ਯਥਾਸੁਖਮ੍ = ਜਿਊਂਦਾ ਹੈ ਸੁਖ ਪੂਰਵਕ।

ਸ਼ਲੋਕਾਰਥ:- ਜਿਸ ਨੂੰ ਵਿਸ਼ਵ ਦੇ ਲੈਅ ਹੋਣ ਵਿੱਚ ਰੁਚੀ ਨਹੀਂ ਨਾ ਹੀ ਉਸ ਦੇ ਸਥਿਤ ਰਹਿਣ ਵਿੱਚ ਰੋਸ ਹੈ, ਉਹ ਯਥਾ ਪ੍ਰਾਪਤ ਆਜੀਵਿਕਾ ਵਿੱਚ ਸੰਤੁਸ਼ਟ, ਸੁਖੀ ਜੀਵਨ ਜਿਊਂਦਾ ਹੈ।

ਭਾਵਾਰਥ:- ***"ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ॥ ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਜਿਸ

ਨੇ ਹਉਮੈ ਤਜ ਕੇ ਰਾਮ ਨੂੰ, ਭਾਵ ਸਵੈ ਨੂੰ ਪਛਾਣ ਲਿਆ ਹੈ ਉਹ ਮੁਕਤ ਹੈ ਅਤੇ ਜੀਵਨ ਮੁਕਤ ਨੂੰ ਸੰਸਾਰ ਵਿਆਪਦਾ ਹੀ ਨਹੀਂ ਕਿਉਂਕਿ *"ਹਉਮੈ ਵਿਚਿ ਜਗੁ ਉਪਜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੬) ਹਉਮੈ ਕਾਰਨ ਹੀ ਜਗ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਦੇ ਜੀਵਨ ਮੁਕਤ ਲਈ ਸੰਸਾਰ ਦਾ ਲੈਅ ਹੋ ਜਾਣਾ ਜਾਂ ਕਾਇਮ ਰਹਿਣਾ ਕੋਈ ਅਰਥ ਨਹੀਂ ਰੱਖਦਾ। ਵੈਸੇ ਵੀ ਜਿਸ ਗਿਆਨੀ ਨੂੰ ਇਹ ਨਿਸ਼ਚਾ ਹੈ ਕਿ *"ਜਗ ਰਚਨਾ ਸਭ ਝੂਠ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਜਗ ਰਚਨਾ ਇੱਕ ਝੂਠ ਹੈ, ਇੱਕ ਵਹਿਮ ਹੈ, ਉਸ ਲਈ ਜਗਤ ਦਾ ਰਹਿਣਾ ਨਾ-ਰਹਿਣਾ ਅਰਥ ਹੀਨ ਹੈ। ਉਹ *"ਸਹਜ ਨਿਰੰਤਰਿ ਰਹਉ ਸਮਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪) ਸਦਾ ਸਹਿਜ ਵਿੱਚ ਸਥਿਤ ਰਹਿੰਦਾ ਹੈ। ਉਹ ਇਸ ਭਾਵਨਾ ਵਿੱਚ ਵਿਚਰਦਾ ਹੈ ਕਿ *"ਜੋ ਤੁਧੁ ਭਾਵੈ ਸਾਈ ਭਲੀ ਕਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੪) ਜੋ ਪ੍ਰਭੂ ਨੂੰ ਭਾਉਂਦਾ ਹੈ, ਉਹ ਹੀ ਸ਼ੁੱਭ ਹੈ ਅਤੇ *"ਭਾਣੇ ਤੇ ਸਭਿ ਸੁਖ ਪਾਵੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੧੦) ਯਥਾ ਪ੍ਰਾਪਤ ਵਿੱਚ ਸੁਖੀ ਜੀਵਨ ਜਿਊਂਦਾ ਹੈ।

कृतार्थोऽनेन ज्ञानेनेत्येवं गलितधीः कृती।
पश्यन् शृण्वन् स्पृशन् जिघ्रन्नश्नन्नास्ते यथासुखम्॥८॥
ਕ੍ਰਿਤਾਰਥੋऽਨੇਨ ਗਿਆਨੇਨੇਤਿਏਵੰ ਗਲਿਤਧੀ: ਕ੍ਰਿਤੀ।
ਪਸ਼ਿਅਨ੍ ਸ਼੍ਰਿਣ੍ਵਨ੍ ਸਿਪ੍ਰਸ਼ਨ੍ ਜਿਘ੍ਰੰਨਸ਼੍ਨੰਨਾਸ੍ਤੇ ਯਥਾਸੁਖਮ੍॥੮॥

ਸ਼ਬਦਾਰਥ:- ਕ੍ਰਿਤਾਰਥ: ਅਨੇਨ ਗਿਆਨੇਨ = ਕ੍ਰਿਤਾਰਥ ਹੋਇਆ ਹੋਇਆ ਇਸ ਗਿਆਨ ਨਾਲ। ਇਤਿ ਏਵੰ ਗਲਿਤ-ਧੀ: ਕ੍ਰਿਤੀ = ਇਸ ਤਰ੍ਹਾਂ ਲੀਨ ਬੁੱਧੀ ਵਾਲਾ ਸੰਤੁਸ਼ਟ। ਪਸ਼ਿਅਨ੍ ਸ਼੍ਰਿਣ੍ਵਨ੍ ਸਿਪ੍ਰਸ਼ਨ੍ ਜਿਘ੍ਰਨ੍ ਅਸ਼੍ਨਨ੍ ਆਸ੍ਤੇ ਯਥਾਸੁਖਮ੍ = ਵੇਖਦਾ ਹੋਇਆ, ਛੂੰਹਦਾ ਹੋਇਆ, ਸੁੰਘਦਾ ਹੋਇਆ, ਖਾਂਦਾ ਹੋਇਆ ਸੁਖੀ ਜੀਵਨ ਜਿਊਂਦਾ ਹੈ।

ਸ਼ਲੋਕਾਰਥ:- ਇਸ ਗਿਆਨ ਨਾਲ ਕ੍ਰਿਤਾਰਥ, ਇਸੇ ਵਿੱਚ ਲੀਨ ਬੁੱਧੀ ਵਾਲਾ ਸੰਤੁਸ਼ਟ ਮਨੁੱਖ, ਵੇਖਦਾ, ਛੂੰਹਦਾ, ਸੁੰਘਦਾ ਅਤੇ ਖਾਂਦਾ ਹੋਇਆ, ਸੁਖੀ ਜੀਵਨ ਜਿਊਂਦਾ ਹੈ।

ਭਾਵਾਰਥ:- *"ਜਿਨ ਸਚੁ ਜਾਤਾ ਸੇ ਸਚਿ ਸਮਾਣੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੧) ਜਿਸ ਨੂੰ ਸੱਚ ਦਾ ਗਿਆਨ ਹੋ ਜਾਂਦਾ ਹੈ ਉਹ ਉਸੇ ਵਿੱਚ ਸਮਾਇਆ ਰਹਿੰਦਾ ਹੈ। ਉਸ ਦੀ ਸੋਚ, ਉਸ ਦੀ ਬੁੱਧੀ ਉਸੇ ਵਿੱਚ ਲੀਨ ਰਹਿੰਦੀ ਹੈ। ਉਹ ਕ੍ਰਿਤਾਰਥ ਹੋ ਜਾਂਦਾ ਹੈ ਅਤੇ ਕੋਈ ਇੰਦ੍ਰਿਆਵੀ ਕਿਰਿਆ ਕਰਨ ਦੀ ਪ੍ਰੇਰਨਾ ਉਸ ਵਿੱਚ ਨਹੀਂ ਉਪਜਦੀ ਕਿਉਂਕਿ *"ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ॥"* (ਸ੍ਰੀ ਗੁਰੂ ਗ੍ਰੰਥ

ਸਾਹਿਬ, ਮਾਝ ਮ: ੩; ਅੰਗ ੧੧੩) ਸੱਚ ਨੂੰ ਜਾਣ ਲੈਣ ਵਾਲਾ ਸਹਿਜ ਹੋ ਜਾਂਦਾ ਹੈ। ਗਿਆਨੀ *"ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਸੰਸਾਰ ਨੂੰ ਸੁਪਨੇ ਅਤੇ ਡਰਾਮੇ ਵਾਂਗ ਜਾਣ ਕੇ *"ਸਗਲ ਸੰਗਿ ਆਤਮ ਉਦਾਸੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫) ਸਭਨਾਂ ਵਿੱਚ ਨਿਰਲੇਪ ਰਹਿੰਦਾ ਹੈ। ਸਰੀਰ ਦੀ ਹਰ ਕਿਰਿਆ ਨੂੰ ਨਿਰਲੇਪ ਸਾਖੀ ਭਾਵ ਨਾਲ ਵੇਖਦਾ ਹੈ ਅਤੇ ਇਸ ਨਿਸ਼ਚੇ ਕਾਰਨ ਨਿਸ਼ਚਿੰਤ ਹੋ ਕੇ ਕਿ *"ਜੋ ਤਿਸੁ ਭਾਣਾ ਸੋਈ ਹੂਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੪) ਜੋ ਪਰਮਾਤਮਾ ਨੂੰ ਭਾਉਂਦਾ ਹੈ, ਉਹ ਹੀ ਹੋ ਰਿਹਾ ਹੈ, ਸੁਖੀ ਜੀਵਨ ਜਿਊਂਦਾ ਹੈ।

शून्या दृष्टिर्वृथा चेष्टा विकलानीन्द्रियाणि च।
न स्पृहा न विरक्तिर्वा क्षीणसंसारसागरे।।९।।

ਸ਼ੂਨਿਆ ਦ੍ਰਿਸ਼ਟਿਰਵ੍ਰਿਥਾ ਚੇਸ਼ਟਾ ਵਿਕਲਾਨੀਂਦ੍ਰਿਆਣਿ ਚ।
ਨ ਸ੍ਰਿਪ੍ਰਹਾ ਨ ਵਿਰਕ੍ਤਿਰਵਾ ਕ੍ਸ਼ੀਣਸੰਸਾਰਸਾਗਰੇ॥੯॥

ਸ਼ਬਦਾਰਥ:- ਸ਼ੂਨਿਆ ਦ੍ਰਿਸ਼ਟਿ: = ਦ੍ਰਿਸ਼ਟੀ ਸ਼ੂਨਯ। ਵ੍ਰਿਥਾ ਚੇਸ਼ਟਾ = ਵਿਅਰਥ ਕੋਸ਼ਿਸ਼। ਵਿਕਲਾਨਿ ਇੰਦ੍ਰਿਆਣੀ ਚ = ਵਿਫਲ ਇੰਦ੍ਰੀਆਂ ਅਤੇ। ਨ ਸ੍ਰਿਪ੍ਰਹਾ ਨ ਵਿਰਕ੍ਤਿ: ਵਾ = ਨਾ ਇੱਛਾ ਨਾ ਵਿਰਕਤੀ ਹੀ। ਕ੍ਸ਼ੀਣ-ਸੰਸਾਰ-ਸਾਗਰੇ = ਖੀਣ ਹੋ ਚੁੱਕੇ ਸੰਸਾਰ ਸਾਗਰ ਵਾਲੇ ਵਿੱਚ।

ਸ਼ਲੋਕਾਰਥ:- ਜਿਸ ਵਿੱਚੋਂ ਸੰਸਾਰ ਸਾਗਰ ਖੀਣ ਹੋ ਚੁੱਕਾ ਹੈ ਉਸ ਵਿੱਚ ਨਾ ਇੱਛਾ ਹੁੰਦੀ ਹੈ ਨਾ ਵਿਰਕਤੀ।ਉਸ ਦੀ ਦ੍ਰਿਸ਼ਟੀ ਸ਼ੂਨਯ, ਕੋਸ਼ਿਸ਼ ਵਿਅਰਥ ਅਤੇ ਇੰਦ੍ਰੀਆਂ ਨਿਕੰਮੀਆਂ ਹੋ ਜਾਂਦੀਆਂ ਹਨ।

ਭਾਵਾਰਥ:- *"ਜੀਵਤ ਜੋ ਮਰੈ ਹਾਂ॥ ਦੁਤਰੁ ਸੋ ਤਰੈ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾਵਰੀ ਮ: ੫; ਅੰਗ ੪੧੦) ਜਿਹੜਾ ਜੀਂਦੇ ਜੀਅ ਮਰ ਜਾਂਦਾ ਹੈ, ਉਹ ਮੁਸ਼ਕਲ ਨਾਲ ਤਰੇ ਜਾ ਸਕਣ ਵਾਲੇ ਸੰਸਾਰ ਸਾਗਰ ਨੂੰ ਤਰ ਜਾਂਦਾ ਹੈ। ਜੀਂਦੇ ਜੀਅ ਮਰ ਜਾਣ ਦਾ ਮਤਲਬ ਹੈ ਹਉਮੈ ਦਾ ਤਿਆਗ ਜਿਸ ਨਾਲ ਸੰਸਾਰ ਖੀਣ ਹੋ ਜਾਂਦਾ ਹੈ ਕਿਉਂਕਿ *"ਹਉਮੈ ਮੋਹੁ ਉਪਜੈ ਸੰਸਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੭) ਹਉਮੈ ਤੋਂ ਹੀ ਸੰਸਾਰ ਉਪਜਦਾ ਹੈ। ਇਸ ਤਰ੍ਹਾਂ ਦੇ ਜੀਵਨ ਮੁਕਤ ਨੂੰ ਸੰਸਾਰ ਵਿੱਚ ਕੋਈ ਸਾਰ ਤੱਤ ਨਹੀਂ ਦਿੱਸਦਾ ਨਾ ਹੀ ਆਪਣੀ ਕਿਸੇ ਚੇਸ਼ਟਾ ਦੁਆਰਾ ਉਹ ਕੁਝ ਪ੍ਰਾਪਤ ਕਰਨਾ ਚਾਹੁੰਦਾ ਹੈ। ਉਹ *"ਇੰਦ੍ਰੀ ਵਸਿ ਸਚ ਸੰਜਮਿ ਜੁਗਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ੩; ਅੰਗ ੧੨੨) ਇੰਦ੍ਰੀਆਂ ਨੂੰ ਵੱਸ ਵਿੱਚ ਰੱਖ ਕੇ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ ਜਿਸ ਕਰਕੇ ਇੰਦ੍ਰੀਆਂ ਵਿਫਲ ਹੋ ਜਾਂਦੀਆਂ ਹਨ ਅਤੇ ਵਿਸ਼ਿਆਂ ਪਿੱਛੇ ਨਹੀਂ ਦੌੜਦੀਆਂ। ਉਹ ਜੀਵਨ ਮੁਕਤ *"ਨਾ ਸੰਸਾਰੀ ਨਾ ਅਉਧੂਤ॥"* (ਸ੍ਰੀ ਗੁਰੂ ਗ੍ਰੰਥ ਸਾਹਿਬ,

ਰਾਮਕਲੀ ਮ: ੧; ਅੰਗ ੯੫੩) ਨਾ ਸੰਸਾਰੀ ਹੁੰਦਾ ਹੈ ਜੋ ਇੱਛਾਵਾਂ ਨਾਲ ਭਰਿਆ ਹੁੰਦਾ ਹੈ, ਨਾ ਹੀ ਵਿਰਕਤ ਜੋ ਸੰਸਾਰ ਤੋਂ ਦੂਰ ਭੱਜਦਾ ਹੈ।

न जागर्ति न निद्राति नोन्मीलति न मीलति।
अहो परदशा क्वापि वर्तते मुक्तचेतसः॥१०॥

ਨ ਜਾਗਰਤਿ ਨ ਨਿਦ੍ਰਾਤਿ ਨੋਨ੍ਮੀਲਤਿ ਨ ਮੀਲਤਿ।
ਅਹੋ ਪਰਦਸ਼ਾ ਕ੍ਵਾਪਿ ਵਰਤਤੇ ਮੁਕ੍ਤਚੇਤਸ:॥੧੦॥

ਸ਼ਬਦਾਰਥ:- ਨ ਜਾਗਰਤਿ ਨ ਨਿਦ੍ਰਾਤਿ = ਨਾ ਜਾਗਦਾ ਹੈ ਨਾ ਸੌਂਦਾ ਹੈ। ਨ ਉਂਮੀਲਤਿ ਨ ਮੀਲਤਿ = ਨਾ ਅੱਖ ਖੋਲ੍ਹਦਾ ਹੈ ਨਾ ਮੀਟਦਾ ਹੈ। ਅਹ: = ਅਸ਼ਚਰਜ ਹੈ। ਪਰਦਸ਼ਾ ਕ੍ਵ ਅਪਿ ਵਰਤਤੇ ਮੁਕ੍ਤ ਚੇਤਸ: = ਪਰਮ ਦਸ਼ਾ, ਕਿਤੇ ਵੀ, ਰਹਿੰਦੀ ਹੈ, ਮੁਕਤ ਚਿੱਤ ਵਾਲੇ ਦੀ।

ਸ਼ਲੋਕਾਰਥ:- ਨਾ ਜਾਗਦਾ ਹੈ ਨਾ ਸੌਂਦਾ ਹੈ, ਨਾ ਅੱਖ ਖੋਲ੍ਹਦਾ ਹੈ ਨਾ ਮੀਟਦਾ ਹੈ। ਅਸਚਰਜ ਹੈ ਕਿ ਜੀਵਨ ਮੁਕਤ ਦੀ ਕਿਤੇ ਵੀ ਭਾਵ ਹਰ ਜਗ੍ਹਾ ਪਰਮ ਦਸ਼ਾ ਰਹਿੰਦੀ ਹੈ।

ਭਾਵਾਰਥ:- ਧਰਮ ਗ੍ਰੰਥ ਮਨੁੱਖ ਦੀਆਂ ***"ਤੀਨਿ ਅਵਸਥਾ ਕਹਹਿ ਵਖਿਆਨੁ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੪**) ਤਿੰਨ ਅਵਸਥਾਵਾਂ-ਜਾਗ੍ਰਤ, ਸੁਪਨ, ਸੁਖੁਪਤੀ (ਸੁਪਨੇ ਰਹਿਤ ਨੀਂਦ)-ਦਾ ਵਰਣਨ ਕਰਦੇ ਹਨ ਪਰ ਗਿਆਨੀ ਨਾ ਜਾਗਦਾ ਹੈ, ਨਾ ਅੱਖਾਂ ਖੋਲ੍ਹਦਾ-ਮੀਟਦਾ ਹੈ ਅਤੇ ਨਾ ਹੀ ਸੌਂਦਾ ਹੈ। ਉਹ ***"ਤੀਨਿ ਸਮਾਵੈ ਚਉਥੈ ਵਾਸਾ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੯**) ਤਿੰਨਾਂ ਅਵਸਥਾਵਾਂ ਤੋਂ ਪਾਰ, ਚੌਥੀ ਅਵਸਥਾ, ਤੁਰੀਆ ਵਿੱਚ ਵੱਸਦਾ ਹੈ। ***"ਜੀਵਨ ਮੁਕਤਿ ਗਤਿ ਅੰਤਰਿ ਪਾਈ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪**) ਜੀਵਨ ਮੁਕਤ ਨੂੰ ਇਹ ਅਵਸਥਾ ਉਸ ਦੇ ਅੰਦਰੋਂ ਮਿਲਦੀ ਹੈ ਜਿਸ ਕਰਕੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਹ ਹਰ ਜਗ੍ਹਾ ਇਸੇ ਪਰਮ ਦਸ਼ਾ ਵਿੱਚ ਰਹਿੰਦਾ ਹੈ।

सर्वत्र दृश्यते स्वस्थः सर्वत्र विमलाशयः।
समस्तवासनामुक्तो मुक्तः सर्वत्र राजते॥११॥

ਸਰਵਤ੍ਰ ਦ੍ਰਿਸ਼ਿਅਤੇ ਸੁਵਸੁਥ: ਸਰਵਤ੍ਰ ਵਿਮਲਾਸ਼ਯ:।
ਸਮਸੁਤਵਾਸਨਾਮੁਕ੍ਤੋ ਮੁਕ੍ਤ: ਸਰਵਤ੍ਰ ਰਾਜਤੇ॥੧੧॥

ਸ਼ਬਦਾਰਥ:- ਸਰਵਤ੍ਰ ਦ੍ਰਿਸ਼ਿਅਤੇ ਸੁਵ-ਸੁਥ: = ਹਰ ਥਾਂ ਦਿੱਸਦਾ ਹੈ ਸਵੈ ਵਿੱਚ ਸਥਿਤ। ਸਰਵਤ੍ਰ ਵਿਮਲਾਸ਼ਯ: = ਹਰ ਜਗ੍ਹਾ ਨਿਰਮਲ ਅੰਤਹਕਰਣ ਵਾਲਾ। ਸਮਸੁਤ ਵਾਸਨਾ ਮੁਕ੍ਤ: = ਸਾਰੀਆਂ ਵਾਸ਼ਨਾਵਾਂ ਰਹਿਤ। ਮੁਕ੍ਤ: ਸਰਵਤ੍ਰ ਰਾਜਤੇ = ਜੀਵਨ ਮੁਕਤ ਸਭ ਜਗ੍ਹਾ ਬਿਰਾਜਦਾ ਹੈ।

ਸ਼ਲੋਕਾਰਥ:- ਗਿਆਨੀ, ਸਭ ਜਗ੍ਹਾ ਸਵੈ ਵਿੱਚ ਸਥਿਤ, ਨਿਰਮਲ ਅੰਤਹਕਰਣ ਵਾਲਾ ਦਿੱਸਦਾ ਹੈ। ਉਹ ਸਾਰੀਆਂ ਵਾਸ਼ਨਾਵਾਂ ਰਹਿਤ, ਸਭਨੀ ਥਾਂਈਂ ਮੁਕਤ ਬਿਰਾਜਦਾ ਹੈ।

ਭਾਵਾਰਥ:- ਗਿਆਨੀ ਕਿਤੇ ਵੀ ਹੋਵੇ, ਉਹ ***"ਨਿਜ ਘਰਿ ਵਸੈ ਸਹਜਿ ਸੁਭਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਹਿਜ ਸੁਭਾਅ, ਸਵੈ ਵਿੱਚ ਸਥਿਤ ਰਹਿੰਦਾ ਹੈ। ***"ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੬) ਨਿਜ-ਅਨੰਦ ਵਿੱਚ ਰਹਿਣ ਕਰਕੇ ਮਨ ਵਿੱਚੋਂ ਸਭ ਵਾਸ਼ਨਾਵਾਂ ਦੀ ਭੁੱਖ ਮਿਟ ਜਾਂਦੀ ਹੈ ਕਿਉਂਕਿ ਆਤਮ-ਅਨੰਦ ਦੇ ਮੁਕਾਬਲੇ ***"ਹੋਰਿ ਸਾਦ ਸਭਿ ਫਿਕਿਆ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਹੋਰ ਸਭ ਸੁਖ ਫਿੱਕੇ ਲੱਗਦੇ ਹਨ। ਮਨ ਉੱਤੇ ਵਾਸ਼ਨਾਵਾਂ ਦੀ ਮੈਲ ਨਾ ਹੋਣ ਕਰਕੇ ***"ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਉਸ ਦਾ ਅੰਤਹਕਰਣ ਸਦਾ ਨਿਰਮਲ ਰਹਿੰਦਾ ਹੈ।

पश्यन् शृण्वन् स्पृशन् जिघ्रन्नश्नन् गृह्णन् वदन् व्रजन्।
ईहितानीहितैर्मुक्तो मुक्त एव महाशयः॥१२॥
ਪਸ਼ਿਅਨ੍ ਸ਼੍ਰਿਣ੍ਵਨ੍ ਸ੍ਪ੍ਰਿਸ਼ਨ੍ ਜਿਘਰੰਨਸ਼੍ਨਨ੍ ਗ੍ਰਿਹ੍ਣਨ੍ ਵਦਨ੍ ਵ੍ਰਜਨ੍।
ਈਹਿਤਾਨੀਹਿਤੈਰਮੁਕ੍ਤੋ ਮੁਕ੍ਤ ਏਵ ਮਹਾਸ਼ਯ:॥੧੨॥

ਸ਼ਬਦਾਰਥ:- ਪਸ਼ਿਅਨ੍ ਸ਼੍ਰਿਣ੍ਵਨ੍ ਸ੍ਪ੍ਰਿਸ਼ਨ੍ ਜਿਘ੍ਰਨ੍ ਅਸ਼੍ਨਨ੍ ਗ੍ਰਿਹ੍ਣਨ੍ ਵਦਨ੍ ਵ੍ਰਜਨ੍ = ਵੇਖਦਾ ਹੋਇਆ, ਸੁਣਦਾ ਹੋਇਆ, ਛੂੰਹਦਾ ਹੋਇਆ, ਸੁੰਘਦਾ ਹੋਇਆ, ਖਾਂਦਾ ਹੋਇਆ, ਪਕੜਦਾ ਹੋਇਆ, ਬੋਲਦਾ ਹੋਇਆ, ਜਾਂਦਾ ਹੋਇਆ। ਈਹਿਤਾਨੀਹਿਤੈ: ਮੁਕ੍ਤ: = ਜਤਨ ਨਿਰਜਤਨ ਰਹਿਤ। ਮੁਕ੍ਤ ਏਵ ਮਹਾਸ਼ਯ: = ਮੁਕਤ ਹੀ ਹੈ ਮਹਾਂ ਪੁਰਸ਼।

ਸ਼ਲੋਕਾਰਥ:- ਜਤਨ-ਨਿਰਜਤਨ ਰਹਿਤ ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ, ਪਕੜਦਾ, ਬੋਲਦਾ, ਜਾਂਦਾ ਹੋਇਆ ਮਹਾਂ ਪੁਰਸ਼ ਮੁਕਤ ਵਿਚਰਦਾ ਹੈ।

ਭਾਵਾਰਥ:- ਗਿਆਨੀ ***"ਸਹਜ ਨਿਰੰਤਰਿ ਰਹਉ ਸਮਾਏ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪) ਸਦਾ ਸਹਿਜ ਰਹਿੰਦਾ ਹੈ, ਕੁਝ ਕਰਨ ਜਾਂ ਨਾ ਕਰਨ ਲਈ ਜਤਨ ਨਹੀਂ ਕਰਦਾ। ਸੰਸਾਰ ਵਿੱਚ ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ, ਪਕੜਦਾ, ਬੋਲਦਾ, ਜਾਂਦਾ ਹੋਇਆ ਅਰਥਾਤ ਸਭ ਕੁਝ ਕਰਦਾ ਹੋਇਆ ਵੀ ***"ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੪) ਬਾਹਰੋਂ ਉਸ ਦਾ ਸਭ ਨਾਲ ਉਚਿਤ ਵਿਹਾਰ ਦਿੱਸਦਾ ਹੈ ਪਰ ਅੰਦਰੋਂ, ਜਲ ਵਿੱਚ ਕਮਲ ਵਾਂਗ ਉਹ ਸਦਾ ਨਿਰਲੇਪ ਰਹਿੰਦਾ ਹੈ।

न निन्दति न च स्तौति न हृष्यति न कुप्यति।
न ददाति न गृह्णाति मुक्तः सर्वत्र नीरसः॥१३॥

ਨ ਨਿੰਦਤਿ ਨ ਚ ਸ੍ਤੌਤਿ ਨ ਹ੍ਰਿਸ਼ਿਅਤਿ ਨ ਕੁਪਿਅਤਿ।
ਨ ਦਦਾਤਿ ਨ ਗ੍ਰਿਹ੍ਣਾਤਿ ਮੁਕ੍ਤ: ਸਰਵਤ੍ਰ ਨੀਰਸ:॥੧੩॥

ਸ਼ਬਦਾਰਥ:- ਨ ਨਿੰਦਤਿ ਨ ਚ ਸ੍ਤੌਤਿ ਨ ਹ੍ਰਿਸ਼ਿਅਤਿ ਨ ਕੁਪਿਅਤਿ ਨ ਦਦਾਤਿ ਨ ਗ੍ਰਿਹ੍ਣਾਤਿ = ਨਾ ਨਿੰਦਾ ਕਰਦਾ ਹੈ ਅਤੇ ਨਾ ਉਸਤਤ ਕਰਦਾ ਹੈ, ਨਾ ਖ਼ੁਸ਼ ਹੁੰਦਾ ਹੈ ਨਾ ਗੁੱਸਾ ਕਰਦਾ ਹੈ, ਨਾ ਦੇਂਦਾ ਹੈ ਨਾ ਲੈਂਦਾ ਹੈ। ਮੁਕ੍ਤ: ਸਰਵਤ੍ਰ ਨੀਰਸ: = ਜੀਵਨ ਮੁਕਤ ਹਰ ਪਰਿਸਥਿਤੀ ਵਿੱਚ ਆਸਕਤੀ ਰਹਿਤ ਰਹਿੰਦਾ ਹੈ।

ਸ਼ਲੋਕਾਰਥ:- ਜੀਵਨ ਮੁਕਤ ਨਾ ਨਿੰਦਾ ਕਰਦਾ ਹੈ ਨਾ ਉਸਤਤ ਕਰਦਾ ਹੈ, ਨਾ ਖ਼ੁਸ਼ ਹੁੰਦਾ ਹੈ ਨਾ ਕ੍ਰੋਧ ਕਰਦਾ ਹੈ, ਨਾ ਦੇਂਦਾ ਹੈ ਨਾ ਲੈਂਦਾ ਹੈ, ਹਰ ਪਰਿਸਥਿਤੀ ਵਿੱਚ ਨਿਰਲੇਪ ਰਹਿੰਦਾ ਹੈ।

ਭਾਵਾਰਥ:- *"ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥ ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੯; ਅੰਗ ੬੮੫) ਜੋਗੀ ਉਸ ਨੂੰ ਕਿਹਾ ਜਾਂਦਾ ਹੈ ਜੋ ਨਾ ਪਰਾਈ ਨਿੰਦਾ ਕਰਦਾ ਹੈ ਨਾ ਉਸਤਤ; ਲੋਹੇ ਅਤੇ ਸੋਨੇ ਨੂੰ ਇੱਕ ਸਮਾਨ ਸਮਝਦਾ ਹੈ ਅਤੇ ਹਰਖ ਸੋਗ ਤੋਂ ਵੀ ਅਛੂਤਾ ਰਹਿੰਦਾ ਹੈ। ਇਹ ਜਾਣਦੇ ਹੋਏ ਕਿ *"ਜਗ ਰਚਨਾ ਸਭ ਝੂਠ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਜਗ ਰਚਨਾ ਸਭ ਝੂਠ ਹੈ ਅਤੇ *"ਇਨ ਮੈ ਕਛੁ ਸਾਚੋ ਨਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਇਸ ਵਿੱਚ ਕੁਝ ਵੀ ਸਥਾਈ ਨਹੀਂ, ਗਿਆਨੀ ਕੁਝ ਦੇਣ ਲੈਣ ਨੂੰ ਅਰਥ ਹੀਨ ਸਮਝਦਾ ਹੈ। ਇਸ ਤਰ੍ਹਾਂ ਉਹ *"ਸਭ ਕੈ ਮਧਿ ਸਗਲ ਤੇ ਉਦਾਸ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬) ਹਰ ਪਰਿਸਥਿਤੀ ਵਿੱਚ ਸਭ ਤੋਂ ਨਿਰਲੇਪ ਰਹਿ ਕੇ ਵਿਚਰਦਾ ਹੈ।

सानुरागां स्त्रियं दृष्ट्वा मृत्युं वा समुपस्थितम्।
अविह्वलमनाः स्वस्थो मुक्त एव महाशयः॥१४॥

ਸਾਨੁਰਾਗਾਂ ਸ੍ਤ੍ਰਿਯੰ ਦ੍ਰਿਸ਼੍ਟ੍ਵਾ ਮ੍ਰਿਤਿਉਂ ਵਾ ਸਮੁਪਸ੍ਥਿਤਮ੍।
ਅਵਿਹ੍ਵਲਮਨਾ: ਸ੍ਵਸ੍ਥੋ ਮੁਕ੍ਤ ਏਵ ਮਹਾਸ਼ਯ:॥੧੪॥

ਸ਼ਬਦਾਰਥ:- ਸ-ਅਨੁਰਾਗਾਂ ਸ੍ਤ੍ਰਿਯੰ ਦ੍ਰਿਸ਼੍ਟ੍ਵਾ = ਅਨੁਰਾਗ ਭਰੀ ਇਸਤਰੀ ਨੂੰ ਵੇਖ ਕੇ। ਮ੍ਰਿਤਿਉਂ ਵਾ ਸਮ-ਉਪਸ੍ਥਿਤਮ੍ = ਮ੍ਰਿਤੂ ਨੂੰ ਜਾਂ ਨੇੜੇ ਉਪਸਥਿਤ। ਅਵਿਹ੍ਵਲ ਮਨਾ: ਸ੍ਵਸ੍ਥ: = ਅਵਿਚਲਿਤ ਮਨ ਵਾਲਾ, ਸਵੈ ਵਿੱਚ ਸਥਿਤ। ਮੁਕ੍ਤ ਏਵ ਮਹਾਸ਼ਯ: = ਮੁਕਤ ਹੀ ਹੈ ਮਹਾਂ ਪੁਰਸ਼।

ਸ਼ਲੋਕਾਰਥ:- ਪ੍ਰੇਮ-ਭਰੀ ਇਸਤਰੀ ਨੂੰ ਜਾਂ ਮੌਤ ਨੂੰ ਨੇੜੇ ਉਪਸਥਿਤ ਵੇਖ ਕੇ,

ਅਵਿਚਲਿਤ ਮਨ ਵਾਲਾ, ਸਵੈ ਵਿੱਚ ਸਥਿਤ ਮਹਾਂ ਪੁਰਸ਼ ਨਿਸ਼ਚੇ ਹੀ ਜੀਵਨ ਮੁਕਤ ਹੈ।

ਭਾਵਾਰਥ:- *"ਮਾਇਆ ਮੋਹਿ ਸਗਲ ਜਗੁ ਛਾਇਆ॥ ਕਾਮਣਿ ਦੇਖਿ ਕਾਮਿ ਲੋਭਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਮਾਇਆ ਮੋਹ ਪੂਰੇ ਸੰਸਾਰ ਵਿੱਚ ਫੈਲਿਆ ਹੋਇਆ ਹੈ ਅਤੇ ਇੱਕ ਸਧਾਰਨ ਸੰਸਾਰੀ ਸੁੰਦਰ ਇਸਤਰੀ ਨੂੰ ਵੇਖ ਕੇ ਕਾਮ ਦੇ ਵੱਸ ਹੋ ਜਾਂਦਾ ਹੈ ਪਰੰਤੂ ਬ੍ਰਹਮ ਗਿਆਨੀ *"ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਦੀਆਂ ਇੰਦ੍ਰੀਆਂ ਉਸ ਦੇ ਵੱਸ ਵਿੱਚ ਰਹਿੰਦੀਆਂ ਹਨ ਜਿਸ ਕਰਕੇ ਉਸ ਵਿੱਚ ਪੰਜ ਦੋਸ਼-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ-ਨਹੀਂ ਹੁੰਦੇ। ਇਸੇ ਕਰਕੇ *"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥"* (ਅੰਗ ੨੭੪) ਪਰਾਈ ਇਸਤਰੀ ਵੱਲ ਉਸ ਦੀ ਨਜ਼ਰ ਹੀ ਨਹੀਂ ਉੱਠਦੀ। ਉਹ ਜਾਣਦਾ ਹੈ ਕਿ *"ਕਾਚੀ ਦੇਹਾ ਵਿਣਸਣੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੬੦) ਦੇਹ ਮਿਥਿਆ ਹੈ ਜਿਸ ਦਾ ਨਾਸ ਹੋਣਾ ਨਿਸ਼ਚਿਤ ਹੈ ਪਰੰਤੂ *"ਨਾ ਜੀਉ ਮਰੈ ਨ ਮਾਰਿਆ ਜਾਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੬) ਆਤਮਾ ਨਾ ਮਰਦੀ ਹੈ ਨਾ ਮਾਰੀ ਜਾ ਸਕਦੀ ਹੈ ਇਸ ਕਰਕੇ ਉਸ ਦੀ *"ਮਰਣ ਜੀਵਣ ਕੀ ਚਿੰਤਾ ਗਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੪; ਅੰਗ ੩੧੪) ਮਰਨ ਜੀਉਣ ਦੀ ਚਿੰਤਾ ਸਮਾਪਤ ਹੋ ਜਾਂਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕਾਮਾਤੁਰ ਇਸਤਰੀ ਜਾਂ ਮੌਤ ਦੇ ਨੇੜੇ ਹੋਣ 'ਤੇ ਉਸ ਦਾ ਮਨ ਵਿਚਲਿਤ ਨਹੀਂ ਹੁੰਦਾ ਅਤੇ ਉਹ ਸਵੈ ਵਿੱਚ ਸਥਿਤ ਰਹਿੰਦਾ ਹੈ।

सुखे दुःखे नरे नार्याम् सम्पत्सु च विपत्सु च।
विशेषो नैवधीरस्य सर्वत्रसमदर्शिनः॥१५॥

ਸੁਖੇ ਦੁ:ਖੇ ਨਰੇ ਨਾਰਯਾਮ੍ ਸੰਪਤ੍ਸੁ ਚ ਵਿਪਤ੍ਸੁ ਚ।
ਵਿਸ਼ੇਸ਼ੋ ਨੈਵ ਧੀਰਸਿਅ ਸਰਵਤ੍ਰਸਮਦਰਿਸ਼ਨ:॥੧੫॥

ਸ਼ਬਦਾਰਥ:- ਸੁਖੇ ਦੁ:ਖੇ ਨਰੇ ਨਾਰਯਾਂ ਸੰਪਤ੍ਸੁ ਚ ਵਿਪਤ੍ਸੁ ਚ ਵਿਸ਼ੇਸ਼: ਨਾ ਏਵ ਧੀਰਸਿਅ = ਸੁਖ ਦੁੱਖ ਵਿੱਚ, ਨਰ ਨਾਰੀ ਵਿੱਚ, ਸੰਪਤੀ ਅਤੇ ਵਿਪਤੀ ਵਿੱਚ, ਕੁਝ ਵਿਸ਼ੇਸ਼ ਨਹੀਂ ਧੀਰ ਪੁਰਸ਼ ਲਈ। ਸਰਵਤ੍ਰ ਸਮਦਰਿਸ਼ਿਨ: = ਸਦਾ ਸਮਦਰਸ਼ੀ।

ਸ਼ਲੋਕਾਰਥ:- ਸਮਦਰਸ਼ੀ ਧੀਰ ਪੁਰਸ਼ ਸੁਖ-ਦੁੱਖ, ਪੁਰਸ਼-ਇਸਤਰੀ, ਅੱਛੇ ਅਤੇ ਬੁਰੇ ਸਮੇਂ ਵਿੱਚ ਕੁਝ ਵਿਸ਼ੇਸ਼ ਨਹੀਂ ਅਰਥਾਤ ਕੋਈ ਅੰਤਰ ਨਹੀਂ।

ਭਾਵਾਰਥ:- *"ਸੁਖ ਦੁਖ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਜਿਸ ਲਈ ਸੁਖ ਦੁੱਖ, ਮਾਨ ਅਪਮਾਨ ਵਿੱਚ ਕੋਈ ਭੇਦ ਨਹੀਂ ਅਤੇ ਜੋ ਚੰਗੇ ਸਮੇਂ ਵਿੱਚ ਹਰਖ ਤੋਂ ਅਤੇ ਬੁਰੇ ਸਮੇਂ ਵਿੱਚ ਸੋਗ ਤੋਂ ਅਛੂਤਾ ਰਹਿੰਦਾ ਹੈ, ਉਸ ਨੇ ਸੰਸਾਰ ਦੇ ਸਾਰ ਤੱਤ ਨੂੰ ਜਾਣ ਲਿਆ ਹੈ ਭਾਵ ਉਹ ਗਿਆਨੀ ਹੈ। *"ਬ੍ਰਹਮ ਗਿਆਨੀ ਕੈ ਦ੍ਰਿਸਟਿ*

ਸਮਾਨਿ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੨) ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਵਿੱਚ ਸਭ ਸਮਾਨ ਹਨ ਅਤੇ *"ਸਰਬ ਮੈ ਪੇਖੈ ਭਗਵਾਨੁ॥"* (ਅੰਗ ੨੭੪) ਸਭ ਵਿੱਚ ਉਸ ਨੂੰ ਭਗਵਾਨ ਹੀ ਦਿੱਸਦਾ ਹੈ ਜਿਸ ਕਰਕੇ ਉਸ ਦੀ ਨਜ਼ਰ ਵਿੱਚ ਆਦਮੀ ਔਰਤ ਦਾ ਕੋਈ ਫ਼ਰਕ ਨਹੀਂ। ਉਹ ਕਦੀ ਵੀ ਧੀਰਜ ਨਹੀਂ ਗਵਾਉਂਦਾ ਕਿਉਂਕਿ *"ਸਤੁ ਸੰਤੋਖੁ ਗਿਆਨ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੩) ਗਿਆਨ ਹੀ ਸਤਿ ਹੈ ਅਤੇ ਗਿਆਨ ਹੀ ਧੀਰਜ ਹੈ।

न हिंसा नैव कारुण्यं नौद्धत्यं न च दीनता।
नाश्चर्यं नैव च क्षोभः क्षीणसंसरणे नरे।।१६।।

ਨ ਹਿੰਸਾ ਨੈਵ ਕਾਰੁਣਿਅੰ ਨੌਦ੍ਧਤਿਅੰ ਨ ਚ ਦੀਨਤਾ।
ਨਾਸ਼੍ਚਰਯੰ ਨੈਵ ਚ ਕ੍ਸ਼ੋਭ: ਕ੍ਸ਼ੀਣਸੰਸਰਣੇ ਨਰੇ॥੧੬॥

ਸ਼ਬਦਾਰਥ:- ਨ ਹਿੰਸਾ ਨ ਏਵ ਕਾਰੁਣਿਅੰ ਨ ਔਦ੍ਧਤਿਅੰ ਨ ਚ ਦੀਨਤਾ ਨ ਆਸ਼੍ਚਰਯੰ ਨ ਏਵ ਚ ਕ੍ਸ਼ੋਭ: = ਨਾ ਹਿੰਸਾ ਨਾ ਹੀ ਕਰੁਣਾ, ਨਾ ਗੁਸਤਾਖ਼ੀ ਅਤੇ ਨਾ ਦੀਨਤਾ, ਨਾ ਹੈਰਾਨੀ ਅਤੇ ਨਾ ਹੀ ਮਾਨਸਿਕ ਵਿਚਲਣ। ਕ੍ਸ਼ੀਣ ਸੰਸਰਣੇ ਨਰੇ = ਖੀਣ ਹੋ ਚੁੱਕਾ ਹੈ ਸੰਸਾਰ ਜਿਸ ਮਨੁੱਖ ਵਿੱਚੋਂ।

ਸ਼ਲੋਕਾਰਥ:- ਜਿਸ ਵਿਅਕਤੀ ਦਾ ਸੰਸਾਰਿਕ ਜੀਵਨ ਖੀਣ ਹੋ ਚੁੱਕਾ ਹੈ, ਉਸ ਵਿੱਚ ਨਾ ਹਿੰਸਾ ਰਹਿੰਦੀ ਹੈ ਨਾ ਕਰੁਣਾ, ਨਾ ਗੁਸਤਾਖ਼ੀ ਨਾ ਦੀਨਤਾ, ਨਾ ਹੈਰਾਨੀ ਨਾ ਮਾਨਸਿਕ ਵਿਚਲਣ।

ਭਾਵਾਰਥ:- *"ਗੁਰਮੁਖਿ ਹੋਵੈ ਸੁ ਹਉਮੈ ਮਾਰੇ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੬) ਗੁਰਮੁਖ ਆਪਣੀ ਹਉਮੈ ਦਾ ਤਿਆਗ ਕਰ ਦੇਂਦਾ ਹੈ। ਹਉਮੈ ਦੇ ਖੀਣ ਹੋਣ ਨਾਲ ਉਸ ਦਾ ਸੰਸਾਰ ਵੀ ਖੀਣ ਹੋ ਜਾਂਦਾ ਹੈ ਕਿਉਂਕਿ *"ਹਉਮੈ ਵਿਚਿ ਜਗੁ ਉਪਜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੬) ਹਉਮੈ ਵਿੱਚ ਹੀ ਸੰਸਾਰ ਦੀ ਪ੍ਰਤੀਤੀ ਹੁੰਦੀ ਹੈ ਅਤੇ *"ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੯-੧੦) ਜਿਸ ਵਿੱਚੋਂ ਹਉਮੈ ਚਲੀ ਜਾਏ, ਉਹ ਜੀਵਨ ਮੁਕਤ ਕਹਾਉਂਦਾ ਹੈ। ਉਹ ਹਰ ਤਰ੍ਹਾਂ ਦੇ ਸੰਸਾਰੀ ਭੋਗਾਂ ਅਤੇ ਭਾਵਨਾਵਾਂ ਤੋਂ ਉੱਪਰ ਉੱਠ ਜਾਂਦਾ ਹੈ ਜਿਸ ਕਰਕੇ ਉਹ ਹਿੰਸਾ, ਕਰੁਣਾ, ਗੁਸਤਾਖ਼ੀ, ਦੀਨਤਾ, ਹੈਰਾਨੀ ਆਦਿ *"ਮਨ ਕੇ ਬਿਕਾਰ ਮਨਹਿ ਤਜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਮਨ ਦੇ ਵਿਕਾਰਾਂ ਤੋਂ ਵੀ ਮੁਕਤ ਹੋ ਜਾਂਦਾ ਹੈ ਅਤੇ ਜੀਵਨ ਮੁਕਤ ਅਵਸਥਾ ਵਿੱਚ, ਸਭ ਤੋਂ ਨਿਰਲੇਪ, ਹਰ ਪਰਿਸਥਿਤੀ ਵਿੱਚ ਇੱਕ ਰਸ ਰਹਿੰਦਾ ਹੈ, ਵਿਚਲਿਤ ਨਹੀਂ ਹੁੰਦਾ।

न मुक्तो विषयद्वेष्टा न वा विषयलोलुपः।
असंसक्तमना नित्यं प्राप्ताप्राप्तमुपाश्नुते।।१७।।

ਨ ਮੁਕ੍ਤੋ ਵਿਸ਼ਯਦ੍ਵੇਸ਼੍ਟਾ ਨ ਵਾ ਵਿਸ਼ਯਲੋਲੁਪ:।
ਅਸੰਸਕ੍ਤਮਨਾ ਨਿਤਿਅੰ ਪ੍ਰਾਪ੍ਤਾਪ੍ਰਾਪ੍ਤਮੁਪਾਸ਼੍ਨੁਤੇ॥੧੭॥

ਸ਼ਬਦਾਰਥ:- ਨ ਮੁਕ੍ਤ: ਵਿਸ਼ਯ-ਦ੍ਵੇਸ਼੍ਟਾ = ਨਾ ਜੀਵਨ ਮੁਕਤ ਵਿਸ਼ਿਆਂ ਪ੍ਰਤੀ ਦਵੈਸ਼ ਰੱਖਦਾ ਹੈ। ਨ ਵਾ ਵਿਸ਼ਯ-ਲੋਲੁਪ: = ਨਾ ਹੀ ਵਿਸ਼ਿਆਂ ਦਾ ਲੋਭੀ ਹੈ। ਅ-ਸੰਸਕ੍ਤ-ਮਨਾ ਨਿਤਿਅੰ = ਆਸਕਤੀ ਰਹਿਤ ਮਨ ਵਾਲਾ ਸਦਾ। ਪ੍ਰਾਪ੍ਤ-ਅਪ੍ਰਾਪ੍ਤਮ੍ ਉਪਾਸ਼੍ਨੁਤੇ = ਪ੍ਰਾਪਤ ਹੋਏ ਅਪ੍ਰਾਪਤ ਨੂੰ ਭੋਗਦਾ ਹੈ।

ਸ਼ਲੋਕਾਰਥ:- ਜੀਵਨ ਮੁਕਤ, ਨਾ ਵਿਸ਼ਿਆਂ ਪ੍ਰਤੀ ਦਵੈਸ਼ ਰੱਖਦਾ ਹੈ ਨਾ ਹੀ ਉਨ੍ਹਾਂ ਦਾ ਲੋਭੀ ਹੁੰਦਾ ਹੈ। ਸਦਾ ਨਿਰਾਸਕਤ ਮਨ ਵਾਲਾ ਰਹਿ ਕੇ ਜੋ ਅਪ੍ਰਾਪਤ ਪ੍ਰਾਪਤ ਹੁੰਦਾ ਹੈ, ਉਸ ਨੂੰ ਭੋਗਦਾ ਹੈ।

ਭਾਵਾਰਥ:- ਜੀਵਨ ਮੁਕਤ "*ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੪੯) ਸੰਸਾਰ ਵਿੱਚ ਇਸ ਤਰ੍ਹਾਂ ਨਿਰਲੇਪ ਵਿਚਰਦਾ ਹੈ ਜਿਵੇਂ ਜਲ ਵਿੱਚ ਕਮਲ ਅਲੇਪ ਰਹਿੰਦਾ ਹੈ। "*ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੩) ਹਰੀ-ਭਗਤ ਨਿਰਮਲ-ਮਨ ਹੁੰਦੇ ਹਨ ਕਿਉਂਕਿ ਉਨ੍ਹਾਂ ਵਿੱਚ ਹਰਖ, ਸੋਗ, ਲੋਭ, ਮੋਹ ਆਦਿ ਨਹੀਂ ਹੁੰਦੇ। ਉਨ੍ਹਾਂ ਦੇ ਜੀਵਨ ਵਿੱਚ "*ਜੋ ਕਿਛੁ ਹੋਇ ਸੁ ਸਹਜੇ ਹੋਇ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੮੧) ਜੋ ਵੀ ਹੁੰਦਾ ਹੈ ਸਹਿਜ ਸੁਭਾਅ ਹੀ ਹੁੰਦਾ ਹੈ। ਆਪਣੇ ਆਪ ਕਿਸੇ ਵਿਸ਼ੇ ਤੋਂ ਦੂਰ ਨਹੀਂ ਭੱਜਦੇ ਨਾ ਹੀ ਕਿਸੇ ਵਿਸ਼ੇ ਲਈ ਮਨ ਵਿੱਚ ਲਾਲਸਾ ਰੱਖਦੇ ਹਨ ਅਤੇ ਸਦਾ ਇਸ ਭਾਵ ਦਸ਼ਾ ਵਿੱਚ ਰਹਿੰਦੇ ਹਨ ਕਿ ਯਥਾ-ਪ੍ਰਾਪਤ ਅਰਥਾਤ "*ਜੋ ਦੇਵੈ ਸੋ ਖਾਵਣਾ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੧; ਅੰਗ ੪੮੯) ਪ੍ਰਭੂ ਜੋ ਵੀ ਦੇਂਦਾ ਹੈ ਉਸੇ ਨੂੰ ਭੋਗਣਾ ਹੈ।

समाधानासमाधानहिताहितविकल्पनाः।
शून्यचित्तो न जानाति कैवल्यमिव संस्थितः॥१८॥

ਸਮਾਧਾਨਾਸਮਾਧਾਨਹਿਤਾਹਿਤਵਿਕਲ੍ਪਨਾ:।
ਸ਼ੂਨਿਅਚਿੱਤੋ ਨ ਜਾਨਾਤਿ ਕੈਵਲਿਅਮਿਵ ਸੰਸ੍ਥਿਤ:॥੧੮॥

ਸ਼ਬਦਾਰਥ:- ਸਮਾਧਾਨ ਅਸਮਾਧਾਨ ਹਿਤ ਅਹਿਤ ਵਿਕਲ੍ਪਨਾ: = ਸਮਾਧਾਨ-ਅਸਮਾਧਾਨ, ਹਿਤ-ਅਹਿਤ ਦੀਆਂ ਵਿਕਲਪਨਾਵਾਂ। ਸ਼ੂਨਿਅ ਚਿੱਤ: ਨ ਜਾਨਾਤਿ = ਸ਼ੂਨਿਅ-ਚਿੱਤ ਵਿਅਕਤੀ ਨਹੀਂ ਜਾਣਦਾ। ਕੈਵਲਿਅਮ੍ ਇਵ ਸੰਸ੍ਥਿਤ: = ਕੈਵਲਿਅ ਮੁਕਤੀ ਵਿੱਚ ਜਿਵੇਂ ਸਥਿਤ।

ਸ਼ਲੋਕਾਰਥ:- ਸ਼ੂਨਿਅ ਚਿੱਤ ਵਿਅਕਤੀ ਸਮਾਧਾਨ ਅਸਮਾਧਾਨ, ਹਿਤ ਅਹਿਤ ਦੀਆਂ ਵਿਕਲਪਨਾਵਾਂ ਨਹੀਂ ਜਾਣਦਾ (ਅਤੇ ਇਸ ਤਰ੍ਹਾਂ ਵਿਚਰਦਾ ਹੈ) ਜਿਵੇਂ ਕਿ

ਕੈਵਲਿਅ ਮੁਕਤੀ ਵਿੱਚ ਸਥਿਤ ਹੋਵੇ।

ਭਾਵਾਰਥ:- ਸ਼ੂਨਿਅ-ਚਿੱਤ ਅਰਥਾਤ ਖ਼ਾਲੀ ਮਨ, ਜਿਸ ਵਿੱਚ ਕੋਈ ਵਿਚਾਰ ਮੌਜੂਦ ਨਹੀਂ ਜਿਸ ਕਰਕੇ ***"ਥਿਰ ਥਿਰ ਚਿਤ ਥਿਰ ਹਾਂ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯**) ਮਨ ਬਿਲਕੁਲ ਥਿਰ ਹੈ। ਇਸ ਤਰ੍ਹਾਂ ਦੇ ਵਿਅਕਤੀ ਲਈ ***"ਬਨੁ ਗ੍ਰਿਹੁ ਸਮਸਰਿ ਹਾਂ॥"*** (**ਅੰਗ ੪੦੯**) ਜੰਗਲ ਅਤੇ ਘਰ ਵਿੱਚ ਕੋਈ ਅੰਤਰ ਨਹੀਂ। ਉਹ ਜੀਵਨ ਮੁਕਤ ਹੈ ਜਿਸ ਨੇ ਸੰਸਾਰ ਤੋਂ ਕੁਝ ਲੈਣਾ-ਦੇਣਾ ਨਹੀਂ। ***"ਜੀਵਨ ਮੁਕਤੁ ਮਨਿ ਨਾਮੁ ਵਸਾਏ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੨**) ਉਸ ਦੇ ਮਨ ਵਿੱਚ ਕੇਵਲ ਪ੍ਰਭੂ ਨਾਮ ਹੀ ਵੱਸ ਸਕਦਾ ਹੈ ਅਤੇ ***"ਚੀਤਿ ਨ ਆਵਸਿ ਦੂਜੀ ਬਾਤਾ"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੪**) ਹੋਰ ਕੋਈ ਗੱਲ ਉਸ ਦੇ ਮਨ ਵਿੱਚ ਨਹੀਂ ਆਉਂਦੀ। ਕਿਸੇ ਸਮੱਸਿਆ ਨੂੰ ਸੁਲਝਾਉਣ ਜਾਂ ਨਾ ਸੁਲਝਾਉਣ ਬਾਰੇ ਉਹ ਨਹੀਂ ਸੋਚਦਾ ਨਾ ਹੀ ਕਿਸੇ ਸ਼ੁਭ ਅਸ਼ੁਭ ਦਾ ਵਿਚਾਰ ਕਰਦਾ ਹੈ। ਸੰਸਾਰ ਵਿੱਚ ਉਹ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਕਿ ***"ਮਿਲਤ ਮਿਲਤ ਮਿਲਤ ਮਿਲਿ ਰਹਿਆ"*** (ਅੰਗ ੮੮੪) ਪਰਮਾਤਮਾ ਵਿੱਚ ਲੀਨ ਹੋ ਕੇ ਸਥਿਤ ਹੋ ਗਿਆ ਹੈ ਭਾਵ ਕੈਵਲਿਅ ਮੁਕਤੀ ਪ੍ਰਾਪਤ ਕਰ ਚੁੱਕਾ ਹੈ।

निर्ममो निरहङ्कारो न किञ्चिदिति निश्चितः।
अन्तर्गलितसर्वाशः कुर्वन्नपि करोति न॥१९॥
ਨਿਰਮਮੋ ਨਿਰਹੰਕਾਰੋ ਨ ਕਿੰਚਿਦਿਤਿ ਨਿਸ਼ਿਚਤ:।
ਅੰਤਰਗਲਿਤਸਰਵਾਸ਼: ਕੁਰਵੰਨਪਿ ਕਰੋਤਿ ਨ॥੧੯॥

ਸ਼ਬਦਾਰਥ:- ਨਿਰਮਮ: ਨਿਰਹੰਕਾਰ: = ਮਮਤਾ ਰਹਿਤ, ਅਹੰਕਾਰ ਰਹਿਤ। ਨ ਕਿੰਚਿਤ੍ ਇਤਿ ਨਿਸ਼ਿਚਤ: = ਨਹੀਂ ਹੈ ਕੁਝ, ਇਸ ਨਿਸ਼ਚੇ ਵਾਲਾ। ਅੰਤਰ-ਗਲਿਤ-ਸਰਵ-ਆਸ਼: = ਅੰਦਰੋਂ ਮਿਟੀਆਂ ਸਾਰੀਆਂ ਇੱਛਾਵਾਂ। ਕੁਰਵੰਨ੍ ਅਪਿ ਕਰੋਤਿ ਨ = ਕਰਦਾ ਹੋਇਆ ਵੀ ਕਰਦਾ ਨਹੀਂ।

ਸ਼ਲੋਕਾਰਥ:- ਮਮਤਾ ਅਤੇ ਹੰਕਾਰ ਰਹਿਤ, ਇਸ ਨਿਸ਼ਚੇ ਵਾਲਾ ਕਿ (ਅਸਲ ਵਿੱਚ) ' ਕੁਝ ਹੈ ਹੀ ਨਹੀਂ ' ਅਤੇ ਜਿਸ ਦੀਆਂ ਸਾਰੀਆਂ ਇੱਛਾਵਾਂ ਅੰਦਰੋਂ ਅੰਦਰ ਮਿਟ ਗਈਆਂ ਹਨ, (ਕੁਝ) ਕਰਦਾ ਹੋਇਆ ਵੀ (ਕੁਝ) ਨਹੀਂ ਕਰਦਾ।

ਭਾਵਾਰਥ:- ਜਿਸ ਨੇ ਇਹ ਜਾਣ ਲਿਆ ਹੈ ਕਿ ***"ਸੁਪਨ ਰੀ ਸੰਸਾਰੁ॥ ਮਿਥਨੀ ਬਿਸਥਾਰੁ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੯**) ਸੰਸਾਰ ਕੇਵਲ ਇੱਕ ਸੁਪਨਾ ਹੈ ਅਤੇ ਇਹ ਸਾਰਾ ਵਿਸਤਾਰ ਝੂਠਾ ਹੈ ਭਾਵ ਹੈ ਹੀ ਨਹੀਂ, ਉਹ ਇਸ ਨਤੀਜੇ ਉੱਤੇ ਵੀ ਪਹੁੰਚਦਾ ਹੈ ਕਿ ***"ਮਿਥਿਆ ਹਉਮੈ ਮਮਤਾ ਮਾਇਆ॥"*** (**ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮**) ਇਸ ਸੰਸਾਰ ਵਿੱਚ ਮਮਤਾ, ਹਉਮੈ ਅਤੇ ਮਾਇਆ

ਵੀ ਝੂਠ ਹਨ। ਇਸ ਸੋਚ ਨਾਲ ਉਹ ਮਮਤਾ ਅਤੇ ਹੰਕਾਰ, ਦੋਹਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਇਹ ਵੀ ਜਾਣ ਜਾਂਦਾ ਹੈ ਕਿ *"ਮਿਥਨ ਮਨੋਰਥ ਸੁਪਨ ਆਨੰਦ ਉਲਾਸ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੬) ਸੰਸਾਰੀ ਇੱਛਾਵਾਂ, ਸੁਪਨੇ ਅਤੇ ਐਸ਼-ਅਰਾਮ ਸਭ ਮਿਥਿਆ ਹਨ ਜਿਸ ਨਾਲ ਉਸ ਦੀ *"ਮਨ ਕੀ ਬਾਸਨਾ ਮਨ ਤੇ ਟਰੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੭੪) ਮਨ ਦੀਆਂ ਵਾਸ਼ਨਾਵਾਂ, ਇੱਛਾਵਾਂ ਮਨ ਵਿੱਚੋਂ ਹੀ ਨਿਕਲ ਜਾਂਦੀਆਂ ਹਨ। ਹਉਮੈ ਦੀ ਸਮਾਪਤੀ ਨਾਲ ਉਸ ਦਾ ਕਰਤਾ-ਭਾਵ ਮਿਟ ਜਾਂਦਾ ਹੈ ਅਤੇ ਉਹ ਇਸ ਭਾਵ ਵਿੱਚ ਵਿਰਚਦਾ ਹੈ ਕਿ *"ਨਾ ਹਉ ਕਰਤਾ ਨਾ ਮੈ ਕੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩) ਜਿਸ ਕਰਕੇ ਉਹ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਰਹਿੰਦਾ ਹੈ।

मनःप्रकाशसम्मोहस्वप्नजाड्यविवर्जितः।
दशां कामपि संप्राप्तो भवेद्गलितमानसः॥२०॥

ਮਨ:ਪ੍ਰਕਾਸ਼ਸੰਮੋਹਸ੍ਵਪ੍ਨਜਾਡਿਅਵਿਵਰ੍ਜਿਤ:।
ਦਸ਼ਾਂ ਕਾਮਪਿ ਸੰਪ੍ਰਾਪ੍ਤੋ ਭਵੇਦ੍ਗਲਿਤਮਾਨਸ:॥੨੦॥

ਸ਼ਬਦਾਰਥ:- ਮਨ:ਪ੍ਰਕਾਸ਼-ਸੰਮੋਹ-ਸ੍ਵਪ੍ਨ-ਜਾਡਿਅ ਵਿਵਰ੍ਜਿਤ: = ਮਨੋਬਿਰਤੀਆਂ, ਮੋਹ, ਸੁਪਨੇ, ਜੜ੍ਹਤਾ ਸਮਾਪਤ। ਦਸ਼ਾਂ ਕਾਮ੍ ਅਪਿ ਸੰਪ੍ਰਾਪ੍ਤ: ਭਵੇਤ੍ = ਅਵਸਥਾ ਕਿਹੜੀ ਨੂੰ ਪ੍ਰਾਪਤ ਹੁੰਦਾ ਹੈ। ਗਲਿਤ-ਮਾਨਸ: = ਸਮਾਪਤ ਹੋਏ ਹੋਏ ਮਨ ਵਾਲਾ ਅਰਥਾਤ ਸ਼ੂਨਿਅ-ਚਿੱਤ।

ਸ਼ਲੋਕਾਰਥ:- ਖ਼ਾਲੀ-ਚਿੱਤ, ਜਿਸ ਦੀਆਂ ਮਨੋਬਿਰਤੀਆਂ, ਮੋਹ, ਸੁਪਨੇ, ਜੜ੍ਹਤਾ ਸਮਾਪਤ ਹੋ ਗਏ ਹਨ, (ਕਹਿ ਨਹੀਂ ਸਕਦੇ) ਕਿਹੜੀ ਅਵਸਥਾ ਨੂੰ ਪ੍ਰਾਪਤ ਹੋਇਆ ਹੁੰਦਾ ਹੈ।

ਭਾਵਾਰਥ:- ਪਿਛਲੇ ਸ਼ਲੋਕ ੧੯ ਵਿੱਚ ਦੱਸਿਆ ਸੀ ਕਿ ਸ਼ੂਨਿਅ ਚਿੱਤ ਇਸ ਤਰ੍ਹਾਂ ਵਿਚਰਦਾ ਹੈ ਜਿਵੇਂ ਕਿ ਉਸ ਨੇ ਕੈਵਲਿਅ ਮੁਕਤੀ ਪ੍ਰਾਪਤ ਕਰ ਲਈ ਹੋਵੇ ਭਾਵ ਪ੍ਰਭੂ ਵਿੱਚ ਅਭੇਦ ਹੋ ਗਿਆ ਹੋਵੇ। ਇਸ ਸ਼ਲੋਕ ਵਿੱਚ ਕਹਿ ਰਹੇ ਹਨ ਕਿ ਉਸ ਦੀ ਸਥਿਤੀ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

"ਮਨੁ ਮਾਰੇ ਜੀਵਤ ਮਰਿ ਜਾਣੁ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੩) ਮਨ ਮਰਣ ਦਾ ਅਰਥ ਹੈ ਜੀਵਨ ਮੁਕਤੀ। ਜੀਵਨ ਮੁਕਤ ਸੰਸਾਰ ਤੋਂ ਬਿਲਕੁਲ ਨਿਰਲੇਪ ਹੋ ਜਾਂਦਾ ਹੈ। ਮਨ ਦੀ ਸਮਾਪਤੀ ਨਾਲ ਮੋਹ, ਸੁਪਨੇ, ਜੜ੍ਹਤਾ ਆਦਿ, ਜੋ ਮਨ ਦੀਆਂ ਬਿਰਤੀਆਂ ਹਨ, ਸਮਾਪਤ ਹੋ ਜਾਂਦੀਆਂ ਹਨ ਜਿਸ ਦੇ ਨਾਲ ਹੀ ਮੈਂ-ਭਾਵ ਅਰਥਾਤ ਹਉਮੈ ਵੀ ਵਿਲੀਨ ਹੋ ਜਾਂਦਾ ਹੈ ਅਤੇ *"ਹਉਮੈ ਜਾਇ ਪਰਮ ਪਦੁ ਪਾਈਐ॥"* (ਸ੍ਰੀ ਗੁਰੂ

ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੬) ਹਉਮੈ ਦੀ ਸਮਾਪਤੀ ਨਾਲ ਵਿਅਕਤੀ ਪਰਮ ਪਦ ਵਿੱਚ ਸਥਿਤ ਹੋ ਜਾਂਦਾ ਹੈ। *"ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੪੪) ਇਸ ਪਰਮ ਪਦ ਨੂੰ ਵਰਣਨ ਨਹੀਂ ਕੀਤਾ ਜਾ ਸਕਦਾ ਅਤੇ ਕੋਈ ਵਿਰਲਾ ਗੁਰਮੁਖ ਹੀ ਇਸ ਦਾ ਅਨੁਭਵ ਕਰਦਾ ਹੈ। *"ਜਿਨਿ ਚਾਖਿਆ ਤਿਸੁ ਆਇਆ ਸਾਦੁ॥ ਜਿਉ ਗੂੰਗਾ ਮਨ ਮਹਿ ਬਿਸਮਾਦੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੧) ਜਿਹੜਾ ਇਸ ਸਥਿਤੀ ਵਿੱਚ ਪਹੁੰਚ ਜਾਂਦਾ ਹੈ, ਉਹ ਹੀ ਇਸ ਦਾ ਅਨੰਦ ਲੈਂਦਾ ਹੈ ਪਰ ਬਿਆਨ ਨਹੀਂ ਕਰ ਸਕਦਾ ਜਿਵੇਂ ਗੂੰਗਾ ਮਨ ਹੀ ਮਨ ਵਿੱਚ ਆਨੰਦਿਤ ਹੁੰਦਾ ਹੈ ਪਰ ਆਪਣਾ ਅਨੁਭਵ ਦੱਸ ਨਹੀਂ ਸਕਦਾ।

◆◆◆

ਅਠਾਰ੍ਹਵਾਂ ਅਧਿਆਇ

ਜੀਵਨ ਮੁਕਤ ਦੀ ਅਵਸਥਾ।

अष्टावक्र उवाच।

यस्य बोधोदये तावत् स्वप्नवरवति भ्रमः।
तस्मै सुखैकरूपाय नमः शान्ताय तेजसे॥१॥

ਅਸ਼ਟਾਵਕ੍ਰ ਉਵਾਚ।

ਯਸਿਅ ਬੋਧੋਦਯੇ ਤਾਵਤ੍ਰ ਸ੍ਵਪ੍ਨਵਦ੍ਭਵਤਿ ਭ੍ਰਮ:।
ਤਸ੍ਮੈ ਸੁਖੈਕਰੂਪਾਯ ਨਮ: ਸ਼ਾਂਤਾਯ ਤੇਜਸੇ॥੧॥

ਸ਼ਬਦਾਰਥ:- ਅਸ਼ਟਾਵਕ੍ਰ ਉਵਾਚ = ਅਸ਼ਟਾਵਕ੍ਰ ਨੇ ਕਿਹਾ। ਯਸਿਅ ਬੋਧ ਉਦਯੇ = ਜਿਸ ਦੇ ਬੋਧ ਦੇ ਉਦੈ ਹੋਣ ਉੱਤੇ। ਤਾਵਤ੍ਰ = ਉਦੋਂ ਤੱਕ ਦੇ ਅਰਥਾਤ ਪਹਿਲੇ। ਸ੍ਵਪ੍ਨਵਤ੍ਰ ਭਵਤਿ ਭ੍ਰਮ: = ਸੁਪਨੇ ਵਾਂਗ ਹੋ ਜਾਂਦੇ ਹਨ ਭਰਮ। ਤਸ੍ਮੈ ਸੁਖੈਕਰੂਪਾਯ = ਉਸ ਇੱਕ ਮਾਤਰ ਸੁਖ ਰੂਪ ਨੂੰ। ਨਮ: ਸ਼ਾਂਤਾਯ ਤੇਜਸੇ = ਨਮਸਕਾਰ ਹੈ ਸ਼ਾਂਤ, ਪ੍ਰਕਾਸ਼ ਰੂਪ ਨੂੰ।

ਸ਼ਲੋਕਾਰਥ:- ਜਿਸ ਦਾ ਬੋਧ ਉਦੈ ਹੋਣ ਉੱਤੇ ਸਾਰੇ ਭਰਮ ਸੁਪਨੇ ਵਾਂਗ ਹੋ ਜਾਂਦੇ ਹਨ, ਉਸ ਇੱਕ ਮਾਤਰ ਸੁਖ, ਸ਼ਾਂਤ, ਪ੍ਰਕਾਸ਼ ਰੂਪ ਨੂੰ ਨਮਸਕਾਰ ਹੈ।

ਭਾਵਾਰਥ:- *"ਆਤਮੁ ਚੀਨੈ ਸੁ ਤਤੁ ਬੀਚਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੪) ਜਿਸ ਨੂੰ ਆਤਮ ਬੋਧ ਹੋ ਜਾਂਦਾ ਹੈ, ਉਹ ਸੰਸਾਰ ਦੀ ਅਸਲੀਅਤ ਪਛਾਣਦਾ ਹੈ ਕਿ *"ਜਗੁ ਸੁਪਨਾ ਬਾਜੀ ਬਨੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੧੯) ਸੰਸਾਰ ਸੁਪਨੇ ਵਿੱਚ ਖੇਡਿਆ ਜਾ ਰਿਹਾ ਡਰਾਮਾ ਹੈ। ਇਸ ਗਿਆਨ ਨਾਲ *"ਭਰਮੁ ਮੋਹੁ ਸਗਲ ਬਿਨਸਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੮) ਸਾਰੇ ਭਰਮ ਅਤੇ ਸੰਸਾਰ ਪ੍ਰਤੀ ਮੋਹ ਬਿਨਸ ਜਾਂਦੇ ਹਨ। *"ਮੂਲੁ ਪਛਾਣਹਿ ਤਾਂ ਸਹੁ ਜਾਣਹਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਜਦੋਂ ਆਪਣੇ ਮੂਲ ਨੂੰ ਪਛਾਣ ਲੈਂਦਾ ਹੈ ਤਾਂ ਪਰਮਾਤਮਾ ਨੂੰ ਵੀ ਜਾਣ ਜਾਂਦਾ ਹੈ ਅਰਥਾਤ ਬ੍ਰਹਮ ਗਿਆਨੀ ਹੋ ਜਾਂਦਾ ਹੈ ਅਤੇ *"ਬ੍ਰਹਮ ਗਿਆਨੀ ਆਪਿ ਨਿਰੰਕਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਉਹ ਆਪ ਹੀ ਪਰਾਮਤਮ-ਸਰੂਪ ਹੁੰਦਾ ਹੈ। ਇਸ ਤਰ੍ਹਾਂ ਆਤਮ ਗਿਆਨੀ *"ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ

੮੧੯-੨੦) ਸੁਖ-ਸ਼ਾਂਤੀ ਰੂਪ, ਸਹਜ ਅਨੰਦ ਰੂਪ ਹੁੰਦਾ ਹੈ ਜਿਸ ਦੀ ਜੀਵਨ ਘਾਲਣਾ ਸਫਲ ਹੋ ਗਈ ਹੈ। ਅਸ਼ਟਾਵਕ੍ਰ ਜੀ, ਇਸ ਤਰ੍ਹਾਂ ਦੇ ਗਿਆਨੀ ਲਈ ਕਹਿ ਰਹੇ ਹਨ ਕਿ *"ਨਮਸਕਾਰ ਤਾ ਕਉ ਲਖ ਬਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੨) ਉਸ ਨੂੰ ਬਾਰ ਬਾਰ ਨਮਸਕਾਰ ਹੈ।

अर्जयित्वाऽखिलानर्थान् भोगानाप्नोति पुष्कलान्।
न हि सर्वपरित्यागमन्तरेण सुखी भवेत्॥२॥

ਅਰਜਯਿਤ੍ਵਾऽਖਿਲਾਨਰਥਾਨ੍ ਭੋਗਾਨਾਪ੍ਨੋਤਿ ਪੁਸ਼੍ਕਲਾਨ੍।
ਨ ਹਿ ਸਰਵਪਰਿਤਿਆਗਮੰਤਰੇਣ ਸੁਖੀ ਭਵੇਤ੍॥੨॥

ਸ਼ਬਦਾਰਥ:- ਅਰਜਯਿਤ੍ਵਾ ਅਖਿਲਾਨ੍ ਅਰਥਾਨ੍ = ਕਮਾ ਕੇ ਸਭ ਤਰ੍ਹਾਂ ਦੇ ਧਨ। ਭੋਗਾਨ੍ ਆਪ੍ਨੋਤਿ ਪੁਸ਼੍ਕਲਾਨ੍ = ਭੋਗ ਪ੍ਰਾਪਤ ਕਰਦਾ ਹੈ ਬਥੇਰੇ। ਨ ਹਿ ਸਰਵ ਪਰਿਤਿਆਗਮ੍ ਅੰਤਰੇਣ ਸੁਖੀ ਭਵੇਤ੍ = ਨਹੀਂ ਪਰੰਤੂ ਸਭ ਤਿਆਗੇ ਬਿਨਾ ਸੁਖੀ ਹੁੰਦਾ।

ਸ਼ਲੋਕਾਰਥ:- ਸਭ ਤਰ੍ਹਾਂ ਦੇ ਧਨ ਕਮਾ ਕੇ (ਵਿਅਕਤੀ) ਬਥੇਰੇ ਭੋਗ ਭੋਗਦਾ ਹੈ ਪਰੰਤੂ ਸਭ ਨੂੰ ਤਿਆਗੇ ਬਿਨਾ ਸੁਖੀ ਨਹੀਂ ਹੁੰਦਾ।

ਭਾਵਾਰਥ:- *"ਸੁਖ ਕਉ ਮਾਗੈ ਸਭੁ ਕੋ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੭) ਹਰ ਕੋਈ ਸੁਖ ਹੀ ਮੰਗਦਾ ਹੈ ਅਤੇ *"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੯; ਅੰਗ ੪੧੧) ਸੁਖ ਦੀ ਪ੍ਰਾਪਤੀ ਲਈ ਬਹੁਤ ਦੁੱਖ ਝੱਲਦਾ ਹੈ ਅਰਥਾਤ ਬੜੀ ਮਿਹਨਤ ਨਾਲ ਧਨ ਕਮਾਉਂਦਾ ਹੈ ਤਾਂ ਕਿ ਸੁਖ ਦੇ ਸਾਧਨ ਖ਼ਰੀਦ ਸਕੇ ਪਰੰਤੂ *"ਸੁਖੁ ਨਾਹੀ ਬਹੁਤੈ ਧਨਿ ਖਾਟੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੭) ਧਨ ਨਾਲ ਸੁਖ ਮਿਲਦਾ ਨਹੀਂ ਕਿਉਂਕਿ *"ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੪੭) ਵਿਸ਼ੇ-ਭੋਗ ਦੀ ਭੁੱਖ ਕਦੀ ਵੀ ਤ੍ਰਿਪਤ ਨਹੀਂ ਹੁੰਦੀ ਅਤੇ *"ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੪੬) ਵਿਸ਼ਿਆਂ ਦੇ ਲੋਭ ਵਿੱਚ ਭਰਮਾਇਆ ਹੋਇਆ ਕਿਵੇਂ ਸੁਖੀ ਰਹਿ ਸਕਦਾ ਹੈ? ਉਹ *"ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥"* (ਅੰਗ ੪੧੧) ਭੋਗ ਪ੍ਰਾਪਤੀ ਦੇ ਲੋਭ ਵਿੱਚ ਹੋਰ ਹੋਰ ਧਨ ਕਮਾਉਣ ਦੀ ਆਸ ਵਿੱਚ ਚਾਰ-ਚੁਫੇਰੇ ਭੱਜਾ ਫਿਰਦਾ ਹੈ। *"ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੪੮) ਧਨ ਸੰਪਤੀ ਅਸਲ ਵਿੱਚ ਦੁਖਦਾਈ ਹੀ ਹੁੰਦੇ ਹਨ; ਪਹਿਲੇ ਕਮਾਉਣ ਦੀ ਚਿੰਤਾ ਫਿਰ ਕਮਾਏ ਹੋਏ ਨੂੰ ਸਮ੍ਹਾਲਣ ਦੀ ਚਿੰਤਾ। ਅਸ਼ਟਾਵਕ੍ਰ ਜੀ ਕਹਿੰਦੇ ਹਨ ਕਿ *"ਤਿਅਗਹੁ ਸਗਲ ਉਪਾਵ ਤਿਸ ਕੀ ਓਟ ਗਹੁ॥ ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ,

ਗੂਜਰੀ ਮ: ੫; ਅੰਗ ੫੨੧) ਆਪਣੇ ਸਾਰੇ ਉਪਰਾਲੇ ਛੱਡ ਕੇ ਪਰਮਾਤਮਾ ਦੇ ਸਰਣਾਗਤ ਹੋ ਜਾਓ ਅਤੇ ਪਰਮ ਸੁਖ ਪ੍ਰਾਪਤ ਕਰੋ।

कर्तव्यदुःखमार्तण्डज्वालादग्धान्तरात्मनः।
कुतः प्रशमपीयूषधारासारमृते सुखम्॥३॥

ਕਰਤਵਿਅਦੁ:ਖਮਾਰਤੰਡਜ੍ਵਾਲਾਦਗ੍ਧਾਂਤਰਾਤ੍ਮਨ:।
ਕੁਤ: ਪ੍ਰਸ਼ਮਪੀਯੂਸ਼ਧਾਰਾਸਾਰਮ੍ਰਿਤੇ ਸੁਖਮ੍॥੩॥

ਸ਼ਬਦਾਰਥ:- ਕਰਤਵਿਅ-ਦੁ:ਖ ਮਾਰਤੰਡ ਜ੍ਵਾਲਾ ਦਗ੍ਧ ਅੰਤਰ-ਆਤ੍ਮਨ:= ਕਰਤੱਵ ਦੁੱਖ ਰੂਪੀ ਸੂਰਜ ਦੀ ਤਪਸ਼ ਨਾਲ ਜਲੇ ਹੋਏ ਅੰਤਰ-ਮਨ। ਕੁਤ: ਪ੍ਰਸ਼ਮ ਪੀਯੂਸ਼ ਧਾਰਾਸਾਰਮ੍ ਰਿਤੇ ਸੁਖਮ੍ = ਕਿਵੇਂ ਸ਼ਾਂਤੀ ਦੀ ਅੰਮ੍ਰਿਤ ਬਰਖਾ ਬਿਨਾ ਸੁਖ।

ਸ਼ਲੋਕਾਰਥ:- ਕਰਤੱਵ-ਦੁੱਖ ਰੂਪੀ ਸੂਰਜ ਦੀ ਤਪਸ਼ ਨਾਲ ਦੁਖੀ ਅੰਤਰ-ਮਨ ਵਾਲੇ ਨੂੰ, ਸ਼ਾਂਤੀ ਦੀ ਅੰਮ੍ਰਿਤ ਬਰਖਾ ਬਿਨਾ ਕਿਵੇਂ ਸੁਖ!

ਭਾਵਾਰਥ:- *"ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੫) ਸੰਸਾਰ ਨਾਲ ਦੋਸਤੀ ਨਿਭਾਉਂਦਾ ਹੋਇਆ ਮਨੁੱਖ ਕਈ ਤਰ੍ਹਾਂ ਦੇ ਕਰਤੱਵ ਜਾਲਾਂ ਵਿੱਚ ਫਸ ਕੇ ਸੜਦਾ ਭੁੱਜਦਾ ਰਹਿੰਦਾ ਹੈ। ਮਾਤਾ-ਪਿਤਾ ਪਰਵਾਰ ਪ੍ਰਤੀ, ਸੰਬੰਧੀਆਂ ਦੋਸਤਾਂ ਮਿੱਤਰਾਂ ਪ੍ਰਤੀ, ਸਮਾਜ-ਦੇਸ ਪ੍ਰਤੀ ਕਰਤੱਵ ਨਿਭਾਉਣ ਦੀ ਭੱਜ ਦੌੜ ਵਿੱਚ ਦੁਖੀ ਰਹਿੰਦਾ ਹੈ ਕਿਉਂਕਿ *"ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥੨॥ ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੬) ਸਾਰੇ ਰਿਸ਼ਤੇ ਨਾਤੇ ਬੰਧਨ ਰੂਪ ਹਨ ਅਤੇ ਉਨ੍ਹਾਂ ਪ੍ਰਤੀ ਕੀਤੇ ਜਾਣ ਵਾਲੇ *"ਕਰਮ ਕਰਤ ਜੀਅ ਕਉ ਜੰਜਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੫) ਕਰਤੱਵ ਕਰਮ ਕਰਦਾ ਹੋਇਆ ਵੀ ਮਨੁੱਖ ਬੰਧਨ ਮਹਿਸੂਸ ਕਰਦਾ ਹੈ। ਸੁਖੀ ਹੋਣ ਲਈ ਉਸ ਨੂੰ ਸ਼ਾਂਤੀ ਰੂਪੀ ਬਰਖਾ ਦੀ ਲੋੜ ਹੈ ਜਿਸ ਲਈ *"ਬੰਧਨ ਕਾਟਨਹਾਰੁ ਮਨਿ ਵਸੈ॥ ਤਉ ਸੁਖੁ ਪਾਵੈ ਨਿਜ ਘਰਿ ਬਸੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੭) ਮਨ ਵਿੱਚ ਬੰਧਨ ਕਾਟਨਹਾਰ ਪਰਮਾਤਮਾ ਨੂੰ ਵਸਾ ਕੇ, ਆਤਮ ਸਰੂਪ ਵਿੱਚ ਸਥਿਤ ਹੋ ਕੇ ਹੀ ਸੁਖੀ ਰਹਿ ਸਕਦਾ ਹੈ।

भवोऽयं भावनामात्रो न किञ्चित् परमार्थतः।
नास्त्यभावः स्वभावानां भावाभावविभाविनाम्॥४॥

ਭਵੋऽਯੰ ਭਾਵਨਾਮਾਤ੍ਰੋ ਨ ਕਿੰਚਿਤ੍ ਪਰਮਾਰਥਤ:।
ਨਾਸ੍ਤ੍ਯਭਾਵ: ਸ੍ਵਭਾਵਾਨਾਂ ਭਾਵਾਭਾਵਵਿਭਾਵਿਨਾਮ੍॥੪॥

ਸ਼ਬਦਾਰਥ:- ਭਵ: ਅਯੰ ਭਾਵਨਾ-ਮਾਤ੍ਰ: = ਸੰਸਾਰ ਇਹ ਭਾਵਨਾ ਮਾਤਰ ਹੈ। ਨ ਕਿੰਚਿਤ੍ ਪਰਮਾਰਥਤ: = ਨਹੀਂ ਕੁਝ ਵੀ ਅਸਲ ਵਿੱਚ। ਨ ਅਸ੍ਤਿ ਅਭਾਵ:

ਸੁਵਭਾਵਾਨਾਮ੍ = ਨਹੀਂ ਹੈ ਅਣਹੋਂਦ ਸੁਭਾਵਾਂ ਦੀ। ਭਾਵ ਅਭਾਵ ਵਿਭਾਵਿਨਾਮ੍ = ਹੋਂਦ ਅਣਹੋਂਦ ਵਿੱਚ ਅੰਤਰ-ਵਿਆਪੀ ਦਾ।

ਸ਼ਲੋਕਾਰਥ:- ਇਹ ਸੰਸਾਰ ਭਾਵਨਾ ਮਾਤਰ ਹੈ, ਅਸਲ ਵਿੱਚ ਕੁਝ ਹੈ ਹੀ ਨਹੀਂ। ਹੋਂਦ ਅਣਹੋਂਦ ਵਿੱਚ ਅੰਤਰ ਵਿਆਪੀ ਸੁਭਾਵਾਂ ਦੀ ਅਣਹੋਂਦ ਨਹੀਂ ਹੈ ਅਰਥਾਤ ਸੁਭਾਅ ਬਦਲਦੇ ਨਹੀਂ।

ਭਾਵਾਰਥ:- ***"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਜਿਵੇਂ ਰਾਤ ਦਾ ਸੁਪਨਾ ਕੇਵਲ ਇੱਕ ਕਲਪਨਾ ਮਾਤਰ ਹੈ, ਸੰਸਾਰ ਵੀ ਉਸੇ ਤਰ੍ਹਾਂ ਹੈ। ***"ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਇਸ ਵਿੱਚ ਭਗਵਾਨ ਤੋਂ ਸਿਵਾ ਭਾਵ ਆਤਮਾ ਤੋਂ ਬਿਨਾ ਹੋਰ ਕੋਈ ਸੱਤਾ ਹੈ ਹੀ ਨਹੀਂ ਅਰਥਾਤ ਸੰਸਾਰ ਦੀ ਅਣਹੋਂਦ ਦਾ ਆਧਾਰ ਆਤਮਾ ਦੀ ਹੋਂਦ ਹੈ। ਹਰ ਅਣਹੋਂਦ ਦਾ ਆਧਾਰ ਕੋਈ ਨਾ ਕੋਈ ਹੋਂਦ ਹੀ ਹੁੰਦੀ ਹੈ। ***"ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਜਗ ਮ੍ਰਿਗ ਤ੍ਰਿਸਨਾ ਵਾਂਗ ਝੂਠ ਹੈ ਅਰਥਾਤ ਉਸ ਦੀ ਹੋਂਦ ਹੈ ਹੀ ਨਹੀਂ ਪਰੰਤੂ ਸੂਰਜ ਦੀਆਂ ਗਰਮ ਕਿਰਨਾਂ ਦੇ ਸੜਕ ਉੱਤੇ ਪੈਣ ਨਾਲ ਪਾਣੀ ਦਾ ਇੱਕ ਭੁਲੇਖਾ ਪੈਂਦਾ ਹੈ, ਉਹ ਭੁਲੇਖਾ ਹੀ ਮ੍ਰਿਗ ਤ੍ਰਿਸਨਾ ਹੈ। ਅਣਹੋਂਦ ਹੁੰਦੀ ਤਾਂ ਨਹੀਂ ਪਰ ਹੋਣ ਦਾ ਭੁਲੇਖਾ ਦੇਂਦੀ ਹੈ। ***"ਏਕਸ ਤੇ ਦੂਜਾ ਨਾਹੀ ਕੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੪੨) ਹੋਂਦ ਇੱਕ ਹੀ ਹੈ ਜਿਸ ਦਾ ਸੁਭਾਅ ਹੈ ਹੋਣਾ, ***"ਸਤਿ ਸਤਿ ਸਦਾ ਸਤਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੪; ਅੰਗ ੧੨੦੧) ਸਦਾ ਹੋਂਦ ਵਿੱਚ ਰਹਿਣਾ। ਉਸ ***"ਏਕਸੁ ਤੇ ਸਭੁ ਦੂਜਾ ਹੂਆ॥"*** (ਅੰਗ ੮੪੨) ਇੱਕ ਕਰਕੇ ਹੀ ਕੋਈ ਹੋਰ ਭਾਸਦਾ ਹੈ ਜਿਸ ਦਾ ਸੁਭਾਅ ਹੈ ਨਾ ਹੋਣਾ, ਉਹ ਕੇਵਲ ਭਾਸਦਾ ਹੀ ਹੈ ਕਦੇ ਹੁੰਦਾ ਨਹੀਂ।

न दूरं न च संकोचाल्लब्धमेवात्मनः पदम्।
निर्विकल्पं निरायासं निर्विकारं निरञ्जनम्।।५।।

ਨ ਦੂਰੰ ਨ ਚ ਸੰਕੋਚਾਲ੍ਲਬ੍ਧਮੇਵਾਤ੍ਮਨ: ਪਦਮ੍।
ਨਿਰਵਿਕਲ੍ਪੰ ਨਿਰਾਯਾਸੰ ਨਿਰਵਿਕਾਰੰ ਨਿਰੰਜਨਮ੍॥੫॥

ਸ਼ਬਦਾਰਥ:- ਨ ਦੂਰੰ ਨ ਚ ਸੰਕੋਚਾਤ੍ = ਨਾ ਦੂਰ ਹੈ ਅਤੇ ਨਾ ਸੀਮਿਤ ਹੈ। ਲਬ੍ਧਮ੍ ਏਵ ਆਤ੍ਮਨ: ਪਦਮ੍ = ਪ੍ਰਾਪਤ ਹੀ ਹੈ ਆਤਮ ਪਦ। ਨਿਰਵਿਕਲ੍ਪੰ ਨਿਰਾਯਾਸੰ ਨਿਰਵਿਕਾਰੰ ਨਿਰੰਜਨ: = ਸੰਕਲਪ ਰਹਿਤ, ਜਤਨ ਰਹਿਤ, ਵਿਕਾਰ ਰਹਿਤ, ਦੋਸ਼ ਰਹਿਤ।

ਸ਼ਲੋਕਾਰਥ:- ਸੰਕਲਪ ਰਹਿਤ, ਜਤਨ ਰਹਿਤ, ਵਿਕਾਰ ਰਹਿਤ, ਦੋਸ਼ ਰਹਿਤ ਆਤਮ ਪਦ ਨਾ ਦੂਰ ਹੈ ਨਾ ਹੀ ਸੀਮਿਤ ਹੈ, ਉਹ (ਸਦਾ) ਪ੍ਰਾਪਤ ਹੀ ਹੈ।

ਭਾਵਾਰਥ:- ਆਤਮ ਪਦ ਪ੍ਰਾਪਤੀ ਦਾ ਮਤਲਬ ਹੈ ਸਵੈ ਦੀ, ਆਪਣੇ ਮੂਲ ਦੀ ਪਛਾਣ ਅਤੇ *"ਮੂਲੁ ਪਛਾਣਹਿ ਤਾਂ ਸਹੁ ਜਾਣਹਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਮੂਲ ਪਛਾਣ ਲੈਣ ਦਾ ਅਰਥ ਹੈ ਪਰਮਾਤਮਾ ਨੂੰ ਪ੍ਰਾਪਤ ਕਰ ਲੈਣਾ। ਪਰਮਾਤਮਾ ਦੀ ਪ੍ਰਾਪਤੀ ਬਾਰੇ ਭਗਤ ਕਹਿੰਦਾ ਹੈ ਕਿ *"ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ॥ ਨਾ ਤੂ ਆਵਹਿ ਵਸਿ ਤੀਰਥਿ ਨਾਈਐ॥ ਨਾ ਤੂ ਆਵਹਿ ਵਸਿ ਧਰਤੀ ਧਾਈਐ॥ ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੬੨) ਉਸ ਨੂੰ ਕਿਸੇ ਜਤਨ ਨਾਲ ਜਾਂ ਅਧਿਆਤਮਿਕ ਗ੍ਰੰਥ ਪੜ੍ਹ ਕੇ ਜਾਂ ਤੀਰਥ ਯਾਤ੍ਰਾ ਕਰਕੇ, ਦਾਨ ਦੱਛਣਾ ਦੇ ਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸਵੈ ਪਦ ਕਲਪਨਾਤੀਤ ਅਤੇ ਨਿਰਮਲ ਹੈ। ਇਸ ਦੇ ਬਾਵਜੂਦ ਉਹ *"ਨੇਰੈ ਨਾਹੀ ਦੂਰਿ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਨਾਮਦੇਉ ਜੀਉ; ਅੰਗ ੬੫੭)* ਦੂਰ ਨਹੀਂ, ਨੇੜੇ ਹੈ ਅਤੇ *"ਨਿਜ ਆਤਮੈ ਰਹਿਆ ਭਰਪੂਰਿ॥"* (ਅੰਗ ੬੫੭) ਪੂਰੇ ਨਿਜ ਸਰੂਪ ਵਿੱਚ ਵਿਆਪ ਰਿਹਾ ਹੈ। ਉਹ *"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹੁ ਨ ਭਇਓ ਦੂਰਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੦) ਕਦੇ ਦੂਰ ਨਹੀਂ ਹੁੰਦਾ, ਸਦਾ ਨਾਲ ਹੈ ਅਰਥਾਤ ਉਹ ਸਦਾ ਹੀ ਪ੍ਰਾਪਤ ਹੈ।

व्यामोहमात्रविरतौ स्वरूपादानमात्रतः।
वीतशोका विराजन्ते निरावरणदृष्टयः॥६॥

ਵਿਆਮੋਹਮਾਤ੍ਰਵਿਰਤੌ ਸ੍ਵਰੂਪਾਦਾਨਮਾਤ੍ਰਤ:।
ਵੀਤਸ਼ੋਕਾ ਵਿਰਾਜੰਤੇ ਨਿਰਾਵਰਣਦ੍ਰਿਸ਼ਟਯ:॥੬॥

ਸ਼ਬਦਾਰਥ:- ਵਿਆਮੋਹ ਮਾਤ੍ਰ ਵਿਰਤੌ = ਵਿਸ਼ੇਸ਼ ਮੋਹ ਤੋਂ ਨਿਵਿਰਤ ਹੋਣ ਮਾਤਰ ਨਾਲ। ਸ੍ਵ-ਰੂਪ ਆਦਾਨ ਮਾਤ੍ਰਤ: = ਆਪਣੇ ਸਰੂਪ ਦੇ ਗ੍ਰਹਿਣ ਮਾਤਰ ਨਾਲ। ਵੀਤਸ਼ੋਕਾ: ਵਿਰਾਜੰਤੇ = ਸ਼ੋਕ ਰਹਿਤ ਬਿਰਾਜਦੇ ਹਨ। ਨਿਰ-ਆਵਰਣ-ਦ੍ਰਿਸ਼ਟਯ: = ਆਵਰਣ ਰਹਿਤ ਦ੍ਰਿਸ਼ਟੀ ਵਾਲੇ।

ਸ਼ਲੋਕਾਰਥ:- ਜਿਨ੍ਹਾਂ ਦੀ ਅੱਖਾਂ ਅੱਗੋਂ (ਮੋਹ ਦਾ) ਪਰਦਾ ਹਟ ਗਿਆ ਹੈ, ਮੋਹ ਦੀ ਨਿਵਿਰਤੀ ਅਤੇ ਆਪਣੇ ਸਰੂਪ ਦੇ ਗ੍ਰਹਿਣ ਅਰਥਾਤ ਪਛਾਣਨ ਮਾਤਰ ਨਾਲ, ਉਹ ਸ਼ੋਕ ਰਹਿਤ ਬਿਰਾਜਦੇ ਹਨ।

ਭਾਵਾਰਥ:- *"ਮੋਹ ਪਟਲ ਸਭੁ ਜਗਤੁ ਬਿਆਪਿਓ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਰਵਿਦਾਸ ਜੀਉ; ਅੰਗ ੬੫੮) ਸਾਰੇ ਸੰਸਾਰ ਦੀਆਂ ਅੱਖਾਂ ਅੱਗੇ ਮੋਹ ਦਾ ਪਰਦਾ ਪਿਆ ਹੋਇਆ ਹੈ ਅਤੇ *"ਮੋਹ ਬਿਆਪੇ ਕਿਛੁ ਸੂਝੈ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮) ਮੋਹ ਦੇ ਵੱਸ ਵਿੱਚ ਹੋਏ ਨੂੰ ਕੁਝ ਨਹੀਂ ਸੁੱਝਦਾ ਭਾਵ ਮੋਹ, ਅਗਿਆਨ ਦਾ ਹੀ ਰੂਪ ਹੈ। *"ਮੋਹਿ ਮੋਹਿਆ ਜਾਨੈ ਦੂਰਿ ਹੈ॥ ਕਹੁ ਨਾਨਕ ਸਦਾ ਹਦੂਰਿ ਹੈ॥"* (ਸ੍ਰੀ ਗੁਰੂ

ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੦) ਮੋਹ ਦੇ ਪ੍ਰਭਾਵ ਹੇਠ ਸਮਝਦਾ ਹੈ ਕਿ ਪਰਮਾਤਮਾ ਦੂਰ ਹੈ ਹਾਲਾਂਕਿ ਓਹ ਨੇੜੇ ਤੋਂ ਨੇੜੇ ਹੈ। ਮੋਹ ਦਾ ਪਰਦਾ ਹਟ ਜਾਣ ਉੱਤੇ *"ਗਿਆਨ ਰਤਨੁ ਮਨਿ ਵਸੈ ਆਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੪) ਮਨ ਵਿੱਚ ਗਿਆਨ ਉਤਰਦਾ ਹੈ ਅਤੇ *"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੧੦) ਜਿਸ ਨੂੰ ਗਿਆਨ ਹੋ ਜਾਂਦਾ ਹੈ, ਉਹ ਸਭ ਕੁਝ ਜਾਣ ਜਾਂਦਾ ਹੈ, ਆਪਣੇ ਸਰੂਪ ਨੂੰ ਵੀ ਪਛਾਣ ਲੈਂਦਾ ਹੈ। *"ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ:੧, ਅੰਗ ੫੭) ਆਪਾ ਪਛਾਣਨ ਨਾਲ ਉਹ ਆਤਮ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ ਅਤੇ ਉਸ ਦੇ ਹਉਮੈ ਤ੍ਰਿਸਨਾ ਸਮਾਪਤ ਹੋ ਜਾਂਦੇ ਹਨ। *"ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੪; ਅੰਗ ੬੯੭) ਸਾਰੀ ਤ੍ਰਿਸ਼ਨਾ ਦੀ ਸਮਾਪਤੀ ਨਾਲ ਮਨ ਵਿੱਚ ਸ਼ਾਂਤੀ ਛਾ ਜਾਂਦੀ ਹੈ ਅਤੇ ਵਿਅਕਤੀ ਸ਼ੋਕ ਰਹਿਤ ਹੋ ਕੇ ਵਿਚਰਦਾ ਹੈ।

समस्तं कल्पनामात्रमात्मा मुक्तः सनातनः।
इति विज्ञायधीरो हि किमभ्यस्यति बालवत्॥७॥

ਸਮਸ੍ਤੰ ਕਲ੍ਪਨਾਮਾਤ੍ਰਮਾਤ੍ਮਾ ਮੁਕ੍ਤ: ਸਨਾਤਨ:।
ਇਤਿ ਵਿਗਿਆਯ ਧੀਰੋ ਹਿ ਕਿਮਭਿਅਸਿਅਤਿ ਬਾਲਵਤ੍॥੭॥

ਸ਼ਬਦਾਰਥ:- ਸਮਸ੍ਤੰ ਕਲ੍ਪਨਾ ਮਾਤ੍ਰਮ੍ = ਸਭ ਕਲਪਨਾ ਮਾਤਰ ਹੈ। ਆਤ੍ਮਾ ਮੁਕ੍ਤ: ਸਨਾਤਨ: = ਆਤਮਾ ਮੁਕਤ ਅਤੇ ਸਨਾਤਨ ਹੈ। ਇਤਿ ਵਿਗਿਆਯ = ਇਹ ਜਾਣ ਕੇ। ਧੀਰ: ਹਿ ਕਿਮ੍ ਅਭਿਅਸਿਅਤਿ ਬਾਲਵਤ੍ = ਬੁੱਧੀਮਾਨ, ਕੀ ਜਤਨ ਕਰਦਾ ਹੈ ਬਾਲਕ ਦੀ ਤਰ੍ਹਾਂ?

ਸ਼ਲੋਕਾਰਥ:- ਸਭ ਕਲਪਨਾ ਮਾਤਰ ਹੈ (ਅਤੇ) ਆਤਮਾ ਮੁਕਤ ਅਤੇ ਸਦੀਵੀਂ ਹੈ। ਇਹ ਜਾਣ ਕੇ, ਕੀ ਗਿਆਨੀ ਬਾਲਕਾਂ ਵਾਂਗ ਜਤਨ ਕਰਦਾ ਹੈ? ਭਾਵ ਨਹੀਂ ਕਰਦਾ, ਨਿਰਜਤਨ ਹੋ ਜਾਂਦਾ ਹੈ।

ਭਾਵਾਰਥ:- *"ਬਾਲ ਬਿਵਸਥਾ ਬਾਰਿਕੁ ਅੰਧ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੯) ਬਾਲ ਅਵਸਥਾ ਵਿੱਚ ਬੱਚਾ ਅਗਿਆਨੀ ਹੁੰਦਾ ਹੈ ਅਤੇ *"ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੭-੦੮) ਝੂਠੀ ਦੁਨੀਆ ਵੇਖ ਕੇ ਉਸ ਨੂੰ ਸੱਚੀ ਮੰਨ ਲੈਂਦਾ ਹੈ। ਉਹ *"ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀਰਾਗ ਬੇਣੀ ਜੀਉ; ਅੰਗ ੯੩) ਬਾਲ-ਖੇਡਾਂ ਵਿੱਚ ਰੁੱਝ ਕੇ ਸੰਸਾਰੀ ਸਵਾਦ ਭਾਲਦਾ ਹੋਇਆ ਹੌਲੀ ਹੌਲੀ ਮੋਹ ਵਿੱਚ ਫਸਦਾ ਜਾਂਦਾ ਹੈ। ਜਿਸ ਨੂੰ ਇਹ ਗਿਆਨ ਹੁੰਦਾ ਹੈ ਕਿ *"ਝੂਠਾ ਇਹੁ ਸੰਸਾਰੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੧; ਅੰਗ ੧੪੭) ਸੰਸਾਰ ਇੱਕ ਝੂਠ ਹੈ ਅਤੇ *"ਇਨ ਮੈ ਕਛੁ ਸਾਚੋ ਨਹੀ*

ਨਾਨਕ ਬਿਨੁ ਭਗਵਾਨ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੭) ਇਸ ਵਿੱਚ ਭਗਵਾਨ ਤੋਂ ਬਿਨਾ ਹੋਰ ਕੋਈ ਸਚਾਈ ਨਹੀਂ ਜੋ *"ਸਤਿ ਸਤਿ ਸਦਾ ਸਤਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੪; ਅੰਗ ੧੨੦੧) ਜੋ ਸਦੀਵੀਂ ਸਤਿ ਹੈ ਅਤੇ *"ਸਦਾ ਮੁਕਤੁ ਆਪੇ ਹੈ ਸਚਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੫) ਸਦਾ ਮੁਕਤ ਹੈ, ਉਸ ਦੀ *"ਜਗ ਸਿਉ ਤੂਟੀ ਝੂਠ ਪਰੀਤਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੧; ਅੰਗ ੧੧੮੭) ਸੰਸਾਰ ਪ੍ਰਤੀ ਮੋਹ ਭਾਵਨਾ ਸਮਾਪਤ ਹੋ ਜਾਂਦੀ ਹੈ। ਸਭ ਕੁਝ ਕਲਪਨਾ ਮਾਤਰ ਜਾਣ ਕੇ ਉਸ ਵਿੱਚ ਕੁਝ ਵੀ ਪ੍ਰਾਪਤ ਕਰਨ ਦੀ ਇੱਛਾ ਨਹੀਂ ਜਾਗਦੀ, ਜਿਸ ਕਰਕੇ *"ਗਿਆਨੁ ਭਇਆ ਤਹ ਕਰਮਹ ਨਾਸੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਰਵਿਦਾਸ ਜੀਉ; ਅੰਗ ੧੧੬੭) ਗਿਆਨ ਹੋਣ ਉੱਤੇ ਨਿਰਜਤਨ ਹੋ ਜਾਂਦਾ ਹੈ, ਬਾਲ-ਬੁੱਧੀ ਵਾਲਿਆਂ ਵਾਂਗ ਸੰਸਾਰ ਨੂੰ ਪਕੜਨ ਦੀ ਕੋਸ਼ਿਸ਼ ਨਹੀਂ ਕਰਦਾ।

आत्मा ब्रह्मेति निश्चित्य भावाभावौ च कल्पितौ।
निष्कामः किं विजानाति किं ब्रूते च करोति किम्॥८॥
ਆਤ੍ਮਾ ਬ੍ਰਹ੍ਮੇਤਿ ਨਿਸ਼੍ਚਿਤਿਅ ਭਾਵਾਭਾਵੌਂ ਚ ਕਲ੍ਪਿਤੌਂ।
ਨਿਸ਼੍ਕਾਮ: ਕਿੰ ਵਿਜਾਨਾਤਿ ਕਿੰ ਬ੍ਰੂਤੇ ਚ ਕਰੋਤਿ ਕਿਮ੍॥੮॥

ਸ਼ਬਦਾਰਥ:- ਆਤ੍ਮਾ ਬ੍ਰਹ੍ਮ = ਆਤਮਾ ਬ੍ਰਹਮ ਹੈ। ਇਤਿ ਨਿਸ਼੍ਚਿਤਿਅ = ਇਹ ਨਿਸ਼ਚਾ ਕਰਕੇ। ਭਾਵ-ਅਭਾਵੌਂ ਚ ਕਲ੍ਪਿਤੌਂ = ਹੋਂਦ ਅਤੇ ਅਣਹੋਂਦ ਕਲਪਿਤ ਹਨ। ਨਿਸ਼੍ਕਾਮ: = ਇੱਛਾ ਰਹਿਤ। ਕਿੰ ਵਿਜਾਨਾਤਿ ਕਿੰ ਬ੍ਰੂਤੇ ਚ ਕਰੋਤਿ ਕਿੰ = ਕੀ ਜਾਣਦਾ ਹੈ, ਕੀ ਬੋਲਦਾ ਹੈ, ਕੀ ਕਰਦਾ ਹੈ।

ਸ਼ਲੋਕਾਰਥ:- ਇਹ ਨਿਸ਼ਚਾ ਕਰਕੇ ਕਿ ਆਤਮਾ ਹੀ ਬ੍ਰਹਮ ਹੈ ਅਤੇ ਹੋਂਦ ਅਣਹੋਂਦ ਕੇਵਲ ਕਲਪਨਾ ਹੈ, ਨਿਸ਼ਕਾਮ ਵਿਅਕਤੀ ਕੀ ਜਾਣਦਾ ਹੈ, ਕੀ ਕਹਿੰਦਾ ਹੈ ਅਤੇ ਕੀ ਕਰਦਾ ਹੈ?

ਭਾਵਾਰਥ:- ਜਿਸ ਨੂੰ ਇਹ ਗਿਆਨ ਹੈ ਕਿ *"ਆਤਮ ਰਾਮੁ ਰਾਮੁ ਹੈ ਆਤਮ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ ਬ੍ਰਹਮ ਹੈ ਅਤੇ ਬ੍ਰਹਮ ਹੀ ਆਤਮਾ ਹੈ ਜੋ *"ਏਕੋ ਹੈ ਭਾਈ ਏਕੋ ਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੦) ਇੱਕ ਹੀ ਹੈ ਅਤੇ *"ਏਕਸ ਬਿਨੁ ਨਾਹੀ ਕੋ ਦੂਜਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੫) ਉਸ ਇੱਕ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ, ਉਸ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਪ੍ਰਤੱਖ ਅਪ੍ਰਤੱਖ ਦੀ ਵਾਸਤਵਿਕ ਹੋਂਦ ਹੈ ਹੀ ਨਹੀਂ ਅਤੇ ਸਭ ਕਲਪਨਾ ਮਾਤਰ ਹਨ। ਇਸ ਅਵਸਥਾ ਵਿੱਚ ਸੰਸਾਰ ਅਤੇ ਉਸ ਦਾ ਹਰ ਪਦਾਰਥ ਕਲਪਨਾ ਤੋਂ ਵੱਧ ਕੁਝ ਨਹੀਂ ਰਹਿੰਦਾ ਜਿਸ ਕਰਕੇ ਵਿਅਕਤੀ ਵਿੱਚ ਕੁਝ ਵੀ ਪ੍ਰਾਪਤ ਕਰਨ ਦੀ ਕਾਮਨਾ ਨਹੀਂ ਜਾਗਦੀ ਅਤੇ ਉਹ ਨਿਸ਼ਕਾਮ ਹੋ ਜਾਂਦਾ ਹੈ। ਉਹ *"ਸਭ*

ਕੈ ਮਧਿ ਸਗਲ ਤੇ ਉਦਾਸ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬) ਸੰਸਾਰ ਵਿੱਚ ਸਭ ਤੋਂ ਨਿਰਲੇਪ ਵਿਚਰਦਾ ਹੈ। ਆਤਮ ਸਰੂਪ ਨੂੰ ਜਾਣ ਕੇ ਉਸ ਨੂੰ ਹੋਰ ਕੁਝ ਜਾਣਨ ਦੀ ਇੱਛਾ ਨਹੀਂ ਰਹਿੰਦੀ, ਨਾ ਹੀ ਕੁਝ ਦੱਸਣ ਦੀ ਜਾਂ ਕਰਨ ਦੀ।

अयं सोऽहमयं नाहमिति क्षीणा विकल्पनाः।
सर्वमात्मेति निश्चित्य तूष्णीम्भूतस्य योगिनः॥९॥
ਅਯੰ ਸੋऽਹਮਯੰ ਨਾਹਮਿਤਿ ਕ੍ਸ਼ੀਣਾ ਵਿਕਲ੍ਪਨਾ:।
ਸਰ੍ਵਮਾਤ੍ਮੇਤਿ ਨਿਸ਼੍ਚਿਤ੍ਯ ਤੂਸ਼੍ਣੀਂਭੂਤਸਿਅ ਯੋਗਿਨ:॥੯॥

ਸ਼ਬਦਾਰਥ:- ਅਯੰ ਸ: ਅਹਮ੍ = ਇਹ ਮੈਂ ਓਹ ਹਾਂ। ਅਹਮ੍ ਅਯੰ ਨ ਅਹਮ੍ = ਮੈਂ ਇਹ ਨਹੀਂ ਹਾਂ। ਇਤਿ ਕ੍ਸ਼ੀਣਾ: ਵਿਕਲ੍ਪਨਾ: = ਇਸ ਤਰ੍ਹਾਂ ਦੇ ਵਿਕਲਪ ਸਮਾਪਤ ਹੋ ਜਾਂਦੇ ਹਨ। ਸਰਵੰ ਆਤ੍ਮਾ = ਸਭ ਆਤਮਾ ਹੈ। ਇਤਿ ਨਿਸ਼੍ਚਿਤ੍ਯ = ਇਹ ਨਿਸ਼ਚਾ ਕਰਕੇ। ਤੂਸ਼੍ਣੀਮ੍-ਭੂਤਸਿਅ ਯੋਗਿਨ: = ਮੌਨ ਹੋਏ ਜੋਗੀ ਦੇ।

ਸ਼ਲੋਕਾਰਥ:- ਇਹ ਨਿਸ਼ਚਾ ਕਰਕੇ ਕਿ ਸਭ ਆਤਮਾ ਹੀ ਹੈ, ਮੌਨ ਹੋ ਚੁੱਕੇ ਜੋਗੀ ਦੇ ਇਹ ਵਿਕਲਪ ਕਿ ' ਮੈਂ ਓਹ ਹਾਂ, ਮੈਂ ਇਹ ਨਹੀਂ ਹਾਂ ' ਸਮਾਪਤ ਹੋ ਜਾਂਦੇ ਹਨ।

ਭਾਵਾਰਥ:- *"ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਓਤਿ ਪੋਤਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੪; ਅੰਗ ੩੦੯) ਇਹ ਜਾਣ ਕੇ ਕਿ ਸਭ ਆਤਮਾ ਹੈ ਅਤੇ ਉਹ ਇੱਕ ਹੀ ਸਰਬਤ੍ਰ ਰਮਿਆ ਹੋਇਆ ਹੈ, ਉਹ ਜੋਗੀ ਇਸ ਨਿਸ਼ਚੇ ਉੱਤੇ ਪਹੁੰਚਦਾ ਹੈ ਕਿ *"ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੦) ਪਰਮਾਤਮਾ ਨੂੰ ਤਾਂ ਜਾਣ ਲਿਆ ਹੈ, ਹੁਣ ਕੀ ਕਹਾਂ ਅਤੇ ਕੁਝ ਕਹਿਣ ਦਾ ਲਾਭ ਵੀ ਕੀ ਹੈ ਕਿਉਂਕਿ ਓਹ ਤਾਂ ਅਕੱਥ ਹੈ? ਇਸ ਤਰ੍ਹਾਂ ਦਾ *"ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੫੧) ਮੌਨ ਰਹਿਣ ਵਾਲਾ ਜੋਗੀ ਕੋਈ ਵਿਰਲਾ ਹੀ ਹੁੰਦਾ ਹੈ। ਉਹ *"ਆਪਣਾ ਆਪੁ ਵਿਚਹੁ ਗਵਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੧੬) ਆਪਣੇ ਆਪੇ ਨੂੰ ਵੀ ਸਮਾਪਤ ਕਰ ਲੈਂਦਾ ਹੈ ਜਿਸ ਕਰਕੇ ਉਸ ਦਾ ਮੈਂ-ਭਾਵ ਕਿ ' ਮੈਂ ਉਹ ਹਾਂ ਜਾਂ ਮੈਂ ਉਹ ਨਹੀਂ ' ਸਮਾਪਤ ਹੋ ਜਾਂਦਾ ਹੈ।

न विक्षेपो न चैकाग्र्यं नातिबोधो न मूढता।
न सुखं न च वा दुःखमुपशान्तस्य योगिनः॥१०॥
ਨ ਵਿਕ੍ਸ਼ੇਪੋ ਨ ਚੈਕਾਗ੍ਰਿਅੰ ਨਾਤਿਬੋਧੋ ਨ ਮੂਢਤਾ।
ਨ ਸੁਖੰ ਨ ਚ ਵਾ ਦੁ:ਖਮੁਪਸ਼ਾਂਤਸਿਅ ਯੋਗਿਨ:॥੧੦॥

ਸ਼ਬਦਾਰਥ:- ਨ ਵਿਕ੍ਸ਼ੇਪ: ਨ ਚ ਏਕਾਗ੍ਰਿਅੰ = ਨਾ ਵਿਖੇਪ ਅਤੇ ਨਾ

ਇਕਾਗ੍ਰਤਾ। ਨ ਅਤਿ ਬੋਧ: ਨ ਮੂਢਤਾ = ਨਾ ਅਤਿ ਗਿਆਨ ਨਾ ਮੂਰਖਤਾ। ਨ ਸੁਖੰ ਨ ਚ ਵਾ ਦੁ:ਖੰ = ਨਾ ਸੁਖ ਨਾ ਦੁੱਖ। ਉਪਸ਼ਾਂਤਸਿਅ ਯੋਗਿਨ: = ਸ਼ਾਂਤੀ ਨੂੰ ਪ੍ਰਾਪਤ ਹੋਏ ਜੋਗੀ ਲਈ।

ਸ਼ਲੋਕਾਰਥ:- ਸ਼ਾਂਤੀ ਵਿੱਚ ਸਥਿਤ ਜੋਗੀ ਲਈ ਨਾ ਵਿਖੇਪ ਹੈ ਨਾ ਇਕਾਗ੍ਰਤਾ, ਨਾ ਅਤਿ ਗਿਆਨ ਨਾ ਮੂਰਖਤਾ, ਨਾ ਸੁਖ ਅਤੇ ਨਾ ਹੀ ਦੁਖ।

ਭਾਵਾਰਥ:- ***"ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੪; ਅੰਗ ੧੧੭੯) ਹਰ ਪਲ ਮਨ ਦੇ ਵਿਚਾਰ ਘੁੰਮਦੇ ਰਹਿੰਦੇ ਹਨ ਅਤੇ ਖਿਣ ਭਰ ਲਈ ਵੀ ਟਿਕਦੇ ਨਹੀਂ। ਇਹ ਮਨ ਅਸ਼ਾਂਤ ਹੈ। ਸ਼ਾਂਤੀ ਲਈ ***"ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੮੭) ਗੁਰਮੁਖ ਪ੍ਰਭੂ ਨਾਮ ਦੀ ਕਸੌਟੀ ਨਾਲ ਮਨ ਨੂੰ ਮਾਰ ਲੈਂਦਾ ਹੈ ਅਰਥਾਤ ਸ਼ੂਨਿਅ-ਮਨ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ ਜਿੱਥੇ ਸੰਕਲਪ ਵਿਕਲਪ ਸਮਾਪਤ ਹੋ ਜਾਂਦੇ ਹਨ। ਸੰਕਲਪ ਵਿਕਲਪ ਦੀ ਸਮਾਪਤੀ ਹੀ ਵਿਖੇਪ-ਇਕਾਗ੍ਰਤਾ ਜਾਂ ਗਿਆਨ-ਅਗਿਆਨ ਦੀ ਸਮਾਪਤੀ ਦੀ ਸੂਚਕ ਹੈ। ***"ਮਨੂਆ ਮਾਰਿ ਨਿਰਮਲ ਪਦੁ ਚੀਨਿਆ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੧; ਅੰਗ ੧੨੩੩) ਮਨ ਨੂੰ ਮਾਰ ਕੇ ਜੋਗੀ ਨਿਜ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ ਅਤੇ ***"ਦੂਖ ਸੁਖ ਹੀ ਤੇ ਭਏ ਨਿਰਾਲੇ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੨) ਦੁੱਖ-ਸੁਖ ਤੋਂ ਵੀ ਉੱਪਰ ਉਠ ਜਾਂਦਾ ਹੈ ਕਿਉਂਕਿ ਸੁਖ-ਦੁੱਖ ਮਨ ਦੀਆਂ ਹੀ ਬਿਰਤੀਆਂ ਹਨ, ਆਤਮ ਸਰੂਪ ਦੀਆਂ ਨਹੀਂ।

स्वाराज्ये भैक्ष्यवृत्तौ च लाभालाभे जने वने।
निर्विकल्पस्वभावस्य न विशेषोऽस्ति योगिनः॥११॥

ਸ੍ਵਰਾਜਿਏ ਭੈਕ੍ਸ਼ਿਅਵ੍ਰਿੱਤੌ ਚ ਲਾਭਾਲਾਭੇ ਜਨੇ ਵਨੇ।
ਨਿਰਵਿਕਲ੍ਪਸ੍ਵਭਾਵਸਿਅ ਨ ਵਿਸ਼ੇਸ਼ੋऽਸ੍ਤਿ ਯੋਗਿਨ:॥੧੧॥

ਸ਼ਬਦਾਰਥ:- ਸ੍ਵ-ਰਾਜਿਏ ਭੈਕ੍ਸ਼ਿਅ-ਵ੍ਰਿੱਤੌ ਚ = ਰਾਜ ਕਰਨ ਵਿੱਚ ਅਤੇ ਭਿਖਿਆ ਬਿਰਤੀ ਵਿੱਚ। ਲਾਭ-ਅਲਾਭੇ ਜਨੇ ਵਨੇ = ਲਾਭ ਹਾਨੀ ਵਿੱਚ, ਜਨ ਨਿਰਜਨ ਵਿੱਚ। ਨਿਰਵਿਕਲ੍ਪ ਸ੍ਵਭਾਵਸਿਅ = ਵਿਕਲਪ ਰਹਿਤ ਸੁਭਾਅ ਵਾਲੇ ਦਾ। ਨ ਵਿਸ਼ੇਸ਼: ਅਸ੍ਤਿ = (ਕੁਝ) ਵਿਸ਼ੇਸ਼ ਨਹੀਂ ਹੈ। ਯੋਗਿਨ: = ਜੋਗੀ ਲਈ।

ਸ਼ਲੋਕਾਰਥ:- ਵਿਕਲਪ ਰਹਿਤ ਸੁਭਾਅ ਵਾਲੇ ਜੋਗੀ ਵਾਸਤੇ ਰਾਜ ਕਰਨ ਵਿੱਚ ਜਾਂ ਭਿਖਿਆ ਮੰਗਣ ਵਿੱਚ, ਲਾਭ ਹਾਨੀ ਵਿੱਚ, ਭੀੜ ਜਾਂ ਜੰਗਲ ਵਿੱਚ ਕੁਝ ਵਿਸ਼ੇਸ਼ ਨਹੀਂ ਭਾਵ ਕੋਈ ਅੰਤਰ ਨਹੀਂ।

ਭਾਵਾਰਥ:- ਵਿਕਲਪ ਰਹਿਤ ਜੋਗੀ ਅ-ਮਨ ਅਵਸਥਾ ਵਿੱਚ ਹੁੰਦਾ ਹੈ ਜਿਸ

ਨੇ *"ਮਨੂਆ ਮਾਰਿ ਨਿਰਮਲ ਪਦੁ ਚੀਨਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੧; ਅੰਗ ੧੨੩੩) ਮਨ ਨੂੰ ਜਿੱਤ ਕੇ ਨਿਜ ਸਰੂਪ ਨੂੰ ਜਾਣ ਲਿਆ ਹੁੰਦਾ ਹੈ। ਉਸ ਵਾਸਤੇ *"ਜਗੁ ਸੁਪਨਾ ਬਾਜੀ ਬਨੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੧੮) ਸੰਸਾਰ, ਸੁਪਨੇ ਵਿੱਚ ਖੇਡਿਆ ਜਾ ਰਿਹਾ ਇੱਕ ਡਰਾਮਾ ਹੈ ਜਿਸ ਵਿੱਚ ਹਰ ਪਾਤਰ ਆਪਣੀ ਆਪਣੀ ਭੂਮਿਕਾ ਨਿਭਾ ਕੇ ਚਲਾ ਜਾਂਦਾ ਹੈ ਅਤੇ ਉਹ ਭੂਮਿਕਾ ਰਾਜਾ ਬਣਨ ਦੀ ਹੋਵੇ ਜਾਂ ਭਿਖਿਅਕ ਬਣਨ ਦੀ, ਨਫ਼ਾ ਕਮਾਉਣ ਦੀ ਜਾਂ ਨੁਕਸਾਨ ਬਰਦਾਸ਼ਤ ਕਰਨ ਦੀ, ਭੀੜ ਵਿੱਚ ਰਹਿਣ ਦੀ ਜਾਂ ਨਿਰਜਨ ਜੰਗਲ ਵਿੱਚ ਰਹਿਣ ਦੀ, ਉਸ ਵਾਸਤੇ ਉਨ੍ਹਾਂ ਵਿੱਚ ਕੋਈ ਅੰਤਰ ਨਹੀਂ। ਉਹ *"ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥"* (ਸੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੪) ਬਾਹਰੋਂ ਸਭ ਨਾਲ ਠੀਕ ਵਰਤੋਂ ਵਿਹਾਰ ਕਰਦਾ ਹੈ ਪਰ ਅੰਦਰੋਂ ਸਭ ਤੋਂ, ਜਲ ਵਿੱਚ ਕਮਲ ਵਾਂਗ, ਨਿਰਲੇਪ ਰਹਿੰਦਾ ਹੈ।

क्वधर्मः क्व च वा कामः क्व चार्थः क्व विवेकता।
इदं कृतमिदं नेति द्वन्द्वैर्मुक्तस्य योगिनः॥१२॥

ਕ੍ਵ ਧਰਮ: ਕ੍ਵ ਚ ਵਾ ਕਾਮ: ਕ੍ਵ ਚਾਰਥ: ਕ੍ਵ ਵਿਵੇਕਤਾ।
ਇਦੰ ਕ੍ਰਿਤਮਿਦੰ ਨੇਤਿ ਦ੍ਵੰਦ੍ਵੈਰਮੁਕ੍ਤਸਿਅ ਯੋਗਿਨ:॥੧੨॥

ਸ਼ਬਦਾਰਥ:- ਕ੍ਵ ਧਰਮ: ਕ੍ਵ ਚ ਵਾ ਕਾਮ: ਕ੍ਵ ਚ ਅਰਥ: ਕ੍ਵ ਵਿਵੇਕਤਾ = ਕਿੱਥੇ ਧਰਮ ਅਤੇ ਕਿੱਥੇ ਕਾਮ ਅਤੇ ਕਿੱਥੇ ਅਰਥ, ਕਿੱਥੇ ਵਿਵੇਕ। ਇਦੰ ਕ੍ਰਿਤੰ ਇਦੰ ਨ = ਇਹ ਕੀਤਾ ਇਹ ਨਹੀਂ। ਇਤਿ ਦ੍ਵੰਦ੍ਵੈ: ਮੁਕ੍ਤਸਿਅ ਯੋਗਿਨ: = ਇਨ੍ਹਾਂ ਦੁਚਿੱਤੀਆਂ ਤੋਂ ਮੁਕਤ ਜੋਗੀ ਦੇ।

ਸ਼ਲੋਕਾਰਥ:- "ਇਹ ਕੀਤਾ ਗਿਆ ਹੈ ਅਤੇ ਇਹ ਨਹੀਂ ਕੀਤਾ ਗਿਆ" ਇਨ੍ਹਾਂ ਦਵੰਦਾਂ ਤੋਂ ਮੁਕਤ ਜੋਗੀ ਲਈ ਧਰਮ ਕਿੱਥੇ ਹੈ, ਕਾਮਨਾ ਕਿੱਥੇ ਹੈ, ਅਰਥ ਕਿੱਥੇ ਹੈ, ਵਿਵੇਕ ਕਿੱਥੇ ਹੈ ਅਰਥਾਤ ਉਸ ਲਈ ਧਰਮ, ਅਰਥ, ਕਾਮ, ਵਿਵੇਕ ਦਾ ਕੋਈ ਪ੍ਰਯੋਜਨ ਨਹੀਂ।

ਭਾਵਾਰਥ:- ਮਨੁੱਖ *"ਚਾਰਿ ਪਦਾਰਥ ਲੈ ਜਗਿ ਆਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੭) ਸੰਸਾਰ ਵਿੱਚ ਚਾਰ ਪੁਰਸ਼ਾਰਥ-ਧਰਮ ਅਰਥ ਕਾਮ ਮੋਖ- ਕਮਾਉਣ ਲਈ ਆਉਂਦਾ ਹੈ। ਜਿਸ ਜੋਗੀ ਨੂੰ ਇਹ ਨਿਸ਼ਚਾ ਹੈ ਕਿ *"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੧) ਸਭ ਕੁਝ ਪਰਮਾਤਮਾ ਦੇ ਹੁਕਮ ਅੰਦਰ ਹੈ ਅਤੇ ਕੋਈ ਉਸ ਦੇ ਹੁਕਮ ਤੋਂ ਬਾਹਰ ਨਹੀਂ ਅਤੇ ਓਹ ਹੀ *"ਹੁਕਮੇ ਕਾਰ ਕਰਾਇਦਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੨੭) ਆਪਣੇ ਹੁਕਮ ਅਨੁਸਾਰ ਕਰਮ ਕਰਵਾਉਂਦਾ ਹੈ, ਉਸ ਲਈ ਵਿਵੇਕ ਦਾ ਕੋਈ ਪ੍ਰਯੋਜਨ ਨਹੀਂ ਰਹਿ

ਜਾਂਦਾ ਕਿਉਂਕਿ ਉਹ ਇਸ ਦੁਚਿੱਤੀ ਤੋਂ ਮੁਕਤ ਹੋ ਜਾਂਦਾ ਹੈ ਕਿ ਕੀ ਕਰਨਾ ਹੈ ਕੀ ਨਹੀਂ ਕਰਨਾ। ਇਸ ਤਰ੍ਹਾਂ ਦੀ ਮੁਕਤ ਅਵਸਥਾ ਵਿੱਚ ਉਹ ਬਿਲਕੁਲ ਇੱਛਾ ਰਹਿਤ ਹੋ ਕੇ ਵਿਚਰਦਾ ਹੈ। ਧਾਰਮਿਕ ਕਰਮ ਕਾਂਡ, ਧਨ ਸੰਗ੍ਰਹਿ ਅਤੇ ਕਾਮ ਵਾਸ਼ਨਾ ਉਸ ਲਈ ਨਿਰਰਥਕ ਹੋ ਜਾਂਦੇ ਹਨ। ਇਸ ਅਵਸਥਾ ਵਿੱਚ ***"ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬)** ਉਹ ਚਾਰ ਪੁਰਸ਼ਾਰਥਾਂ, ਹਿਰਦੇ ਕਮਲ ਦੇ ਵਿਕਾਸ ਆਦਿ, ਸਭ ਤੋਂ ਅਲੇਪ ਰਹਿੰਦਾ ਹੈ।

कृत्यं किमपि नैवास्ति न कापि हृदि रञ्जना।
यथाजीवनमेवेह जीवनमुक्तस्य योगिनः॥१३॥
ਕ੍ਰਿਤਿਅੰ ਕਿਮਪਿ ਨੈਵਾਸ੍ਤਿ ਨ ਕਾਪਿ ਹ੍ਰਿਦਿ ਰੰਜਨਾ।
ਯਥਾਜੀਵਨਮੇਵੇਹ ਜੀਵਨਮੁਕ੍ਤਸਿਅ ਯੋਗਿਨ:॥੧੩॥

ਸ਼ਬਦਾਰਥ:- ਕ੍ਰਿਤਿਅੰ ਕਿਮ੍ ਅਪਿ ਨ ਏਵ ਅਸ੍ਤਿ = ਕਰਤੱਵ ਕੁਝ ਵੀ ਨਹੀਂ ਹੈ। ਨ ਕਾ ਅਪਿ ਹ੍ਰਿਦਿ ਰੰਜਨਾ = ਨਾ ਕੋਈ ਹਿਰਦੇ ਵਿੱਚ ਲਗਾਅ। ਯਥਾ ਜੀਵਨਮ੍ ਏਵ = ਜਿਹੋ ਜਿਹਾ ਪ੍ਰਾਪਤ ਜੀਵਨ ਹੀ। ਇਹ ਜੀਵਨ ਮੁਕ੍ਤਸਿਅ ਯੋਗਿਨ: = ਏਥੇ ਜੀਵਨ ਮੁਕਤ ਜੋਗੀ ਦਾ।

ਸ਼ਲੋਕਾਰਥ:- ਏਥੇ ਜੀਵਨ ਮੁਕਤ ਜੋਗੀ ਲਈ ਕਰਤੱਵ ਕਰਮ ਕੁਝ ਵੀ ਨਹੀਂ ਨਾ ਹੀ ਉਸ ਦੇ ਹਿਰਦੇ ਵਿੱਚ ਕੋਈ ਲਗਾਅ ਹੈ। (ਉਹ) ਯਥਾ ਪ੍ਰਾਪਤ ਜੀਵਨ ਹੀ (ਜਿਊਂਦਾ ਹੈ)।

ਭਾਵਾਰਥ:- ਜੀਵਨ ਮੁਕਤ ਦੀ ***"ਤਿਸਨਾ ਬੁਝੈ ਤ੍ਰਿਪਤਿ ਹੋਇ ਹਰਿ ਕੈ ਨਾਇ ਪਿਆਰਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੩; ਅੰਗ ੧੪੧੭)** ਪ੍ਰਭੂ ਵਿੱਚ ਲਗਨ ਹੋਣ ਕਰਕੇ ਹਰ ਤਰ੍ਹਾਂ ਦੀ ਸੰਸਾਰਿਕ ਤ੍ਰਿਸ਼ਨਾ ਸ਼ਾਂਤ ਹੋਈ ਹੁੰਦੀ ਹੈ, ਜਿਸ ਕਰਕੇ ਉਸ ਵਿੱਚ ਕਿਸੇ ਪ੍ਰਾਪਤੀ ਲਈ ਕੁਝ ਕਰਨ ਦੀ ਇੱਛਾ ਨਹੀਂ ਰਹਿੰਦੀ। ਇਸੇ ਕਰਕੇ ਉਸ ਲਈ ਕੋਈ ਕਰਮ ਜ਼ਰੂਰੀ ਨਹੀਂ। ਉਹ ***"ਸਮਦਰਸੀ ਏਕ ਦ੍ਰਿਸਟੇਤਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬)** ਸਭ ਨੂੰ ਸਮ ਦ੍ਰਿਸ਼ਟੀ ਨਾਲ ਵੇਖਦਾ ਹੋਇਆ ਇੱਕ ਪਰਮਾਤਮਾ ਨੂੰ ਹੀ ਵੇਖਦਾ ਹੈ, ਕਿਸੇ ਨਾਲ ਵਿਰੋਧ ਨਹੀਂ ਨਾ ਹੀ ਕਿਸੇ ਨਾਲ ਵਿਸ਼ੇਸ਼ ਲਗਾਅ ਰੱਖਦਾ ਹੈ। ਉਹ ਜਾਣਦਾ ਹੈ ਕਿ ***"ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੧੩)** ਹੁਣ ਉਸ ਨੂੰ ਉਸ ਦੇ ਪੂਰਬਲੇ ਕਰਮਾਂ ਅਨੁਸਾਰ ਜੀਵਨ ਮਿਲਿਆ ਹੈ ਕਿਉਂਕਿ ***"ਪੂਰਬਲੋ ਕ੍ਰਿਤ ਕਰਮੁ ਨ ਮਿਟੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਤ੍ਰਿਲੋਚਨ ਜੀਉ; ਅੰਗ ੬੯੫)** ਪੂਰਬਲੇ ਕਰਮ ਮਿਟਦੇ ਨਹੀਂ ਅਤੇ ***"ਕਰਮੀ ਆਵੈ ਕਪੜਾ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਜਪੁ; ਅੰਗ ੨)** ਕਰਮਾਂ ਅਨੁਸਾਰ ਹੀ ਅਗਲਾ ਸਰੀਰ ਮਿਲਦਾ ਹੈ। ਇਸ ਕਰਕੇ ਉਹ ਯਥਾ ਪ੍ਰਾਪਤ ਜੀਵਨ ਵਿੱਚ ਸੰਤੁਸ਼ਟ

ਰਹਿੰਦਾ ਹੈ ਕਿਉਂਕਿ *"ਭਾਣੇ ਵਿਚਿ ਵਡੀ ਵਡਿਆਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੪) ਪਰਮਾਤਮਾ ਦੀ ਰਜ਼ਾ ਵਿੱਚ ਰਹਿਣਾ ਹੀ ਉੱਤਮ ਹੈ।

क्व मोहः क्व च वा विश्वं क्व तद्ध्यानं क्व मुक्तता।
सर्वसंकल्पसीमायां विश्रान्तस्य महात्मनः॥१४॥

ਕ੍ਵ ਮੋਹ: ਕ੍ਵ ਚ ਵਾ ਵਿਸ਼੍ਵੰ ਕ੍ਵ ਤੱਧਿਆਨੰ ਕ੍ਵ ਮੁਕ੍ਤਤਾ।
ਸਰਵਸੰਕਲ੍ਪਸੀਮਾਯਾਂ ਵਿਸ਼੍ਰਾਂਤਸਿਅ ਮਹਾਤ੍ਮਨ:॥੧੪॥

ਸ਼ਬਦਾਰਥ:- ਕ੍ਵ ਮੋਹ: ਕ੍ਵ ਚ ਵਾ ਵਿਸ਼੍ਵੰ ਕ੍ਵ ਤਤ੍ ਧਿਆਨੰ ਕ੍ਵ ਮੁਕ੍ਤਤਾ = ਕਿੱਥੇ ਮੋਹ, ਅਤੇ ਕਿੱਥੇ ਸੰਸਾਰ, ਕਿੱਥੇ ਉਸ ਦਾ ਧਿਆਨ, ਕਿੱਥੇ ਮੁਕਤ ਅਵਸਥਾ। ਸਰਵ-ਸੰਕਲ੍ਪ-ਸੀਮਾਯਾਂ ਵਿਸ਼੍ਰਾਂਤਸਿਅ ਮਹਾਤ੍ਮਨ: = ਸੰਪੂਰਨ ਸੰਕਲਪਾਂ ਦੀ ਸੀਮਾ ਤੋਂ ਬਾਹਰ ਸਥਿਤ ਮਹਾਤਮਾ ਲਈ।

ਸ਼ਲੋਕਾਰਥ:- ਸੰਪੂਰਨ ਸੰਕਲਪਾਂ ਦੀ ਸੀਮਾ ਤੋਂ ਬਾਹਰ ਸਥਿਤ ਮਹਾਤਮਾ ਲਈ ਮੋਹ ਕਿੱਥੇ, ਸੰਸਾਰ ਕਿੱਥੇ, ਉਸ ਦਾ ਧਿਆਨ ਕਿੱਥੇ ਅਤੇ ਮੁਕਤੀ ਕਿੱਥੇ? ਅਰਥਾਤ ਉਸ ਲਈ ਮੋਹ, ਸੰਸਾਰ, ਧਿਆਨ, ਮੁਕਤੀ ਆਦਿ ਸ਼ਬਦਾਂ ਦੀ ਹੋਂਦ ਹੈ ਹੀ ਨਹੀਂ।

ਭਾਵਾਰਥ:- ਗਿਆਨੀ ਜਾਣਦਾ ਹੈ ਕਿ ਵਾਸਤਵਿਕਤਾ *"ਏਕੋ ਹੈ ਭਾਈ ਏਕੋ ਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੦) ਇੱਕ ਹੀ ਹੈ *"ਦੂਸਰ ਹੋਆ ਨਾ ਕੋ ਹੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੦) ਦੂਜੀ ਨਾ ਹੋਈ ਹੈ ਨਾ ਕੋਈ ਹੋਵੇਗੀ। *"ਦੂਜੈ ਭਾਇ ਪਰਪੰਚਿ ਲਾਗੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੪੨) ਦੂਜੇ ਦੀ ਭਾਵਨਾ ਸੰਸਾਰ ਪ੍ਰਪੰਚ ਦੀ ਉਤਪੱਤੀ ਹੈ ਜੋ ਅਣਗਿਣਤ ਸੰਕਲਪਾਂ ਦਾ ਖੂਹ ਹੈ ਜਿੱਥੇ ਵਿਅਕਤੀ ਸੰਸਾਰ ਦੀ ਮੋਹ ਮਾਇਆ ਵਿੱਚ ਫਸ ਜਾਂਦਾ ਹੈ। ਸੰਕਲਪਾਂ ਤੋਂ ਬਾਹਰ ਦੀ ਸਥਿਤੀ ਦਾ ਮਤਲਬ ਹੈ ਸੰਸਾਰ ਤੋਂ ਬਾਹਰ ਭਾਵ *"ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੭੫) ਆਤਮ ਸਰੂਪ ਵਿੱਚ ਸਥਿਤੀ ਜਿੱਥੇ ਨਾ ਕੋਈ ਰਸਤਾ ਹੈ ਨਾ ਕੋਈ ਚੱਲਣ ਵਾਲਾ ਹੈ, ਜਿੱਥੇ ਨਾ ਕੁਝ ਸੰਕਲਪ ਕਰਨ ਲਈ ਹੈ ਨਾ ਹੀ ਕੋਈ ਸੰਕਲਪ ਕਰਨ ਵਾਲਾ ਹੈ। ਅਜਿਹੇ ਮਹਾਤਮਾ ਦੀ *"ਮਿਟਿ ਗਈ ਭਾਲ ਮਨੁ ਸਹਜਿ ਸਮਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੯-੯੦) ਸਭ ਖੋਜਾਂ ਅਰਥਾਤ ਸਾਰੀਆਂ ਇੱਛਾਵਾਂ ਮਿਟ ਜਾਂਦੀਆਂ ਹਨ ਅਤੇ ਉਹ ਪਰਮਾਤਮਾ ਵਿੱਚ ਅਭੇਦ ਹੋ ਜਾਂਦਾ ਹੈ, ਜਿਸ ਕਰਕੇ ਨਾ ਉਸ ਦਾ ਧਿਆਨ ਕਰਨ ਵੱਲ ਖ਼ਿਆਲ ਜਾਂਦਾ ਹੈ ਨਾ ਹੀ ਮੁਕਤੀ ਦੀ ਮੰਗ ਰਹਿੰਦੀ ਹੈ।

येन विश्वमिदं दृष्टं स नास्तीति करोतु वै।
निर्वासनः किं कुरुते पश्यन्नपि न पश्यति॥१५॥

ਯੇਨ ਵਿਸ਼੍ਵਮਿਦੰ ਦ੍ਰਿਸ਼੍ਟੰ ਸ ਨਾਸ੍ਤੀਤਿ ਕਰੋਤੁ ਵੈ।
ਨਿਰਵਾਸਨ: ਕਿੰ ਕੁਰੁਤੇ ਪਸ਼੍ਇਅੰਨਪਿ ਨ ਪਸ਼੍ਇਅਤਿ॥੧੫॥

ਸ਼ਬਦਾਰਥ:- ਯੇਨ ਵਿਸ਼੍ਵਮ੍ ਇਦੰ ਦ੍ਰਿਸ਼੍ਟੰ = ਜਿਸ ਦੁਆਰਾ ਸੰਸਾਰ ਇਹ ਵੇਖਿਆ ਗਿਆ ਹੈ। ਸ: ਨ ਅਸ੍ਤਿ = ਉਹ (ਸੰਸਾਰ) ਨਹੀਂ ਹੈ। ਇਤਿ ਕਰੋਤੁ ਵੈ = ਇਸ ਤਰ੍ਹਾਂ (ਇਨਕਾਰ) ਕਰ ਸਕਦਾ ਹੈ। ਨਿਰਵਾਸਨ: ਕਿੰ ਕੁਰੁਤੇ = ਵਾਸ਼ਨਾ-ਰਹਿਤ ਕੀ ਕਰੇ? ਪਸ਼੍ਇਅਨ੍ ਅਪਿ ਨ ਪਸ਼੍ਇਅਤਿ = ਵੇਖਦਾ ਹੋਇਆ ਵੀ ਨਹੀਂ ਵੇਖਦਾ।

ਸ਼ਲੋਕਾਰਥ:- ਜਿਸ ਦੁਆਰਾ ਸੰਸਾਰ ਵੇਖਿਆ ਗਿਆ ਹੈ, ਉਹ ਸੰਸਾਰ ਦੀ ਹੋਂਦ ਤੋਂ ਇਨਕਾਰ ਕਰ ਸਕਦਾ ਹੈ। ਵਾਸ਼ਨਾ ਰਹਿਤ (ਮਨੁੱਖ) ਕੀ ਕਰੇ, ਜੋ ਵੇਖਦਾ ਹੋਇਆ ਵੀ ਨਹੀਂ ਵੇਖਦਾ।

ਭਾਵਾਰਥ:- ਸੰਸਾਰ ਉਸ ਨੂੰ ਦਿੱਸਦਾ ਹੈ ਜਿਸ ਦੀ ਕੋਈ ਵਾਸ਼ਨਾ ਬਚੀ ਹੋਈ ਹੋਵੇ ਕਿਉਂਕਿ ਵਾਸ਼ਨਾ ਕਿਸੇ ਦੂਜੀ ਹੋਂਦ ਲਈ ਹੀ ਹੁੰਦੀ ਹੈ। ਉਹ ਮਨੁੱਖ ***"ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧)** ਦਵੈਤ ਭਾਵ ਵਿੱਚ ਹਉਮੈ ਦੇ ਅਧੀਨ ਕਰਮ ਕਰਦਾ ਹੈ ਅਤੇ ***"ਹਉਮੈ ਵਿਚਿ ਜਗੁ ਉਪਜੈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੬)** ਹਉਮੈ ਦੀ ਹੋਂਦ ਹੀ ਸੰਸਾਰ ਦੀ ਪ੍ਰਤੀਤੀ ਕਰਵਾਉਂਦੀ ਹੈ। ਗਿਆਨ ਹੋਣ ਉੱਤੇ ਉਹ ਕਹਿ ਸਕਦਾ ਹੈ ਕਿ ***"ਇਹੁ ਸੰਸਾਰੁ ਸਗਲ ਹੈ ਸੁਪਨੋ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧)** ਸੰਸਾਰ ਕੇਵਲ ਸੁਪਨਾ ਹੈ ਅਰਥਾਤ ਅਸਲ ਵਿੱਚ ਉਸ ਦੀ ਹੋਂਦ ਹੈ ਹੀ ਨਹੀਂ। ਜਿਹੜਾ ਇਸ ਨਿਸ਼ਚੇ ਉੱਤੇ ਅਡਿੱਗ ਹੁੰਦਾ ਹੈ ਕਿ ***"ਏਕ ਬਿਨਾ ਦੂਜਾ ਨਹੀ ਹੋਰੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੫੧)** ਇੱਕ ਪਰਮਾਤਮਾ ਤੋਂ ਬਿਨਾ ਹੋਰ ਕੋਈ ਹੋਂਦ ਹੈ ਹੀ ਨਹੀਂ, ਉਸ ਦੀ ਵਾਸ਼ਨਾ ਲਈ ਕੁਝ ਬਚਦਾ ਹੀ ਨਹੀਂ। ਉਹ ਬਿਲਕੁਲ ਇੱਛਾ ਰਹਿਤ ਵਿਚਰਦਾ ਹੈ। ਇੰਦ੍ਰੀ ਤਾਂ ਹੀ ਕੰਮ ਕਰਦੀ ਹੈ ਜੇ ਪਿੱਛੇ ਇੱਛਾ ਹੋਵੇ। ਜੇ ਵੇਖਣ ਦੀ ਇੱਛਾ ਨਹੀਂ ਤਾਂ ਸਾਮ੍ਹਣੇ ਪਈ ਵਸਤੂ ਵੀ ਨਹੀਂ ਦਿੱਸਦੀ, ਜੇ ਸੁਣਨ ਦੀ ਇੱਛਾ ਨਹੀਂ ਤਾਂ ਕੋਲ ਵੱਜਦੇ ਢੋਲ ਵੀ ਸੁਣਾਈ ਨਹੀਂ ਦੇਂਦੇ। ਇਸੇ ਕਰਕੇ ਵਾਸ਼ਨਾ-ਰਹਿਤ ਕੁਝ ਨਹੀਂ ਕਹਿ ਸਕਦਾ ਕਿਉਂਕਿ ਇੱਛਾ ਰਹਿਤ ਹੋਣ ਕਰਕੇ ਉਹ ਵੇਖਦਾ ਹੋਇਆ ਵੀ ਵੇਖ ਨਹੀਂ ਰਿਹਾ ਹੁੰਦਾ।

येन दृष्टं परं ब्रह्म सोऽहं ब्रह्मेति चिन्तयेत्।
किं चिन्तयति निश्चिन्तो द्वितीयं यो न पश्यति॥१६॥
ਯੇਨ ਦ੍ਰਿਸ਼ਟੰ ਪਰੰ ਬ੍ਰਹ੍ਮ ਸੋऽਹੰ ਬ੍ਰਹ੍ਮੇਤਿ ਚਿੰਤਯੇਤ੍।
ਕਿੰ ਚਿੰਤਯਤਿ ਨਿਸ਼੍ਚਿੰਤੋ ਦ੍ਵਿਤੀਯੰ ਯੋ ਨ ਪਸ਼੍ਇਅਤਿ॥੧੬॥

ਸ਼ਬਦਾਰਥ:- ਯੇਨ ਦ੍ਰਿਸ਼ਟੰ ਪਰੰ ਬ੍ਰਹਮ = ਜਿਸ ਦੁਆਰਾ ਵੇਖਿਆ ਗਿਆ ਹੈ ਪਾਰਬ੍ਰਹਮ। ਸ: ਅਹੰ ਬ੍ਰਹਮ = ਉਹ ਮੈਂ ਹਾਂ ਬ੍ਰਹਮ। ਇਤਿ ਚਿੰਤਯੇਤ੍ = ਇਸ ਤਰ੍ਹਾਂ ਵਿਚਾਰ ਕਰੇ। ਕਿੰ ਚਿੰਤਯਤਿ ਨਿਸ਼੍ਚਿੰਤ: = ਕੀ ਵਿਚਾਰ ਕਰੇ ਜੋ ਨਿਰ-ਵਿਚਾਰ ਹੈ। ਦ੍ਵਿਤੀਯੰ ਯੋ ਨ ਪਸ਼੍ਯਤਿ = ਦੂਜੇ ਨੂੰ ਜੋ ਵੇਖਦਾ ਹੀ ਨਹੀਂ।

ਸ਼ਲੋਕਾਰਥ:- ਜਿਸ ਦੁਆਰਾ ਪਰਮਾਤਮਾ ਵੇਖਿਆ ਗਿਆ ਹੈ ਉਹ ਚਿੰਤਨ ਕਰੇ ਕਿ "ਮੈਂ ਬ੍ਰਹਮ ਹਾਂ"। ਜੋ ਨਿਰਵਿਚਾਰ ਹੈ, ਦੂਜੇ ਨੂੰ ਵੇਖਦਾ ਹੀ ਨਹੀਂ, ਉਹ ਕਿਸ ਦਾ ਚਿੰਤਨ ਕਰੇ!

ਭਾਵਾਰਥ:- ਜਿਸ ਨੇ ***"ਪਾਰਬ੍ਰਹਮੁ ਸੋ ਨੈਨਹੁ ਪੇਖਿਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੫) ਪਰਮਾਤਮਾ ਨੂੰ ਅੱਖਾਂ ਨਾਲ ਵੇਖਿਆ ਹੈ ਭਾਵ ਆਪਣੇ ਤੋਂ ਵੱਖਰਾ ਅਨੁਭਵ ਕੀਤਾ ਹੈ ਉਹ ***"ਸੋਹੰ ਆਪੁ ਪਛਾਣੀਐ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੬੦) ਆਪਣੇ ਆਪ ਨੂੰ ' ਮੈਂ ਬ੍ਰਹਮ ਹਾਂ ' ਇਸ ਤਰ੍ਹਾਂ ਚਿੰਤਨ ਕਰੇ। ਜੋ ਨਿਰਵਿਚਾਰ ਹੈ, ਕੋਈ ਵਿਚਾਰ ਉਸ ਵਿੱਚ ਪ੍ਰਵੇਸ਼ ਹੀ ਨਹੀਂ ਕਰ ਸਕਦਾ। ਉਸ ਨੂੰ ***"ਅਵਰੁ ਨ ਦੀਸੈ ਕਿਸੁ ਸਾਲਾਹੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੧; ਅੰਗ ੫੯੭) ਦੂਜਾ ਦਿੱਸਦਾ ਹੀ ਨਹੀਂ ਅਰਥਾਤ ਉਹ ਪਰਮਾਤਮਾ ਨਾਲ ਅਭੇਦ ਹੋ ਚੁੱਕਾ ਹੈ, ਉਹ ਕਿਸ ਦਾ ਚਿੰਤਨ ਕਰੇ? ਅਰਥਾਤ ਉਹ ਚਿੰਤਨ ਕਰ ਹੀ ਨਹੀਂ ਸਕਦਾ ਕਿਉਂਕਿ ***"ਮਿਲਿਆ ਕਾ ਕਿਆ ਮੇਲੀਐ"*** (ਅੰਗ ੬੦) ਮਿਲੇ ਹੋਇਆਂ ਨੂੰ ਮਿਲਾਉਣ ਦਾ ਕੋਈ ਅਰਥ ਨਹੀਂ।

दृष्टो येनात्मविक्षेपो निरोधं कुरुते त्वसौ।
उदारस्तु न विक्षिप्तः साध्याभावात्करोति किम्॥१७॥
ਦ੍ਰਿਸ਼ਟੋ ਯੇਨਾਤ੍ਮਵਿਕ੍ਸ਼ੇਪੋ ਨਿਰੋਧੰ ਕੁਰੁਤੇ ਤ੍ਵਸੌ।
ਉਦਾਰਸ੍ਤੁ ਨ ਵਿਕ੍ਸ਼ਿਪ੍ਤ: ਸਾਧਿਆਭਾਵਾਤ੍ਕਰੋਤਿ ਕਿਮ੍॥੧੭॥

ਸ਼ਬਦਾਰਥ:- ਦ੍ਰਿਸ਼ਟ: ਯੇਨ ਆਤ੍ਮ-ਵਿਕ੍ਸ਼ੇਪ: = ਵੇਖਿਆ ਗਿਆ ਹੈ ਜਿਸ ਦੁਆਰਾ ਸਵੈ ਵਿੱਚ ਵਿਖੇਪ। ਨਿਰੋਧੰ ਕੁਰੁਤੇ ਤੁ ਅਸੌ = (ਚਿੱਤ ਦਾ) ਨਿਰੋਧ ਕਰਦਾ ਹੈ ਨਿਸ਼ਚੇ ਹੀ ਉਹ। ਉਦਾਰ: ਤੁ ਨ ਵਿਕ੍ਸ਼ਿਪ੍ਤ: = ਗਿਆਨੀ ਨਿਸ਼ਚੇ ਹੀ ਵਿਖੇਪ ਰਹਿਤ ਹੈ। ਸਾਧਿਅ ਅਭਾਵਾਤ੍ ਕਰੋਤਿ ਕਿਮ੍ = ਸਾਧਿਅ ਦੀ ਅਣਹੋਂਦ ਕਾਰਨ ਕਰੇਗਾ ਕੀ?

ਸ਼ਲੋਕਾਰਥ:- ਜਿਸ ਦੁਆਰਾ ਸਵੈ ਵਿੱਚ ਵਿਖੇਪ ਵੇਖਿਆ ਗਿਆ ਹੈ, ਉਹ ਨਿਸ਼ਚੇ ਹੀ (ਚਿੱਤ) ਦਾ ਨਿਰੋਧ ਕਰਦਾ ਹੈ। ਗਿਆਨੀ ਵਿਖੇਪ ਰਹਿਤ ਹੈ। ਸਾਧਿਅ ਦੇ ਅਭਾਵ ਵਿੱਚ ਉਹ ਕਰੇਗਾ ਕੀ?

ਭਾਵਾਰਥ:- ਆਤਮਾ ਵਿੱਚ ਵਿਖੇਪ ਵੇਖਣ ਦਾ ਅਰਥ ਹੈ ਆਤਮਾ ਤੋਂ ਸਿਵਾ

ਕੁਝ ਹੋਰ ਵੀ ਵੇਖਣਾ ਅਰਥਾਤ ਦਵੈਤ ਭਾਵ ਵਿੱਚ ਸਥਿਤੀ। *"ਦੂਜਾ ਭਾਉ ਨ ਦੇਈ ਲਿਵ ਲਾਗਣਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੭੯੬) ਦਵੈਤ ਭਾਵ ਲਿਵ ਨਹੀਂ ਲੱਗਣ ਦੇਂਦਾ ਜਿਸ ਕਰਕੇ *"ਵਿਣੁ ਮਨੁ ਮਾਰੇ ਕੋਇ ਨ ਸਿਝਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੩; ਅੰਗ ੬੫੦) ਮਨ ਨੂੰ ਮਾਰੇ ਬਿਨਾ ਭਾਵ ਚਿੱਤ ਦੇ ਨਿਰੋਧ ਤੋਂ ਬਿਨਾ ਕੋਈ ਸਫਲ ਨਹੀਂ ਹੋ ਸਕਦਾ। ਵੈਸੇ ਵੀ *"ਦੂਜੈ ਭਾਇ ਅਗਿਆਨੁ ਦੁਹੇਲਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੬) ਦੂਜਾ ਭਾਉ, ਕਸ਼ਟ ਦੇਣ ਵਾਲਾ ਅਗਿਆਨ ਹੀ ਹੁੰਦਾ ਹੈ। ਗਿਆਨੀ ਵਿਖੇਪ ਰਹਿਤ ਹੈ ਕਿਉਂਕਿ ਉਹ ਇਸ ਧਾਰਨਾ ਵਿੱਚ ਸਥਿਤ ਰਹਿੰਦਾ ਹੈ ਕਿ *"ਇਕਸੁ ਬਿਨੁ ਨਾਹੀ ਦੂਜਾ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੨) ਹੋਂਦ ਕੇਵਲ ਇੱਕ ਹੀ ਹੈ ਅਤੇ *"ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ॥"* (ਅੰਗ ੭੯੬) ਇੱਕ ਵਿੱਚ ਲਿਵ ਵਾਲਾ ਗਿਆਨੀ ਸਦਾ ਮੁਕਤ ਹੈ ਕਿਉਂਕਿ ਉਹ ਪਰਮਾਤਮਾ ਨਾਲ ਅਭੇਦ ਹੋ ਗਿਆ ਹੈ। ਉਸ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ।

धीरो लोकविपर्यस्तो वर्तमानोऽपि लोकवत्।
न समाधिं न विक्षेपं न लेपं स्वस्य पश्यति॥१८॥
ਧੀਰੋ ਲੋਕਵਿਪਰਯਸ੍ਤੋ ਵਰਤਮਾਨੋऽਪਿ ਲੋਕਵਤ੍।
ਨ ਸਮਾਧਿਮ੍ ਨ ਵਿਕ੍ਸ਼ੇਪੰ ਨ ਲੇਪੰ ਸ੍ਵਸਿਅ ਪਸ਼ਿਅਤਿ॥੧੮॥

ਸ਼ਬਦਾਰਥ:- ਧੀਰ: ਲੋਕ-ਵਿਪਰਯਸ੍ਤ: = ਗਿਆਨੀ, ਲੋਕਾਂ ਤੋਂ ਅਲੱਗ। ਵਰਤਮਾਨ: ਅਪਿ ਲੋਕਵਤ੍ = ਵਰਤਦਾ ਹੋਇਆ ਵੀ ਲੋਕਾਂ ਵਾਂਗ। ਨ ਸਮਾਧਿਮ੍ ਨ ਵਿਕ੍ਸ਼ੇਪੰ ਨ ਲੇਪੰ = ਨਾ ਸਮਾਧੀ ਨੂੰ, ਨਾ ਵਿਖੇਪ ਨੂੰ, ਨਾ ਬੰਧਨ ਨੂੰ। ਸ੍ਵਸਿਅ ਪਸ਼ਿਅਤਿ = ਆਪਣੀ ਨੂੰ, ਵੇਖਦਾ ਹੈ।

ਸ਼ਲੋਕਾਰਥ:- ਗਿਆਨੀ, ਲੋਕਾਂ ਵਾਂਗ ਰਹਿੰਦਾ ਹੋਇਆ ਵੀ, ਉਨ੍ਹਾਂ ਤੋਂ ਅਲੱਗ ਹੁੰਦਾ ਹੈ। ਉਹ ਨਾ ਆਪਣੀ ਸਮਾਧੀ ਨੂੰ ਵੇਖਦਾ ਹੈ, ਨਾ ਹੀ ਵਿਖੇਪ ਨੂੰ ਨਾ ਬੰਧਨ ਨੂੰ।

ਭਾਵਾਰਥ:- ਸਧਾਰਨ ਸੰਸਾਰੀ *"ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੭-੦੮) ਝੂਠੇ ਸੰਸਾਰ ਨੂੰ ਸੱਚ ਸਮਝਦਾ ਹੈ ਅਤੇ *"ਝੂਠੀ ਮਾਇਆ ਆਪੁ ਬੰਧਾਇਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਕਬੀਰ ਜੀਉ; ਅੰਗ ੬੫੪) ਝੂਠੀ ਮੋਹ ਮਾਇਆ ਵਿੱਚ ਆਪਣੇ ਆਪ ਨੂੰ ਬੰਨ੍ਹਵਾ ਲੈਂਦਾ ਹੈ। ਗਿਆਨੀ ਉਸ ਤੋਂ ਅਲੱਗ ਹੈ ਕਿਉਂਕਿ ਉਸ ਨੂੰ ਨਿਸ਼ਚਾ ਹੈ ਕਿ *"ਸਚਾ ਸਾਹਿਬੁ ਏਕੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੨੮) ਸੱਚਾ ਕੇਵਲ ਪਰਮਾਤਮਾ ਹੀ ਹੈ ਜਿਸ ਕਰਕੇ ਉਸ ਨੂੰ *"ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੨੦) ਸਾਰੇ ਬ੍ਰਹਿਮੰਡ ਵਿੱਚ ਇੱਕੋ ਬ੍ਰਹਮ ਹੀ ਦਿੱਸਦਾ ਹੈ, ਹੋਰ ਕੁਝ ਨਹੀਂ। ਅਜਿਹਾ ਗਿਆਨੀ *"ਮੁਖ ਕੀ ਬਾਤ ਸਗਲ ਸਿਉ ਕਰਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ,

ਆਸਾ ਮ; ੫; ਅੰਗ ੩੮੪) ਗੱਲ ਬਾਤ ਸਭ ਨਾਲ ਕਰਦਾ ਹੈ, *"ਬਾਹਰਿ ਸੂਤ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥"* (ਅੰਗ ੩੮੪) ਸੰਸਾਰ ਵਿੱਚ ਸਭ ਨਾਲ ਠੀਕ ਵਰਤੋਂ ਵਿਹਾਰ ਕਰਦਾ ਦਿੱਸਦਾ ਹੈ ਪਰੰਤੂ ਪਾਣੀ ਵਿੱਚ ਕਮਲ ਵਾਂਗ ਸਭ ਤੋਂ ਨਿਰਲੇਪ ਰਹਿੰਦਾ ਹੈ। ਉਸ ਦੀ ਆਪਣੀ ਕੁਝ ਵੀ ਕਰਨ ਦੀ ਇੱਛਾ ਨਹੀਂ ਹੁੰਦੀ। ਉਸ ਤੋਂ *"ਸਹਜ ਸੁਭਾਇ ਹੋਵੈ ਸੋ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੨) ਜੋ ਵੀ ਹੁੰਦਾ ਹੈ, ਸਹਿਜ ਸੁਭਾਇ ਹੀ ਹੁੰਦਾ ਹੈ।

भावाभावविहीनो यस्तृप्तो निर्वासनो बुधः।
नैव किञ्चित् कृतं तेन लोकदृष्ट्या विकुर्वता॥१९॥
ਭਾਵਾਭਾਵਵਿਹੀਨੋ ਯਸਿ੍ਤ੍ਰਪ੍ਤੋ ਨਿਰਵਾਸਨੋ ਬੁਧ:।
ਨੈਵ ਕਿੰਚਿਤ ਕ੍ਰਿਤੰ ਤੇਨ ਲੋਕਦ੍ਰਿਸ਼ਿਟਆ ਵਿਕੁਰਵਤਾ॥੧੯॥

ਸ਼ਬਦਾਰਥ:- ਭਾਵ ਅਭਾਵ ਵਿਹੀਨ: = ਹੋਂਦ ਅਣਹੋਂਦ ਤੋਂ ਸੱਖਣਾ। ਯ: ਤ੍ਰਿਪ੍ਤ: = ਜੋ ਤ੍ਰਿਪਤ ਹੈ। ਨਿਰ-ਵਾਸਨਾ ਬੁਧ: = ਵਾਸ਼ਨਾ ਰਹਿਤ ਗਿਆਨੀ। ਨ ਏਵ ਕ੍ਰਿਤੰ ਤੇਨ = ਨਹੀਂ ਕੀਤਾ ਗਿਆ ਉਸ ਦੁਆਰਾ। ਲੋਕ-ਦ੍ਰਿਸ਼ਿਟਆ ਵਿਕੁਰਵਤਾ = ਲੋਕ ਦ੍ਰਿਸ਼ਟੀ ਵਿੱਚ ਕਰਦਾ ਹੋਇਆ।

ਸ਼ਲੋਕਾਰਥ:- ਜੋ ਤ੍ਰਿਪਤ, ਵਾਸ਼ਨਾ ਰਹਿਤ ਗਿਆਨੀ ਹੋਂਦ ਅਣਹੋਂਦ ਤੋਂ ਪਰ੍ਹੇ ਹੈ, ਲੋਕਾਂ ਦੀਆਂ ਨਜ਼ਰਾਂ ਵਿੱਚ ਕਰਦਾ ਦਿੱਸਦਾ ਹੋਇਆ ਵੀ ਉਹ ਕੁਝ ਨਹੀਂ ਕਰਦਾ।

ਭਾਵਾਰਥ:- ਗਿਆਨੀ ਦਾ ਨਿਸ਼ਚਾ ਹੈ ਕਿ *"ਬਿਨੁ ਹਰਿ ਨਾਮ ਅਵਰੁ ਸਭੁ ਥੋਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੬) ਪ੍ਰਭੂ ਨਾਮ ਤੋਂ ਸਿਵਾ ਹੋਰ ਸਭ ਚਿੰਤਨ ਬੇਕਾਰ ਹੈ। ਉਹ ਹੋਂਦ-ਅਣਹੋਂਦ ਦਿਆਂ ਵਿਚਾਰਾਂ ਤੋਂ ਪਰ੍ਹੇ ਰਹਿੰਦਾ ਹੈ ਅਤੇ *"ਤ੍ਰਿਪਤਿ ਅਘਾਵਨੁ ਸਾਚੈ ਨਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੭) ਸਤਿ ਨਾਮ ਵਿੱਚ ਤ੍ਰਿਪਤ ਰਹਿੰਦਾ ਹੈ। ਉਹ ਇੱਛਾ ਰਹਿਤ ਹੁੰਦਾ ਹੈ ਕਿਉਂਕਿ ਉਸ ਲਈ *"ਹੋਰਿ ਸਾਦ ਸਭਿ ਫਿਕਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਹੋਰ ਸਭ ਬੇਸੁਆਦ ਹੈ। ਉਸ ਨੇ *"ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੫) ਹਉਮੈ ਅਤੇ ਤ੍ਰਿਸ਼ਨਾ, ਦੋਹਾਂ ਨੂੰ ਸਮਾਪਤ ਕੀਤਾ ਹੋਇਆ ਹੁੰਦਾ ਹੈ। ਹਉਮੈ ਦੀ ਸਮਾਪਤੀ ਨਾਲ ਉਸ ਦਾ ਕਰਤਾ ਭਾਵ ਸਮਾਪਤ ਹੋ ਜਾਂਦਾ ਹੈ ਜਿਸ ਕਰਕੇ ਭਾਵੇਂ ਉਹ ਲੋਕ-ਦ੍ਰਿਸ਼ਟੀ ਵਿੱਚ ਕੰਮ ਕਰ ਰਿਹਾ ਹੋਵੇ ਪਰ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਦਾ ਹੋਇਆ ਵੀ ਨਿਹਕਰਮ ਰਹਿੰਦਾ ਹੈ।

प्रवृत्तौ वा निवृत्तौ वा नैवधीरस्य दुर्ग्रहः।
यदा यत्कर्तुमायाति तत्कृत्वा तिष्ठतः सुखम्॥२०॥

ਪ੍ਰਵ੍ਰਿੱਤੌ ਵਾ ਨਿਵ੍ਰਿੱਤੌ ਵਾ ਨੈਵ ਧੀਰਸਿਅ ਦੁਰਗ੍ਰਹ:।
ਯਦਾ ਯਤ੍ਕਰਤੁਮਾਯਾਤਿ ਤਤ੍ ਕ੍ਰਿਤ੍ਵਾ ਤਿਸ਼੍ਠਤ: ਸੁਖਮ੍॥੨੦॥

ਸ਼ਬਦਾਰਥ:- ਪ੍ਰਵ੍ਰਿੱਤੌ ਵਾ ਨਿਵ੍ਰਿੱਤੌ ਵਾ = ਪ੍ਰਵਿਰਤੀ ਵਿੱਚ ਜਾਂ ਨਿਵਿਰਤੀ ਵਿੱਚ। ਨ ਏਵ ਧੀਰਸਿਅ ਦੁਰਗ੍ਰਹ: = ਨਹੀਂ ਹੁੰਦਾ ਗਿਆਨੀ ਦਾ ਹੱਠ। ਯਦਾ ਯਤ੍ ਕਰਤੁਮ੍ ਆਯਾਤਿ = ਜਦੋਂ ਜੋ ਕਰਨ ਲਈ ਆ ਜਾਂਦਾ ਹੈ। ਤਤ੍ ਕ੍ਰਿਤ੍ਵਾ ਤਿਸ਼੍ਠਤ: ਸੁਖਮ੍ = ਉਹ ਕਰਕੇ ਰਹਿੰਦਾ ਹੈ ਸੁਖ ਪੂਰਵਕ।

ਸ਼ਲੋਕਾਰਥ:- ਗਿਆਨੀ ਦੀ ਉਤਸੁਕਤਾ ਨਾ ਪ੍ਰਵਿਰਤੀ ਵਿੱਚ ਹੈ ਨਾ ਨਿਵਿਰਤੀ ਵਿੱਚ। ਜਦੋਂ ਜੋ ਕਰਨ ਲਈ ਸਾਮ੍ਹਣੇ ਆ ਜਾਂਦਾ ਹੈ, ਉਸ ਨੂੰ ਕਰਕੇ ਸੁਖੀ ਵੱਸਦਾ ਹੈ।

ਭਾਵਾਰਥ:- ਸੰਸਾਰ ਵਿੱਚ ਦੋ ਮਾਰਗ ਹਨ, ਪ੍ਰਵਿਰਤੀ ਮਾਰਗ ਅਤੇ ਨਿਵਿਰਤੀ ਮਾਰਗ। ਪਹਿਲਾ ਮਾਰਗ ਹੈ ਦੁਨਿਆਵੀ ਕੰਮ ਕਾਜ ਵਿੱਚ ਦਿਲਚਸਪੀ ਅਤੇ ਦੂਜਾ ਹੈ ਸੰਸਾਰ ਤੋਂ ਵਿਰਕਤੀ। ਗਿਆਨੀ ***"ਪਰਵਿਰਤੀ ਨਰਵਿਰਤਿ ਪਛਾਣੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੭) ਇਨ੍ਹਾਂ ਦੋਹਾਂ ਮਾਰਗਾਂ ਨੂੰ ਜਾਣਦਾ ਹੈ ਪਰ ਕਿਸੇ ਇੱਕ ਉੱਤੇ ਚੱਲਣ ਦਾ ਹੱਠ ਨਹੀਂ ਕਰਦਾ। ਸੰਸਾਰ ਵਿੱਚ ਵਿਚਰਦੇ ਹੋਇਆਂ ਜਦੋਂ ਕੁਝ ਕਰਨ ਲਈ ਸਾਮ੍ਹਣੇ ਆ ਜਾਂਦਾ ਹੈ ਤਾਂ ਕਰ ਲੈਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ***"ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੯) ਧੁਰੋਂ ਲਿਖੇ ਅਨੁਸਾਰ ਕੰਮ ਸਾਮ੍ਹਣੇ ਆਇਆ ਹੈ ਜਿਸ ਹੁਕਮ ਨੂੰ ਟਾਲਿਆ ਨਹੀਂ ਜਾ ਸਕਦਾ ਅਤੇ ***"ਕਰਣ ਕਰਾਵਨਹਾਰ ਸੁਆਮੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੭੮) ਕਰਨ ਕਰਾਉਣ ਵਾਲਾ ਪਰਮਾਤਮਾ ਹੈ ਅਤੇ ਉਹ ***"ਜੋ ਕਿਛੁ ਕਰੈ ਸੋਈ ਸੁਖੁ ਜਾਨਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੦) ਜੋ ਕਰਦਾ ਹੈ, ਉਸੇ ਵਿੱਚ ਸੁਖ ਹੈ।

निर्वासनो निरालम्बः स्वच्छन्दो मुक्तबन्धनः।
क्षिप्तः संस्कारवातेन चेष्टते शुष्कपर्णवत्॥२१॥
ਨਿਰਵਾਸਨੋ ਨਿਰਾਲੰਬ: ਸ੍ਵੱਛੰਦੋ ਮੁਕ੍ਤਬੰਧਨ:।
ਕ੍ਸ਼ਿਪ੍ਤ: ਸੰਸ੍ਕਾਰਵਾਤੇਨ ਚੇਸ਼੍ਟਤੇ ਸ਼ੁਸ਼੍ਕਪਰਣਵਤ੍॥੨੧॥

ਸ਼ਬਦਾਰਥ:- ਨਿਰਵਾਸਨ: ਨਿਰਾਲੰਬ: ਸ੍ਵੱਛੰਦ: ਮੁਕ੍ਤ-ਬੰਧਨ: = ਵਾਸ਼ਨਾ ਰਹਿਤ, ਬਿਨਾ ਕਿਸੇ ਉੱਤੇ ਆਸ਼੍ਰਿਤ, ਸੁਤੰਤਰ, ਬੰਧਨ ਮੁਕਤ। ਕ੍ਸ਼ਿਪ੍ਤ: ਸੰਸ੍ਕਾਰ-ਵਾਤੇਨ = ਸੁੱਟਿਆ ਹੋਇਆ ਸੰਸਕਾਰ ਰੂਪੀ ਵਾਯੂ ਦੁਆਰਾ। ਚੇਸ਼੍ਟਤੇ ਸ਼ੁਸ਼੍ਕ ਪਰਣ ਵਤ੍ = ਚੇਸ਼ਟਾ ਕਰਦਾ ਹੈ ਸੁੱਕੇ ਪੱਤੇ ਵਾਂਗ।

ਸ਼ਲੋਕਾਰਥ:- ਵਾਸ਼ਨਾ ਰਹਿਤ, ਬਿਨਾ ਕਿਸੇ ਉੱਤੇ ਆਸ਼੍ਰਿਤ, ਸੁਤੰਤਰ ਅਤੇ ਬੰਧਨ ਮੁਕਤ (ਗਿਆਨੀ) ਸੰਸਕਾਰ ਰੂਪੀ ਵਾਯੂ ਦੁਆਰਾ ਉਡਾਏ ਹੋਏ ਸੁੱਕੇ ਪੱਤੇ ਵਾਂਗ

ਚੇਸ਼ਟਾ ਕਰਦਾ ਹੈ।

ਭਾਵਾਰਥ:- ਗਿਆਨੀ ਜਾਣਦਾ ਹੈ ਕਿ *"ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੨; ਅੰਗ ੪੬੬) ਹਉਮੈ ਹੀ ਬੰਧਨ ਹੈ ਜੋ ਵੱਖ ਵੱਖ ਜੋਨੀਆਂ ਵਿੱਚ ਘੁਮਾਉਂਦਾ ਹੈ। ਇਸ ਕਰਕੇ ਉਹ *"ਹਉਮੈ ਮਾਰਿ ਬੰਧਨ ਸਭ ਤੋੜੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੪) ਹਉਮੈ ਨੂੰ ਸਮਾਪਤ ਕਰਕੇ ਬੰਧਨ ਮੁਕਤ ਹੋ ਜਾਂਦਾ ਹੈ। ਵੈਸੇ ਵੀ *"ਹਉਮੈ ਜਾਇ ਤ ਨਿਰਮਲੁ ਹੋਵੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੩੪) ਹਉਮੈ ਦੀ ਸਮਾਪਤੀ ਨਾਲ ਉਹ ਨਿਰਮਲ ਹੋ ਜਾਂਦਾ ਹੈ, ਉਸ ਦੀਆਂ ਵਾਸ਼ਨਾਵਾਂ ਦੀ ਮੈਲ ਉਤਰ ਜਾਂਦੀ ਹੈ, ਕੋਈ ਆਸਰਾ ਭਾਲਣ ਦੀ ਲੋੜ ਨਹੀਂ ਰਹਿੰਦੀ ਅਤੇ ਉਹ ਬਿਲਕੁਲ ਸੁਤੰਤਰ ਹੋ ਜਾਂਦਾ ਹੈ। ਇਸ ਦੇ ਨਾਲ ਹੀ ਕੁਝ ਕਰਨ ਦੀ ਉਸ ਦੀ ਮਰਜ਼ੀ ਖ਼ਤਮ ਹੋ ਜਾਂਦੀ ਹੈ ਕਿਉਂਕਿ *"ਹਉਮੈ ਵਿਚਿ ਸਭ ਕਾਰ ਕਮਾਹਿ।"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੩; ਅੰਗ ੬੬੬) ਸਾਰੇ ਕਾਰਜ ਹਉਮੈ ਵਿੱਚ ਹੀ ਕੀਤੇ ਜਾਂਦੇ ਹਨ। ਜਿਵੇਂ ਸੁੱਕੇ ਪੱਤੇ ਨੂੰ, ਉਸ ਦੀ ਮਰਜ਼ੀ ਤੋਂ ਬਿਨਾ, ਵਾਯੂ ਏਧਰ ਉਧਰ ਉਡਾਈ ਰੱਖਦੀ ਹੈ, ਉਸੇ ਤਰ੍ਹਾਂ *"ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੦) ਜਿਵੇਂ ਜਿਵੇਂ ਪ੍ਰਾਰਬਧ ਕਰਮ ਚਲਾਉਂਦੇ ਹਨ, ਉਹ ਚਲਦਾ ਰਹਿੰਦਾ ਹੈ।

असंसारस्य तु क्वापि न हर्षो न विषादता।
स शीतलमना नित्यं विदेह इव राजते॥२२॥

ਅਸੰਸਾਰਸਿਅ ਤੁ ਕ੍ਵਾਪਿ ਨ ਹਰਸ਼ੋ ਨ ਵਿਸ਼ਾਦਤਾ।
ਸ ਸ਼ੀਤਲਮਨਾ ਨਿਤਿਅੰ ਵਿਦੇਹ ਇਵ ਰਾਜਤੇ॥੨੨॥

ਸ਼ਬਦਾਰਥ:- ਅਸੰਸਾਰਸਿਅ ਤੁ ਕ੍ਵ ਅਪਿ ਨ ਹਰਸ਼: ਨ ਵਿਸ਼ਾਦਤਾ = ਸੰਸਾਰ-ਮੁਕਤ ਲਈ ਕਿਤੇ ਵੀ ਨਾ ਹਰਸ਼ ਹੈ ਨਾ ਵਿਸ਼ਾਦ। ਸ: ਸ਼ੀਤਲਮਨਾ ਨਿਤਿਅੰ = ਉਹ ਸ਼ੀਤਲ ਮਨ ਸਦਾ। ਵਿਦੇਹ ਇਵ ਰਾਜਤੇ = ਵਿਦੇਹ ਵਾਂਗ ਵਿਚਰਦਾ ਹੈ।

ਸ਼ਲੋਕਾਰਥ:- ਸੰਸਾਰ ਮੁਕਤ ਨੂੰ ਕਿਤੇ ਵੀ ਨਾ ਹਰਸ਼ ਹੈ ਨਾ ਸ਼ੋਕ। ਉਹ ਸਦਾ ਸ਼ਾਂਤ ਚਿੱਤ ਵਿਦੇਹ ਦੀ ਤਰ੍ਹਾਂ ਵਿਚਰਦਾ ਹੈ।

ਭਾਵਾਰਥ:- ਅਗਿਆਨੀ ਸੰਸਾਰੀ *"ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਰਾਤ ਦੇ ਸੁਪਨੇ ਵਰਗੇ ਝੂਠੇ ਸਰੀਰ ਨੂੰ ਸੱਚ ਮੰਨ ਲੈਂਦਾ ਹੈ। ਗਿਆਨੀ ਜਾਣਦਾ ਹੈ ਕਿ *"ਜਗ ਰਚਨਾ ਸਭ ਝੂਠ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਅਤੇ *"ਤਨੁ ਧਨੁ ਕਲਤੁ ਮਿਥਿਆ ਬਿਸਥਾਰ।"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੮) ਜਗ ਰਚਨਾ ਅਤੇ ਦੇਹ, ਧਨ, ਪਤਨੀ ਆਦਿ ਸਾਰਾ ਵਿਸਥਾਰ ਝੂਠ ਹੈ। ਉਹ ਇਹ ਵੀ ਜਾਣਦਾ ਹੈ

ਕਿ ਵਿਅਕਤੀ *"ਹਰਖ ਸੋਗ ਕਾ ਦੇਹ ਕਰਿ ਬਾਧਿਓ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੯) ਦੇਹ ਕਰਕੇ ਹੀ ਦੁੱਖ ਸੁਖ ਵਿੱਚ ਬੱਝਦਾ ਹੈ ਪਰ ਮੈਂ ਦੇਹ ਨਹੀਂ, "ਜੋਤੀ ਸਰੂਪ" ਹਾਂ। ਇਸ ਤਰ੍ਹਾਂ *"ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੪; ਅੰਗ ੬੯੦) ਉਹ ਹਰਖ-ਸ਼ੋਕ ਤੋਂ ਮੁਕਤ, ਪ੍ਰਭੂ ਦੀ ਰਜ਼ਾ ਵਿੱਚ ਸ਼ਾਂਤ ਮਨ ਨਾਲ ਵਿਚਰਦਾ ਹੈ।

कुत्रापि न जिहासाऽस्ति आशा वाऽपि न कुत्रचित्।
आत्मारामस्यधीरस्य शीतलाच्छतरात्मनः॥२३॥

ਕੁਤ੍ਰਾਪਿ ਨ ਜਿਹਾਸਾऽਸ੍ਤਿ ਆਸ਼ਾ ਵਾऽਪਿ ਨ ਕੁਤ੍ਰਚਿਤ੍।
ਆਤ੍ਮਾਰਾਮਸਿਅ ਧੀਰਸਿਅ ਸ਼ੀਤਲਾਛੱਤਰਾਤ੍ਮਨ:॥੨੩॥

ਸ਼ਬਦਾਰਥ:- ਕੁਤ੍ਰ ਅਪਿ ਨ ਜਿਹਾਸਾ ਅਸ੍ਤਿ = ਕਿਤੇ ਵੀ ਨਹੀਂ ਤਿਆਗ ਦੀ ਇੱਛਾ। ਆਸ਼ਾ ਵਾ ਅਪਿ ਨ ਕੁਤ੍ਰਚਿਤ੍ = ਆਸ਼ਾ ਵੀ ਨਹੀਂ ਕਿਤੋਂ। ਆਤ੍ਮਾਰਾਮਸਿਅ ਧੀਰਸਿਅ = ਆਤਮਾ ਵਿੱਚ ਰਮਣ ਕਰਨ ਵਾਲੇ ਗਿਆਨੀ ਦੀ। ਸ਼ੀਤਲਾਛੱਤਰ ਆਤ੍ਮਨ: = ਸ਼ੀਤਲ ਅਤੇ ਨਿਰਮਲ ਚਿੱਤ ਦੀ।

ਸ਼ਲੋਕਾਰਥ:- ਆਤਮਾ ਵਿੱਚ ਰਮਣ ਕਰਨ ਵਾਲੇ, ਸ਼ੀਤਲ ਅਤੇ ਨਿਰਮਲ ਚਿੱਤ ਗਿਆਨੀ ਦੀ ਕਿਤੇ ਵੀ ਤਿਆਗ ਦੀ ਇੱਛਾ ਨਹੀਂ, ਨਾ ਹੀ ਕਿਤੋਂ (ਗ੍ਰਹਿਣ ਦੀ) ਆਸ਼ਾ ਹੈ।

ਭਾਵਾਰਥ:- ਆਤਮਾ ਵਿੱਚ ਰਮਣ ਕਰਨ ਵਾਲਾ *"ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੫) ਆਪਣੇ ਆਪ ਵਿੱਚ ਤ੍ਰਿਪਤ ਰਹਿੰਦਾ ਹੈ। ਤ੍ਰਿਪਤੀ ਕਾਰਨ ਉਸ ਦਾ *"ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ॥"* (ਸ੍ਰੀ ਗੁਰੂ ਗਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੬) ਚਿੱਤ ਸ਼ੀਤਲ ਅਤੇ ਸ਼ਾਂਤ ਰਹਿੰਦਾ ਹੈ। ਤ੍ਰਿਪਤੀ ਕਾਰਨ ਹੀ ਨਾ ਉਸ ਵਿੱਚ ਕੁਝ ਤਿਆਗਣ ਦੀ ਇੱਛਾ ਹੁੰਦੀ ਹੈ ਨਾ ਹੀ ਕੁਝ ਗ੍ਰਹਿਣ ਕਰਨ ਦੀ। ਉਹ ਇਸ ਨਿਸ਼ਚੇ ਉੱਤੇ ਅਡਿੱਗ ਰਹਿੰਦਾ ਹੈ ਕਿ *"ਜੋ ਧੁਰਿ ਲਿਖਿਆ ਸੁ ਕਮਾਵਣਾ ਕਰਣਾ ਕਛੂ ਨ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੩; ਅੰਗ ੧੪੧੭) ਜੋ ਧੁਰੋਂ ਲਿਖਿਆ ਹੈ ਉਹ ਹੀ ਭੋਗਣਾ ਹੈ, ਹੋਰ ਕੁਝ ਨਹੀਂ ਕਰਨਾ।

प्रकृत्या शून्यचित्तस्य कुर्वतोऽस्य यदृच्छया।
प्राकृतस्येवधीरस्य न मानो नावमानता॥२४॥

ਪ੍ਰਕ੍ਰਿਤਿਆ ਸ਼ੂਨਿਅਚਿੱਤਸਿਅ ਕੁਰਵਤੋऽਸਿਅ ਯਦ੍ਰਿੱਛਯਾ।
ਪ੍ਰਾਕ੍ਰਿਤਸਿਏਵ ਧੀਰਸਿਅ ਨ ਮਾਨੋ ਨਾਵਮਾਨਤਾ॥੨੪॥

ਸ਼ਬਦਾਰਥ:- ਪ੍ਰਕ੍ਰਿਤਿਆ = ਸੁਭਾਵਿਕ। ਸ਼ੂਨਿਅ ਚਿੱਤਸਿਅ = ਸ਼ੂਨਿਅ ਚਿਤ ਦਾ। ਕੁਰਵਤ: = ਕਰਦਾ ਹੋਇਆ। ਅਸਿਅ ਯਦ੍ਰਿੱਛਆ = ਇਸ ਦਾ ਯਥਾ ਪ੍ਰਾਪਤ।

ਪ੍ਰਾਕ੍ਰਿਤਸਿਅ ਏਵ ਧੀਰਸਿਅ = ਅਗਿਆਨੀ ਵਾਂਗ ਗਿਆਨੀ ਦਾ। ਨ ਮਾਨ: ਨ ਅਵਮਾਨਤਾ = ਨਾ ਮਾਨ ਨਾ ਅਪਮਾਨ।

ਸ਼ਲੋਕਾਰਥ:- ਜਿਵੇਂ ਸਧਾਰਨ ਅਗਿਆਨੀ ਮਾਨ-ਅਪਮਾਨ ਮਹਿਸੂਸਦਾ ਹੈ, ਸੁਭਾਅ ਤੋਂ ਸ਼ੂਨਿਅ ਚਿੱਤ ਸੰਤੋਖੀ, ਯਥਾ ਪ੍ਰਾਪਤ ਕਰਦਾ ਹੋਇਆ, ਮਾਨ-ਅਪਮਾਨ ਨਹੀਂ ਮਾਣਦਾ।

ਭਾਵਾਰਥ:- ਮਾਨ ਅਪਮਾਨ, ਮਨ ਦੇ ਧਰਮ ਹਨ। ਸ਼ੂਨਿਅ-ਚਿੱਤ, ਸੰਕਲਪਾਂ ਵਿਕਲਪਾਂ ਦੇ ਸੰਸਾਰ ਤੋਂ ਪਰ੍ਹੇ ***"ਨਿਜ ਘਰਿ ਵਸੈ ਸਹਜਿ ਸੁਭਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸੁਭਾਵਿਕ ਹੀ ਆਪਣੇ ਸਰੂਪ ਘਰ ਵਿੱਚ ਵੱਸਦਾ ਹੈ ਅਤੇ ***"ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੮) ਮਾਨ, ਹਉਮੈ, ਚਤੁਰਾਈ ਛੱਡ ਕੇ ਪ੍ਰਭੂ ਚਰਨਾਂ ਵਿੱਚ ਰਹਿੰਦਾ ਹੈ। ***"ਜੋ ਧੁਰਿ ਲਿਖਿਆ ਸੁ ਕਰਮ ਕਮਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੪੪) ਧੁਰੋਂ ਲਿਖੇ ਅਨੁਸਾਰ ਯਥਾ ਪ੍ਰਾਪਤ ਪ੍ਰਾਰਬਧ ਕਰਮ ਕਰਦਾ ਹੈ ਅਤੇ ਹਉਮੈ ਦੀ ਅਣਹੋਂਦ ਕਾਰਨ ਮਾਨ ਅਪਮਾਨ ਤੋਂ ਅਛੂਤਾ ਰਹਿੰਦਾ ਹੈ।

कृतं देहेन कर्मेदं न मया शुद्धरूपिणा।
इति चिन्तानुरोधी यः कुर्वन्नपि करोति न॥२५॥

ਕ੍ਰਿਤੰ ਦੇਹੇਨ ਕਰਮੇਦੰ ਨ ਮਯਾ ਸ਼ੁੱਧਰੂਪਿਣਾ।
ਇਤਿ ਚਿੰਤਾਨੁਰੋਧੀ ਯ: ਕੁਰਵੰਨਪਿ ਕਰੋਤਿ ਨ॥੨੫॥

ਸ਼ਬਦਾਰਥ:- ਕ੍ਰਿਤੰ ਦੇਹੇਨ ਕਰਮ ਇਦੰ = ਕੀਤਾ ਗਿਆ ਹੈ ਦੇਹ ਦੁਆਰਾ ਕਰਮ ਇਹ। ਨ ਮਯਾ ਸ਼ੁੱਧ ਰੂਪਿਣਾ = ਨਹੀਂ ਮੁਝ ਸ਼ੁੱਧ ਰੂਪ ਦੁਆਰਾ। ਇਤਿ ਚਿੰਤਾਨੁਰੋਧੀ ਯ: = ਇਹ ਸੋਚ ਰੱਖਣ ਵਾਲਾ ਜੋ। ਕੁਰਵੰਨ੍ਹ ਅਪਿ ਕਰੋਤਿ ਨ = ਕਰਦਾ ਹੋਇਆ ਵੀ ਕਰਦਾ ਨਹੀਂ।

ਸ਼ਲੋਕਾਰਥ:- ਜੋ ਇਹ ਸੋਚ ਰੱਖਦਾ ਹੈ ਕਿ ' ਇਹ ਕਰਮ ਦੇਹ ਦੁਆਰਾ ਕੀਤਾ ਗਿਆ ਹੈ, ਮੁਝ ਸ਼ੁੱਧ ਰੂਪ ਦੁਆਰਾ ਨਹੀਂ ' ਉਹ ਕਰਦਾ ਹੋਇਆ ਵੀ ਨਹੀਂ ਕਰਦਾ।

ਭਾਵਾਰਥ:- ਸਰੀਰ, ਕਰਮ ਇੰਦ੍ਰੀਆਂ ਦੁਆਰਾ ਕਰਮ ਕਰਦਾ ਹੈ। ਜੋ ***"ਸੋਹੰ ਆਪੁ ਪਛਾਣੀਐ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੬੦) ਆਪਣੇ ਆਪ ਨੂੰ ਪਛਾਣਦਾ ਹੈ ਕਿ" ਮੈਂ ਓਹ ਹਾਂ" ਅਰਥਾਤ ਬ੍ਰਹਮ ਹਾਂ ਜੋ ***"ਅਗਮ ਅਗੋਚਰ ਰੂਪੁ ਨ ਰੇਖਿਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੮) ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਅਤੇ ਆਕਾਰ ਰਹਿਤ ਹੈ, ਉਹ ਇਹ ਸੋਚ ਰੱਖਦਾ ਹੈ ਕਿ ਮੈਂ ਦੇਹ ਨਹੀਂ। ਇਸ ਤਰ੍ਹਾਂ ਉਹ ***"ਕਰਮ ਕਰਤ ਹੋਵੈ ਨਿਹਕਰਮ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਦੇਹ ਰਾਹੀਂ ਕਰਮ ਕਰਦਾ ਦਿੱਸਦਾ ਹੋਇਆ ਵੀ ਨਿਹਕਰਮੀ ਰਹਿੰਦਾ

ਹੈ ਕਿਉਂਕਿ ਉਹ 'ਦੇਹ' ਨਹੀਂ।

अतद्वादीव कुरुते न भवेदपि बालिशः।
जीवन्मुक्तः सुखी श्रीमान् संसरन्नपि शोभते॥२६॥

ਅਤਦ੍ਵਾਦੀਵ ਕੁਰੁਤੇ ਨ ਭਵੇਦਪਿ ਬਾਲਿਸ਼:।
ਜੀਵਨ੍ਮੁਕ੍ਤ: ਸੁਖੀ ਸ਼੍ਰੀਮਾਨ੍ ਸੰਸਰੰਨਪਿ ਸ਼ੋਭਤੇ॥੨੬॥

ਸ਼ਬਦਾਰਥ:- ਅ-ਤਤ੍-ਵਾਦੀ ਇਵ = ਨਾ ਅਸਲੀਅਤ ਕਹਿਣ ਵਾਲੇ ਵਾਂਗ। ਕੁਰੁਤੇ = ਕਰਦਾ ਹੋਇਆ। ਨ ਭਵੇਤ੍ ਅਪਿ ਬਾਲਿਸ਼: = ਨਹੀਂ ਹੋ ਜਾਂਦਾ ਬਚਕਾਨਾ (ਮੂੜ੍ਹ)। ਜੀਵਨ੍ਮੁਕ੍ਤ: ਸੁਖੀ ਸ਼੍ਰੀਮਾਨ੍ = ਜੀਵਨ ਮੁਕਤ ਸੁਖੀ ਗੁਰਮੁਖ। ਸੰਸਰਨ੍ ਅਪਿ ਸ਼ੋਭਤੇ = ਸੰਸਾਰ ਵਿੱਚ ਵਿਚਰਦਾ ਹੋਇਆ ਵੀ ਸ਼ੋਭਾ ਖੱਟਦਾ ਹੈ।

ਸ਼ਲੋਕਾਰਥ:- ਅਸਲੀਅਤ ਨਾ ਦੱਸਣ ਵਾਲੇ (ਅਰਥਾਤ ਅੰਦਰੋਂ ਹੋਰ 'ਤੇ ਬਾਹਰੋਂ ਹੋਰ) ਵਾਂਗ ਕਰਮ ਕਰਦਾ ਹੋਇਆ (ਉਸ ਦੀ ਤਰ੍ਹਾਂ) ਮੂੜ੍ਹ ਨਹੀਂ ਹੋ ਜਾਂਦਾ। ਸੰਸਾਰ ਵਿੱਚ ਵਿਚਰਦਾ ਹੋਇਆ ਵੀ ਸੁਖੀ ਜੀਵਨ-ਮੁਕਤ ਗੁਰਮੁਖ, ਸ਼ੋਭਾ ਖੱਟਦਾ ਹੈ।

ਭਾਵਾਰਥ:- ਅਸਲੀਅਤ ਨਾ ਕਹਿਣ ਵਾਲਾ ਕਹਿੰਦਾ ਤਾਂ ਇਹ ਹੈ ਕਿ ***"ਜੋ ਕੀਨੋ ਸੋ ਤੁਮਹਿ ਕਰਾਇਓ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੦)** ਜੋ ਕੀਤਾ ਹੈ ਉਹ ਪ੍ਰਭੂ ਨੇ ਕਰਵਾਇਆ ਹੈ ਪਰ ਅੰਦਰੋ ਅੰਦਰ ਉਸ ਦੀ ਇਹ ਭਾਵਨਾ ਹੁੰਦੀ ਹੈ ਕਿ ***"ਹਮ ਕੀਆ ਹਮ ਕਰਹਗੇ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯)** ਮੈਂ ਕੀਤਾ ਹੈ ਅਤੇ ਮੈਂ ਕਰਾਂਗਾ। ਇਸ ਤਰ੍ਹਾਂ ***"ਕਰਮ ਕਰਤ ਬਧੇ ਅਹੰਮੇਵ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੨੪)** ਕਰਮ ਕਰਦਾ ਉਹ ਹਉਮੈ ਵਿੱਚ ਬੱਝ ਜਾਂਦਾ ਹੈ ਅਤੇ ***"ਹਉਮੈ ਕਰੈ ਨਿਹਕਰਮੀ ਨ ਹੋਵੈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮)** ਹਉਮੈ ਕਾਰਨ ਨਿਹਕਰਮੀ ਨਹੀਂ ਹੋ ਸਕਦਾ, ਕਰਮ-ਫਲ ਭੋਗਦਾ ਹੈ, ਚੰਗੇ ਵਿੱਚ ਖ਼ੁਸ਼ ਤੇ ਭੈੜੇ ਵਿੱਚ ਉਦਾਸ। ਇਹ ਉਸ ਦੀ ਮੂੜ੍ਹਤਾ ਦੀ ਨਿਸ਼ਾਨੀ ਹੈ। ਇਸ ਦੇ ਉਲਟ ***"ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫)** ਜੀਵਨ ਮੁਕਤ ਗੁਰਮੁਖ ਪ੍ਰਭੂ ਆਗਿਆ ਨੂੰ ਮਨੋਂ ਮੰਨਦਾ ਹੈ। ***"ਗੁਰਮੁਖਿ ਜਾਤਾ ਕਰਮਿ ਬਿਧਾਤਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੪)** ਉਸ ਨੂੰ ਇਹ ਵੀ ਨਿਸ਼ਚਾ ਹੁੰਦਾ ਹੈ ਕਿ ਕਰਮ-ਨਿਰਮਾਤਾ ਪਰਮਾਤਮਾ ਹੈ ਮੈਂ ਨਹੀਂ। ਇਸ ਤਰ੍ਹਾਂ ***"ਗੁਰਮੁਖਿ ਅਲਿਪਤੁ ਰਹੈ ਸੰਸਾਰੇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੮)** ਉਹ ਸੰਸਾਰ ਵਿੱਚ ਅਲਿਪਤ ਵਿਚਰਦਾ ਹੈ ਅਤੇ ***"ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥"*** **(ਅੰਗ ੨੭੫)** ਹਰਖ ਸੋਗ ਉਸ ਲਈ ਬਰਾਬਰ ਹਨ ਅਤੇ ਉਹ ਸਦਾ ਪਰਮਾਤਮਾ ਨਾਲ ਜੁੜਿਆ ਹੋਇਆ ਅਨੰਦ ਵਿੱਚ ਅਤੇ ਸੁਖੀ ਵਿਚਰਦਾ ਹੈ।

नानाविचारसुश्रान्तोधीरो विश्रान्तिमागतः।
न कल्पते न जानाति न शृणोति न पश्यति॥२७॥
ਨਾਨਾਵਿਚਾਰਸੁਸ਼੍ਰਾਂਤੋ ਧੀਰੋ ਵਿਸ਼੍ਰਾਂਤਿਮਾਗਤ:।
ਨ ਕਲ੍ਪਤੇ ਨ ਜਾਨਾਤਿ ਨ ਸ਼੍ਰਿਣੋਤਿ ਨ ਪਸ਼ਿਅਤਿ॥੨੭॥

ਸ਼ਬਦਾਰਥ:- ਨਾਨਾ ਵਿਚਾਰ ਸੁਸ਼੍ਰਾਂਤ: ਧੀਰ: = ਵੱਖ ਵੱਖ ਵਿਚਾਰਾਂ ਤੋਂ ਥੱਕਿਆ ਹੋਇਆ ਸੰਤੋਖੀ। ਵਿਸ਼੍ਰਾਂਤਿਮ੍ ਆਗਤ: = ਸ਼ਾਂਤੀ ਨੂੰ ਪਹੁੰਚਿਆ ਹੋਇਆ। ਨ ਕਲ੍ਪਤੇ ਨ ਜਾਨਾਤਿ ਨ ਸ਼੍ਰਿਣੋਤਿ ਨ ਪਸ਼ਿਅਤਿ = ਨਾ ਕਲਪਨਾ ਕਰਦਾ ਹੈ, ਨਾ ਜਾਣਦਾ ਹੈ, ਨਾ ਸੁਣਦਾ ਹੈ, ਨਾ ਵੇਖਦਾ ਹੈ।

ਸ਼ਲੋਕਾਰਥ:- ਵੱਖ ਵੱਖ ਵਿਚਾਰਾਂ ਤੋਂ ਥੱਕ ਕੇ ਸ਼ਾਂਤੀ ਨੂੰ ਪਹੁੰਚਿਆ ਹੋਇਆ ਸੰਤੋਖੀ ਨਾ ਕਲਪਨਾ ਕਰਦਾ ਹੈ, ਨਾ ਜਾਣਦਾ ਹੈ, ਨਾ ਸੁਣਦਾ ਹੈ, ਨਾ ਵੇਖਦਾ ਹੈ।

ਭਾਵਾਰਥ:- ਮਨੁੱਖ ਵੱਖ ਵੱਖ ਦਾਰਸ਼ਨਿਕਾਂ ਦੀਆਂ ਵਿਚਾਰ ਧਾਰਾਵਾਂ ਵਿੱਚ ***"ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੨) ਘੁੰਮ ਘੁੰਮ ਕੇ ਅਨੇਕ ਵਿਧੀਆਂ ਨਾਲ ਪਰਮਾਤਮਾ ਨੂੰ ਲੱਭਦਾ ਲੱਭਦਾ ਥੱਕ ਜਾਂਦਾ ਹੈ, ***"ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੩; ਅੰਗ ੧੧੭੫) ਕਈ ਭੇਖ ਬਦਲਣ ਨਾਲ ਵੀ ਉਸ ਦੇ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਸੰਤੋਖੀ ਇਸ ਨਿਸ਼ਚੇ ਉੱਤੇ ਪਹੁੰਚਿਆ ਹੁੰਦਾ ਹੈ ਕਿ ***"ਅਬ ਮੋਹਿ ਸਰਬ ਉਪਾਵ ਬਿਰਕਾਤੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੦੯) ਮੈਂ ਸਾਰੇ ਉਪਾਅ ਤਿਆਗ ਦਿੱਤੇ ਹਨ ਕਿਉਂਕਿ ਪ੍ਰਭੂ ***"ਆਪਿ ਕਰੇ ਕਿਛੁ ਕਰਣੁ ਨ ਜਾਇ॥ ਆਪੇ ਭਾਵੈ ਲਏ ਮਿਲਾਇ॥"*** (ਅੰਗ ੧੧੭੫) ਸਭ ਕੁਝ ਆਪ ਹੀ ਕਰਦਾ ਹੈ, ਮਨੁੱਖ ਦੇ ਹੱਥ ਵੱਸ ਕੁਝ ਨਹੀਂ ਅਤੇ ਜਦ ਉਸ ਨੂੰ ਭਾਉਂਦਾ ਹੈ, ਆਪਣੇ ਨਾਲ ਮਿਲਾ ਲੈਂਦਾ ਹੈ। ਸੰਤੋਖੀ ਇਸ ਭਾਵਨਾ ਵਿੱਚ ਵਿਚਰਦਾ ਹੈ ਕਿ ***"ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੪) ਦੁੱਖ ਸੁਖ ਧੁਰੋਂ ਲਿਖੇ ਹੋਏ ਹਨ ਜਿਸ ਕਰਕੇ ਉਹ ਕਿਸੇ ਸੁਖ-ਦੁੱਖ-ਭੋਗ ਦੀ ਕਲਪਨਾ ਨਹੀਂ ਕਰਦਾ। ਇਸ ਤਰ੍ਹਾਂ ਸ਼ਾਂਤ ਸੰਤੋਖੀ ***"ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ"*** (ਅੰਗ ੧੦੫੪) ਸੰਸਾਰ ਵਿੱਚ ਅਲਿਪਤ, ਸਾਖੀ ਭਾਵ ਨਾਲ ਵਿਚਰਦਾ ਹੈ; ਕੁਝ ਜਾਣਨ ਦੀ, ਸੁਣਨ ਦੀ ਜਾਂ ਵੇਖਣ ਦੀ ਇੱਛਾ ਉਸ ਨੂੰ ਨਹੀਂ ਹੁੰਦੀ।

असमाधेरविक्षेपान्न मुमुक्षुर्न चेतरः।
निश्चित्य कल्पितं पश्यन् ब्रह्मैवास्ते महाशयः॥२८॥
ਅਸਮਾਧੇਰਵਿਕ੍ਸ਼ੇਪਾਂਨ ਮੁਮੁਕ੍ਸ਼ੁਰਨ ਚੇਤਰ:।
ਨਿਸ਼੍ਚਿਤਿਅ ਕਲ੍ਪਿਤੰ ਪਸ਼ਿਅਨ੍ ਬ੍ਰਹ੍ਮੈਵਾਸ੍ਤੇ ਮਹਾਸ਼ਯ:॥੨੮॥

ਸ਼ਬਦਾਰਥ:- ਅਸਮਾਧੇ: ਅਵਿਕ੍ਸ਼ੇਪਾਤ੍ ਨ ਮੁਮੁਕ੍ਸ਼ੁ: = ਸਮਾਧੀ-ਰਹਿਤ

ਵਿਖੇਪ-ਰਹਿਤ (ਹੋਣ ਕਰਕੇ) ਮੁਮੁੱਖੂ (ਮੁਕਤੀ ਦਾ ਇੱਛੁਕ ਸਾਧਕ) ਨਹੀਂ। ਨ ਚ ਇਤਰ: = ਨਾ ਹੀ ਉਲਟ। ਨਿਸ਼੍ਚਿਤਿਅ = ਨਿਸ਼ਚਾ ਕਰਕੇ। ਕਲ੍ਪਿਤੰ ਪਸ਼੍ਯਨ੍ = ਕਲਪਿਤ ਨੂੰ ਵੇਖਦਾ ਹੋਇਆ। ਬ੍ਰਹ੍ਮ ਏਵ ਆਸ੍ਤੇ ਮਹਾਸ਼ਯ: = ਬ੍ਰਹਮ ਦੀ ਤਰ੍ਹਾਂ ਰਹਿੰਦਾ ਹੈ ਮਹਾਂ ਪੁਰਖ।

ਸ਼ਲੋਕਾਰਥ:- ਸਮਾਧੀ ਰਹਿਤ ਅਤੇ ਵਿਖੇਪ ਰਹਿਤ ਮਹਾਂ ਪੁਰਖ ਨਾ ਮੁਕਤੀ ਦਾ ਇੱਛੁਕ ਸਾਧਕ ਹੈ ਅਤੇ ਨਾ ਹੀ ਇਸ ਦੇ ਉਲਟ ਹੈ। ਇਸ ਨਿਸ਼ਚੇ ਵਿੱਚ ਸਥਿਤ ਕਿ ਸੰਸਾਰ ਇੱਕ ਕਲਪਨਾ ਹੈ, ਉਹ ਇਸ ਕਲਪਿਤ ਨੂੰ ਵੇਖਦਾ ਹੋਇਆ ਬ੍ਰਹਮ ਦੀ ਤਰ੍ਹਾਂ ਰਹਿੰਦਾ ਹੈ।

ਭਾਵਾਰਥ:- ਗਿਆਨੀ ਮਹਾਂ ਪੁਰਖ ਦਾ ਇਹ ਨਿਸ਼ਚਾ ਹੈ ਕਿ ***"ਕਰਮ ਧਰਮ ਸਭਿ ਹਉਮੈ ਫੈਲੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੦) ਸਾਰੇ ਕਰਮ ਧਰਮ ਹਉਮੈ ਦੇ ਵਿਖਾਵੇ ਹਨ। ਉਹ ਸਾਧਨਾ ਵਿੱਚ ਨਹੀਂ ਬੈਠਦਾ ਜਿਸ ਕਰਕੇ ਕਿਸੇ ਵਿਖੇਪ ਦਾ ਪ੍ਰਸ਼ਨ ਨਹੀਂ ਉੱਠਦਾ। ਸੰਸਾਰ ਨੂੰ ਵੇਖਦੇ ਹੋਏ ਵੀ ਉਸ ਦਾ ਨਿਸ਼ਚਾ ਇਹ ਰਹਿੰਦਾ ਹੈ ਕਿ ***"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਸੰਸਾਰ ਰਾਤ ਦੇ ਸੁਪਨੇ ਵਾਂਗ ਇੱਕ ਕਲਪਨਾ ਤੋਂ ਸਿਵਾ ਹੋਰ ਕੁਝ ਨਹੀਂ। ਇਸ ਤਰ੍ਹਾਂ ਕਲਪਿਤ ਸੰਸਾਰ ਵਿੱਚ ਵਿਚਰਦਾ ਹੋਇਆ ਉਹ ***"ਨਾ ਅਉਧੂਤੀ ਨ ਸੰਸਾਰੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੩) ਸੰਸਾਰੀ ਨਹੀਂ। ਉਸ ਵਾਸਤੇ ਸੰਸਾਰ ਕੇਵਲ ਕਲਪਨਾ ਹੈ ਅਤੇ ਉਹ ਸੰਸਾਰ ਦਾ ਤਿਅਗੀ ਵੀ ਨਹੀਂ ਕਿਉਂਕਿ ਸੰਸਾਰ ਵਿੱਚ ਹੀ ਵਿਚਰ ਰਿਹਾ ਹੈ। ਉਸ ਨੂੰ ਇਹ ਵੀ ਨਿਸ਼ਚਾ ਹੈ ਕਿ ਬ੍ਰਹਮ ਤੋਂ ਸਿਵਾ ***"ਨਾ ਕੋ ਹੋਆ ਨਾ ਕੋ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੯) ਨਾ ਕੋਈ ਹੋਇਆ ਹੈ ਨਾ ਕੋਈ ਹੋਏਗਾ। ਇਸ ਸੋਚ ਨਾਲ, ਜਿਵੇਂ ਨਾਮਦੇਵ ਜੀ ਨੇ ਅਨੁਭਵ ਕੀਤਾ ਸੀ ਕਿ ***"ਨਾਮੇ ਨਾਰਾਇਨ ਨਾਹੀ ਭੇਦੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਨਾਮਦੇਉ ਜੀਉ; ਅੰਗ ੧੧੬੬) ਮੇਰੇ ਤੇ ਨਾਰਾਇਨ ਵਿੱਚ ਕੋਈ ਅੰਤਰ ਨਹੀਂ, ਉਸੇ ਤਰ੍ਹਾਂ ਗਿਆਨੀ ਮਹਾਂ ਪੁਰਖ ਨੂੰ ਅਹਿਸਾਸ ਹੁੰਦਾ ਹੈ ਕਿ" ਸੋਹੰ" ਮੈਂ ਵੀ ਓਹ ਹਾਂ। ਇਸ ਤਰ੍ਹਾਂ ਉਹ ***"ਨਿਜ ਆਤਮੈ ਰਹਿਆ ਭਰਪੂਰਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਨਾਮਦੇਵ ਜੀ; ਅੰਗ ੬੫੭) ਆਪਣੇ ਆਤਮ ਸਰੂਪ ਵਿੱਚ ਸਥਿਤ ਰਹਿੰਦਾ ਹੈ।

यस्यान्तः स्यादहंकारो न करोति करोति सः।
निरहंकारधीरेण न किञ्चिद्धि कृतं कृतम्॥२९॥

ਯਸਿਆਂਤ: ਸਿਆਦਹੰਕਾਰੋ ਨ ਕਰੋਤਿ ਕਰੋਤਿ ਸ:।
ਨਿਰਹੰਕਾਰਧੀਰੇਣ ਨ ਕਿੰਚਿੱਧਿ ਕ੍ਰਿਤੰ ਕ੍ਰਿਤਮ੍॥੨੯॥

ਸ਼ਬਦਾਰਥ:- ਯਸਿਅ ਅੰਤ: ਸਿਆਤ੍ ਅਹੰਕਾਰ: = ਜਿਸ ਦੇ ਅੰਦਰ ਹੰਕਾਰ

ਹੈ। ਨ ਕਰੋਤਿ ਕਰੋਤਿ ਸ: = ਨਾ ਕਰਦਾ ਹੋਇਆ ਵੀ ਕਰਦਾ ਹੈ। ਨਿਰ ਹੰਕਾਰ ਧੀਰੇਣ = ਹੰਕਾਰ ਰਹਿਤ ਧੀਰ ਦੁਆਰਾ। ਨ ਕਿੰਚਿਤ੍ਰ ਹਿ ਕ੍ਰਿਤੰ ਕ੍ਰਿਤਮ੍ = ਨਹੀਂ ਕੁਝ, ਨਿਸ਼ਚੇ ਹੀ, ਕੀਤਾ ਗਿਆ, ਕਰਕੇ ਵੀ।

ਸ਼ਲੋਕਾਰਥ:- ਜਿਸ ਦੇ ਅੰਦਰ ਅਹੰਕਾਰ ਹੈ ਉਹ ਨਾ ਕਰਦਾ (ਦਿੱਸਦਾ ਹੋਇਆ ਵੀ) ਕਰਦਾ ਹੈ। ਅਹੰਕਾਰ ਰਹਿਤ ਸੰਤੋਖੀ ਕਰਦਾ (ਦਿੱਸਦਾ ਹੋਇਆ ਵੀ) ਯਕੀਨਨ ਕੁਝ ਨਹੀਂ ਕਰਦਾ।

ਭਾਵਾਰਥ:- ਕੁਝ ਕਰਨਾ ਕਰਮ-ਫਲ ਦੇਣ ਵਾਲਾ ਕਰਮ ਤਦ ਬਣਦਾ ਹੈ ਜੇ ਕਰਤਾ-ਭਾਵ ਨਾਲ ਕੀਤਾ ਜਾਏ। ਇਸ ਦੇ ਮਾਧਿਅਮ ਹਨ-ਮਨ, ਬਾਣੀ ਅਤੇ ਸਰੀਰ। *"ਹਉਮੈ ਕਰੈ ਕਰਾਵੈ ਹਉਮੈ"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੧)** ਮਨੁੱਖ ਹਉਮੈ ਵਿੱਚ ਹੀ ਕਰਦਾ ਕਰਾਉਂਦਾ ਹੈ ਅਰਥਾਤ ਕਰਤਾ-ਭਾਵ ਦੀ ਨੀਂਹ ਹਉਮੈ ਹੈ, ਜੇ ਹਉਮੈ ਨਹੀਂ ਤਾਂ ਕਰਤਾ-ਭਾਵ ਵੀ ਨਹੀਂ ਅਤੇ ਵਿਅਕਤੀ ਕੁਝ ਕਰਦਾ ਦਿੱਸਦਾ ਹੋਇਆ ਵੀ ਕਰਮ ਨਹੀਂ ਕਰ ਰਿਹਾ। ਜਿਸ ਵਿੱਚ ਹਉਮੈ ਹੈ ਉਸ ਨੇ *"ਹਉ ਹਉ ਕਰਮ ਕਮਾਣੇ॥"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੪)** ਹਉਮੈ ਕਾਰਨ ਕਰਮ-ਸ਼ੀਲ ਰਹਿਣਾ ਹੈ। ਜੇ ਉਹ ਸਰੀਰ ਜਾਂ ਬਾਣੀ ਨਾਲ ਕਰਮ ਕਰਦਾ ਨਹੀਂ ਦਿੱਸਦਾ, ਉਸ ਦੇ ਮਾਨਸਿਕ ਕਰਮ ਚਲਦੇ ਰਹਿੰਦੇ ਹਨ ਕਿਉਂਕਿ *"ਮਨ ਅੰਤਰਿ ਹਉਮੈ ਰੋਗੁ ਹੈ"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੭)** ਉਸ ਦੇ ਮਨ ਵਿੱਚ ਹਉਮੈ ਹੈ ਜਿਸ ਕਰਕੇ *"ਮਨੁ ਟਿਕਣੁ ਨ ਪਾਵੈ ਰਾਈ॥"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੩)** ਮਨ ਇੱਕ ਪਲ ਵੀ ਨਹੀਂ ਟਿਕਦਾ, ਸੰਕਲਪਾਂ ਵਿਕਲਪਾਂ ਦੇ ਤਾਣੇ ਬੁਣਦਾ ਰਹਿੰਦਾ ਹੈ। ਗਿਆਨੀ *"ਹਉ ਹਉ ਮੈ ਮੈ ਵਿਚਹੁ ਖੋਵੈ॥"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੩)** ਹਉਮੈ ਰਹਿਤ ਹੋ ਜਾਂਦਾ ਹੈ ਜਿਸ ਦੇ ਨਾਲ ਹੀ ਉਸ ਦਾ ਕਰਤਾ-ਭਾਵ ਵੀ ਨਹੀਂ ਰਹਿੰਦਾ ਅਤੇ ਉਹ *"ਕਰਮ ਕਰਤ ਹੋਵੈ ਨਿਹਕਰਮ॥"* **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪)** ਕਰਮ ਕਰਦਾ ਦਿੱਸਦਾ ਹੋਇਆ ਵੀ ਨਿਹਕਰਮ ਹੁੰਦਾ ਹੈ।

नोद्विग्नं न च सन्तुष्टमकर्तृ स्पन्दवर्जितम्।
निराशं गतसन्देहं चित्तं मुक्तस्य राजते॥३०॥

ਨੋਦ੍ਵਿਗ੍ਨੰ ਨ ਚ ਸੰਤੁਸ਼ਟਮਕਰ੍ਤ੍ਰਿ ਸੁਪੰਦਵਰ੍ਜਿਤਮ੍।
ਨਿਰਾਸ਼ੰ ਗਤਸੰਦੇਹੰ ਚਿੱਤੰ ਮੁਕ੍ਤਸਿਅ ਰਾਜਤੇ॥੩੦॥

ਸ਼ਬਦਾਰਥ:- ਨ ਉਦ੍ਵਿਗ੍ਨੰ = ਨਾ ਘਬਰਾਹਟ। ਨ ਚ ਸੰਤੁਸ਼ਟਮ੍ = ਅਤੇ ਨਾ ਖ਼ੁਸ਼ੀ। ਅਕਰ੍ਤ੍ਰਿ ਸੁਪੰਦ-ਵਰ੍ਜਿਤਮ੍ = ਕਰਤਾ-ਭਾਵ ਰਹਿਤ, ਗਤੀ ਰਹਿਤ। ਨਿਰਾਸ਼ੰ ਗਤਸੰਦੇਹੰ = ਇੱਛਾ ਰਹਿਤ, ਸੰਦੇਹ ਰਹਿਤ। ਚਿੱਤੰ = ਚਿੱਤ। ਮੁਕ੍ਤਸਿਅ ਰਾਜਤੇ = ਜੀਵਨ ਮੁਕਤ ਦਾ ਪ੍ਰਾਪਤ ਹੁੰਦਾ ਹੈ।

ਸ਼ਲੋਕਾਰਥ:- ਜੀਵਨ ਮੁਕਤ ਦਾ ਕਰਤਾ-ਭਾਵ ਰਹਿਤ, ਗਤੀ ਰਹਿਤ, ਇੱਛਾ ਰਹਿਤ, ਸੰਦੇਹ ਰਹਿਤ ਚਿੱਤ ਨਾ ਘਬਰਾਹਟ ਨੂੰ ਅਤੇ ਨਾ ਖ਼ੁਸ਼ੀ ਨੂੰ ਪ੍ਰਾਪਤ ਹੁੰਦਾ ਹੈ।

ਭਾਵਾਰਥ:- ***"ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੦੯-੧੦) ਜੀਵਨ ਮੁਕਤ ਉਹ ਹੈ ਜਿਸ ਵਿੱਚੋਂ ਹਉਮੈ ਸਮਾਪਤ ਹੋ ਗਈ ਹੈ। ਇਸ ਦੇ ਨਾਲ ਹੀ ਉਸ ਵਿੱਚ ਇਹ ਭਾਵਨਾ ਜਾਗਦੀ ਹੈ ਕਿ ***"ਨਾ ਹਉ ਕਰਤਾ ਨਾ ਮੈ ਕੀਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩) ਮੇਰੇ ਵਿੱਚ ਕਰਤਾ-ਭਾਵ ਨਹੀਂ ਜਿਸ ਕਰਕੇ ਉਹ ਮਨ ਤੋਂ ਕਰਤਾ-ਭਾਵ ਅਤੇ ਗਤੀ ਰਹਿਤ ਰਹਿੰਦਾ ਹੈ। ਹਉਮੈ ਮਿਟਣ ਨਾਲ ਉਹ ***"ਦੂਜਾ ਮੇਟੈ ਏਕੋ ਹੋਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੩) ਦਵੈਤ ਭਾਵ ਮਿਟਾ ਕੇ ਇੱਕ ਨਾਲ ਅਭੇਦ ਹੋ ਕੇ ਸੰਦੇਹ ਰਹਿਤ ਹੋ ਜਾਂਦਾ ਹੈ ਕਿਉਂਕਿ ***"ਦੂਜੈ ਭਾਇ ਭਰਮਿ ਭੁਲਾਇਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੫) ਭਰਮ ਦਵੈਤ ਭਾਵ ਕਾਰਨ ਹੀ ਹੁੰਦੇ ਹਨ। ਇਸੇ ਕਰਕੇ ਉਹ ਇੱਛਾ ਰਹਿਤ ਵੀ ਹੁੰਦਾ ਹੈ ਕਿਉਂਕਿ ਇੱਛਾ ਸਦਾ ਕਿਸੇ ਦੂਜੀ ਹੋਂਦ ਲਈ ਹੁੰਦੀ ਹੈ। ***"ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥ ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫) ਜੀਵਨ ਮੁਕਤ, ਪ੍ਰਭੂ ਆਗਿਆ ਨੂੰ ਆਪਣੇ ਹਿਤ ਦੀ ਮੰਨਦਾ ਹੈ, ਹਰਖ ਸੋਗ ਨੂੰ ਬਰਾਬਰ ਸਮਝਦਾ ਹੋਇਆ ਸਦਾ ਪਰਮਾਤਮਾ ਨਾਲ ਇੱਕ ਰਹਿ ਕੇ ਅਨੰਦ ਵਿੱਚ ਰਹਿੰਦਾ ਹੈ।

निर्ध्यातुं चेष्टितुं वापि यच्चित्तं न प्रवर्तते।
निर्निमित्तमिदं किन्तु निर्ध्यायति विचेष्टते॥३१॥
ਨਿਰਧਿਆਤੁੰ ਚੇਸ਼੍ਟਿਤੁੰ ਵਾਪਿ ਯੱਚਿੱਤੰ ਨ ਪ੍ਰਵਰਤਤੇ।
ਨਿਰਨਿਮਿੱਤਮਿਦੰ ਕਿੰਤੁ ਨਿਰਧਿਆਯਤਿ ਵਿਚੇਸ਼੍ਟਤੇ॥੩੧॥

ਸ਼ਬਦਾਰਥ:- ਨਿਰਧਿਆਤੁੰ = ਧਿਆਨ ਲਈ। ਚੇਸ਼੍ਟਿਤੁੰ = ਚੇਸ਼ਟਾ ਕਰਨ ਲਈ। ਵਾਪਿ = ਜਾਂ। ਯਤ੍ ਚਿੱਤੰ ਨ ਪ੍ਰਵਰਤਤੇ = ਜੋ ਚਿੱਤ ਨਹੀਂ ਪ੍ਰਵਿਰਤ ਹੁੰਦਾ। ਨਿਰਨਿਮਿੱਤਮ੍ ਇਦੰ ਕਿੰਤੁ = ਬਿਨਾ ਨਿਮਿੱਤ ਇਹ ਪਰੰਤੂ। ਨਿਰਧਿਆਯਤਿ ਵਿਚੇਸ਼੍ਟਤੇ = ਧਿਆਨ ਕਰਦਾ ਹੈ, ਚੇਸ਼ਟਾ ਕਰਦਾ ਹੈ।

ਸ਼ਲੋਕਾਰਥ:- ਜੋ ਚਿੱਤ ਧਿਆਨ ਕਰਨ ਲਈ ਜਾਂ ਹੋਰ ਕਿਰਿਆ ਕਰਨ ਲਈ ਉੱਦਮ ਨਹੀਂ ਕਰਦਾ ਪਰੰਤੂ ਕਿਸੇ ਨਿਮਿੱਤ ਬਿਨਾ ਧਿਆਨ ਜਾਂ ਚੇਸ਼ਟਾ ਕਰਦਾ ਹੈ (ਉਹ ਜੀਵਨ ਮੁਕਤ ਹੈ)।

ਭਾਵਾਰਥ:- ***"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥"*** (ਸ੍ਰੀ

ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੧੯) ਜੋ ਸਰੀਰ ਵਿੱਚ ਅਰਥਾਤ ਸੰਸਾਰ ਵਿੱਚ ਰਹਿੰਦਾ ਹੋਇਆ ਨਿਰਲੇਪ ਵਿਚਰਦਾ ਹੈ, ਉਸ ਦੀ ਘਾਲਣਾ ਪੂਰੀ ਹੋ ਚੁੱਕੀ ਹੈ; ਉਸ ਲਈ ਕੁਝ ਵੀ ਕਰਨਾ ਬਾਕੀ ਨਹੀਂ ਰਿਹਾ। ਉਹ ਧਿਆਨ ਲਗਾਉਣ ਦੀ ਜਾਂ ਕੋਈ ਹੋਰ ਕਿਰਿਆ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਜੇ ਉਹ ਧਿਆਨ ਜਾਂ ਕੋਈ ਕਿਰਿਆ ਕਰਦਾ ਦਿੱਸਦਾ ਵੀ ਹੈ ਤਾਂ ਉਸ ਵਿੱਚ ਉਸ ਦਾ ਆਪਣਾ ਕੋਈ ਮਕਸਦ ਨਹੀਂ ਹੁੰਦਾ, ਉਹ *"ਹੁਕਮੇ ਬਾਧਾ ਕਾਰ ਕਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ : ੧; ਅੰਗ ੧੨੭੫) ਪ੍ਰਭੂ ਹੁਕਮ ਵਿੱਚ ਰਹਿ ਕੇ ਕਰ ਰਿਹਾ ਹੁੰਦਾ ਹੈ ਕਿਉਂਕਿ *"ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ॥"* (ਅੰਗ ੧੨੭੫) ਪ੍ਰਾਰਬਧ ਨੂੰ ਮਿਟਾਇਆ ਨਹੀਂ ਜਾ ਸਕਦਾ। ਇਸ ਵਿੱਚ ਵੀ ਉਸ ਦੀ ਕੋਈ ਕੋਸ਼ਿਸ਼ ਨਹੀਂ ਹੁੰਦੀ; *"ਜੋ ਕਿਛੁ ਹੋਵੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਜੋ ਕੁਝ ਉਸ ਤੋਂ ਹੁੰਦਾ ਹੈ, ਸਹਿਜ ਸੁਭਾਏ ਹੀ ਹੁੰਦਾ ਹੈ।

तत्त्वं यथार्थमाकर्ण्य मन्दः प्राप्नोति मूढताम्।
अथवाऽऽयाति संकोचममूढः कोऽपि मूढवत्॥३२॥

ਤੱਤ੍ਵੰ ਯਥਾਰਥਮਾਕਰਣਿਅ ਮੰਦ: ਪ੍ਰਾਪ੍ਨੋਤਿ ਮੂਢਤਾਮ੍।
ਅਥਵਾऽऽਯਾਤਿ ਸੰਕੋਚਮਮੂਢ: ਕੋऽਪਿ ਮੂਢਵਤ੍॥੩੨॥

ਸ਼ਬਦਾਰਥ:- ਤੱਤ੍ਵੰ ਯਥਾਰਥਮ੍ ਆਕਰਣਿਅ = ਯਥਾਰਥ ਤੱਤ ਨੂੰ ਸੁਣ ਕੇ। ਮੰਦ: ਪ੍ਰਾਪ੍ਨੋਤਿ ਮੂਢਤਾਮ੍ = ਮੰਦ ਬੁੱਧੀ ਪ੍ਰਾਪਤ ਹੁੰਦਾ ਹੈ ਮੂੜ੍ਹਤਾ ਨੂੰ। ਅਥਵਾ ਆਯਾਤਿ ਸੰਕੋਚਮ੍ = ਜਾਂ ਪ੍ਰਾਪਤ ਕਰਦਾ ਹੈ ਸੰਕੋਚ ਨੂੰ (ਸੰਕੁਚਿਤ ਹੋ ਜਾਂਦਾ ਹੈ, ਸੁੰਗੜ ਜਾਂਦਾ ਹੈ)। ਅਮੂਢ: ਕ: ਅਪਿ = ਗਿਆਨੀ ਕੋਈ ਹੀ ਅਰਥਾਤ ਵਿਰਲਾ। ਮੂਢਵਤ੍ = ਮੂੜ੍ਹ ਵਾਂਗ।

ਸ਼ਲੋਕਾਰਥ:- ਯਥਾਰਥ ਤੱਤ ਨੂੰ ਸੁਣ ਕੇ ਮੰਦ ਬੁੱਧੀ ਮਨੁੱਖ ਮੂੜ੍ਹਤਾ ਨੂੰ ਪ੍ਰਾਪਤ ਹੁੰਦਾ ਹੈ ਜਾਂ ਕੋਈ ਵਿਰਲਾ ਗਿਆਨੀ ਸੰਕੁਚਿਤ ਹੋ ਜਾਂਦਾ ਹੈ ਅਰਥਾਤ ਮੂੜ੍ਹ ਵਾਂਗ ਕਿਰਿਆ ਰਹਿਤ ਹੋ ਜਾਂਦਾ ਹੈ।

ਭਾਵਾਰਥ:- *"ਮੂਰਖੁ ਅੰਧਾ ਤਤੁ ਨ ਪਛਾਣੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੧) ਮੂਰਖ ਅਗਿਆਨੀ ਅਸਲੀਅਤ ਨਹੀਂ ਪਛਾਣਦਾ। *"ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੩੩) ਤੱਤ ਬਾਰੇ ਪੜ੍ਹ ਕੇ ਵੀ ਦਵੈਤ ਭਾਵ ਵਿੱਚ ਹੀ ਰਹਿ ਕੇ ਆਪਣਾ ਮੂਲ ਨਹੀਂ ਪਛਾਣਦਾ। ਉਹ *"ਬਹੁ ਕਰਮ ਕਮਾਵੈ ਦੁਖੁ ਸਬਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੨੪) ਦੁਖੀ ਹੋ ਕੇ ਕਈ ਤਰ੍ਹਾਂ ਦੇ ਕਰਮ ਕਰਦਾ ਹੈ; ਤੀਰਥ ਯਾਤਰਾ ਕਰਦਾ ਹੈ, ਕਰਮ ਕਾਂਡ ਕਰਦਾ ਹੈ ਜਾਂ ਅੱਖਾਂ ਬੰਦ ਕਰਕੇ ਧਿਆਨ ਦੀ ਮੁਦ੍ਰਾ ਵਿੱਚ ਕਿਰਿਆ ਰਹਿਤ ਹੋ ਕੇ

ਬੈਠਦਾ ਹੈ ਹਾਲਾਂਕਿ ਮਨ ਆਸੇ ਪਾਸੇ ਡੋਲਦਾ ਰਹਿੰਦਾ ਹੈ। ਤੱਤ ਗਿਆਨ ਸੁਣ ਕੇ ਗਿਆਨੀ ਆਪਣੇ ਆਪ ਵਿੱਚ ਸੁੰਗੜ ਜਾਂਦਾ ਹੈ ਕਿਉਂਕਿ ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ *"ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੫੩) ਬਾਹਰੋਂ ਲੱਭਣ ਦੀ ਲੋੜ ਨਹੀਂ ਕਿਉਂਕਿ ਪਰਮਾਤਮਾ ਆਪਣੇ ਅੰਦਰ ਹੀ ਹੈ ਅਤੇ ਗਿਆਨੀਆਂ ਵਿੱਚੋਂ ਵੀ ਪਰਮਾਤਮਾ ਨੇ *"ਕੋਈ ਵਿਰਲਾ ਆਪਨ ਕੀਤ॥ ਸੰਗਿ ਚਰਨ ਕਮਲ ਮਨੁ ਸੀਤ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਨਟ ਮ: ੫; ਅੰਗ ੯੮੦) ਕਿਸੇ ਵਿਰਲੇ ਨੂੰ ਆਪਣੇ ਨਾਲ ਜੋੜ ਲਿਆ ਹੁੰਦਾ ਹੈ ਜਿਸ ਦਾ ਪ੍ਰਭੂ ਚਰਨਾਂ ਵਿੱਚ ਸੀਤਾ ਹੋਇਆ ਮਨ ਡੋਲਦਾ ਨਹੀਂ। ਬਾਹਰ ਤੋਂ ਉਹ ਗਿਆਨੀ ਉਸੇ ਤਰ੍ਹਾਂ ਕਿਰਿਆ ਰਹਿਤ ਦਿੱਸਦਾ ਹੈ ਜਿਵੇਂ ਕਿਰਿਆ ਰਹਿਤ ਮੂਰਖ ਦਿੱਸਦਾ ਹੈ।

एकाग्रता निरोधो वा मूढैरभ्यस्यते भृशम्।
धीराः कृत्यं न पश्यन्ति सुप्तवत् स्वपदे स्थिताः॥३३॥
ਏਕਾਗ੍ਰਤਾ ਨਿਰੋਧੋ ਵਾ ਮੂਢੈਰਭਿਅਸਿਅਤੇ ਭ੍ਰਿਸ਼ਮ੍।
ਧੀਰਾ: ਕ੍ਰਿਤਿਅੰ ਨ ਪਸ਼ਿਅੰਤਿ ਸੁਪ੍ਤਵਤ੍ ਸ੍ਵਪਦੇ ਸ੍ਥਿਤਾ:॥੩੩॥

ਸ਼ਬਦਾਰਥ:- ਏਕਾਗ੍ਰਤਾ ਨਿਰੋਧ: ਵਾ = (ਮਨ ਦੀ) ਇਗਾਗ੍ਰਤਾ ਜਾਂ ਨਿਰੋਧ ਲਈ। ਮੂਢੈ: ਅਭਿਅਸਿਅਤੇ ਭ੍ਰਿਸ਼ਮ੍ = ਅਗਿਆਨੀਆਂ ਦੁਆਰਾ ਅਭਿਆਸ ਕੀਤਾ ਜਾਂਦਾ ਹੈ ਬਹੁਤ। ਧੀਰਾ: ਕ੍ਰਿਤਿਅੰ ਨ ਪਸ਼ਿਅੰਤਿ = ਗਿਆਨੀ (ਇਨ੍ਹਾਂ) ਕਾਰਜਾਂ ਨੂੰ (ਕਰਨ ਯੋਗ) ਨਹੀਂ ਵੇਖਦੇ। ਸੁਪ੍ਤ ਵਤ੍ = ਸੁੱਤੇ ਹੋਏ ਵਾਂਗ। ਸ੍ਵ ਪਦੇ ਸ੍ਥਿਤਾ: = ਆਤਮ ਸਰੂਪ ਵਿੱਚ ਸਥਿਤ ਹੋਏ ਹੋਏ।

ਸ਼ਲੋਕਾਰਥ:- ਅਗਿਆਨੀ, ਮਨ ਦੀ ਇਕਾਗ੍ਰਤਾ ਜਾਂ ਨਿਰੋਧ ਲਈ ਬਹੁਤ ਅਭਿਆਸ ਕਰਦੇ ਹਨ। ਆਤਮ ਸਰੂਪ ਵਿੱਚ ਸਥਿਤ ਹੋਏ ਹੋਏ ਗਿਆਨੀ, ਸੁੱਤੇ ਹੋਏ ਵਾਂਗ, ਇਨ੍ਹਾਂ ਕੰਮਾਂ ਨੂੰ ਕਰਨ ਯੋਗ ਨਹੀਂ ਵੇਖਦੇ ਅਰਥਾਤ ਕਰਨ ਦੀ ਲੋੜ ਨਹੀਂ ਸਮਝਦੇ।

ਭਾਵਾਰਥ:- ਅਗਿਆਨੀ ਦਾ *"ਮਨੁ ਮੈਲਾ ਹੈ ਦੂਜੈ ਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੧) ਮਨ ਦਵੈਤ ਭਾਵ ਕਾਰਨ ਮੈਲਾ ਹੁੰਦਾ ਹੈ ਅਤੇ *"ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੫) ਮੈਲੇ ਮਨ ਨਾਲ ਨਿਰਮਲ ਸੱਚੇ ਦੀ ਪ੍ਰਾਪਤੀ ਨਹੀਂ ਹੁੰਦੀ। ਮਨ ਦੀ ਚੰਚਲਤਾ ਅਰਥਾਤ ਇਸ ਦਾ ਬਾਹਰ ਵਿਸ਼ਿਆਂ ਵੱਲ ਦੌੜਨਾ ਹੀ ਇਸ ਦੀ ਮੈਲ ਹੈ। ਉਸ ਨੂੰ ਸਮਝਾਇਆ ਜਾਂਦਾ ਹੈ ਕਿ *"ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੦੮) ਮਨ ਦਾ ਨਿਰੋਧ ਕਰਕੇ ਇਕਾਗਰ ਹੋ ਕੇ ਬੈਠ ਤਾਂ ਜੋ ਤੇਰੇ ਸੰਕਲਪ ਵਿਕਲਪ ਖ਼ਤਮ ਹੋਣ ਅਰਥਾਤ ਤੇਰੇ ਮਨ ਦੀ ਚੰਚਲਤਾ

ਰੂਪੀ ਮੈਲ ਦੂਰ ਹੋਏ। ਇਸ ਮਕਸਦ ਲਈ *"ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੫) ਅਗਿਆਨੀ ਅਗਿਆਨਤਾ ਵਿੱਚ ਬਥੇਰੇ ਅਭਿਆਸ ਰੂਪੀ ਕਰਮ ਕਰਦਾ ਹੈ। ਗਿਆਨੀ *"ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੨) ਆਪਣੇ ਗਿਆਨ ਨਾਲ ਮਨ ਨੂੰ ਮਾਂਜ ਲੈਂਦਾ ਹੈ ਜਿਹੜਾ ਫਿਰ ਮੈਲਾ ਨਹੀਂ ਹੁੰਦਾ, ਭਟਕਦਾ ਨਹੀਂ। ਇਸੇ ਕਰਕੇ ਉਸ ਨੂੰ ਅਗਿਆਨੀਆਂ ਵਾਂਗ ਕਿਰਿਆਵਾਂ ਕਰਨ ਦੀ ਲੋੜ ਨਹੀਂ ਪੈਂਦੀ ਜਿਨ੍ਹਾਂ ਪ੍ਰਤੀ ਉਹ, ਇੱਕ ਤਰ੍ਹਾਂ, ਸੁੱਤਾ ਰਹਿੰਦਾ ਹੈ ਅਤੇ *"ਅਲਿਪਤ ਗੁਫਾ ਮਹਿ ਰਹਹਿ ਨਿਰਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੯; ਅੰਗ ੯੦੪) ਆਪਣੇ ਸਰੂਪ ਵਿੱਚ ਨਿਰਲੇਪ ਅਤੇ *"ਸਹਜ ਨਿਰੰਤਰਿ ਰਹਉ ਸਮਾਏ॥"* (ਅੰਗ ੯੦੪) ਸਦਾ ਸਹਿਜ ਵਿੱਚ ਸਮਾਇਆ ਰਹਿੰਦਾ ਹੈ।

अप्रयत्नात्प्रयत्नाद्वा मूढो नाप्नोति निर्वृतिम्।
तत्त्वनिश्चयमात्रेण प्राज्ञो भवति निर्वृतः॥३४॥
ਅਪ੍ਰਯਤ੍ਨਾਤ੍ਪ੍ਰਯਤ੍ਨਾਦ੍ਵਾ ਮੂਢੋ ਨਾਪ੍ਨੋਤਿ ਨਿਰਵ੍ਰਿਤਿਮ੍।
ਤੱਤ੍ਵਨਿਸ਼੍ਚਯਮਾਤ੍ਰੇਣ ਪ੍ਰਾਗਿਓ ਭਵਤਿ ਨਿਰਵ੍ਰਿਤ:॥੩੪॥

ਸ਼ਬਦਾਰਥ:- ਅਪ੍ਰਯਤ੍ਨਾਤ੍ ਪ੍ਰਯਤ੍ਨਾਤ੍ ਵਾ = ਨਿਰਜਤਨ ਰਹਿ ਕੇ ਜਾਂ ਜਤਨ ਨਾਲ। ਮੂਢ: ਨ ਆਪ੍ਨੋਤਿ ਨਿਰਵ੍ਰਿਤਿਮ੍ = ਅਗਿਆਨੀ ਨਹੀਂ ਪ੍ਰਾਪਤ ਕਰਦਾ ਨਿਵਿਰਤੀ। ਤੱਤ੍ਵ ਨਿਸ਼੍ਚਯ ਮਾਤ੍ਰੇਣ = ਤੱਤ ਦੇ ਨਿਸ਼ਚੇ ਮਾਤਰ ਨਾਲ। ਪ੍ਰਾਗਿਅ: ਭਵਤਿ ਨਿਰਵ੍ਰਿਤ: = ਗਿਆਨੀ ਨਿਵਿਰਤ ਹੋ ਜਾਂਦਾ ਹੈ।

ਸ਼ਲੋਕਾਰਥ:- ਜਤਨ ਕਰਕੇ ਜਾਂ ਨਿਰਜਤਨ ਹੋ ਕੇ ਅਗਿਆਨੀ ਨੂੰ ਨਿਵਿਰਤੀ ਨਹੀਂ ਮਿਲਦੀ। ਤੱਤ ਪ੍ਰਤੀ ਨਿਸ਼ਚਾ ਹੋ ਜਾਣ ਨਾਲ ਹੀ ਗਿਆਨੀ ਨਿਵਿਰਤ ਹੋ ਜਾਂਦਾ ਹੈ।

ਭਾਵਾਰਥ:- *"ਮੂਰਖੁ ਅੰਧਾ ਤਤੁ ਨ ਪਛਾਣੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੧) ਮੂੜ੍ਹ ਅਗਿਆਨੀ ਤੱਤ ਨਹੀਂ ਪਛਾਣਦਾ ਉਹ *"ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਦਵੈਤ ਭਾਵ ਵਿੱਚ ਰਹਿੰਦਾ ਹੋਇਆ ਹਉਮੈ ਵਿੱਚ ਹੀ ਕਰਮ ਕਰਦਾ ਹੈ। ਮੋਹ, ਇੱਛਾ, ਭੈ ਆਦਿ ਕਿਸੇ ਦੂਜੀ ਹੋਂਦ ਦੀ ਕਲਪਨਾ ਨਾਲ ਹੁੰਦੇ ਹਨ ਅਤੇ *"ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੧; ਅੰਗ ੬੩੪) ਜਿੰਨੀ ਦੇਰ ਤੱਕ ਰੱਤੀ ਭਰ ਵੀ ਦਵੈਤ ਭਾਵ ਹੋਵੇ, ਬੈਰਾਗ ਅਰਥਾਤ ਸੰਸਾਰ ਤੋਂ ਨਿਵਿਰਤੀ ਨਹੀਂ ਹੋ ਸਕਦੀ। *"ਗੁਰਮੁਖਿ ਤਤੁ ਗਿਆਨੋ॥ ਪੇਖਤ ਸਗਲ ਧਿਆਨੋ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੬) ਤੱਤ ਗਿਆਨ ਦੇ ਵਿਚਾਰ ਨਾਲ ਗਿਆਨੀ ਸਾਰੀ ਅਸਲੀਅਤ

ਵੇਖ ਲੈਂਦਾ ਹੈ ਅਤੇ ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ *"ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਪਰਮਾਤਮਾ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ ਜਿਸ ਕਰਕੇ ਉਹ ਇਸ ਨਿਸ਼ਚੇ ਵਿੱਚ ਸਥਿਤ ਹੋ ਜਾਂਦਾ ਹੈ ਕਿ *"ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਜਾਵੰਤੀ ਮ: ੯; ਅੰਗ ੧੩੫੨) ਸੰਸਾਰ ਦੇ ਸੁਖ, ਮਾਨ ਆਦਿ ਝੂਠ ਹਨ ਅਤੇ ਕੇਵਲ ਕਲਪਨਾ ਮਾਤਰ ਹਨ। ਇਸ ਨਿਸ਼ਚੇ ਨਾਲ ਉਹ ਸੰਸਾਰ ਤੋਂ ਨਿਵਿਰਤ ਹੋ ਜਾਂਦਾ ਹੈ।

शुद्धं बुद्धं प्रियं पूर्णं निष्प्रपञ्चं निरामयम्।
आत्मानं तं न जानन्ति तत्राभ्यासपरा जनाः॥३५॥

ਸ਼ੁੱਧੰ ਬੁੱਧੰ ਪ੍ਰਿਯੰ ਪੂਰਣੰ ਨਿਸ਼੍ਰਪ੍ਰਪੰਚੰ ਨਿਰਾਮਯਮ੍।
ਆਤ੍ਮਾਨੰ ਤੰ ਨ ਜਾਨੰਤਿ ਤਤ੍ਰਾਭਿਆਸਪਰਾ ਜਨਾ:॥੩੫॥

ਸ਼ਬਦਾਰਥ:- ਸ਼ੁੱਧੰ ਬੁੱਧੰ ਪ੍ਰਿਯੰ ਪੂਰਣੰ ਨਿਸ਼੍ਰਪ੍ਰਪੰਚੰ ਨਿਰਾਮਯਮ੍ ਆਤ੍ਮਾਨੰ = ਸ਼ੁੱਧ, ਚੇਤਨ, ਪ੍ਰਿਯ, ਪੂਰਨ, ਪ੍ਰਪੰਚ-ਰਹਿਤ, ਨਿਰਮਲ ਆਤਮ-ਸਰੂਪ ਨੂੰ। ਤੰ = ਉਸ ਨੂੰ। ਨ ਜਾਨੰਤਿ = ਨਹੀਂ ਜਾਣਦੇ। ਤਤ੍ਰ ਅਭਿਆਸ-ਪਰਾ ਜਨਾ: = ਸੰਸਾਰ ਵਿੱਚ, ਅਭਿਆਸੀ ਲੋਕੀਂ।

ਸ਼ਲੋਕਾਰਥ:- ਸੰਸਾਰ ਵਿੱਚ ਉਸ ਸ਼ੁੱਧ, ਚੇਤਨ, ਪੂਰਨ, ਪ੍ਰਪੰਚ ਰਹਿਤ, ਨਿਰਮਲ ਆਤਮ ਸਰੂਪ ਨੂੰ, ਅਭਿਆਸੀ ਲੋਕੀਂ ਨਹੀਂ ਜਾਣਦੇ।

ਭਾਵਾਰਥ:- *"ਆਤਮ ਰਾਮੁ ਰਾਮੁ ਹੈ ਆਤਮ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ ਹੀ ਪਰਮਾਤਮਾ ਹੈ ਅਤੇ *"ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੫) ਨਿਰਮਲ ਪ੍ਰਭੂ ਨਿਰਮਲ ਮਨ ਨਾਲ ਜਾਣਿਆ ਜਾਂਦਾ ਹੈ ਪਰੰਤੂ *"ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੧੯) ਜੀਵ ਦਾ ਮਨ ਭਰਮਾਂ ਕਾਰਨ ਮੈਲਾ ਹੈ, ਕਿਵੇਂ ਸਾਫ਼ ਕੀਤਾ ਜਾਏ? *"ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥"* (ਅੰਗ ੯੧੯) ਕਰਮ ਕਾਂਡ ਦੇ ਅਭਿਆਸ ਨਾਲ ਸਹਿਜ ਦੀ ਪ੍ਰਾਪਤੀ ਨਹੀਂ ਹੁੰਦੀ ਅਤੇ ਬਿਨਾ ਸਹਿਜ ਹੋਏ ਭਰਮ ਜਾਂਦੇ ਨਹੀਂ। ਸਤਿਗੁਰੂ ਤੀਜੇ ਪਾਤਿਸ਼ਾਹ ਸਮਝਾਉਂਦੇ ਹਨ ਕਿ *"ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥ ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥"* (ਅੰਗ ੯੧੯) ਮਨ ਨੂੰ ਪ੍ਰਭੂ ਨਾਮ ਵਿੱਚ ਜੋੜ ਕੇ ਧੋ ਦਿੱਤਾ ਜਾਏ ਤਦ ਉਸ ਦੀ ਮਿਹਰ ਨਾਲ ਭਰਮ ਦੂਰ ਹੋ ਜਾਂਦੇ ਹਨ ਅਤੇ ਸਹਿਜ ਸਥਿਤੀ ਪ੍ਰਾਪਤ ਹੋ ਜਾਂਦੀ ਹੈ ਅਤੇ *"ਸਹਜ ਸੁਭਾਇ ਮਿਲੇ ਗੋਪਾਲਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੨੬) ਪਰਮਾਤਮਾ, ਕਰਮ ਕਾਂਡ ਨਾਲ ਨਹੀਂ, ਸਹਿਜ ਸੁਭਾਇ ਹੀ ਮਿਲਦਾ ਹੈ।

नाप्नोति कर्मणा मोक्षं विमूढोऽभ्यासरूपिणा।
धन्यो विज्ञानमात्रेण मुक्तस्तिष्ठत्यविक्रियः।।३६।।
ਨਾਪ੍ਨੋਤਿ ਕਰਮਣਾ ਮੋਕ੍ਸ਼ੰ ਵਿਮੂਢੋऽਭਿਆਸਰੂਪਿਣਾ।
ਧਨਿਓ ਵਿਗਿਆਨਮਾਤ੍ਰੇਣ ਮੁਕ੍ਤਸ੍ਤਿਸ਼ਠਤਿਅਵਿਕ੍ਰਿਯ:॥੩੬॥

ਸ਼ਬਦਾਰਥ:- ਨ ਆਪ੍ਨੋਤਿ ਕਰਮਣਾ ਮੋਕ੍ਸ਼ੰ ਵਿਮੂਢ: = ਨਹੀਂ ਪ੍ਰਾਪਤ ਕਰਦਾ, ਕਰਮਾਂ ਦੁਆਰਾ, ਮੁਕਤੀ, ਅਗਿਆਨੀ। ਅਭਿਆਸ ਰੂਪਿਣਾ = ਅਭਿਆਸ ਰੂਪੀ। ਧਨਿਅ: ਵਿਗਿਆਨ ਮਾਤ੍ਰੇਣ = ਵਡ ਭਾਗੀ, ਗਿਆਨ ਮਾਤਰ ਨਾਲ। ਮੁਕ੍ਤ: ਤਿਸ਼ਠਤਿ ਅਵਿਕ੍ਰਿਯ: = ਮੁਕਤ ਸਥਿਤ ਰਹਿੰਦਾ ਹੈ, ਬਿਨਾ ਕੁਝ ਕੀਤੇ।

ਸ਼ਲੋਕਾਰਥ:- ਅਭਿਆਸ ਰੂਪੀ ਕਰਮਾਂ ਨਾਲ ਅਗਿਆਨੀ ਨੂੰ ਮੁਕਤੀ ਨਹੀਂ ਮਿਲਦੀ। ਵੱਡ ਭਾਗੀ, ਗਿਆਨ ਨਾਲ ਹੀ, ਬਿਨਾ ਕੁਝ ਕੀਤੇ, ਮੁਕਤ ਸਥਿਤੀ ਵਿੱਚ ਰਹਿੰਦਾ ਹੈ।

ਭਾਵਾਰਥ:- ***"ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ॥ ਮਨਹਠਿ ਕਰਮ ਫਿਰਿ ਜੋਨੀ ਪਾਏ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੫)** ਅਗਿਆਨੀ ਆਪਣੀ ਅਗਿਆਨਤਾ ਵਿੱਚ ਕਈ ਤਰ੍ਹਾਂ ਦੇ ਕਰਮ ਕਾਂਡ ਕਰਦਾ ਹੈ ਪਰ ਹੱਠ ਨਾਲ ਕੀਤੇ ਕਰਮ ਉਸ ਨੂੰ ਬਾਰ ਬਾਰ ਜੋਨੀਆਂ ਵਿੱਚ ਪਾਉਂਦੇ ਰਹਿੰਦੇ ਹਨ ਅਰਥਾਤ ਉਸ ਨੂੰ ਮੁਕਤੀ ਨਹੀਂ ਮਿਲਦੀ। ਅਸਲ ਵਿੱਚ ਤੱਤ ਗਿਆਨ ਤੋਂ ਹੀਣਾ ਹੋਣ ਕਰਕੇ ***"ਦੁਬਿਧਾ ਬਉਰੀ ਮਨੁ ਬਉਰਾਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨)** ਉਸ ਦਾ ਮਨ ਦਵੈਤ ਭਾਵ ਵਿੱਚ ਭਰਮਾਇਆ ਰਹਿੰਦਾ ਹੈ ਅਤੇ ***"ਦੁਬਿਧਾ ਰਾਤੇ ਮਹਲੁ ਨ ਪਾਵਹਿ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪-੦੫)** ਦਵੈਤ ਭਾਵ ਵਿੱਚ ਰੱਤੇ ਨੂੰ ਮੁਕਤੀ ਨਹੀਂ ਮਿਲਦੀ। ਇਸ ਦੇ ਉਲਟ, ਕੋਈ ਵੱਡਭਾਗੀ ***"ਗੁਰਮੁਖਿ ਵਿਰਲੀ ਏਕੋ ਜਾਣਿਆ॥ ਆਵਣੁ ਜਾਣਾ ਮੇਟਿ ਸਮਾਣਿਆ॥"*** **(ਅੰਗ ੯੦੫)** ਵਿਰਲਾ ਗਿਆਨੀ ਇੱਕ ਵਿੱਚ ਨਿਸ਼ਚਾ ਰੱਖ ਕੇ ਆਵਾਗਵਣ ਮਿਟਾ ਕੇ ਓਸੇ ਇੱਕ ਵਿੱਚ ਸਿਮਟ ਜਾਂਦਾ ਹੈ ਅਤੇ ਮੁਕਤ ਸਥਿਤੀ ਵਿੱਚ ਰਹਿੰਦਾ ਹੈ ਕਿਉਂਕਿ ***"ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੨; ਅੰਗ ੯੫੪)** ਕੋਈ ਕੁਝ ਵੀ ਕਹੇ, ਉਹ ਆਪਣੇ ਗਿਆਨ ਅਨੁਸਾਰ ਮੁਕਤ ਵਿਚਰਦਾ ਹੈ।

मूढो नाप्नोति तद्ब्रह्म यतो भवितुमिच्छति।
अनिच्छन्नपिधीरो हि परब्रह्मस्वरूपभाक्।।३७।।
ਮੂਢੋ ਨਾਪ੍ਨੋਤਿ ਤਦ੍ਬ੍ਰਹ੍ਮ ਯਤੋ ਭਵਿਤੁਮਿੱਛਤਿ।
ਅਨਿੱਛੰਨਪਿ ਧੀਰੋ ਹਿ ਪਰਬ੍ਰਹ੍ਮਸ੍ਵਰੂਪਭਾਕ੍॥੩੭॥

ਸ਼ਬਦਾਰਥ:- ਮੂਢ: ਨ ਆਪ੍ਨੋਤਿ ਤਤ੍ ਬ੍ਰਹ੍ਮ = ਅਗਿਆਨੀ ਨਹੀਂ ਪ੍ਰਾਪਤ

ਕਰਦਾ ਓਹ ਬ੍ਰਹਮ। ਯਤ: ਭਵਿਤੁਮ੍ ਇੱਛਤਿ = ਜੋ ਬਣਨ ਦੀ ਇੱਛਾ ਕਰਦਾ ਹੈ। ਅਨਿੱਛਨ੍ ਅਪਿ ਧੀਰ: = ਨਾ ਇੱਛਾ ਕਰਦਾ ਹੋਇਆ ਵੀ ਗਿਆਨੀ। ਹਿ ਬ੍ਰਹਮ-ਸ੍ਵਰੂਪ ਭਾਕ੍ = ਨਿਸ਼ਚੇ ਹੀ ਬ੍ਰਹਮ ਸਰੂਪ ਹੁੰਦਾ ਹੈ।

ਸ਼ਲੋਕਾਰਥ:- ਅਗਿਆਨੀ, ਜੋ ਬ੍ਰਹਮ ਬਣਨ ਦੀ ਇੱਛਾ ਰੱਖਦਾ ਹੈ, ਓਸ ਨੂੰ ਪ੍ਰਾਪਤ ਨਹੀਂ ਕਰਦਾ। ਇੱਛਾ ਨਾ ਰੱਖਦਾ ਹੋਇਆ ਵੀ ਗਿਆਨੀ, ਨਿਸ਼ਚਿਤ ਹੀ, ਬ੍ਰਹਮ ਸਰੂਪ ਹੁੰਦਾ ਹੈ।

ਭਾਵਾਰਥ:- ਅਗਿਆਨੀ ਸਾਧਕ ਦਾ "*ਮਨੁ ਲੋਚੈ ਹਰਿ ਮਿਲਣ ਕਉ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੯੮) ਮਨ ਪਰਮਾਤਮਾ ਨੂੰ ਮਿਲਣ ਨੂੰ ਕਰਦਾ ਹੈ। ਮਿਲਣ ਦੀ ਇੱਛਾ ਉਸ ਲਈ ਹੁੰਦੀ ਹੈ ਜੋ ਆਪਣੇ ਤੋਂ ਅਲੱਗ ਹੋਵੇ ਅਰਥਾਤ ਉਹ ਦਵੈਤ ਭਾਵ ਵਿੱਚ ਜੀਅ ਰਿਹਾ ਹੈ। ਉਹ ਦਰਸ਼ਨਾਂ ਲਈ "*ਬਹੁ ਕਰਮ ਕਰੈ ਕਿਛੁ ਥਾਇ ਨ ਪਾਏ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੭) ਬਥੇਰੇ ਕਰਮ ਕਾਂਡ ਕਰਦਾ ਹੈ ਪਰ ਕੋਈ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ "*ਦੁਬਿਧਾ ਰਾਤੇ ਮਹਲੁ ਨ ਪਾਵਹਿ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪-੦੫) ਜਿੰਨੀ ਦੇਰ ਤੱਕ ਦਵੈਤ ਭਾਵ ਹੈ, ਪਰਮਾਤਮਾ ਨਹੀਂ ਮਿਲਦਾ। ਗਿਆਨੀ ਨੂੰ ਨਿਸ਼ਚਾ ਹੁੰਦਾ ਹੈ ਕਿ "*ਪ੍ਰਭ ਵਿਣੁ ਦੂਜਾ ਕੋ ਨਹੀ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੩੫) ਪਰਮਾਤਮਾ ਤੋਂ ਸਿਵਾ ਹੋਰ ਕੋਈ ਹੈ ਹੀ ਨਹੀਂ ਅਤੇ ਜਿਵੇਂ ਭਗਤ ਨਾਮਦੇਉ ਜੀ ਨੂੰ ਆਭਾਸ ਹੋਇਆ ਸੀ ਕਿ "*ਨਾਮੇ ਨਾਰਾਇਨ ਨਾਹੀ ਭੇਦੁ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਨਾਮਦੇਉ ਜੀਉ; ਅੰਗ ੧੧੬੬) ਮੇਰੇ ਅਤੇ ਨਾਰਾਇਨ ਵਿੱਚ ਕੋਈ ਫ਼ਰਕ ਨਹੀਂ ਉਸੇ ਤਰ੍ਹਾਂ ਉਹ ਵੀ "*ਆਪੁ ਪਛਾਣਹਿ ਤਾ ਸਚੁ ਜਾਣਹਿ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੬੯) ਆਪਣੇ ਆਪ ਨੂੰ ਪਛਾਣਦਾ ਹੈ ਅਤੇ ਸੱਚ ਜਾਣ ਜਾਂਦਾ ਹੈ ਕਿ "ਸੋਹੰ = ਮੈਂ ਵੀ ਓਹੀ ਹਾਂ" ਅਰਥਾਤ ਬ੍ਰਹਮ ਹਾਂ ਅਤੇ ਉਹ ਸਹਿਜ ਸੁਭਾਇ ਹੀ ਬ੍ਰਹਮ-ਭਾਵ ਵਿੱਚ ਵਿਚਰਦਾ ਹੈ।

निराधारा ग्रहव्यग्रा मूढाः संसारपोषकाः।
एतस्यानर्थमूलस्य मूलच्छेदः कृतो बुधैः॥३८॥

ਨਿਰਾਧਾਰਾ ਗ੍ਰਹਵਿਅਗ੍ਰਾ ਮੂਢਾ: ਸੰਸਾਰਪੋਸ਼ਕਾ:।
ਏਤਸਿਆਨਰਥਮੂਲਸਿਅ ਮੂਲੱਛੇਦ: ਕ੍ਰਿਤੋ ਬੁਧੈ:॥੩੮॥

ਸ਼ਬਦਾਰਥ:- ਨਿਰ-ਆਧਾਰਾ: = ਆਧਾਰ ਰਹਿਤ। ਗ੍ਰਹ-ਵਿਅਗ੍ਰਾ: = ਗ੍ਰਹਿਣ ਲਈ ਉਤਾਵਲੇ। ਮੂਢਾ: = ਮੂਰਖ। ਸੰਸਾਰ-ਪੋਸ਼ਕਾ: = ਸੰਸਾਰ ਦਾ ਪੋਸ਼ਣ ਕਰਨ ਵਾਲੇ। ਏਤਸਿਅ ਅਨਰਥ ਮੂਲਸਿਅ = ਇਸ ਦੁੱਖ ਰੂਪ ਮੂਲ ਦਾ। ਮੂਲੱਛੇਦ: = ਮੂਲ ਦਾ ਨਾਸ। ਕ੍ਰਿਤ: ਬੁਧੈ: = ਕੀਤਾ ਗਿਆ ਗਿਆਨੀਆਂ ਦੁਆਰਾ।

ਸ਼ਲੋਕਾਰਥ:- ਆਧਾਰ ਰਹਿਤ, ਭਾਵ ਗਿਆਨ ਰਹਿਤ; ਗ੍ਰਹਿਣ ਲਈ, ਭਾਵ

ਮੁਕਤੀ ਪ੍ਰਾਪਤੀ ਲਈ, ਉਤਾਵਲੇ ਮੂਰਖ ਲੋਗ ਸੰਸਾਰ ਦਾ ਪੋਸ਼ਣ ਕਰਨ ਵਾਲੇ (ਸੱਚ ਮੰਨਣ ਵਾਲੇ) ਹਨ। ਇਸ ਦੁੱਖ ਦੀ ਜੜ੍ਹ ਰੂਪ (ਸੰਸਾਰ) ਦੀ ਜੜ੍ਹ ਦਾ ਨਾਸ ਗਿਆਨੀਆਂ ਦੁਆਰਾ ਕੀਤਾ ਗਿਆ ਹੈ।

ਭਾਵਾਰਥ:- *"ਗਿਆਨ ਵਿਹੂਣਾ ਕਿਛੂ ਨ ਸੂਝੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੪੪) ਗਿਆਨ ਵਿਹੂਣੇ ਨੂੰ ਕੋਈ ਸੂਝ ਨਹੀਂ ਹੁੰਦੀ। ਉਸ ਨੇ *"ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਤਸਰੀ ਮ: ੫; ਅੰਗ ੭੦੭) ਝੂਠੇ ਸੰਸਾਰ ਨੂੰ ਵੇਖ ਕੇ ਉਸੇ ਨੂੰ ਸੱਚ ਮੰਨ ਲਿਆ ਹੁੰਦਾ ਹੈ ਅਤੇ ਇਸ ਤਰ੍ਹਾਂ *"ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਕਬੀਰ ਜੀਉ; ਅੰਗ ੬੫੪) ਝੂਠੀ ਮਾਇਆ ਵਿੱਚ ਆਪਣੇ ਆਪ ਨੂੰ ਬੰਨ੍ਹਵਾਇਆ ਹੁੰਦਾ ਹੈ, ਜਿਵੇਂ ਘੁੰਮਣ ਵਾਲੀ ਨਲੀ ਨਾਲ ਤੋਤਾ ਬੱਝਦਾ ਹੈ। (ਇੱਕ ਨਲੀ ਵਿੱਚ ਤਾਰ ਪਰੋ ਕੇ ਧਰਤੀ ਦੇ ਸਮਤਲ ਲਟਕਾਇਆ ਜਾਂਦਾ ਹੈ; ਤੋਤਾ ਜਦੋਂ ਉਸ ਉੱਤੇ ਬੈਠਦਾ ਹੈ ਤਾਂ ਨਲੀ ਘੁੰਮ ਜਾਂਦੀ ਹੈ ਅਤੇ ਤੋਤਾ ਸਮਝਦਾ ਹੈ ਕਿ ਮੈਂ ਡਿੱਗਣ ਲੱਗਾ ਹਾਂ ਅਤੇ ਨਲੀ ਨੂੰ ਘੁੱਟ ਕੇ ਪਕੜ ਲੈਂਦਾ ਹੈ ਅਤੇ ਪਕੜਿਆ ਜਾਂਦਾ ਹੈ)। ਜਿਵੇਂ ਤੋਤੇ ਨੇ ਨਲੀ ਨੂੰ ਆਪ ਹੀ ਪਕੜਿਆ ਹੁੰਦਾ ਹੈ ਪਰ ਉਸ ਤੋਂ ਛੁਟਣਾ ਚਾਹੁੰਦਾ ਹੈ, ਤਿਵੇਂ *"ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੨) ਜਿਸ ਦੀ ਹੋਂਦ ਹੀ ਨਹੀਂ, ਅਗਿਆਨੀ ਉਸ ਦੀ ਇੱਛਾ ਰੱਖਦਾ ਹੈ; ਸੰਸਾਰ ਨੇ ਉਸ ਨੂੰ ਨਹੀਂ ਪਕੜਿਆ ਹੋਇਆ ਪਰ ਉਹ ਸੰਸਾਰ ਦੀ ਪਕੜ ਤੋਂ ਹੀ ਮੁਕਤੀ ਲਈ ਉਤਾਵਲਾ ਰਹਿੰਦਾ ਹੈ। *"ਜਗੁ ਦੁਖੀਆ ਸੁਖੀਆ ਜਨੁ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੩) ਸੰਸਾਰ ਵਿੱਚ ਸਭ ਦੁਖੀ ਹਨ ਅਤੇ ਕੋਈ ਵਿਰਲਾ ਹੀ ਆਪਣੇ ਆਪ ਨੂੰ ਸੁਖੀ ਕਹਿੰਦਾ ਹੈ। ਗਿਆਨੀਆਂ ਨੇ ਤੱਤ ਵਿਚਾਰ ਕਰਕੇ ਜਾਣ ਲਿਆ ਹੈ ਕਿ *"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੮) ਸੰਸਾਰ ਉਸੇ ਤਰ੍ਹਾਂ ਹੈ ਹੀ ਨਹੀਂ ਜਿਵੇਂ ਰਾਤ ਸੁਪਨੇ ਵਿੱਚ ਦਿੱਸਣ ਵਾਲਾ ਅਸਲ ਵਿੱਚ ਹੁੰਦਾ ਹੀ ਨਹੀਂ। ਇਸ ਤਰ੍ਹਾਂ ਉਹ ਸੰਸਾਰ ਦੀ ਹੋਂਦ ਨੂੰ ਮੂਲੋਂ ਹੀ ਨਹੀਂ ਮੰਨਦੇ।

न शान्तिं लभते मूढो यतः शमितुमिच्छति।
धीरस्तत्त्वं विनिश्चित्य सर्वदा शान्तमानसः॥३९॥
ਨ ਸ਼ਾਂਤਿਮ੍ ਲਭਤੇ ਮੂਢੋ ਯਤ: ਸ਼ਮਿਤੁਮਿੱਛਤਿ।
ਧੀਰਸ੍ਤੱਤ੍ਵੰ ਵਿਨਿਸ਼੍ਚਿਤਿਅ ਸਰ੍ਵਦਾ ਸ਼ਾਂਤਮਾਨਸ:॥੩੯॥

ਸ਼ਬਦਾਰਥ:- ਨ ਸ਼ਾਂਤਿਮ੍ ਲਭਤੇ ਮੂਢ: = ਨਹੀਂ ਸ਼ਾਂਤੀ ਪ੍ਰਾਪਤ ਹੁੰਦੀ ਮੂਰਖ ਨੂੰ। ਯਤ: = ਜਿਸ ਰਾਹੀਂ। ਸ਼ਮਿਤੁਮ੍ ਇੱਛਤਿ = ਸ਼ਾਂਤ ਹੋਣ ਦੀ ਇੱਛਾ ਕਰਦਾ ਹੈ। ਧੀਰ: ਤੱਤ੍ਵੰ ਵਿਨਿਸ਼੍ਚਿਤਿਅ = ਗਿਆਨੀ ਤੱਤ ਦਾ ਨਿਸ਼ਚਾ ਕਰਕੇ। ਸਰ੍ਵਦਾ

ਸ਼ਾਂਤ-ਮਾਨਸ: = ਸਦਾ ਸ਼ਾਂਤ ਮਨ ਰਹਿੰਦਾ ਹੈ।

ਸ਼ਲੋਕਾਰਥ:- ਜਿਸ ਤਰੀਕੇ ਨਾਲ ਮੂਰਖ ਸ਼ਾਂਤੀ ਲੱਭਦਾ ਹੈ, ਉਸ ਨੂੰ ਸ਼ਾਂਤੀ ਨਹੀਂ ਮਿਲਦੀ। ਗਿਆਨੀ ਤੱਤ ਦਾ ਨਿਸ਼ਚਾ ਕਰਕੇ ਸਦਾ ਸ਼ਾਂਤ ਮਨ ਰਹਿੰਦਾ ਹੈ।

ਭਾਵਾਰਥ:- ਅਗਿਆਨੀ ਦਾ *"ਮਨੁ ਮੈਲਾ ਹੈ ਦੂਜੈ ਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੧) ਮਨ ਦਵੈਤ ਭਾਵ ਕਾਰਨ ਮੈਲਾ ਹੈ। ਉਹ *"ਆਤਮੁ ਨ ਚੀਨੈ ਭਰਮੈ ਵਿਚਿ ਸੂਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੩੬੨) ਸਵੈ ਨੂੰ ਨਹੀਂ ਜਾਣਦਾ ਅਤੇ ਭਰਮਾਂ ਵਿੱਚ ਹੀ ਗਵਾਚਿਆ ਰਹਿੰਦਾ ਹੈ। *"ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੫) ਹੱਠ ਨਾਲ ਸਰੀਰ ਨੂੰ ਕਮਜ਼ੋਰ ਕਰ ਲੈਂਦਾ ਹੈ, ਵਰਤ ਰੱਖਦਾ ਹੈ, ਤਪ ਕਰਦਾ ਹੈ ਪਰ ਮਨ ਸ਼ਾਂਤ ਨਹੀਂ ਹੁੰਦਾ। ਮਨੁੱਖ *"ਆਪੁ ਪਛਾਣੈ ਮਨੁ ਨਿਰਮਲੁ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਗੁਆਰੇਰੀ ਮ: ੩; ਅੰਗ ੧੬੧) ਜੇ ਸਵੈ ਨੂੰ ਪਛਾਣੇ ਤਦ ਮਨ ਨਿਰਮਲ ਹੁੰਦਾ ਹੈ ਕਿਉਂਕਿ ਆਤਮਾ ਸਦਾ ਨਿਰਮਲ ਹੈ। ਗਿਆਨੀ ਨੂੰ ਨਿਸ਼ਚਾ ਹੈ ਕਿ ਉਹ ਅਰਥਾਤ ਉਸ ਦਾ ਸਵੈ, ਸਰੀਰ ਜਾਂ ਮਨ ਨਹੀਂ, ਜੋਤੀ ਸਰੂਪ ਹੈ ਅਤੇ ਇਸ ਤਰ੍ਹਾਂ ਉਸ ਨੇ *"ਆਤਮੁ ਚੀਨਿ ਪਰਮ ਸੁਖੁ ਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੫) ਸਵੈ ਨੂੰ ਪਛਾਣ ਕੇ ਪਰਮ ਸੁਖ ਦੀ ਪ੍ਰਾਪਤੀ ਕੀਤੀ ਹੁੰਦੀ ਹੈ ਅਤੇ ਸਦਾ ਸ਼ਾਂਤ-ਮਨ ਰਹਿੰਦਾ ਹੈ।

क्वात्मनो दर्शनं तस्य यद्दृष्टमवलम्बते।
धीरास्तं तं न पश्यन्ति पश्यन्त्यात्मानमव्ययम्।।४०।।

ਕ੍ਵਾਤ੍ਮਨੋ ਦਰਸ਼ਨੰ ਤਸਿਅ ਯਦ੍ਦ੍ਰਿਸ਼ਟਮਵਲੰਬਤੇ।
ਧੀਰਾਸ੍ਤੰ ਤੰ ਨ ਪਸ਼ਿਅੰਤਿ ਪਸ਼ਿਅੰਤਿਆਤ੍ਮਾਨਮਵਿਅਯਮ੍॥੪੦॥

ਸ਼ਬਦਾਰਥ:- ਕ੍ਵ ਆਤ੍ਮਨ: ਦਰਸ਼ਨੰ ਤਸਿਅ = ਕਿੱਥੇ ਆਤਮ ਦਰਸ਼ਨ ਉਸ ਨੂੰ। ਯਤ੍ ਦ੍ਰਿਸ਼ਟੰ ਅਵਲੰਬਤੇ = ਜੋ ਵੇਖੇ ਹੋਏ ਉੱਤੇ ਆਸ਼੍ਰਿਤ ਹੈ। ਧੀਰਾ: ਤੰ ਤੰ ਨ ਪਸ਼ਿਅੰਤਿ = ਗਿਆਨੀ ਉਸ ਉਸ ਨੂੰ ਨਹੀਂ ਵੇਖਦੇ। ਪਸ਼ਿਅੰਤਿ ਆਤ੍ਮਾਨੰ ਅਵਿਅਯਮ੍ = ਵੇਖਦੇ ਹਨ ਅਵਿਨਾਸ਼ੀ ਆਤਮਾ ਨੂੰ।

ਸ਼ਲੋਕਾਰਥ:- ਜੋ ਵੇਖੇ ਹੋਏ ਉੱਤੇ ਆਸ਼੍ਰਿਤ ਹੈ ਉਸ ਦਾ ਆਤਮਾ ਦਾ ਦਰਸ਼ਨ ਕਿੱਥੇ? ਅਰਥਾਤ ਜਿਸ ਦੀ ਨਜ਼ਰ ਜੋ ਦਿੱਸਦਾ ਹੈ, ਉਸੇ ਉੱਤੇ ਟਿਕਦੀ ਹੈ, ਉਹ ਆਤਮ-ਦਰਸ਼ਨ ਨਹੀਂ ਕਰ ਸਕਦਾ। ਗਿਆਨੀ ਇਹ ਉਹ ਨਹੀਂ ਵੇਖਦੇ, (ਕੇਵਲ) ਅਵਿਨਾਸ਼ੀ ਆਤਮਾ ਨੂੰ ਵੇਖਦੇ ਹਨ।

ਭਾਵਾਰਥ:- ਅਗਿਆਨੀ ਨੂੰ ਆਤਮ ਦਰਸ਼ਨ ਨਹੀਂ ਹੁੰਦੇ ਕਿਉਂਕਿ ਉਹ ਬਾਹਰ-ਮੁਖੀ ਹੁੰਦਾ ਹੈ ਅਤੇ ਜੋ *"ਬਾਹਰਿ ਟੋਲੈ ਸੋ ਭਰਮਿ ਭੁਲਾਹੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ

ਮ: ੫; ਅੰਗ ੧੦੨) ਬਾਹਰੋਂ ਲੱਭਦਾ ਹੈ, ਉਹ ਭਰਮਾਂ ਵਿੱਚ ਭੁੱਲਿਆ ਰਹਿੰਦਾ ਹੈ ਕਿਉਂਕਿ ਬਾਹਰ ਉਸ ਨੂੰ ਕੇਵਲ ਆਪਣਾ ਸਰੀਰ ਅਤੇ ਹੋਰ ਪਦਾਰਥ ਹੀ ਦਿੱਸਦੇ ਹਨ ਜੋ ਸਭ ਮਿਥਿਆ ਹਨ। ਗਿਆਨੀ *"ਬਾਹਰਿ ਜਾਤਉ ਉਲਟਿ ਪਰਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੪) ਬਾਹਰ ਜਾਂਦੇ ਮਨ ਨੂੰ ਅੰਦਰ ਵੱਲ ਮੋੜਦਾ ਹੈ ਕਿਉਂਕਿ ਉਸ ਨੂੰ ਗੁਰੂ ਉਪਦੇਸ਼ ਹੈ ਕਿ *"ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੯; ਅੰਗ ੬੮੪) ਜਿਵੇਂ ਫੁੱਲ ਵਿੱਚ ਖ਼ੁਸ਼ਬੂ ਅਤੇ ਆਈਨੇ ਵਿੱਚ ਪ੍ਰਤਿਬਿੰਬ ਸਦਾ ਰਹਿੰਦੇ ਹਨ ਉਸੇ ਤਰ੍ਹਾਂ ਪਰਾਮਤਮਾ ਤੇਰੇ ਅੰਦਰ ਹੀ ਹੈ ਜਿਸ ਕਰਕੇ ਆਪਣੇ ਅੰਦਰ ਹੀ ਓਸ ਨੂੰ ਖੋਜੋ। ਇਸ ਕਰਕੇ ਗਿਆਨੀ *"ਨਿਜ ਘਰਿ ਵਸੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਹਿਜ ਸੁਭਾਏ, ਸਵੈ ਸਰੂਪ ਵਿੱਚ ਰਹਿੰਦਾ ਹੈ ਜਿੱਥੇ *"ਆਤਮ ਰਾਮੁ ਤਿਸੁ ਨਦਰੀ ਆਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੫) ਉਸ ਨੂੰ ਅਵਿਨਾਸ਼ੀ ਆਤਮਾ ਹੀ ਦਿੱਸਦੀ ਹੈ।

क्व निरोधो विमूढस्य यो निर्बन्धं करोति वै।
स्वारामस्यैव धीरस्य सर्वदाऽसावकृत्रिमः।।४१।।

ਕ੍ਵ ਨਿਰੋਧੋ ਵਿਮੂਢਸਿਅ ਯੋ ਨਿਰਬੰਧੰ ਕਰੋਤਿ ਵੈ।
ਸ੍ਵਾਰਾਮਸਿਐਵ ਧੀਰਸਿਅ ਸਰਵਦਾऽਸਾਵਕ੍ਰਿਤ੍ਰਿਮ:॥੪੧॥

ਸ਼ਬਦਾਰਥ:- ਕ੍ਵ ਨਿਰੋਧ: ਵਿਮੂਢਸਿਅ = ਕਿੱਥੇ ਨਿਰੋਧ ਅਗਿਆਨੀ ਦਾ। ਯ: ਨਿਰਬੰਧੰ ਕਰੋਤਿ ਵੈ = ਜੋ ਹੱਠ ਕਰਦਾ ਹੈ ਉਸ ਲਈ। ਸ੍ਵਾਰਾਮਸਿਅ ਏਵ ਧੀਰਸਿਅ = ਆਤਮਾ ਵਿੱਚ ਰਮਣ ਕਰਨ ਵਾਲੇ ਹੀ ਗਿਆਨੀ ਦਾ। ਸਰਵਦਾ ਅਸੌ ਅਕ੍ਰਿਤ੍ਰਿਮ: = ਸਦਾ ਉਹ (ਨਿਰੋਧ) ਬਣਾਵਟ ਰਹਿਤ ਹੈ।

ਸ਼ਲੋਕਾਰਥ:- ਅਗਿਆਨੀ, ਜੋ ਹੱਠ ਨਾਲ ਨਿਰੋਧ ਕਰਦਾ ਹੈ, ਦੇ ਮਨ ਦਾ ਨਿਰੋਧ ਕਿੱਥੇ? ਭਾਵ ਨਹੀਂ ਹੁੰਦਾ। ਆਤਮਾ ਵਿੱਚ ਹੀ ਰਮੇ ਗਿਆਨੀ ਦਾ ਨਿਰੋਧ ਬਣਾਵਟ ਰਹਿਤ ਅਰਥਾਤ ਸੁਭਾਵਿਕ ਹੈ।

ਭਾਵਾਰਥ:- ਅਗਿਆਨੀ ਦਾ *"ਮਨੁ ਮੈ ਮਤੁ ਮੈਗਲ ਮਿਕਦਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੧੫੯) ਮਨ ਸ਼ਰਾਬੀ ਹਾਥੀ ਵਾਂਗ ਬਲਵਾਨ ਹੁੰਦਾ ਹੈ ਅਤੇ *"ਚੰਚਲੁ ਚੀਤੁ ਨ ਰਹਈ ਠਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੩੨) ਚੰਚਲਤਾ ਕਾਰਨ ਟਿਕਦਾ ਨਹੀਂ। ਪਰ *"ਬਿਨੁ ਮਨ ਮੂਏ ਭਗਤਿ ਨ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੭੭) ਮਨ ਵੱਸ ਵਿੱਚ ਆਏ ਬਿਨਾ ਭਗਤੀ ਨਹੀਂ ਹੁੰਦੀ। ਇਸ ਲਈ ਸਾਧਕ ਮਨ ਨੂੰ ਕਹਿੰਦਾ ਹੈ *"ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੧; ਅੰਗ ੫੯੮) ਕਿ ਥਿਰ ਰਹੇ ਅਤੇ ਆਸੇ

ਪਾਸੇ ਨਾ ਜਾਏ। ਉਹ ਮਨ ਦੇ ਨਿਰੋਧ ਲਈ ***"ਬਹੁ ਬਿਧਿ ਥਾਕਾ ਕਰਮ ਕਮਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਕਈ ਤਰ੍ਹਾਂ ਦੇ ਕਰਮ ਕਰ ਕੇ ਥੱਕ ਹਾਰ ਜਾਂਦਾ ਹੈ ਪਰ ***"ਮਨੁ ਚੰਚਲੁ ਧਾਵਤੁ ਫੁਨਿ ਧਾਵੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੨) ਚੰਚਲ ਮਨ ਭੱਜਾ ਹੀ ਫਿਰਦਾ ਹੈ, ਕਾਬੂ ਵਿੱਚ ਨਹੀਂ ਆਉਂਦਾ। ਇਸ ਦੇ ਉਲਟ ਜਿਨ੍ਹਾਂ ***"ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਆਤਮਾ ਨੂੰ, ਸਵੈ ਨੂੰ, ਜਾਣ ਲਿਆ ਹੈ ਉਹ ਸਹਿਜੇ ਹੀ ਪ੍ਰਭੂ ਨਾਮ ਵਿੱਚ ਲੀਨ ਰਹਿੰਦੇ ਹਨ; ਉਨ੍ਹਾਂ ਦੇ ਮਨ ਦਾ ਨਿਰੋਧ ਸਹਿਜ ਸੁਭਾਇ ਹੁੰਦਾ ਹੈ, ਕ੍ਰਿਤ੍ਰਿਮ ਅਰਥਾਤ ਕੀਤਾ ਹੋਇਆ, ਬਣਾਵਟੀ, ਨਹੀਂ ਹੁੰਦਾ।

भावस्य भावकः कश्चिन्न किञ्चिद्भावकोऽपरः।
उभयाऽभावकः कश्चिदेवमेव निराकुलः॥४२॥

ਭਾਵਸਿਅ ਭਾਵਕ: ਕਸ਼ਿਚੰਨ ਕਿੰਚਿਦ੍ਭਾਵਕੋऽਪਰ:।
ਉਭਯਾऽਭਾਵਕ: ਕਸ਼ਿਚਦੇਵਮੇਵ ਨਿਰਾਕੁਲ:॥੪੨॥

ਸ਼ਬਦਾਰਥ:- ਭਾਵਸਿਅ ਭਾਵਕ: ਕਸ਼ਿਚਤ੍ = ਭਾਵ ਅਰਥਾਤ ਹੋਂਦ ਨੂੰ ਮੰਨਣ ਵਾਲਾ ਕੋਈ। ਨ ਕਿੰਚਿਤ੍ ਭਾਵ ਭਾਵਕ: ਅਪਰ: = ਨਹੀਂ ਕੋਈ ਹੋਂਦ ਮੰਨਣ ਵਾਲਾ, ਹੋਰ ਕੋਈ। ਉਭਯਾ ਅਭਾਵਕ: ਕਸ਼ਿਚਤ੍ = ਦੋਹਾਂ ਨੂੰ ਨਾ ਮੰਨਣ ਵਾਲਾ ਕੋਈ। ਏਵਮ੍ ਏਵ ਨਿਰ-ਆਕੁਲ: = ਇਸ ਤਰ੍ਹਾਂ ਹੀ ਬੇਚੈਨੀ ਰਹਿਤ ਅਰਥਾਤ ਸ਼ਾਂਤ।

ਸ਼ਲੋਕਾਰਥ:- ਕੋਈ "ਹੋਂਦ" ਨੂੰ ਮੰਨਣ ਵਾਲਾ ਹੈ, ਹੋਰ ਕੋਈ "ਹੋਂਦ" ਨੂੰ ਨਾ ਮੰਨਣ ਵਾਲਾ ਹੈ। ਕੋਈ ਦੋਹਾਂ ਨੂੰ ਨਾ ਮੰਨਣ ਵਾਲਾ ਅਰਥਾਤ ਦੋਹਾਂ ਵਿਚਾਰਾਂ ਤੋਂ ਮੁਕਤ, ਇਸੇ ਤਰ੍ਹਾਂ ਸ਼ਾਂਤ ਰਹਿੰਦਾ ਹੈ।

ਭਾਵਾਰਥ:- ਕਿਸੇ ਵਿਅਕਤੀ ਦੀ ਧਾਰਨਾ ਇਹ ਹੈ ਕਿ ਜੋ ਇੰਦ੍ਰੀ ਗੋਚਰ ਹੈ, ਉਹ ਹੈ। ਇੱਕ ਦੂਜੀ ਵਿਚਾਰ-ਧਾਰਾ ਹੈ ਕਿ ***"ਨਾ ਕੋ ਹੋਆ ਨਾ ਕੋ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੯) ਨਾ ਕੋਈ ਹੋਂਦ ਹੋਈ ਹੈ ਨਾ ਹੋਏਗੀ ਅਰਥਾਤ ਹੋਂਦ ਨੂੰ ਨਹੀਂ ਮੰਨਦੀ। { ਗੁਰਬਾਣੀ ਵਿੱਚ ਇਸ ਸ਼ਬਦ ਦਾ ਪ੍ਰਯੋਗ ਇਸ ਸੰਦਰਭ ਵਿੱਚ ਹੋਇਆ ਹੈ ਕਿ ਪਰਮਾਤਮਾ ਤੋਂ ਵੱਡਾ ਨਾ ਕੋਈ ਹੋਇਆ ਹੈ ਨਾ ਹੀ ਹੋਏਗਾ ਪਰੰਤੂ ਗੁਰਬਾਣੀ ਦਾ ਹਰ ਸ਼ਬਦ ਆਪਣੇ ਆਪ ਵਿੱਚ ਸੁਤੰਤਰ ਵੀ ਹੈ, ਜਿਸ ਕਰਕੇ ਉਸ ਨੂੰ ਇਸ ਵਿਸ਼ੇ ਵਿੱਚ ਜੋੜਿਆ ਗਿਆ ਹੈ।} ਗਿਆਨੀ ਇਸ ਨਿਸ਼ਚੇ ਵਿੱਚ ਸਥਿਤ ਹੁੰਦਾ ਹੈ ਕਿ ***"ਨਾ ਹਉ ਨਾ ਮੈ ਨਾ ਹਉ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੧; ਅੰਗ ੧੩੯) ਨਾ ਮੈਂ ਹਾਂ, ਨਾ ਮੈਂ ਨਹੀਂ ਹਾਂ ਅਰਥਾਤ "ਹੋਂਦ" "ਅਣਹੋਂਦ" ਦੋਹਾਂ ਵਿਚਾਰ-ਧਾਰਾਵਾਂ ਤੋਂ ਮੁਕਤ ਹੈ ਅਤੇ ***"ਨਿਜ ਘਰਿ ਵਾਸਾ ਪਾਵੈ ਸੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੩; ਅੰਗ ੧੧੭੫) ਉਹ ਹੀ ਆਤਮ ਸਰੂਪ ਵਿੱਚ ਸਥਿਤ ਸ਼ਾਂਤ ਰਹਿੰਦਾ ਹੈ।

शुद्धमद्वयमात्मानं भावयन्ति कुबुद्धयः।
न तु जानन्ति संमोहाद्यावज्जीवमनिर्वृताः॥४३॥
ਸ਼ੁੱਧਮਦ੍ਵਯਮਾਤ੍ਮਾਨੰ ਭਾਵਿਅੰਤਿ ਕੁਬੁੱਧਯ:।
ਨ ਤੁ ਜਾਨੰਤਿ ਸੰਮੋਹਾਦ੍ਯਾਵੱਜੀਵਮਨਿਰਵ੍ਰਿਤਾ:॥੪੩॥

ਸ਼ਬਦਾਰਥ:- ਸ਼ੁੱਧਮ੍ ਅਦ੍ਵਯਮ੍ ਆਤ੍ਮਾਨਮ੍ = ਸ਼ੁੱਧ ਅਦਵੈਤ ਆਤਮਾ ਨੂੰ। ਭਾਵਿਅੰਤਿ ਕੁਬੁੱਧਯ: = ਭਾਵਨਾ ਕਰਦੇ ਹਨ, ਅਗਿਆਨੀ। ਨ ਤੁ ਜਾਨੰਤਿ ਸੰਮੋਹਾਤ੍ = ਨਹੀਂ ਪਰੰਤੂ ਜਾਣਦੇ ਮੋਹ ਵੱਸ ਹੋਣ ਕਾਰਨ। ਯਾਵਤ੍ ਜੀਵਮ੍ ਅਨਿਰਵ੍ਰਿਤਾ: = ਜਿੰਨੀ ਦੇਰ ਤੱਕ ਜੀਵਨ ਹੈ ਨਿਵਿਰਤੀ ਰਹਿਤ।

ਸ਼ਲੋਕਾਰਥ:- ਅਗਿਆਨੀ ਸ਼ੁੱਧ, ਅਦਵੈਤ ਆਤਮਾ ਦੀ ਭਾਵਨਾ ਤਾਂ ਕਰਦੇ ਹਨ ਪਰੰਤੂ ਜੀਵਨ ਭਰ ਮੋਹ ਵੱਸ ਹੋਣ ਕਰਕੇ ਨਿਵਿਰਤੀ ਰਹਿਤ ਰਹਿ ਕੇ, ਉਸ ਨੂੰ ਜਾਣ ਨਹੀਂ ਸਕਦੇ।

ਭਾਵਾਰਥ:- *"ਗਿਆਨੁ ਗਿਆਨੁ ਕਥੈ ਸਭੁ ਕੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੧) ਹਰ ਕੋਈ ਕਹਿੰਦਾ ਹੈ ਕਿ ਉਸ ਨੂੰ ਗਿਆਨ ਹੈ; *"ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥"* (ਅੰਗ ੮੩੧) ਅਗਿਆਨੀ ਕਹਿੰਦਾ ਹੀ ਹੈ ਪਰ ਅਭਿਆਸ ਨਹੀਂ ਕਰਦਾ। *"ਸੁਣਿ ਵਡਾ ਆਖੈ ਸਭੁ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੯) ਸੁਣ ਕੇ ਤਾਂ ਸਾਰੇ ਕਹਿ ਦੇਂਦੇ ਹਨ ਕਿ ਉਹ ਬਹੁਤ ਵੱਡਾ ਹੈ ਪਰੰਤੂ *"ਕੇਵਡੁ ਵਡਾ ਡੀਠਾ ਹੋਇ॥"* (ਅੰਗ ੯) ਪਰ ਕਿੰਨਾ-ਕੁ ਵੱਡਾ ਹੈ, ਇਹ ਅਨੁਭਵ ਕਰਨ ਵਾਲਾ ਹੀ ਜਾਣਦਾ ਹੈ। ਇਸੇ ਤਰ੍ਹਾਂ ਹੋਰਨਾਂ ਤੋਂ ਸੁਣ ਕੇ ਅਗਿਆਨੀ ਦੇ ਮਨ ਵਿੱਚ ਵੀ ਭਾਵਨਾ ਉਪਜਦੀ ਹੈ ਕਿ ਆਤਮਾ ਸ਼ੁੱਧ ਹੈ ਅਤੇ ਅਦਵੈਤ ਹੈ ਪਰੰਤੂ *"ਮੋਹ ਮਗਨ ਮਹਿ ਰਹਿਆ ਬਿਆਪੇ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੫੯) ਮੋਹ ਮਾਇਆ ਵਿੱਚ ਫਸੇ ਹੋਣ ਕਰਕੇ ਉਸ ਦੀ ਤ੍ਰਿਸ਼ਨਾ ਰੱਜਦੀ ਨਹੀਂ ਅਤੇ ਸੰਸਾਰ ਪ੍ਰਤੀ ਨਿਵਿਰਤੀ ਨਹੀਂ ਉਪਜਦੀ। ਇਸ ਤਰ੍ਹਾਂ *"ਆਸਾ ਅੰਦੇਸਾ ਬੰਧਿ ਪਰਾਨਾ॥ ਮਹਲੁ ਨ ਪਾਵੈ ਫਿਰਤ ਬਿਗਾਨਾ॥"* ਉਮੀਦਾਂ ਅਤੇ ਡਰਾਂ ਵਿੱਚ ਬੱਝਾ ਹੋਇਆ ਆਤਮ ਗਿਆਨ ਪ੍ਰਾਪਤ ਨਹੀਂ ਕਰ ਸਕਦਾ ਅਤੇ ਆਪਣੇ ਆਪ ਤੋਂ ਵੀ ਓਪਰਾ ਰਹਿ ਕੇ ਫਿਰਦਾ ਹੈ।

मुमुक्षोर्बुद्धिरालम्बमन्तरेण न विद्यते।
निरालम्बैव निष्कामा बुद्धिर्मुक्तस्य सर्वदा॥४४॥
ਮੁਮੁਕ੍ਸ਼ੋਰਬੁੱਧਿਰਾਲੰਬੰਤਰੇਣ ਨ ਵਿਦਿਅਤੇ।
ਨਿਰਾਲੰਬੈਵ ਨਿਸ਼੍ਕਾਮਾ ਬੁੱਧਿਰਮੁਕ੍ਤਸਿਅ ਸਰਵਦਾ॥੪੪॥

ਸ਼ਬਦਾਰਥ:- ਮੁਮੁਕ੍ਸ਼ੋ: ਬੁੱਧਿ: ਆਲੰਬੰ ਅੰਤਰੇਣ ਨ ਵਿਦਿਅਤੇ = ਸਾਧਕ

ਦੀ ਬੁੱਧੀ ਆਸਰੇ ਬਿਨਾ ਨਹੀਂ ਰਹਿੰਦੀ। ਨਿਰ ਆਲੰਬਾ ਏਵ ਨਿਸ਼ਕਾਮਾ ਬੁੱਧਿ: ਮੁਕਤਸਿਅ ਸਰਵਦਾ = ਬਿਨਾ ਆਸਰੇ ਜਦ ਕਿ, ਨਿਹਕਾਮ, ਬੁੱਧੀ, ਮੁਕਤ ਦੀ, ਸਦਾ।

ਸ਼ਲੋਕਾਰਥ:- ਸਾਧਕ ਦੀ ਬੁੱਧੀ ਆਸਰੇ ਬਿਨਾ ਨਹੀਂ ਰਹਿੰਦੀ; ਜਦ ਕਿ ਮੁਕਤ ਦੀ ਬੁੱਧੀ ਸਦਾ ਨਿਆਸਰਾ ਅਤੇ ਨਿਹਕਾਮ ਰਹਿੰਦੀ ਹੈ।

ਭਾਵਾਰਥ:- ਮੁਕਤੀ ਦੀ ਖੋਜ ਵਿੱਚ ਸਾਧਕ ਕਈ ਤਰ੍ਹਾਂ ਦੇ ਆਸਰੇ ਭਾਲਦਾ ਹੈ; ***"ਉਦਮੁ ਕਰਿ ਲਾਗੇ ਬਹੁ ਭਾਤਿ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ॥ ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਯੇ ਮ: ੫; ਅੰਗ ੧੩੮੯)** ਤਰ੍ਹਾਂ ਤਰ੍ਹਾਂ ਦੇ ਉੱਦਮ ਕਰਦਾ ਹੈ, ਛੇ ਸ਼ਾਸਤ੍ਰ ਪੜ੍ਹਦਾ ਹੈ, ਦੇਹ ਉੱਤੇ ਭਸਮ ਮਲ ਕੇ ਤੀਰਥਾਂ ਉੱਤੇ ਜਾਂਦਾ ਹੈ, ਦੇਹ ਨੂੰ ਕਮਜ਼ੋਰ ਕਰ ਲੈਂਦਾ ਹੈ ਅਤੇ ਸਿਰ ਉੱਤੇ ਜਟਾਂ ਬਣਾ ਲੈਂਦਾ ਹੈ। ***"ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੩੨)** ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਬਲੀਆਂ ਚੜ੍ਹਾਉਂਦਾ ਹੈ। ਜੀਵਨ ਮੁਕਤ ਸੰਸਾਰ ਵਿੱਚ ***"ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ; ੫; ਅੰਗ ੩੮੪)** ਬਿਨਾ ਕਿਸੇ ਇੱਛਾ ਜਾਂ ਆਸਰੇ ਦੇ, ਜਲ ਵਿੱਚ ਕਮਲ ਦੀ ਤਰ੍ਹਾਂ ਨਿਰਲੇਪ ਵਿਚਰਦਾ ਹੈ। ਉਹ ***"ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ॥"*** **(ਅੰਗ ੩੩੨)** ਜੀਊਂਦਾ ਹੋਇਆ ਵੀ ਸੰਸਾਰ ਪ੍ਰਤੀ ਮਰਿਆ ਰਹਿੰਦਾ ਹੈ ਅਤੇ ਮਰਣ ਪਿੱਛੋਂ ਵੀ ਜੀਊਂਦਾ ਰਹਿੰਦਾ ਹੈ ਅਤੇ ਸਦਾ ਸੁੰਨ ਵਿੱਚ ਸਮਾਇਆ ਰਹਿੰਦਾ ਹੈ।

विषयद्वीपिनो वीक्ष्य चकिताः शरणार्थिनः।
विशन्ति झटिति क्रोडं निरोधैकाग्र्यसिद्धये॥४५॥

ਵਿਸ਼ਯਦ੍ਵੀਪਿਨੋ ਵੀਕ੍ਸ਼ਿਅ ਚਕਿਤਾ: ਸ਼ਰਣਾਰਥਿਨ:।
ਵਿਸ਼ੰਤਿ ਝਟਿਤਿ ਕ੍ਰੋਡੰ ਨਿਰੋਧੈਕਾਗ੍ਰਿਅਸਿੱਧਯੇ॥੪੫॥

ਸ਼ਬਦਾਰਥ:- ਵਿਸ਼ਯ-ਦ੍ਵੀਪਿਨ: ਵੀਕ੍ਸ਼ਿਅ ਚਕਿਤਾ: ਸ਼ਰਣਾਰਥਿਨ: = ਵਿਸ਼ਿਆਂ ਰੂਪੀ ਸ਼ੇਰ ਨੂੰ ਵੇਖ ਕੇ ਡਰੇ ਹੋਏ ਸ਼ਰਣਾਰਥੀ। ਵਿਸ਼ੰਤਿ ਝਟਿਤਿ ਕ੍ਰੋਡੰ ਨਿਰੋਧੈਕਾਗ੍ਰ-ਸਿੱਧਯੇ = ਪ੍ਰਵੇਸ਼ ਕਰਦੇ ਹਨ ਛੇਤੀ ਹੀ ਗੁਫ਼ਾ ਵਿੱਚ, ਨਿਰੋਧ ਅਤੇ ਇਕਾਗ੍ਰਤਾ ਦੀ ਸਿੱਧੀ ਲਈ।

ਸ਼ਲੋਕਾਰਥ:- ਵਿਸ਼ਿਆਂ ਰੂਪੀ ਸ਼ੇਰ ਨੂੰ ਵੇਖ ਕੇ ਡਰੇ ਹੋਏ ਸ਼ਰਣਾਰਥੀ, (ਮਨ ਦੇ) ਨਿਰੋਧ ਅਤੇ ਇਕਾਗ੍ਰਤਾ ਦੀ ਸਿੱਧੀ ਲਈ, (ਪਹਾੜ ਦੀ) ਗੁਫ਼ਾ ਵਿੱਚ ਪ੍ਰਵੇਸ਼ ਕਰਨ ਦੀ ਕਾਹਲ ਕਰਦੇ ਹਨ।

ਭਾਵਾਰਥ:- ਅਗਿਆਨੀ ਦੀਆਂ ***"ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ***

ਨ ਟਿਕਾਵੈਗੋ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੦) ਦਸ ਦੀਆਂ ਦਸ ਇੰਦ੍ਰੀਆਂ, ਤਿੰਨਾਂ ਗੁਣਾਂ ਦੇ ਅਧੀਨ ਹੋਣ ਕਰਕੇ ਇੱਕ ਪਲ ਵੀ ਨਹੀਂ ਟਿਕਦੀਆਂ ਅਤੇ ਬਾਰ ਬਾਰ ਆਪਣੇ ਵਿਸ਼ਿਆਂ ਪਿੱਛੇ ਦੌੜਦੀਆਂ ਹਨ ਜਿਸ ਕਰਕੇ *"ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥ ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸ ਮ: ੩; ਅੰਗ ੫੬੫) ਮਨ ਦਸਾਂ ਦਿਸ਼ਾਵਾਂ ਵਿੱਚ ਦੌੜਿਆ ਰਹਿੰਦਾ ਹੈ ਅਤੇ ਪ੍ਰਭੂ ਨਾਮ ਵਿੱਚ ਇਕਾਗਰ ਨਹੀਂ ਹੋ ਸਕਦਾ; ਇੰਦ੍ਰੀਆਂ ਦੇ ਵਿਸ਼ੇ ਬੜੇ ਜ਼ੋਰ ਨਾਲ ਉਸ ਨੂੰ ਖਿੱਚਦੇ ਹਨ ਅਤੇ ਕਾਮ-ਕ੍ਰੋਧ ਵੀ ਉਸ ਨੂੰ ਬੇਚੈਨ ਰੱਖਦੇ ਹਨ। ਉਹ ਮਨ ਨੂੰ ਰੋਕਣਾ ਚਾਹੁੰਦਾ ਹੈ ਪਰ *"ਬਿਖਿਆ ਮਾਤੇ ਕਿਛੁ ਸੂਝੈ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੨੮) ਵਿਸ਼ਿਆਂ ਵਿੱਚ ਫਸੇ ਹੋਣ ਕਰਕੇ ਉਸ ਨੂੰ ਹੋਰ ਤਾਂ ਕੁਝ ਨਹੀਂ ਸੁੱਝਦਾ, ਉਹ ਕਾਹਲੀ ਵਿੱਚ *"ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੫) ਘਰ ਛੱਡ ਕੇ ਜੰਗਲ ਜਾਂ ਪਹਾੜ ਦੀ ਗੁਫ਼ਾ ਵਰਗੀ ਕਿਸੇ ਨਵੇਕਲੀ ਥਾਂ ਵਿੱਚ ਜਾ ਬੈਠਦਾ ਹੈ (ਜਿਵੇਂ ਕੋਈ ਸ਼ੇਰ ਤੋਂ ਡਰ ਕੇ ਲੁਕ ਜਾਂਦਾ ਹੈ) ਅਤੇ ਕੰਦ ਮੂਲ ਖਾਂਦਾ ਹੈ। ਅਗਿਆਨੀ *"ਅੰਤਰਿ ਵਸਤੁ ਦਿਸੰਤਰਿ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੩੯) ਉਸ ਸਥਿਤੀ ਦੀ ਖੋਜ ਵਿੱਚ ਬਾਹਰ ਜਾਂਦਾ ਹੈ ਜੋ ਉਸ ਦੇ ਆਪਣੇ ਹੀ ਅੰਦਰ ਹੈ ਅਤੇ ਇਹ ਨਹੀਂ ਸਮਝਦਾ ਕਿ *"ਬਿਨੁ ਬਸਿ ਪੰਚ ਕਹਾ ਮਨ ਚੂਰੇ॥"* (ਅੰਗ ੧੧੪੦) ਕਾਮ-ਕ੍ਰੋਧ-ਲੋਭ-ਮੋਹ-ਹੰਕਾਰ, ਪੰਜਾਂ ਨੂੰ ਵੱਸ ਵਿੱਚ ਕੀਤੇ ਬਿਨਾ ਮਨ ਕਾਬੂ ਵਿੱਚ ਨਹੀਂ ਆਉਂਦਾ।

निर्वासनं हरिं दृष्ट्वा तूष्णीं विषयदन्तिनः।
पलायन्ते न शक्तास्ते सेवन्ते कृतचाटवः॥४६॥

ਨਿਰਵਾਸਨੰ ਹਰਿੰ ਦ੍ਰਿਸ਼ਟ੍ਵਾ ਤੂਸ਼ਣੀਂ ਵਿਸ਼ਯਦੰਤਿਨ:।
ਪਲਾਯੰਤੇ ਨ ਸ਼ਕ੍ਤਾਸ੍ਤੇ ਸੇਵੰਤੇ ਕ੍ਰਿਤਚਾਟਵ:॥੪੬॥

ਸ਼ਬਦਾਰਥ:- ਨਿਰਵਾਸਨੰ ਹਰਿੰ ਦ੍ਰਿਸ਼ਟ੍ਵਾ = ਵਾਸ਼ਨਾ ਰਹਿਤ ਬੱਬਰ ਸ਼ੇਰ ਨੂੰ ਵੇਖ ਕੇ। ਤੂਸ਼ਣੀਂ ਵਿਸ਼ਯ ਦੰਤਿਨ: ਪਲਾਯੰਤੇ = ਚੁੱਪ-ਚਾਪ, ਵਿਸ਼ੇ ਰੂਪੀ ਹਾਥੀ ਦੌੜ ਜਾਂਦੇ ਹਨ। ਨ ਸ਼ਕ੍ਤਾ: = ਨਾ (ਦੌੜ) ਸਕਨ ਵਾਲੇ। ਤੇ ਸੇਵੰਤੇ ਕ੍ਰਿਤਚਾਟਵ: = ਉਹ ਸੇਵਾ ਵਿੱਚ ਰਹਿੰਦੇ ਹਨ, ਦਾਸ।

ਸ਼ਲੋਕਾਰਥ:- ਵਾਸ਼ਨਾ ਰਹਿਤ ਬੱਬਰ ਸ਼ੇਰ (ਮਨੁੱਖ) ਨੂੰ ਵੇਖ ਕੇ, ਵਿਸ਼ੇ ਰੂਪੀ ਹਾਥੀ ਚੁੱਪ ਚਾਪ ਦੌੜ ਜਾਂਦੇ ਹਨ (ਅਤੇ) ਜੋ ਨਾ ਦੌੜ ਸਕਨ, ਉਹ ਦਾਸਾਂ ਵਾਂਗ ਸੇਵਾ ਵਿੱਚ ਰਹਿੰਦੇ ਹਨ।

ਭਾਵਾਰਥ:- *"ਇੰਦ੍ਰੀ ਧਾਤੁ ਸਬਲ ਕਹੀਅਤ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ:

੩; ਅੰਗ ੬੬੩) ਇੰਦ੍ਰੀਆਂ ਦੇ ਵਿਸ਼ਿਆਂ ਦੀ ਖਿੱਚ ਬਹੁਤ ਬਲਸ਼ਾਲੀ ਕਹੀ ਜਾਂਦੀ ਹੈ ਜਿਸ ਕਰਕੇ *"ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੫) ਇਨ੍ਹਾਂ ਦੀ ਵਾਸ਼ਨਾ ਨੂੰ ਛੱਡਣਾ ਬਹੁਤ ਔਖਾ ਹੈ। ਇਨ੍ਹਾਂ ਦੇ ਬਲਸ਼ਾਲੀ ਹੋਣ ਕਰਕੇ ਇਨ੍ਹਾਂ ਨੂੰ ਹਾਥੀ ਦੀ ਉਪਮਾ ਦਿੱਤੀ ਗਈ ਹੈ। ਇਹ ਵੀ ਸਪਸ਼ਟ ਹੈ ਕਿ ਹਰ ਵਿਸ਼ੇ ਪ੍ਰਤੀ ਖਿੱਚ ਦੇ ਮੂਲ ਵਿੱਚ ਕੋਈ ਨਾ ਕੋਈ ਵਾਸ਼ਨਾ ਹੀ ਹੁੰਦੀ ਹੈ। ਜਿਵੇਂ *"ਮੂਲ ਬਿਨਾ ਸਾਖਾ ਕਤ ਆਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੯) ਮੂਲ ਤੋਂ ਬਿਨਾ ਟਾਹਣੀ ਦਾ ਹੋਣਾ ਸੰਭਵ ਨਹੀਂ, ਉਸੇ ਤਰ੍ਹਾਂ ਵਾਸ਼ਨਾ ਤੋਂ ਬਿਨਾ ਵਿਸ਼ੇ ਦੀ ਖਿੱਚ ਨਹੀਂ ਰਹਿੰਦੀ ਪਰੰਤੂ *"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩) ਵਿਸ਼ੇ-ਵਾਸ਼ਨਾ ਕਿਸੇ ਵਿਰਲੇ ਦੀ ਹੀ ਬੁਝੀ ਹੁੰਦੀ ਹੈ ਜਿਸ ਕਰਕੇ ਅਜਿਹੇ ਮਨੁੱਖ ਨੂੰ ਬੱਬਰ ਸ਼ੇਰ ਦੀ ਉਪਮਾ ਦਿੱਤੀ ਗਈ ਹੈ ਜੋ ਜੰਗਲ ਵਿੱਚ ਇੱਕ ਹੀ ਹੁੰਦਾ ਹੈ। ਮਾਇਆ ਰੂਪੀ ਵਿਸ਼ੇ ਉਸ ਨੂੰ ਨਹੀਂ ਖਿੱਚਦੇ ਪਰ ਉਹ ਆਪਣੀ ਮਰਜ਼ੀ ਨਾਲ ਉਨ੍ਹਾਂ ਤੋਂ ਸੇਵਾ ਲੈਂਦਾ ਹੈ ਕਿਉਂਕਿ *"ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੩੧) ਮਾਇਆ, ਵਾਸ਼ਨਾ ਰਹਿਤ ਭਗਤਾਂ ਦੀ ਦਾਸੀ ਬਣ ਕੇ ਉਨ੍ਹਾਂ ਦੀ ਸੇਵਾ ਵਿੱਚ ਰਹਿੰਦੀ ਹੈ।

न मुक्तिकारिकांधत्ते निःशंको युक्तमानसः।
पश्यन् शृण्वन् स्पृशन् जिघ्रन्नश्नन्नास्ते यथासुखम्।।४७।।

ਨ ਮੁਕ੍ਤਿਕਾਰਿਕਾਂ ਧੱਤੇ ਨਿ:ਸ਼ੰਕੋ ਯੁਕ੍ਤਮਾਨਸ:।
ਪਸ਼ਿਅਨ੍ ਸ਼੍ਰਿਣ੍ਵਨ੍ ਸਿ੍ਪ੍ਰਸ਼ਨ੍ ਜਿਘ੍ਰੰਨਸ਼ੰਨਾਸ੍ਤੇ ਯਥਾਸੁਖਮ੍॥੪੭॥

ਸ਼ਬਦਾਰਥ:- ਨ ਮੁਕ੍ਤਿ-ਕਾਰਿਕਾਮ੍ ਧੱਤੇ = ਨਾ ਮੁਕਤੀ ਲਈ ਕਿਰਿਆਵਾਂ ਅਪਣਾਉਂਦਾ ਹੈ। ਨਿ:ਸ਼ੰਕ: ਯੁਕ੍ਤ-ਮਾਨਸ: = ਸੰਸ਼ੇ ਰਹਿਤ ਜੋਗੀ। ਪਸ਼ਿਅਨ੍ ਸ਼੍ਰਿਣ੍ਵਨ੍ ਸਿ੍ਪ੍ਰਸ਼ਨ੍ ਜਿਘ੍ਰਨ੍ ਅਸ਼੍ਨਨ੍ ਆਸ੍ਤੇ ਯਥਾ-ਸੁਖਮ੍ = ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ ਹੋਇਆ ਵਿਚਰਦਾ ਹੈ ਸੁਖ-ਨਾਲ।

ਸ਼ਲੋਕਾਰਥ:- ਸੰਸ਼ੇ ਰਹਿਤ ਜੋਗੀ ਮੁਕਤੀ ਲਈ ਕਿਰਿਆਵਾਂ ਨਹੀਂ ਕਰਦਾ। ਉਹ ਸੰਸਾਰ ਵਿੱਚ ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ-ਪੀਂਦਾ ਹੋਇਆ ਸੁਖ ਨਾਲ ਵਿਚਰਦਾ ਹੈ।

ਭਾਵਾਰਥ:- ਅਗਿਆਨੀ ਦੇਹ ਨੂੰ ਆਪਣਾ ਆਪ ਮੰਨ ਲੈਂਦਾ ਹੈ ਅਤੇ *"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੯; ਅੰਗ ੧੨੩੧) ਝੂਠੀ ਦੇਹ ਨੂੰ ਸੱਚੀ ਮੰਨ ਕੇ ਆਪਣੇ ਆਪ ਨੂੰ ਬੱਝਾ ਹੋਇਆ ਸਮਝਦਾ ਹੈ, ਹਾਲਾਂਕਿ ਸਵੈ ਸਦਾ ਮੁਕਤ ਹੈ। ਬੰਧਨ ਦੇ ਭਰਮ 'ਚੋਂ ਨਿਕਲਨ ਲਈ ਉਹ *"ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ*

ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੫) ਜੋਗ ਅਭਿਆਸ, ਬਨ ਵਿੱਚ ਵਾਸ, ਧਾਰਮਿਕ ਕਿਰਿਆਵਾਂ, ਪੁੰਨ-ਦਾਨ, ਵਰਤ-ਨੇਮ, ਰਾਤਾਂ ਦੇ ਜਗਰਾਤੇ ਆਦਿ ਕਰਦਾ ਹੈ। ਭਰਮ ਦੇ ਮੂਲ ਵਿੱਚ ਦਵੈਤ ਭਾਵ ਰਹਿੰਦਾ ਹੈ। ਇਸ ਦੇ ਉਲਟ ਜੋਗੀ "*ਭ੍ਰਮ ਛੂਟੇ ਤੇ ਏਕੰਕਾਰ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੩੬) ਸੰਸੇ ਰਹਿਤ ਰਹਿ ਕੇ ਏਕੀ ਭਾਵ ਵਿੱਚ ਸਥਿਤ ਹੋ ਜਾਂਦਾ ਹੈ। ਉਹ ਮੁਕਤੀ ਲਈ ਕੋਈ ਕਿਰਿਆ ਨਹੀਂ ਕਰਦਾ ਅਤੇ "*ਬਾਹਰਿ ਸੂਤੁ ਸਗਲ ਸਿਉ ਮਉਲਾ॥ ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੪) ਬਾਹਰੋਂ ਸਭ ਦੀ ਤਰ੍ਹਾਂ ਖਾਂਦਾ-ਪੀਂਦਾ, ਵੇਖਦਾ, ਸੁਣਦਾ, ਛੂੰਹਦਾ, ਠੀਕ ਵਰਤੋਂ ਵਿਹਾਰ ਕਰਦਾ ਦਿੱਸਦਾ ਹੈ ਪਰ ਜਲ ਵਿੱਚ ਕਮਲ ਵਾਂਗ ਨਿਰਲੇਪ ਵਿਚਰਦਾ ਹੈ।

वस्तुश्रवणमात्रेण शुद्धबुद्धिर्निराकुलः।
नैवाचारमनाचारमौदास्यं वा प्रपश्यति।।४८।।
ਵਸ੍ਤੁਸ਼੍ਰਵਣਮਾਤ੍ਰੇਣ ਸ਼ੁੱਧਬੁੱਧਿਰਨਿਰਾਕੁਲ:।
ਨੈਵਾਚਾਰਮਨਾਚਾਰਮੌਦਾਸਿਅੰ ਵਾ ਪ੍ਰਪਸ਼ਿਅਤਿ॥੪੮॥

ਸ਼ਬਦਾਰਥ:- ਵਸ੍ਤੁ ਸ਼੍ਰਵਣ ਮਾਤ੍ਰੇਣ = ਯਥਾਰਥ ਨੂੰ ਸੁਣਨ ਮਾਤਰ ਨਾਲ। ਸ਼ੁੱਧ-ਬੁੱਧਿ: ਨਿਰ ਆਕੁਲ: = ਸ਼ੁੱਧ ਬੁੱਧੀ ਵਾਲਾ, ਸ਼ਾਂਤ। ਨ ਏਵ ਆਚਾਰੰ ਅਨਾਚਾਰੰ ਔਦਾਸਿਅੰ ਵਾ ਪ੍ਰਪਸ਼ਿਅਤਿ = ਨਾ ਹੀ ਆਚਾਰ ਨੂੰ, ਅਨਾਚਾਰ ਨੂੰ, ਉਦਾਸੀਨਤਾ ਨੂੰ, ਜਾਂ, ਵੇਖਦਾ ਹੈ।

ਸ਼ਲੋਕਾਰਥ:- ਯਥਾਰਥ ਗਿਆਨ ਸੁਣਨ ਮਾਤਰ ਨਾਲ ਨਿਰਮਲ ਬੁੱਧੀ ਅਤੇ ਸ਼ਾਂਤ ਹੋਇਆ ਹੋਇਆ (ਸਾਧਕ) ਆਚਾਰ-ਅਨਾਚਾਰ-ਉਦਾਸੀਨਤਾ ਸੰਬੰਧੀ ਨਹੀਂ ਸੋਚਦਾ।

ਭਾਵਾਰਥ:- ਆਚਾਰ, ਅਨਾਚਾਰ ਜਾਂ ਇਨ੍ਹਾਂ ਤੋਂ ਵੀ ਉਦਾਸੀਨਤਾ, ਹਉਮੈ ਦੇ ਹੀ ਪ੍ਰਗਟਾਵੇ ਹਨ ਕਿਉਂਕਿ ਸਧਾਰਨ ਮਨੁੱਖ "*ਹਉਮੈ ਵਿਚਿ ਸਭ ਕਾਰ ਕਮਾਹਿ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੩; ਅੰਗ ੬੬੬) ਸਾਰੇ ਕਾਰ-ਵਿਹਾਰ ਹਉਮੈ ਵਿੱਚ ਹੀ ਕਰਦਾ ਹੈ। "*ਹਉਮੈ ਮੈਲਾ ਇਹੁ ਸੰਸਾਰਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੨੩੦) ਸਾਰੇ ਸੰਸਾਰ ਨੂੰ ਹਉਮੈ-ਮੈਲ ਲੱਗੀ ਹੋਈ ਹੈ ਅਤੇ "*ਹਉਮੈ ਜਾਇ ਤ ਨਿਰਮਲੁ ਹੋਵੈ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੩੪) ਜੇ ਹਉਮੈ ਸਮਾਪਤ ਹੋਵੇ ਤਾਂ ਬੁੱਧੀ ਨਿਰਮਲ ਹੋ ਜਾਂਦੀ ਹੈ। "*ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ; ੩; ਅੰਗ ੭੬੮) ਗੁਰਮੁਖ ਭਗਤ ਦਾ ਹਉਮੈ, ਗੁਰਸ਼ਬਦ ਸੁਣ ਕੇ ਜਲ ਜਾਂਦਾ ਹੈ ਜਿਸ ਕਰਕੇ ਉਸ ਦਾ ਕਾਰ ਵਿਹਾਰ ਹਉਮੈ ਦੇ

ਅਧੀਨ ਨਹੀਂ ਹੁੰਦਾ। ਉਸ ਕੋਲੋਂ *"ਜੋ ਕਿਛੁ ਹੋਵੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਜੋ ਵੀ ਹੁੰਦਾ ਹੈ, ਸਹਿਜ ਸੁਭਾਏ ਹੀ ਹੁੰਦਾ ਹੈ, ਕੁਝ ਸੋਚ ਕੇ ਨਹੀਂ।

यदा यत्कर्तुमायाति तदा तत्कुरुते ऋजुः।
शुभं वाप्यशुभं वापि तस्य चेष्टा हि बालवत्॥४९॥

ਯਦਾ ਯਤ੍ਕਰ੍ਤੁਮਾਯਤਿ ਤਦਾ ਤਤ੍ਕੁਰੁਤੇ ਰਿਜੁ:।
ਸ਼ੁਭੰ ਵਾਪਿਅਸ਼ੁਭੰ ਵਾਪਿ ਤਸਿਅ ਚੇਸ਼੍ਟਾ ਹਿ ਬਾਲਵਤ੍॥੪੯॥

ਸ਼ਬਦਾਰਥ:- ਯਦਾ ਯਤ੍ ਕਰ੍ਤੁਮ੍ ਆਯਾਤਿ = ਜਦ ਜੋ ਕਰਨ ਲਈ ਮਿਲਦਾ ਹੈ। ਤਦਾ ਤਤ੍ ਕੁਰੁਤੇ ਰਿਜੁ: = ਤਦ ਉਹ ਕਰਦਾ ਹੈ ਬਿਨਾ ਝਿਜਕ। ਸ਼ੁਭੰ ਵਾਪਿ ਅਸ਼ੁਭੰ ਵਾਪਿ = ਸ਼ੁਭ ਜਾਂ ਅਸ਼ੁਭ ਵੀ। ਤਸਿਅ ਚੇਸ਼੍ਟਾ ਹਿ ਬਾਲਵਤ੍ = ਉਸ ਦਾ ਵਿਓਹਾਰ ਕਿਉਂਕਿ ਬੱਚੇ ਜਿਹਾ ਹੁੰਦਾ ਹੈ।

ਸ਼ਲੋਕਾਰਥ:- ਜਦ (ਗਿਆਨੀ ਦੇ) ਕਰਨ ਲਈ ਜੋ ਸ਼ੁਭ ਜਾਂ ਅਸ਼ੁਭ ਸਾਮ੍ਹਣੇ ਆਉਂਦਾ ਹੈ, ਤਦ ਉਹ (ਉਸ ਨੂੰ) ਬਿਨਾ ਝਿਜਕ ਕਰਦਾ ਹੈ ਕਿਉਂਕਿ ਉਸ ਦਾ ਵਿਓਹਾਰ ਬੱਚੇ ਜਿਹਾ ਹੁੰਦਾ ਹੈ।

ਭਾਵਾਰਥ:- *"ਬਾਲ ਬਿਵਸਥਾ ਬਾਰਿਕੁ ਅੰਧ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੮੯) ਬਾਲ ਅਵਸਥਾ ਵਿੱਚ ਅਗਿਆਨਤਾ ਹੁੰਦੀ ਹੈ ਪਰ ਬੱਚੇ ਦਾ ਮਨ ਨਿਰਮਲ ਹੁੰਦਾ ਹੈ ਜਿਸ ਕਰਕੇ ਉਸ ਨੂੰ ਸ਼ੁਭ-ਅਸ਼ੁਭ ਦਾ ਵਿਚਾਰ ਨਹੀਂ ਹੁੰਦਾ। ਜਿੱਥੋਂ ਤੱਕ ਗਿਆਨੀ ਦਾ ਸੰਬੰਧ ਹੈ ਉਹ *"ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੩) ਹਉਮੈ ਨੂੰ ਮਿਟਾ ਕੇ, ਦਵੈਤ ਭਾਵ 'ਚੋਂ ਨਿਕਲ ਕੇ, ਏਕੀ ਭਾਵ ਵਿੱਚ ਸਥਿਤ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਭਲੇ ਬੁਰੇ ਦੇ ਵਿਚਾਰ ਤੋਂ ਉੱਪਰ ਉੱਠ ਜਾਂਦਾ ਹੈ ਕਿਉਂਕਿ *"ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੫੭) ਬੁਰੇ ਭਲੇ ਦਾ ਵਿਚਾਰ ਤਦ ਤੱਕ ਹੀ ਹੁੰਦਾ ਹੈ ਜਦ ਤੱਕ ਦਵੈਤ ਭਾਵ ਹੈ। ਇਸ ਕਰਕੇ ਭੋਲੇ ਬੱਚੇ ਅਤੇ ਗਿਆਨੀ ਗੁਰਮੁਖ ਤੋਂ *"ਜੋ ਕਿਛੁ ਹੋਇ ਸੁ ਸਹਜੇ ਹੋਇ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੮੧) ਜੋ ਵੀ ਕੀਤਾ ਜਾਂਦਾ ਹੈ, ਸਹਿਜ ਸੁਭਾਏ, ਭਲੇ ਬੁਰੇ ਦਾ ਵਿਚਾਰ ਕੀਤੇ ਬਿਨਾ ਹੁੰਦਾ ਹੈ।

स्वातन्त्र्यात् सुखमाप्नोति स्वातन्त्र्याल्लभते परम्।
स्वातन्त्र्यान्निर्वृतिं गच्छेत् स्वातन्त्र्यात् परमं पदम्॥५०॥

ਸ੍ਵਾਤੰਤ੍ਰਿਆਤ੍ ਸੁਖਮਾਪ੍ਨੋਤਿ ਸ੍ਵਾਤੰਤ੍ਰਿਆਲ੍ਲਭਤੇ ਪਰਮ੍।
ਸ੍ਵਾਤੰਤ੍ਰਿਆਂਨਿਰਵ੍ਰਿਤਿੰ ਗੱਛੇਤ੍ ਸ੍ਵਾਤੰਤ੍ਰਿਆਤ੍ ਪਰਮੰ ਪਦਮ੍॥੫੦॥

ਸ਼ਬਦਾਰਥ:- ਸੁਵਾਤੰਤ੍ਰਿਆਤ੍ ਸੁਖੰ ਆਪ੍ਨੋਤਿ = ਸੁਤੰਤਰਤਾ ਰਾਹੀਂ ਸੁਖ ਪ੍ਰਾਪਤ ਕਰਦਾ ਹੈ। ਸੁਵਾਤੰਤ੍ਰਿਆਤ੍ ਲਭਤੇ ਪਰਮ੍ = ਸੁਤੰਤਰਤਾ ਦੁਆਰਾ ਉੱਚਤਮ ਪ੍ਰਾਪਤੀ ਕਰਦਾ ਹੈ। ਸੁਵਾਤੰਤ੍ਰਿਆਤ੍ ਨਿਰ-ਵ੍ਰਿਤਿਮ੍ ਗੱਛਿਤ੍ = ਸੁਤੰਤਰਤਾ ਵਿੱਚ ਨਿਵਿਰਤੀ ਵੱਲ ਜਾਂਦਾ ਹੈ। ਸੁਵਾਤੰਤ੍ਰਿਆਤ੍ ਪਰਮੰ ਪਦਮ੍ = ਸੁਤੰਤਰਤਾ ਰਾਹੀਂ ਪਰਮ ਪਦ ਪ੍ਰਾਪਤ ਕਰਦਾ ਹੈ।

ਸ਼ਲੋਕਾਰਥ:- ਸੁਤੰਤਰਤਾ ਸੁਖ ਦੇਂਦੀ ਹੈ, ਸੁਤੰਤਰਤਾ ਵਿੱਚ ਉੱਚਤਮ ਪ੍ਰਾਪਤੀ ਹੁੰਦੀ ਹੈ, ਸੁਤੰਤਰਤਾ ਨਿਵਿਰਤੀ ਵੱਲ ਲਿਜਾਂਦੀ ਹੈ, ਸੁਤੰਤਰਤਾ ਪਰਮ ਪਦ ਦੀ ਪ੍ਰਾਪਤੀ ਕਰਵਾਉਂਦੀ ਹੈ।

ਭਵਾਵਰਥ:- ਸਧਾਰਨ ਮਨੁੱਖ ਦੀਆਂ *"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਰਵਿਦਾਸ ਜੀਉ; ਅੰਗ ੬੫੮) ਇੰਦ੍ਰੀਆਂ ਬਲਵਾਨ ਹਨ ਅਤੇ ਵਿਵੇਕ ਕਮਜ਼ੋਰ ਹੁੰਦਾ ਹੈ ਜਿਸ ਕਰਕੇ ਉਹ ਇੰਦ੍ਰੀਆਂ ਦੇ ਵਿਸ਼ਿਆਂ ਪਿੱਛੇ ਖਿੱਚਿਆ ਜਾਂਦਾ ਹੈ ਅਤੇ *"ਮੋਹ ਮਗਨ ਮਹਿ ਰਹਿਆ ਬਿਆਪੇ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੫੯) ਮੋਹ ਮਮਤਾ ਵਿੱਚ ਫਸ ਜਾਂਦਾ ਹੈ ਪਰ ਵਿਸ਼ਿਆਂ ਪ੍ਰਤੀ ਭੁੱਖ ਕਦੀ ਸ਼ਾਂਤ ਨਹੀਂ ਹੁੰਦੀ। ਇਹ ਭੁੱਖ ਹੀ ਉਸ ਦੀ ਪਰਤੰਤਰਤਾ ਹੈ ਜਿਸ ਨੂੰ ਸ਼ਾਂਤ ਕਰਨ ਲਈ ਉਹ *"ਕਾਮ ਕ੍ਰੋਧਿ ਲੋਭਿ ਮੋਹਿ ਬਾਧਾ॥ ਮਹਾ ਗਰਤ ਮਹਿ ਨਿਘਰਤ ਜਾਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੧) ਕਾਮ ਕ੍ਰੋਧ ਆਦਿ ਵਿੱਚ ਬੱਝ ਕੇ ਦੁੱਖਾਂ ਦੇ ਡੂੰਘੇ ਟੋਏ ਵਿੱਚ ਡਿੱਗ ਜਾਂਦਾ ਹੈ। ਸੁਤੰਤਰ ਉਹ ਹੈ ਜੋ *"ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥"* (ਸ੍ਰੀ ਗੁਰੂ ਗੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਇੰਦ੍ਰੀ ਜਿੱਤ ਹੈ ਜਿਸ ਕਰਕੇ ਕਾਮਾਦਿ ਪੰਜ ਦੋਸ਼ ਉਸ ਵਿੱਚ ਨਹੀਂ ਹੁੰਦੇ। ਵਿਸ਼ਿਆਂ ਦੀ ਭੁੱਖ ਮਿਟਣ ਨਾਲ ਉਨ੍ਹਾਂ ਪਿੱਛੇ ਭੱਜਦੇ ਰਹਿਣ ਵਾਲੇ ਦੁੱਖਾਂ ਦੀ ਸਮਾਪਤੀ ਪਿੱਛੋਂ ਸੁਖ ਹੀ ਸੁਖ ਹੈ, ਸੰਸਾਰ ਪ੍ਰਤੀ ਵੈਰਾਗ ਉਪਜਦਾ ਹੈ। ਇਹ ਹੀ ਉੱਚਤਮ ਪਰਮ ਪਦ ਦੀ ਪ੍ਰਾਪਤੀ ਹੈ ਅਤੇ *"ਨਾਨਕ ਕੋਟਿ ਮਧੇ ਕੋ ਐਸਾ ਅਪਰਸ॥"* (ਅੰਗ ੨੭੪) ਕਰੋੜਾਂ ਵਿੱਚੋਂ ਕੋਈ ਇੱਕ ਅੱਧਾ ਹੀ ਇਸ ਤਰ੍ਹਾਂ ਦਾ ਹੁੰਦਾ ਹੈ।

अकर्तृत्वमभोक्तृत्वं स्वात्मनो मन्यते यदा।
तदा क्षीणा भवन्त्येव समस्ताश्चित्तवृत्तयः॥५१॥

ਅਕਰਤ੍ਰਿਤ੍ਵਮਭੋਕ੍ਤ੍ਰਿਤ੍ਵੰ ਸੁਵਾਤ੍ਮਨੋ ਮਨਿਅਤੇ ਯਦਾ।
ਤਦਾ ਕ੍ਸ਼ੀਣਾ ਭਵੰਤਿਏਵ ਸਮਸ੍ਤਾਸ਼੍ਚਿੱਤਵ੍ਰਿਤਯ:॥੫੧॥

ਸ਼ਬਦਾਰਥ:- ਅਕਰਤ੍ਰਿਤ੍ਵੰ ਅਭੋਕ੍ਤ੍ਰਿਤ੍ਵੰ ਸੁਵ ਆਤ੍ਮਨ: ਮਨਿਅਤੇ ਯਦਾ = ਅਕਰਤਾਪਣ, ਅਭੋਗਤਾਪਣ, ਆਪਣੇ ਸਵੈ ਦਾ, ਮੰਨਦਾ ਹੈ ਜਦ। ਤਦਾ ਕ੍ਸ਼ੀਣਾ: ਭਵੰਤਿ ਏਵ ਸਮਸ੍ਤਾ: ਚਿੱਤ ਵ੍ਰਿਤਯ: = ਤਦ ਖੀਣ ਹੋ ਜਾਂਦੀਆ ਹਨ ਸਾਰੀਆਂ ਹੀ ਮਨੋਬਿਰਤੀਆਂ।

ਸ਼ਲੋਕਾਰਥ:- ਜਦੋਂ (ਕੋਈ) ਆਪਣੇ ਸਵੈ ਦੇ ਅਕਰਤਾਪਣ ਅਤੇ ਅਭੋਗਤਾਪਣ ਨੂੰ ਮੰਨ ਲੈਂਦਾ ਹੈ, ਤਦ (ਉਸ ਦੀਆਂ) ਸਾਰੀਆਂ ਹੀ ਮਨੋਬਿਰਤੀਆਂ ਖੀਣ ਹੋ ਜਾਂਦੀਆਂ ਹਨ।

ਭਾਵਾਰਥ:- ਮਨੁੱਖ ਤੋਂ *"ਹਉਮੈ ਕਰੈ ਕਰਾਵੈ ਹਉਮੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੧) ਹਉਮੈ ਹੀ ਕਰਦਾ ਕਰਵਾਉਂਦਾ ਹੈ ਅਰਥਾਤ ਕਰਤਾ ਭਾਵ ਹਉਮੈ ਦਾ ਹੀ ਪ੍ਰਤੀਕ ਹੈ। ਇਹ ਵੀ ਸਿੱਧ ਹੈ ਕਿ *"ਜੋ ਕਮਾਵਨੁ ਸੋਈ ਭੋਗ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੮) ਜੋ ਕੀਤਾ ਜਾਂਦਾ ਹੈ ਉਹ ਭੋਗਿਆ ਵੀ ਜਾਂਦਾ ਹੈ ਅਰਥਾਤ ਭੋਗਤਾ ਭਾਵ ਵੀ ਹਉਮੈ ਵਿੱਚ ਹੀ ਹੈ। ਜਦ ਵਿਅਕਤੀ ਇਹ ਸਮਝ ਜਾਂਦਾ ਹੈ ਕਿ ਕਰਤਾਪਣ ਅਤੇ ਭੋਗਤਾਪਣ ਕੇਵਲ ਹਉਮੈ ਵਿੱਚ ਹੀ ਹਨ ਤਦ ਸਵੈ ਦੇ ਅਕਰਤਾਪਣ ਅਤੇ ਅਭੋਗਤਾਪਣ ਦੀ ਪਛਾਣ ਆ ਜਾਂਦੀ ਹੈ। ਸਵੈ ਵਿੱਚ ਕਰਤਾਪਣ ਅਤੇ ਭੋਗਤਾਪਣ ਦੀ ਅਣਹੋਂਦ ਦਾ ਅਰਥ ਹੈ ਹਉਮੈ ਦੀ ਵਿਲੀਨਤਾ ਅਤੇ *"ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੬) ਹਉਮੈ ਦੇ ਵਿਲੀਨ ਹੋਣ ਨਾਲ ਗੁਰਮੁਖ ਇੱਕ ਵਿੱਚ ਨਿਸ਼ਚਾ ਰੱਖ ਕੇ ਸਹਿਜ ਭਾਵ ਵਿੱਚ ਸਥਿਤ ਹੋ ਜਾਂਦਾ ਹੈ ਜਿੱਥੇ ਕੋਈ ਮਨੋਬਿਰਤੀ ਹਲਚਲ ਲਈ ਨਹੀਂ ਬਚਦੀ।

उच्छृङ्खलाप्यकृतिका स्थितिर्धीरस्य राजते।
न तु संस्पृहचित्तस्य शान्तिर्मूढस्य कृत्रिमा।।५२।।
ਉੱਛ੍ਰਿੰਖਲਾਪਿਅਕ੍ਰਿਤਿਕਾ ਸ੍ਥਿਤਿਰਧੀਰਸਿਅ ਰਾਜਤੇ।
ਨ ਤੁ ਸੰਸ੍ਪ੍ਰਿਹਚਿੱਤਸਿਅ ਸ਼ਾਂਤਿਰਮੂਢਸਿਅ ਕ੍ਰਿਤ੍ਰਿਮਾ॥੫੨॥

ਸ਼ਬਦਾਰਥ:- ਉੱਛ੍ਰਿੰਖਲਾ ਅਪਿ ਅਕ੍ਰਿਤਿਕਾ ਸ੍ਥਿਤਿ: ਧੀਰਸਿਅ ਰਾਜਤੇ = ਅਸ਼ਾਂਤ ਵੀ, ਬਣਾਵਟ ਰਹਿਤ ਸਥਿਤੀ, ਗਿਆਨੀ ਦੀ, ਸ਼ੋਭਦੀ ਹੈ। ਨ ਤੁ ਸੰਸ੍ਪ੍ਰਿਹ-ਚਿੱਤਸਿਅ ਸ਼ਾਂਤਿ: ਮੂਢਸਿਅ ਕ੍ਰਿਤ੍ਰਿਮਾ = ਨਹੀਂ ਪਰੰਤੂ, ਵਾਸ਼ਨਾ ਗ੍ਰਸਤ ਚਿੱਤ ਦੀ ਸ਼ਾਂਤੀ, ਮੂਰਖ ਦੀ, ਬਣਾਵਟੀ।

ਸ਼ਲੋਕਾਰਥ:- ਗਿਆਨੀ ਦੀ, ਬਣਾਵਟ ਰਹਿਤ, ਅਸ਼ਾਂਤ ਸਥਿਤੀ ਵੀ ਸ਼ੋਭਦੀ ਹੈ ਪਰੰਤੂ ਵਾਸ਼ਨਾ ਗ੍ਰਸਤ ਚਿੱਤ ਵਾਲੇ ਮੂਰਖ ਦੀ ਬਣਾਵਟੀ ਸ਼ਾਂਤੀ ਨਹੀਂ (ਸ਼ੋਭਦੀ)।

ਭਾਵਾਰਥ:- *"ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੮) ਗਿਆਨੀ ਦੀ ਪੂੰਜੀ ਪਰਮਾਤਮਾ ਦਾ ਨਾਮ ਹੈ ਅਤੇ ਸੰਸਾਰ ਵਿੱਚ ਉਸ ਦਾ ਵਰਤੋਂ ਵਿਹਾਰ ਵੀ ਸਹਿਜ ਹੁੰਦਾ ਹੈ ਕਿਉਂਕਿ *"ਸਚਿ ਰਹਹੁ ਸਦਾ ਸਹਜੁ ਸੁਖੁ ਉਪਜੈ ਕਾਮੁ ਕ੍ਰੋਧੁ ਵਿਚਹੁ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੦੯) ਸੱਚੇ ਵਿੱਚ ਸਮਾਏ ਰਹਿਣ ਨਾਲ ਉਹ ਸਦਾ ਸੁਖੀ ਅਤੇ ਸਹਿਜ ਰਹਿੰਦਾ ਹੈ ਅਤੇ ਉਸ ਵਿੱਚ ਕਾਮ ਕ੍ਰੋਧ ਨਹੀਂ ਰਹਿੰਦੇ ਜਿਸ ਕਰਕੇ ਉਸ ਦੀ ਅਸ਼ਾਂਤ

ਸਥਿਤੀ ਬਾਹਰੀ ਹੁੰਦੀ ਹੈ ਪਰ ਬਣਾਵਟ ਰਹਿਤ ਅਤੇ ਸਹਿਜ ਹੁੰਦੀ ਹੈ। ਵਾਸ਼ਨਾ ਗ੍ਰਸਤ ਮੂਰਖ *"ਬਾਹਰਿ ਭੇਖ ਅੰਤਰਿ ਮਲੁ ਮਾਇਆ॥ ਛਪਸਿ ਨਾਹਿ ਕਛੁ ਕਰੈ ਛਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੭) ਆਪਣੇ ਆਪ ਨੂੰ ਬਾਹਰੋਂ ਨਿਰਮਲ ਵਿਖਾਉਂਦਾ ਹੈ ਪਰ ਅੰਦਰੋਂ ਮੈਲਾ ਹੁੰਦਾ ਹੈ ਅਤੇ ਉਸ ਦੇ ਛੁਪਾਉਣ ਨਾਲ ਉਸ ਦੇ ਅੰਦਰ ਦੀ ਅਸ਼ਾਂਤੀ ਛੁਪਦੀ ਨਹੀਂ ਜਿਸ ਕਰਕੇ ਉੱਪਰੋਂ ਦਿੱਸਦੀ ਉਸ ਦੀ ਸ਼ਾਂਤੀ ਬਣਾਵਟੀ ਹੁੰਦੀ ਹੈ ਜੋ ਝੂਠੀ ਹੋਣ ਕਰਕੇ ਸ਼ੋਭਦੀ ਨਹੀਂ।

विलसन्ति महाभोगैर्विशन्ति गिरिगह्वरान्।
निरस्तकल्पनाधीरा अबद्धा मुक्तबुद्धय:॥५३॥

ਵਿਲਸੰਤਿ ਮਹਾਭੋਗੈਰਵਿਸ਼ੰਤਿ ਗਿਰਿਗਹ੍ਵਰਾਨ੍।
ਨਿਰਸ੍ਤਕਲ੍ਪਨਾ ਧੀਰਾ ਅਬੱਧਾ ਮੁਕ੍ਤਬੁੱਧਯ:॥੫੩॥

ਸ਼ਬਦਾਰਥ:- ਵਿਲਸੰਤਿ ਮਹਾ ਭੋਗੈ: = ਕ੍ਰੀੜਾ ਕਰਦੇ ਹਨ ਮਹਾਨ ਭੋਗਾਂ ਵਿੱਚ। ਵਿਸ਼ੰਤਿ = ਪ੍ਰਵੇਸ਼ ਕਰਦੇ ਹਨ। ਗਿਰਿ ਗਹ੍ਵਰਾਨ੍ = ਪਹਾੜ ਦੀਆਂ ਗੁਫ਼ਾਵਾਂ ਵਿੱਚ। ਨਿਰਸ੍ਤ ਕਲ੍ਪਨਾ ਧੀਰਾ: = ਕਲਪਨਾ ਰਹਿਤ ਗਿਆਨੀ। ਅਬੱਧਾ ਮੁਕ੍ਤ ਬੁੱਧਯ: = ਬੰਧਨ ਰਹਿਤ, ਮੁਕਤ ਬੁੱਧੀ ਵਾਲੇ।

ਸ਼ਲੋਕਾਰਥ:- ਕਲਪਨਾ ਰਹਿਤ ਅਤੇ ਮੁਕਤ ਬੁੱਧੀ ਵਾਲੇ ਬੰਧਨ ਰਹਿਤ ਗਿਆਨੀ (ਕਦੀ) ਮਹਾਨ ਭੋਗਾਂ ਨੂੰ ਭੋਗਦੇ ਹਨ ਅਤੇ (ਕਦੀ) ਪਹਾੜ ਦੀਆਂ ਗੁਫ਼ਾਵਾਂ ਵਿੱਚ ਪ੍ਰਵੇਸ਼ ਕਰ ਜਾਂਦੇ ਹਨ।

ਭਾਵਾਰਥ:- ਇਸ ਨਿਸ਼ਚੇ ਵਿੱਚ ਸਥਿਤ ਰਹਿਣ ਕਰਕੇ ਕਿ *"ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੪; ਅੰਗ ੫੭੩) ਹੁੰਦਾ ਉਹ ਹੀ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ ਅਤੇ ਹੋਰ ਕੁਝ ਨਹੀਂ ਕੀਤਾ ਜਾ ਸਕਦਾ, ਗਿਆਨੀ ਆਪਣੇ ਵੱਲੋਂ ਕੁਝ ਕਰਨ ਦੀ ਕਲਪਨਾ ਨਹੀਂ ਕਰਦਾ। ਸੰਸਾਰ ਦੀ ਅਸਾਰਤਾ ਨੂੰ ਪਛਾਣਦਾ ਹੋਇਆ ਉਹ ਸੰਸਾਰ ਵਿੱਚ *"ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੪) ਜਲ ਵਿੱਚ ਕਮਲ ਵਾਂਗ ਨਿਰਲੇਪ ਵਿਚਰਦਾ ਹੈ; ਮੋਹ ਮਾਇਆ ਦੇ ਬੰਧਨ ਵਿੱਚ ਨਹੀਂ ਫਸਦਾ ਜਿਸ ਕਰਕੇ ਉਸ ਦੀ ਬੁੱਧੀ ਵੀ ਮੁਕਤ ਰਹਿੰਦੀ ਹੈ। ਉਸ ਦੀ ਆਪਣੀ ਕੋਈ ਇੱਛਾ ਨਹੀਂ ਹੁੰਦੀ ਪਰ ਉਹ ਮੰਨਦਾ ਹੈ ਕਿ *"ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੬੩) ਭਾਣੇ ਵਿੱਚ ਹੀ ਭੋਗ ਭੋਗੇ ਜਾਂਦੇ ਜਾਂ ਮਨ੍ਹਾ ਹੁੰਦੇ ਹਨ ਜਿਸ ਕਰਕੇ *"ਜੋ ਦੇਵੈ ਸੋ ਖਾਵਣਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੧; ਅੰਗ ੪੮੯) ਪ੍ਰਭੂ ਜੋ ਦੇਵੇ, ਉਸ ਨੂੰ ਭੋਗਣਾ ਹੀ ਉਸ ਦੀ ਭਗਤੀ ਹੈ। ਇਸੇ ਤਰ੍ਹਾਂ ਪ੍ਰਾਰਬਧ ਨੂੰ ਮੰਨਦਾ ਹੋਇਆ ਕਦੀ ਉਹ ਪਹਾੜ ਦੀ ਗੁਫ਼ਾ ਵਿੱਚ ਵੀ ਜਾ ਬੈਠਦਾ ਹੈ ਕਿਉਂਕਿ

"ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ" (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੩; ਅੰਗ ੬੦੧) ਧੁਰੋਂ ਲਿਖਿਆ ਹੋਇਆ ਮਿਟਾਇਆ ਨਹੀਂ ਜਾ ਸਕਦਾ। ਮਤਲਬ ਇਹ ਹੈ ਕਿ ਗਿਆਨੀ ਹਰ ਹਾਲਤ ਵਿੱਚ ਸਮ ਰਹਿੰਦਾ ਹੈ ਅਤੇ *"ਜੋ ਪ੍ਰਭ ਕੀਨੋ ਸੋ ਭਲ ਮਾਨਿਓ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੨੯੯) ਜੋ ਪ੍ਰਭੂ ਕਰਦਾ ਹੈ, ਉਸੇ ਵਿੱਚ ਆਪਣਾ ਭਲਾ ਮੰਨਦਾ ਹੈ।

श्रोत्रियं देवतां तीर्थमंगनां भूपतिं प्रियम्।
दृष्ट्वा सम्पूज्यधीरस्य न कापि हृदि वासना॥५४॥

ਸ਼੍ਰੋਤ੍ਰਿਯੰ ਦੇਵਤਾਂ ਤੀਰਥਮੰਗਨਾਂ ਭੂਪਤਿੰ ਪ੍ਰਿਯਮ੍।
ਦ੍ਰਿਸ਼ਟ੍ਵਾ ਸੰਪੂਜਿਅ ਧੀਰਸਿਅ ਨ ਕਾਪਿ ਹ੍ਰਿਦਿ ਵਾਸਨਾ॥੫੪॥

ਸ਼ਬਦਾਰਥ:- ਸ਼੍ਰੋਤ੍ਰਿਯੰ ਦੇਵਤਾਮ੍ ਤੀਰਥੰ ਅੰਗਨਾਂ ਭੂਪਤਿੰ ਪ੍ਰਿਯੰ = ਵੇਦਾਂ ਦੇ ਗਿਆਤਾ ਨੂੰ, ਦੇਵਤਾ ਨੂੰ, ਤੀਰਥ ਨੂੰ, ਇਸਤ੍ਰੀ ਨੂੰ, ਰਾਜੇ ਨੂੰ, ਪਿਆਰੇ ਨੂੰ। ਦ੍ਰਿਸ਼ਟ੍ਵਾ = ਵੇਖ ਕੇ। ਸੰਪੂਜਿਅ = ਪੂਜ ਕੇ। ਧੀਰਸਿਅ ਨ ਕਾ ਅਪਿ ਹ੍ਰਿਦਿ ਵਾਸਨਾ = ਗਿਆਨੀ ਦੇ ਨਹੀਂ ਕੋਈ ਵੀ ਹਿਰਦੇ ਵਿੱਚ ਵਾਸ਼ਨਾ।

ਸ਼ਲੋਕਾਰਥ:- ਵੇਦਾਂ ਦੇ ਗਿਆਤਾ, ਦੇਵਤਾ ਜਾਂ ਤੀਰਥ ਦੀ ਪੂਜਾ ਕਰਕੇ; ਇਸਤ੍ਰੀ, ਰਾਜੇ ਜਾਂ ਪਿਆਰੇ ਨੂੰ ਵੇਖ ਕੇ, ਗਿਆਨੀ ਦੇ ਹਿਰਦੇ ਵਿੱਚ ਕੋਈ ਵਾਸ਼ਨਾ/ ਇੱਛਾ ਨਹੀਂ (ਜਾਗਦੀ)।

ਭਾਵਾਰਥ:- ਗਿਆਨੀ ਦਾ *"ਗਿਆਨ ਕਾ ਬਧਾ ਮਨੁ ਰਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੬੯) ਮਨ ਗਿਆਨ ਕਾਰਨ ਉਸ ਦੇ ਵੱਸ ਵਿੱਚ ਰਹਿੰਦਾ ਹੈ, ਕਿਸੇ ਇੱਛਾ ਪੂਰਤੀ ਲਈ ਉਤਾਵਲਾ ਨਹੀਂ ਹੁੰਦਾ। ਇਸਤ੍ਰੀ, ਰਾਜੇ ਜਾਂ ਕਿਸੇ ਪਿਆਰੇ ਨੂੰ ਵੇਖ ਕੇ ਭਾਵੁਕ ਨਹੀਂ ਹੁੰਦਾ ਕਿਉਂਕਿ ਉਸ ਨੂੰ ਨਿਸ਼ਚਾ ਹੈ ਕਿ *"ਨਾਮ ਬਿਨਾ ਨਾਹੀ ਕੋ ਬੇਲੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੧; ਅੰਗ ੬੮੯) ਪ੍ਰਭੂ ਨਾਮ ਤੋਂ ਬਿਨਾ ਕਿਸੇ ਕੰਮ ਨਹੀਂ ਆਉਣਾ। ਕਿਸੇ ਵਿਦਵਾਨ ਦਾ ਸਤਿਕਾਰ ਕਰਦੇ ਸਮੇਂ ਜਾਂ ਕਿਸੇ ਤੀਰਥ ਉੱਤੇ ਦੇਵਤੇ ਦੀ ਪੂਜਾ ਸਮੇਂ ਉਹ ਸਮ ਅਵਸਥਾ ਵਿੱਚ ਰਹਿੰਦਾ ਹੈ ਕਿਉਂਕਿ ਉਸ ਨੂੰ ਗਿਆਨ ਹੁੰਦਾ ਹੈ ਕਿ *"ਦੂਜਾ ਕਉਣੁ ਕਹਾ ਨਹੀ ਕੋਈ॥ ਸਭ ਮਹਿ ਏਕੁ ਨਿਰੰਜਨੁ ਸੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੩) ਦੂਜਾ ਕੋਈ ਹੈ ਹੀ ਨਹੀਂ ਅਤੇ ਸਾਰਿਆਂ ਵਿੱਚ ਇੱਕੋ ਨਿਰਮਲ ਪਰਮਾਤਮਾ ਹੈ ਜਿਸ ਕਰਕੇ ਉਹ *"ਸਰਬ ਮੈ ਪੇਖੈ ਭਗਵਾਨੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਸਭ ਵਿੱਚ ਪਰਮਾਤਮਾ ਨੂੰ ਹੀ ਵੇਖਦਾ ਹੈ। ਉਸ ਦੇ ਮਨ ਵਿੱਚ ਕੋਈ ਇੱਛਾ ਨਹੀਂ ਜਾਗਦੀ ਕਿਉਂਕਿ ਉਸ ਲਈ *"ਹੋਰਿ ਸਾਦ ਸਭਿ ਫਿਕਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਨਾਮ ਰਸ ਤੋਂ ਬਿਨਾ ਹੋਰ ਸਾਰੇ ਸਵਾਦ ਫਿੱਕੇ ਹਨ।

भृत्यैः पुत्रैः कलत्रैश्च दौहित्रैश्चापि गोत्रजैः।
विहस्य धिक्कृतो योगी न याति विकृतिं मनाक्॥५५॥
ਭ੍ਰਿਤਿਐ: ਪੁਤ੍ਰੈ: ਕਲਤ੍ਰੈਸ਼੍ਚ ਦੌਹਿਤ੍ਰੈਸ਼੍ਚਾਪਿ ਗੋਤ੍ਰਜੈ:।
ਵਿਹਸਿਅ ਧਿੱਕ੍ਰਿਤੋ ਯੋਗੀ ਨ ਯਾਤਿ ਵਿਕ੍ਰਿਤਿੰ ਮਨਾਕ੍॥੫੫॥

ਸ਼ਬਦਾਰਥ:- ਭ੍ਰਿਤਿਐ: ਪੁਤ੍ਰੈ: ਕਲਤ੍ਰੈ: ਚ = ਸੇਵਕਾਂ ਪੁੱਤਰਾਂ ਅਤੇ ਪਤਨੀਆਂ ਦੁਆਰਾ। ਦੌਹਿਤ੍ਰੈ: ਚ ਅਪਿ ਗੋਤ੍ਰਜੈ: = ਦੋਹਤਿਆਂ ਅਤੇ ਰਿਸ਼ਤੇਦਾਰਾਂ ਦੁਆਰਾ ਵੀ। ਵਿਹਸਿਅ ਧਿੱਕ੍ਰਿਤ: ਯੋਗੀ = ਠੱਠਾ ਕੀਤਾ ਗਿਆ, ਦੁਤਕਾਰਿਆ ਗਿਆ ਜੋਗੀ। ਨ ਯਾਤਿ ਵਿਕ੍ਰਿਤੰ ਮਨਾਕ੍ = ਨਹੀਂ ਹੁੰਦਾ ਵਿਕਾਰ ਗ੍ਰਸਤ ਜ਼ਰਾ ਜਿੰਨਾ ਵੀ।

ਸ਼ਲੋਕਾਰਥ:- ਸੇਵਕਾਂ, ਪੁੱਤਰਾਂ, ਪਤਨੀਆਂ, ਦੋਹਤਿਆਂ ਅਤੇ ਰਿਸ਼ਤੇਦਾਰਾਂ ਦੁਆਰਾ ਵੀ ਠੱਠਾ ਕੀਤੇ ਜਾਣ ਅਤੇ ਦੁਤਕਾਰੇ ਜਾਣ ਉੱਤੇ, ਜੋਗੀ ਜ਼ਰਾ ਜਿੰਨਾ ਵੀ ਵਿਕਾਰ ਗ੍ਰਸਤ ਨਹੀਂ ਹੁੰਦਾ।

ਭਾਵਾਰਥ:- ਜੋਗੀ ਦਾ *"ਮੋਹ ਮਾਇਆ ਕੈ ਸੰਗਿ ਨ ਲੇਪੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੭) ਮੋਹ ਮਾਇਆ ਤੋਂ ਸੰਗ ਛੁਟਿਆ ਹੁੰਦਾ ਹੈ ਅਤੇ *"ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੫; ਅੰਗ ੫੭੭) ਉਸ ਵਿੱਚੋਂ ਪੰਜ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੀ ਸਮਾਪਤ ਹੋ ਚੁੱਕੇ ਹੁੰਦੇ ਹਨ ਜਿਸ ਕਰਕੇ ਕਿਸੇ ਦੇ ਅਪਸ਼ਬਦ ਜਾਂ ਅਣੁਚਿਤ ਵਤੀਰੇ ਨਾਲ ਉਸ ਵਿੱਚ ਕੋਈ ਵਿਕਾਰ ਪੈਦਾ ਨਹੀਂ ਹੁੰਦਾ। ਵੈਸੇ ਵੀ ਲੋਕਾਂ ਦੇ ਗ਼ਲਤ ਵਤੀਰੇ ਨਾਲ ਸੱਟ ਹਉਮੈ ਉੱਤੇ ਲੱਗਦੀ ਹੈ ਪਰ ਜੋਗੀ ਨੇ *"ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ; ੧; ਅੰਗ ੫੫) ਹਉਮੈ ਅਤੇ ਤ੍ਰਿਸ਼ਨਾ ਨੂੰ ਸਮਾਪਤ ਕਰਕੇ ਹਿਰਦੇ ਵਿੱਚ ਸੱਚੇ ਨੂੰ ਵਸਾਇਆ ਹੁੰਦਾ ਹੈ ਜਿਸ ਕਰਕੇ ਉਹ *"ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਉਸਤਤ ਨਿੰਦਾ ਦੋਹਾਂ ਤੋਂ ਉੱਪਰ ਉੱਠ ਕੇ ਸੰਸਾਰ ਦੀ ਵਾਸਤਵਿਕਤਾ ਨੂੰ ਪਛਾਣਦਾ ਹੈ, ਨਾ ਉਸਤਤ ਸੁਣ ਕੇ ਖ਼ੁਸ਼ ਹੁੰਦਾ ਹੈ ਨਾ ਨਿੰਦਾ ਸੁਣ ਕੇ ਨਰਾਜ਼।

संतुष्टोऽपि न सन्तुष्टः खिन्नोऽपि न च खिद्यते।
तस्याश्चर्यदशां तां तां तादृशा एव जानते॥५६॥
ਸੰਤੁਸ਼੍ਟੋऽਪਿ ਨ ਸੰਤੁਸ਼੍ਟ: ਖਿੰਨੋऽਪਿ ਨ ਚ ਖਿਦਿਅਤੇ।
ਤਸਿਆਸ਼੍ਚਰਯਦਸ਼ਾਂ ਤਾਂ ਤਾਂ ਤਾਦ੍ਰਿਸ਼ਾ ਏਵ ਜਾਨਤੇ॥੫੬॥

ਸ਼ਬਦਾਰਥ:- ਸੰਤੁਸ਼੍ਟ: ਅਪਿ ਨ ਸੰਤੁਸ਼੍ਟ: = ਸੰਤੁਸ਼ਟ (ਦਿੱਸਦਾ) ਵੀ ਨਹੀਂ ਸੰਤੁਸ਼ਟ। ਖਿੰਨ: ਅਪਿ ਨ ਚ ਖਿਦਿਅਤੇ = ਉਦਾਸ (ਦਿੱਸਦਾ) ਵੀ ਨਹੀਂ ਹੁੰਦਾ ਉਦਾਸ। ਤਸਿਅ ਆਸ਼੍ਚਰਯ ਦਸ਼ਾਂ ਤਾਂ ਤਾਂ = ਉਸ ਦੀ ਅਸਚਰਜਮਈ ਦਸ਼ਾ, ਉਸ

ਉਸ ਨੂੰ। ਤਾਦ੍ਰਿਸ਼ਾ: ਏਵ ਜਾਨਤੇ = ਉਸ ਵਰਗੇ ਹੀ ਜਾਣਦੇ ਹਨ।

ਸ਼ਲੋਕਾਰਥ:- (ਜੋਗੀ) ਸੰਤੁਸ਼ਟ (ਦਿੱਸਦਾ ਹੋਇਆ) ਵੀ ਸੰਤੁਸ਼ਟ ਨਹੀਂ ਹੁੰਦਾ ਅਤੇ ਉਦਾਸ (ਦਿੱਸਦਾ ਹੋਇਆ) ਵੀ ਉਦਾਸ ਨਹੀਂ ਹੁੰਦਾ। ਉਸ ਦੀ ਉਸ ਉਸ ਅਸਚਰਜਮਈ ਦਸ਼ਾ ਨੂੰ ਉਸ ਵਰਗੇ ਹੀ ਜਾਣਦੇ ਹਨ।

ਭਾਵਾਰਥ:- ਪਰਮਾਤਮਾ ਨੇ *"ਹਰਖ ਸੋਗ ਕਾ ਦੇਹ ਕਰਿ ਬਾਧਿਓ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੯) ਦੇਹ ਨੂੰ ਖ਼ੁਸ਼ੀ ਉਦਾਸੀ ਨਾਲ ਬੰਨ੍ਹਿਆ ਹੋਇਆ ਹੈ। ਗਿਆਨੀ *"ਦੀਸਹਿ ਸਭ ਮਹਿ ਸਭ ਤੇ ਰਹਤੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੮੧) ਸਭ ਵਿੱਚ ਵਿਚਰਦਾ ਹੈ ਪਰ ਹੁੰਦਾ ਹੈ ਸਭ ਤੋਂ ਵੱਖਰਾ ਕਿਉਂਕਿ ਉਹ ਜਾਣਦਾ ਹੈ ਕਿ ਉਹ ਤਾਂ *"ਜੋਤੀ ਸਰੂਪ"* ਹੈ, ਦੇਹ ਨਹੀਂ ਜਿਸ ਕਰਕੇ *"ਹਰਖ ਸੋਗ ਦੁਹਹੂੰ ਤੇ ਮੁਕਤੇ॥"* (ਅੰਗ ੧੮੧) ਉਹ ਖ਼ੁਸ਼ੀ-ਉਦਾਸੀ ਦੋਹਾਂ ਤੋਂ ਮੁਕਤ ਹੁੰਦਾ ਹੈ ਭਾਵੇਂ ਚਿਹਰੇ ਤੋਂ ਉਹ ਖ਼ੁਸ਼ ਜਾਂ ਉਦਾਸ ਦਿੱਸੇ। *"ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੩) ਬ੍ਰਹਮ ਗਿਆਨੀ ਦੀ ਮਾਨਸਿਕ ਸਥਿਤੀ ਕੀ ਹੈ, ਕੋਈ ਨਹੀਂ ਜਾਣ ਸਕਦਾ, *"ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥"* (ਅੰਗ ੨੭੩) ਕੇਵਲ ਉਸ ਵਰਗਾ ਬ੍ਰਹਮ ਗਿਆਨੀ ਹੀ ਉਸ ਦੀ ਗਤੀ ਵਿਧੀ ਜਾਣ ਸਕਦਾ ਹੈ।

कर्तव्यतैव संसारो न तां पश्यन्ति सूरयः।
शून्याकारा निराकारा निर्विकारा निरामयाः॥५७॥
ਕਰਤਵਿਅਤੈਵ ਸੰਸਾਰੋ ਨ ਤਾਂ ਪਸ਼ਿਅੰਤਿ ਸੂਰਯ:।
ਸ਼ੂਨਿਆਕਾਰਾ ਨਿਰਾਕਾਰਾ ਨਿਰਵਿਕਾਰਾ ਨਿਰਾਮਯਾ:॥੫੭॥

ਸ਼ਬਦਾਰਥ:- ਕਰਤਵਿਅਤਾ ਏਵ ਸੰਸਾਰ: = ਫ਼ਰਜ਼ ਦੀ ਭਾਵਨਾ ਹੀ ਸੰਸਾਰ ਹੈ। ਨ ਤਾਂ ਪਸ਼ਿਅੰਤਿ ਸੂਰਯ: = ਨਹੀਂ ਉਸ ਨੂੰ ਵੇਖਦੇ ਗਿਆਨੀ। ਸ਼ੂਨਿਆਕਾਰਾ: ਨਿਰਾਕਾਰਾ: ਨਿਰਵਿਕਾਰਾ: ਨਿਰਾਮਯਾ: = ਖ਼ਲਾਅ ਰੂਪ, ਆਕਾਰ ਰਹਿਤ, ਨਿਰਵਿਕਾਰ, ਰੋਗ ਰਹਿਤ।

ਸ਼ਲੋਕਾਰਥ:- ਫ਼ਰਜ਼ ਦੀ ਭਾਵਨਾ ਹੀ ਸੰਸਾਰ ਹੈ। ਖ਼ਲਾਅ ਰੂਪ, ਆਕਾਰ ਰਹਿਤ, ਵਿਕਾਰ ਰਹਿਤ ਅਤੇ ਰੋਗ ਰਹਿਤ ਗਿਆਨੀ ਉਸ ਨੂੰ ਨਹੀਂ ਵੇਖਦੇ (ਉਸ ਨੂੰ ਉਲਾਂਘ ਜਾਂਦੇ ਹਨ)।

ਭਾਵਾਰਥ:- *"ਅਗਿਆਨੀ ਅੰਧੁ ਬਹੁ ਕਰਮ ਕਮਾਵੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸ ਮ: ੩; ਅੰਗ ੫੮੯) ਬੇਸਮਝ ਅਗਿਆਨੀ ਕਈ ਤਰ੍ਹਾਂ ਦੇ ਕਰਮ ਕਰਦਾ ਹੈ ਕਿਉਂਕਿ *"ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੭) ਅਗਿਆਨ ਕਾਰਨ ਇੱਛਾਵਾਂ ਉਸ ਨੂੰ ਦੁਖੀ ਕਰਦੀਆਂ ਹਨ ਅਤੇ ਉਨ੍ਹਾਂ ਦੀ ਪੂਰਤੀ

ਲਈ ਉਹ ਕੁਝ ਕਰਨਾ ਫ਼ਰਜ਼ ਸਮਝਦਾ ਹੈ। ਇਹ ਇੱਕ ਸੰਸਾਰੀ ਦਾ ਚਲਨ ਹੈ ਜਿਸ ਨੇ *"ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੪) ਝੂਠੇ ਸੰਸਾਰ ਨੂੰ ਸੱਚ ਮੰਨ ਕੇ ਉਸ ਨਾਲ ਮੋਹ ਪਾਇਆ ਹੋਇਆ ਹੁੰਦਾ ਹੈ। ਗਿਆਨੀ *"ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੭) ਆਪਣੇ ਆਪ ਨੂੰ ਪਛਾਣ ਕੇ ਨਿਜ ਸਰੂਪ ਵਿੱਚ ਰਹਿੰਦਾ ਹੈ ਜਿੱਥੇ ਹਉਮੈ ਤ੍ਰਿਸਨਾ ਸਮਾਪਤ ਹੋ ਜਾਂਦੇ ਹਨ। ਉਹ *"ਆਪੁ ਪਛਾਨੈ ਆਪੇ ਆਪ॥ ਰੋਗੁ ਨ ਬਿਆਪੈ ਤੀਨੌ ਤਾਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੨੭) ਆਪਣੇ ਆਪ ਨੂੰ ਪਛਾਣਦਾ ਹੈ ਕਿ ਮੈਂ ਜੋਤੀ ਸਰੂਪ ਹਾਂ ਜੋ ਖ਼ਲਾਅ ਰੂਪ, ਨਿਰਾਕਾਰ ਅਤੇ ਵਿਕਾਰ ਰਹਿਤ ਹੈ ਅਤੇ ਦੇਹ ਨੂੰ ਲੱਗਣ ਵਾਲੇ ਤ੍ਰਿਤਾਪ ਤੋਂ ਅਛੂਤਾ ਹੈ। *"ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਰਵਿਦਾਸ ਜੀਉ; ਅੰਗ ੧੧੬੭) ਗਿਆਨ ਲਈ ਕਈ ਕਰਮ ਕਰਦਾ ਹੈ ਪਰ ਜਦ ਗਿਆਨ ਹੋ ਜਾਏ ਤਦ ਕਰਮਾਂ ਨੂੰ ਉਲਾਂਘ ਜਾਂਦਾ ਹੈ।

अकुर्वन्नपि संक्षोभाद्व्यग्रः सर्वत्र मूढधीः।
कुर्वन्नपि तु कृत्यानि कुशलो हि निराकुलः॥५८॥

ਅਕੁਰਵੰਨਪਿ ਸੰਕ੍ਸ਼ੋਭਾਤ੍ਵਿਅਗ੍ਰ: ਸਰਵਤ੍ਰ ਮੂੜ੍ਹਧੀ:।
ਕੁਰਵੰਨਪਿ ਤੁ ਕ੍ਰਿਤਿਆਨਿ ਕੁਸ਼ਲੋ ਹਿ ਨਿਰਾਕੁਲ:॥੫੮॥

ਸ਼ਬਦਾਰਥ:- ਅਕੁਰਵਨ੍ ਅਪਿ = ਨਾ ਕਰਦਾ ਹੋਇਆ ਵੀ। ਸੰਕ੍ਸ਼ੋਭਾਤ੍ ਵਿਅਗ੍ਰ: = ਧਿਆਨ ਭੰਗ ਕਾਰਨ ਬੇਚੈਨ। ਸਰਵਤ੍ਰ ਮੂੜ੍ਹਧੀ: = ਸਦਾ ਮੂਰਖ। ਕੁਰਵਨ੍ ਅਪਿ ਤੁ ਕ੍ਰਿਤਿਆਨਿ = ਕਰਦਾ ਹੋਇਆ ਵੀ, ਪਰੰਤੂ, ਕਰਮ। ਕੁਸ਼ਲ: ਹਿ ਨਿਰਾਕੁਲ: = ਗਿਆਨੀ ਯਕੀਨਨ ਵਿਆਕੁਲਤਾ ਰਹਿਤ।

ਸ਼ਲੋਕਾਰਥ:- ਮੂਰਖ (ਕਰਮ) ਨਾ ਕਰਦਾ ਹੋਇਆ ਵੀ ਧਿਆਨ ਭੰਗ ਹੋਣ ਕਾਰਨ ਸਦਾ ਬੇਚੈਨ (ਰਹਿੰਦਾ ਹੈ) ਪਰੰਤੂ ਗਿਆਨੀ ਕਰਮ ਕਰਦਾ ਹੋਇਆ ਵੀ, ਨਿਸ਼ਚੇ ਹੀ, ਸ਼ਾਂਤ ਚਿੱਤ (ਰਹਿੰਦਾ ਹੈ)।

ਭਾਵਾਰਥ:- ਸਰੀਰਿਕ ਕਰਮ ਨਾ ਕਰਦੇ ਹੋਇਆਂ ਵੀ ਅਗਿਆਨੀ ਦਾ *"ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੧੩) ਮਨ ਆਤਮ ਗਿਆਨ ਤੋਂ ਹੀਣਾ ਹੋਣ ਕਰਕੇ ਚਾਰ ਚੁਫ਼ੇਰੇ ਭੱਜਾ ਫਿਰਦਾ ਹੈ ਅਤੇ *"ਧਾਵਤ ਧਾਵਤ ਨਹ ਤ੍ਰਿਪਤਾਸਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੧੫) ਦੌੜਦਾ ਭੱਜਦਾ ਕਦੀ ਵੀ ਤ੍ਰਿਪਤ ਨਹੀਂ ਹੁੰਦਾ। *"ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੩) ਮੋਨ ਧਾਰ ਕੇ ਇਕਾਂਤ ਵਿੱਚ ਬੈਠ ਜਾਣ ਨਾਲ ਵੀ ਮਨ ਵਿੱਚੋਂ ਸੰਕਲਪਾਂ ਦੀਆਂ ਗੰਢਾਂ ਮੁੱਕਦੀਆਂ ਨਹੀਂ ਜੋ

ਉਸ ਨੂੰ ਸਦਾ ਬੇਚੈਨ ਰੱਖਦੀਆਂ ਹਨ। ਸੰਸਾਰ ਦੀ ਅਸਾਰਤਾ ਨੂੰ ਸਮਝਦੇ ਹੋਏ ਗਿਆਨੀ ਦਾ *"ਗਿਆਨ ਕਾ ਬਧਾ ਮਨੁ ਰਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੬੯) ਮਨ ਗਿਆਨ ਦੇ ਪ੍ਰਭਾਵ ਹੇਠ ਬੱਝਾ ਰਹਿੰਦਾ ਹੈ, ਧਿਆਨ ਲਗਾਉਣ ਵਿੱਚ ਕੋਈ ਅੜਚਨ ਨਹੀਂ ਪਾਉਂਦਾ। ਕਰਮ ਕਰਦੇ ਸਮੇਂ ਗਿਆਨੀ ਦੀ ਇਹ ਭਾਵਨਾ ਰਹਿੰਦੀ ਹੈ ਕਿ *"ਜੋ ਕੀਨੋ ਸੋ ਤੁਮਹਿ ਕਰਾਇਓ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੦) ਜੋ ਵੀ ਉਸ ਨੇ ਕੀਤਾ ਹੈ, ਪਰਮਾਤਮਾ ਨੇ ਹੀ ਕਰਵਾਇਆ ਹੈ ਜਿਸ ਕਰਕੇ ਉਸ ਵਿੱਚ ਕਰਤਾ ਭਾਵ ਨਹੀਂ ਹੁੰਦਾ ਅਤੇ ਉਹ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਰਹਿੰਦਾ ਹੈ।

सुखमास्ते सुखं शेते सुखमायाति याति च।
सुखं वक्ति सुखं भुङ्क्ते व्यवहारेऽपि शान्तधीः॥५९॥

ਸੁਖਮਾਸ੍ਤੇ ਸੁਖੰ ਸ਼ੇਤੇ ਸੁਖਮਾਯਾਤਿ ਯਾਤਿ ਚ।
ਸੁਖੰ ਵਕ੍ਤਿ ਸੁਖੰ ਭੁੰਕ੍ਤੇ ਵਿਅਵਹਾਰੇ਽ਪਿ ਸ਼ਾਂਤਧੀ:॥੫੯॥

ਸ਼ਬਦਾਰਥ:- ਸੁਖੰ ਆਸ੍ਤੇ ਸੁਖੰ ਸ਼ੇਤੇ ਸੁਖੰ ਆਯਾਤਿ ਯਾਤਿ ਚ = ਸਹਿਜ ਵਿੱਚ ਬੈਠਦਾ ਹੈ, ਸਹਿਜੇ ਸੌਂਦਾ ਹੈ, ਸਹਿਜ ਵਿੱਚ ਆਉਂਦਾ ਅਤੇ ਜਾਂਦਾ ਹੈ। ਸੁਖੰ ਵਕ੍ਤਿ ਸੁਖੰ ਭੁੰਕ੍ਤੇ = ਸਹਿਜ ਵਿੱਚ ਬੋਲਦਾ ਹੈ, ਸਹਿਜੇ ਖਾਂਦਾ ਹੈ। ਵਿਅਵਹਾਰੇ ਅਪਿ ਸ਼ਾਂਤਧੀ: = ਵਿਹਾਰ ਵਿੱਚ ਵੀ ਸ਼ਾਂਤ ਚਿੱਤ।

ਸ਼ਲੋਕਾਰਥ:- ਸ਼ਾਂਤ ਚਿੱਤ (ਗਿਆਨੀ) ਵਿਹਾਰ ਵਿੱਚ ਵੀ ਸਹਿਜੇ ਬੈਠਦਾ ਹੈ, ਸਹਿਜੇ ਸੌਂਦਾ ਹੈ, ਸਹਿਜੇ ਆਉਂਦਾ ਜਾਂਦਾ ਹੈ, ਸਹਿਜ ਵਿੱਚ ਬੋਲਦਾ ਹੈ, ਸਹਿਜ ਵਿੱਚ ਖਾਂਦਾ ਹੈ।

ਭਾਵਾਰਥ:- ਸ਼ਾਂਤ ਚਿੱਤ ਗਿਆਨੀ *"ਸਹਜ ਨਿਰੰਤਰਿ ਰਹਉ ਸਮਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੦੪) ਸਦਾ ਸਹਿਜ ਸਥਿਤੀ ਵਿੱਚ ਰਹਿੰਦਾ ਹੈ। ਸੰਸਾਰ ਵਿੱਚ ਵਿਚਰਦਾ ਹੋਇਆ ਉਹ *"ਸਹਜੇ ਜਾਗਣੁ ਸਹਜੇ ਸੋਇ॥ ਸਹਜੇ ਹੋਤਾ ਜਾਇ ਸੁ ਹੋਇ॥ ਸਹਜਿ ਬੈਰਾਗੁ ਸਹਜੇ ਹੀ ਹਸਨਾ॥ ਸਹਜੇ ਚੂਪ ਸਹਜੇ ਹੀ ਜਪਨਾ॥੩॥ ਸਹਜੇ ਭੋਜਨ ਸਹਜੇ ਭਾਉ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੩੬) ਸਹਿਜੇ ਜਾਗਦਾ ਸੌਂਦਾ ਹੈ, ਉਸ ਤੋਂ ਜੋ ਵੀ ਹੁੰਦਾ ਹੈ ਸਹਿਜ ਵਿੱਚ ਹੁੰਦਾ ਹੈ, ਸਹਿਜ ਵਿੱਚ ਹੀ ਉਸ ਦੀ ਉਪਰਾਮਤਾ ਹੁੰਦੀ ਹੈ ਅਤੇ ਉਸ ਦਾ ਹੱਸਣਾ ਵੀ ਸਹਿਜ ਵਿੱਚ ਹੁੰਦਾ ਹੈ, ਉਸ ਦੀ ਚੁੱਪੀ ਅਤੇ ਨਾਮ ਜਪਣ ਵਿੱਚ ਵੀ ਸਹਿਜਤਾ ਹੁੰਦੀ ਹੈ ਅਤੇ ਖਾਣ ਪੀਣ ਵੀ ਸਹਿਜ ਵਿੱਚ ਹੁੰਦਾ ਹੈ ਕਿਉਂਕਿ ਉਹ *"ਸਮਦਰਸੀ ਪੂਰਨ ਨਿਰਜੋਗ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੧) ਹਰ ਸਥਿਤੀ ਵਿੱਚ ਸਮ ਅਤੇ ਪੂਰੀ ਤਰ੍ਹਾਂ ਨਿਰਲੇਪ ਹੁੰਦਾ ਹੈ।

स्वभावाद्यस्य नैवार्तिर्लोकवद्व्यवहारिण:।
महाह्रद इवाक्षोभ्यो गतक्लेश: सुशोभते॥६०॥
ਸੁਵਭਾਵਾਦਿਅਸਿਅ ਨੈਵਾਰਿਤਰਲੋਕਵਦ੍ਵਿਅਵਹਾਰਿਣ:।
ਮਹਾਹ੍ਰਦ ਇਵਾਕ੍ਸ਼ੋਭਿਓ ਗਤਕ੍ਲੇਸ਼: ਸੁਸ਼ੋਭਤੇ॥੬੦॥

ਸ਼ਬਦਾਰਥ:- ਸੁਵਭਾਵਾਤ੍ ਯਸਿਅ ਨ ਏਵ ਆਰਿਤ: ਲੋਕਵਤ੍ ਵਿਅਵਹਾਰਿਣ: = ਸੁਭਾਅ ਕਾਰਨ ਜਿਸ ਦਾ ਨਹੀਂ ਦੁੱਖ ਵਿੱਚ ਲੋਕਾਂ ਜਿਹਾ ਵਿਹਾਰ। ਮਹਾਹ੍ਰਦ: ਇਵ ਅਕ੍ਸ਼ੋਭਿਅ: ਗਤਕ੍ਲੇਸ਼: ਸੁਸ਼ੋਭਤੇ = ਮਹਾਨ ਸਰੋਵਰ ਦੀ ਤਰ੍ਹਾਂ ਸ਼ਾਂਤ ਅਤੇ ਕਲੇਸ਼ ਰਹਿਤ ਸ਼ੋਭਦਾ ਹੈ।

ਸ਼ਲੋਕਾਰਥ:- ਦੁੱਖ ਵਿੱਚ (ਜਿਸ ਦਾ ਆਪਣੇ) ਸੁਭਾਅ ਕਾਰਨ ਲੋਕਾਂ ਜਿਹਾ ਵਿਹਾਰ ਨਹੀਂ ਹੁੰਦਾ, (ਉਹ) ਮਹਾਨ ਸਰੋਵਰ ਦੀ ਤਰ੍ਹਾਂ ਸ਼ਾਂਤ ਅਤੇ ਕਲੇਸ਼ ਰਹਿਤ ਸ਼ੋਭਦਾ ਹੈ।

ਭਾਵਾਰਥ:- *"ਦੁਖਿ ਸੁਖਿ ਏਹੁ ਜੀਉ ਬਧੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੬੭) ਅਗਿਆਨੀ ਜੀਵ ਦੁੱਖ ਸੁਖ ਵਿੱਚ ਬੱਝਾ ਹੋਇਆ ਹੈ ਕਿਉਂਕਿ ਉਹ *"ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਝੂਠੇ ਸਰੀਰ ਨੂੰ ਸੱਚਾ ਮੰਨ ਕੇ ਆਪਣੇ ਆਪ ਨੂੰ ਉਸ ਦੇ ਦੁੱਖ ਸੁਖ ਨਾਲ ਬੰਨ੍ਹ ਲੈਂਦਾ ਹੈ, ਸੁਖ ਵਿੱਚ ਸੁਖੀ ਅਤੇ ਦੁੱਖ ਵਿੱਚ ਦੁਖੀ। *"ਗਿਆਨਵੰਤ ਕਉ ਤਤੁ ਬੀਚਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੩) ਗਿਆਨੀ ਸੰਸਾਰ ਦੇ ਤੱਤ ਉੱਤੇ ਵਿਚਾਰ ਕਰਦਾ ਹੈ ਅਤੇ ਇਸ ਦੀ ਅਸਾਰਤਾ ਜਾਣ ਕੇ *"ਨਿਜ ਘਰਿ ਵਸੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਵੈ ਸਰੂਪ ਦੀ ਸਹਿਜ ਸਥਿਤੀ ਵਿੱਚ ਵੱਸਦਾ ਹੈ ਅਤੇ ਜਿੱਥੋਂ ਤੱਕ ਦੇਹ ਦਾ ਸੰਬੰਧ ਹੈ ਉਹ *"ਤਾਹੂ ਸੰਗ ਤਾਹੂ ਨਿਰਲੇਪਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੯) ਉਸ ਦੇ ਨਾਲ ਰਹਿੰਦਾ ਹੋਇਆ ਵੀ ਉਸ ਤੋਂ ਨਿਰਲੇਪ ਹੁੰਦਾ ਹੈ ਅਤੇ ਜਿਵੇਂ ਡੂੰਘੀ ਝੀਲ ਵਿੱਚ ਸਤਹ ਉੱਤੇ ਦਿੱਸਦੀ ਹਲਚਲ ਹੇਠਲੇ ਜਲ ਵਿੱਚ ਨਹੀਂ ਜਾਂਦੀ, ਉਸੇ ਤਰ੍ਹਾਂ ਗਿਆਨੀ ਦਾ *"ਦੁਖੁ ਅਨੇਰਾ ਅੰਦਰਹੁ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੩; ਅੰਗ ੧੩੩੫) ਦੁੱਖ ਨਾਲ ਹੋਣ ਵਾਲਾ ਕਲੇਸ਼ ਅੰਦਰ ਜਾਂਦਾ ਹੀ ਨਹੀਂ। ਇਸ ਤਰ੍ਹਾਂ ਸਵੈ ਭਾਵ ਵਿੱਚ ਸਥਿਤ, ਕਲੇਸ਼ ਰਹਿਤ ਸ਼ਾਂਤ *"ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੩) ਬ੍ਰਹਮ ਗਿਆਨੀ ਸਦਾ ਅਨੰਦ ਵਿੱਚ ਰਹਿੰਦਾ ਹੈ ਅਤੇ *"ਨਿਜ ਘਰਿ ਵਾਸਾ ਸਦਾ ਸੋਹਦੇ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੫੩) ਸਵੈ ਸਰੂਪ ਵਿੱਚ ਸਥਿਤ ਸਦਾ ਸ਼ੋਭਾ ਖੱਟਦਾ ਹੈ।

निवृत्तिरपि मूढस्य प्रवृत्तिरुपजायते।
प्रवृत्तिरपिधीरस्य निवृत्तिर्फलदायिनी॥६१॥

ਨਿਵ੍ਰਿੱਤਿਰਪਿ ਮੂਢਸਿਅ ਪ੍ਰਵ੍ਰਿੱਤਿਰੁਪਜਾਯਤੇ।
ਪ੍ਰਵ੍ਰਿੱਤਿਰਪਿ ਧੀਰਸਿਅ ਨਿਵ੍ਰਿੱਤਿਰਫਲਦਾਯਿਨੀ॥੬੧॥

ਸ਼ਬਦਾਰਥ:- ਨਿਵ੍ਰਿੱਤਿ: ਅਪਿ ਮੂਢਸਿਅ ਪ੍ਰਵ੍ਰਿੱਤਿ: ਉਪਜਾਯਤੇ = ਨਿਵਿਰਤੀ ਵੀ ਮੂਰਖ ਦੀ ਪ੍ਰਵਿਰਤੀ ਪੈਦਾ ਕਰਦੀ ਹੈ। ਪ੍ਰਵ੍ਰਿੱਤਿ: ਅਪਿ ਧੀਰਸਿਅ ਨਿਵ੍ਰਿੱਤਿ: ਫਲ-ਦਾਯਿਨੀ = ਪ੍ਰਵਿਰਤੀ ਵੀ ਗਿਆਨੀ ਦੀ ਨਿਵਿਰਤੀ ਦਾ ਫਲ ਦੇਣ ਵਾਲੀ ਹੈ।

ਸ਼ਲੋਕਾਰਥ:- ਮੂਰਖ ਦੀ ਨਿਵਿਰਤੀ ਵੀ ਪ੍ਰਵਿਰਤੀ ਪੈਦਾ ਕਰਦੀ ਹੈ; ਗਿਆਨੀ ਦੀ ਪ੍ਰਵਿਰਤੀ ਵੀ ਨਿਵਿਰਤੀ ਦਾ ਫਲ ਦੇਣ ਵਾਲੀ ਹੁੰਦੀ ਹੈ।

ਭਾਵਾਰਥ:- *"ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੫੨) ਮਨਮੁਖ ਵਿੱਚ ਮਾਇਆ ਮੋਹ ਭਰਿਆ ਰਹਿੰਦਾ ਹੈ ਅਤੇ ਦਵੈਤ ਭਾਵ ਉਸ ਦੇ ਮਨ ਨੂੰ ਥਿਰ ਨਹੀਂ ਰਹਿਣ ਦੇਂਦਾ। *"ਮਨਮੁਖ ਕਰਮ ਕਰੇ ਅਹੰਕਾਰੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗ ਮ: ੩; ਅੰਗ ੮੭) ਮਨਮੁਖ ਆਪਣੇ ਅਹੰਕਾਰ ਵਿੱਚ ਕਰਮ ਕਰਦਾ ਹੈ ਕਿਉਂਕਿ *"ਹਉਮੈ ਕਰੈ ਕਰਾਵੈ ਹਉਮੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੧) ਹਉਮੈ ਹੀ ਕਰਮ ਕਰਦਾ ਕਰਾਉਂਦਾ ਹੈ। *"ਹਉਮੈ ਜਾਇ ਤ ਨਿਰਮਲੁ ਹੋਵੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੪; ਅੰਗ ੮੩੪) ਮਨ ਨਿਰਮਲ ਤਾਂ ਹੀ ਹੋ ਸਕਦਾ ਹੈ ਜੇ ਹਉਮੈ ਸਮਾਪਤ ਹੋਵੇ। ਇਸ ਕਰਕੇ ਜੇ ਉਹ ਕਰਮ ਤਿਆਗਦਾ ਵੀ ਹੈ, ਉਸ ਦਾ ਮਨ ਸੰਕਲਪਾਂ ਦੇ ਤਾਣੇ ਬਾਣੇ ਬੁਣਦਾ ਰਹਿੰਦਾ ਹੈ ਅਤੇ ਪ੍ਰਵਿਰਤੀ ਦੀ ਬਿਰਤੀ ਨਹੀਂ ਛੱਡਦਾ। ਇਸ ਦੇ ਉਲਟ, ਗਿਆਨੀ ਨੇ *"ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੨੬) ਹਉਮੈ ਅਤੇ ਸੰਸਾਰ ਪ੍ਰਤੀ ਮੋਹ ਤਿਆਗ ਕੇ ਪਰਮਾਤਮਾ ਨੂੰ ਮਨ ਵਿੱਚ ਵਸਾਇਆ ਹੁੰਦਾ ਹੈ। ਹਉਮੈ ਦੀ ਸਮਾਪਤੀ ਨਾਲ ਉਸ ਦਾ ਕਰਤਾ ਭਾਵ ਸਮਾਪਤ ਹੋ ਜਾਂਦਾ ਹੈ ਜਿਸ ਕਰਕੇ ਉਹ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਰਹਿੰਦਾ ਹੈ ਅਰਥਾਤ ਪ੍ਰਵਿਰਤੀ ਮਾਰਗ ਉੱਤੇ ਚੱਲਦਾ ਦਿੱਸਦਾ ਹੋਇਆ ਵੀ ਅਸਲ ਵਿੱਚ ਨਿਵਿਰਤੀ ਮਾਰਗ ਦਾ ਪਾਂਧੀ ਹੁੰਦਾ ਹੈ।

परिग्रहेषु वैराग्यं प्रायो मूढस्य दृश्यते।
देहे विगलिताशस्य क्व रागः क्व विरागता।।६२।।

ਪਰਿਗ੍ਰਹੇਸ਼ੁ ਵੈਰਾਗਿਅੰ ਪ੍ਰਾਯੋ ਮੂਢਸਿਅ ਦ੍ਰਿਸ਼ਿਅਤੇ।
ਦੇਹੇ ਵਿਗਲਿਤਾਸ਼ਸਿਅ ਕ੍ਵ ਰਾਗ: ਕ੍ਵ ਵਿਰਾਗਤਾ॥੬੨॥

ਸ਼ਬਦਾਰਥ:- ਪਰਿਗ੍ਰਹੇਸ਼ੁ ਵੈਰਾਗਿਅੰ ਪ੍ਰਾਯ: ਮੂਢਸਿਅ ਦ੍ਰਿਸ਼ਿਅਤੇ = ਅਧਿਕਾਰ ਹੇਠ ਵਸਤੂਆਂ ਤੋਂ ਵੈਰਾਗ ਅਕਸਰ ਮੂੜ੍ਹ ਦਾ ਦਿੱਸਦਾ ਹੈ। ਦੇਹੇ ਵਿਗਲਿਤ-ਆਸ਼ਸਿਅ = ਦੇਹ ਵਿੱਚ ਸਮਾਪਤ ਹੋਏ ਮੋਹ ਵਾਲੇ ਦਾ। ਕ੍ਵ ਰਾਗ: ਕ੍ਵ ਵਿਰਾਗਤਾ = ਕਿੱਥੇ

ਰਾਗ ਕਿੱਥੇ ਵੈਰਾਗ।

ਸ਼ਲੋਕਾਰਥ:- ਮੂੜ੍ਹ ਵਿਅਕਤੀ ਦਾ ਮਲਕੀਅਤ ਹੇਠ ਵਸਤੂਆਂ ਤੋਂ ਵੈਰਾਗ ਅਕਸਰ ਦਿੱਸਦਾ ਹੈ; (ਪਰੰਤੂ) ਦੇਹ ਵਿੱਚ ਸਮਾਪਤ ਹੋ ਚੁੱਕੇ ਮੋਹ ਵਾਲੇ ਦਾ ਕਿੱਥੇ ਰਾਗ ਅਤੇ ਕਿੱਥੇ ਵੈਰਾਗ!

ਭਾਵਾਰਥ:- ***"ਮਿਥਿਆ ਵਸਤੁ ਸਤਿ ਕਰਿ ਮਾਨੀ॥ ਹਿਤੁ ਲਾਇਓ ਸਠ ਮੂੜ ਅਗਿਆਨੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੦੪) ਮੂੜ੍ਹ ਅਗਿਆਨੀ ਝੂਠੇ ਸਰੀਰ ਨੂੰ ਸੱਚ ਮੰਨ ਕੇ ਉਸ ਦੇ ਮੋਹ ਵਿੱਚ ਪੈ ਜਾਂਦਾ ਹੈ ਅਤੇ ਉਸ ਦੀਆਂ ਲੋੜਾਂ ਪੂਰੀਆਂ ਕਰਨ ਲਈ ***"ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੪੮) ਧਨ ਅਤੇ ਹੋਰ ਮਾਇਆ ਇਕੱਠੀ ਕਰਦਾ ਹੈ ਜੋ ਅੰਤ ਵਿੱਚ ਦੁੱਖ ਹੀ ਦੇਂਦੇ ਹਨ। ਕਈ ਵਾਰੀਂ ਉਸ ਦੇ ਮਨ ਵਿੱਚ ਉਨ੍ਹਾਂ ਪ੍ਰਤੀ ਵੈਰਾਗ ਦਿੱਸਦਾ ਹੈ ਪਰ ਇਹ ਖਿਣਿਕ ਹੁੰਦਾ ਹੈ ਕਿਉਂਕਿ ਇਨ੍ਹਾਂ ਪ੍ਰਤੀ ***"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩) ਤ੍ਰਿਸ਼ਨਾ ਕਿਸੇ ਵਿਰਲੇ ਦੀ ਹੀ ਬੁਝਦੀ ਹੈ। ***"ਗਿਆਨਵੰਤ ਕਉ ਤਤੁ ਬੀਚਾਰ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੪੩) ਗਿਆਨੀ ਸੰਸਾਰ ਦੇ ਤੱਤ ਉੱਤੇ ਵਿਚਾਰ ਕਰਦਾ ਹੈ ਅਤੇ ਜਾਣਦਾ ਹੈ ਕਿ ਦੇਹ ਮਿਥਿਆ ਹੈ ਜਿਸ ਕਰਕੇ ਉਸ ਵਿੱਚ ਮੋਹ ਨਹੀਂ ਪਾਉਂਦਾ। ਉਹ ***"ਤਾਹੂ ਸੰਗ ਤਾਹੂ ਨਿਰਲੇਪਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੯) ਦੇਹ ਨਾਲ ਰਹਿੰਦਾ ਹੋਇਆ ਵੀ ਉਸ ਤੋਂ ਨਿਰਲੇਪ ਹੁੰਦਾ ਹੈ ਜਿਸ ਕਰਕੇ ਉਸ ਦੀਆਂ ਲੋੜਾਂ ਉਸ ਨੂੰ ਵਿਚਲਿਤ ਨਹੀਂ ਕਰਦੀਆਂ। ਇਸ ਦੇ ਨਾਲ ਨਾਲ ਉਸ ਦਾ ਇਹ ਨਿਸ਼ਚਾ ਹੁੰਦਾ ਹੈ ਕਿ ***"ਭਾਣੇ ਜੇਵਡ ਹੋਰ ਦਾਤਿ ਨਾਹੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩, ਅੰਗ ੧੦੬੩) ਭਾਣਾ ਪਰਮਾਤਮਾ ਦੀ ਵੱਡੀ ਦਾਤ ਹੈ ਅਤੇ ਉਹ ***"ਜੋ ਦੇਵੈ ਸੋ ਖਾਵਣਾ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੧; ਅੰਗ ੪੮੯) ਜੋ ਦੇਂਦਾ ਹੈ, ਉਹ ਭੋਗਣਾ ਹੀ ਹੈ ਜਿਸ ਕਰਕੇ ਵਸਤੂਆਂ ਨਾਲ ਰਾਗ-ਵੈਰਾਗ ਬੇਅਰਥ ਹੈ।

भावनाभावनासक्ता दृष्टिर्मूढस्य सर्वदा।
भाव्यभावनया सा तु स्वस्थस्यादृष्टिरूपिणी॥६३॥

ਭਾਵਨਾਭਾਵਨਾਸਕ੍ਤਾ ਦ੍ਰਿਸ਼ਿਟਰਮੂਢਸਿਅ ਸਰਵਦਾ।
ਭਾਵਿਅਭਾਵਨਯਾ ਸਾ ਤੁ ਸ੍ਵਸ੍ਥਸਿਆਦ੍ਰਿਸ਼ਿਟਰੂਪਿਣੀ॥੬੩॥

ਸ਼ਬਦਾਰਥ:- ਭਾਵਨਾ ਅਭਾਵਨਾ ਸਕ੍ਤਾ = ਸੋਚ-ਅਸੋਚ ਵਿੱਚ ਜੁੜੀ। ਦ੍ਰਿਸ਼ਿਟ: ਮੂਢਸਿਅ ਸਰਵਦਾ = ਦ੍ਰਿਸ਼ਟੀ ਅਗਿਆਨੀ ਦੀ ਸਦਾ। ਭਾਵਿਅ ਭਾਵਨਯਾ = ਸੋਚਦੇ ਹੋਏ ਸੋਚਨ ਯੋਗ ਬਾਰੇ। ਸਾ ਤੁ = ਉਹ ਪਰੰਤੂ। ਸ੍ਵ-ਸ੍ਥਸਿਅ ਅਦ੍ਰਿਸ਼ਿਟ ਰੂਪਿਣੀ = ਸਵੈ ਵਿੱਚ ਸਥਿਤ ਦੀ ਵੇਖਣ ਰਹਿਤ ਰੂਪ ਵਾਲੀ।

ਸ਼ਲੋਕਾਰਥ:- ਅਗਿਆਨੀ ਦੀ ਦ੍ਰਿਸ਼ਟੀ (ਚੇਤਨਾ) ਸਦਾ ਸੋਚ-ਅਸੋਚ ਵਿੱਚ ਜੁੜੀ ਰਹਿੰਦੀ ਹੈ; ਪਰੰਤੂ ਸਵੈ ਵਿੱਚ ਸਥਿਤ (ਗਿਆਨੀ) ਦੀ (ਚੇਤਨਾ) ਸੋਚਨ ਯੋਗ ਬਾਰੇ ਸੋਚਦੇ ਹੋਏ, ਨਾ ਵੇਖਣ ਵਾਲੇ ਰੂਪ ਵਾਲੀ ਹੁੰਦੀ ਹੈ।

ਭਾਵਾਰਥ:- ***"ਇਸੁ ਮਨ ਤੇ ਸਭ ਪਿੰਡ ਪਰਾਣਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੮) ਸਾਰੇ ਆਕਾਰ ਅਤੇ ਪਰਾਣ ਮਨ ਤੋਂ ਹਨ। ਅਗਿਆਨੀ ਦਾ ***"ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੯; ਅੰਗ ੯੦੨) ਮਨ ਮਾਇਆ ਵਿੱਚ ਹੀ ਉਲਝਿਆ ਰਹਿੰਦਾ ਹੈ ਅਤੇ ਗਿਆਨ ਨਹੀਂ ਸਮਝਦਾ। ਜੇ ਉਸ ਨੂੰ ਇਹ ਗਿਆਨ ਦਿੱਤਾ ਜਾਏ ਕਿ ***"ਸਮ ਸੁਪਨੈ ਕੈ ਇਹੁ ਜਗੁ ਜਾਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੭) ਇਸ ਸੰਸਾਰ ਨੂੰ ਸੁਪਨੇ ਵਾਂਗ ਸਮਝੋ ਅਰਥਾਤ ਜੋ ਵੀ ਦਿੱਸ ਰਿਹਾ ਹੈ ਸਭ ਝੂਠ ਹੈ, ਉਹ ਇਸ ਨੂੰ ਨਹੀਂ ਮੰਨਦਾ ਅਤੇ ਮਨ ਦੁਆਰਾ ਸੋਚਿਆਂ ਆਕਾਰਾਂ ਨੂੰ ਸੱਚ ਮੰਨਦਾ ਹੈ ਜਿਸ ਕਰਕੇ ਉਸ ਦੀ ਚੇਤਨਾ ਸਦਾ ਉਨ੍ਹਾਂ ਸੰਬੰਧੀ ਸੋਚ-ਅਸੋਚ ਵਿੱਚ ਜੁੜੀ ਰਹਿੰਦੀ ਹੈ। ਗਿਆਨੀ ਜਾਣਦਾ ਹੈ ਕਿ ***"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥ ਮਿਥਿਆ ਹਉਮੈ ਮਮਤਾ ਮਾਇਆ॥ ਮਿਥਿਆ ਰਾਜ ਜੋਬਨ ਧਨ ਮਾਲ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮) ਦੇਹ, ਪਰਿਵਾਰ, ਧਨ, ਰਾਜ ਭਾਗ ਆਦਿ ਸਭ ਮਿਥਿਆ ਹਨ ਅਤੇ ਅਸਲ ਵਿੱਚ ***"ਮਿਥਨੀ ਬਿਸਥਾਰੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੫; ਅੰਗ ੧੨੨੯) ਇਹ ਸਾਰਾ ਵਿਸਤਾਰ ਹੀ ਮਿਥਿਆ ਹੈ ਅਰਥਾਤ ਹੈ ਹੀ ਨਹੀਂ। ਇਸ ਕਰਕੇ ਦਿੱਸਦੇ ਹੋਏ ਨੂੰ ਵੇਖਦੇ ਹੋਏ ਵੀ ਉਸ ਦੀ ਦ੍ਰਿਸ਼ਟੀ ਨਾ ਵੇਖਦੇ ਹੋਏ ਵਾਲੀ ਰਹਿੰਦੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਜੋ ਦਿੱਸ ਰਿਹਾ ਹੈ, ਉਹ ਅਸਲ ਵਿੱਚ ਹੈ ਹੀ ਨਹੀਂ।

सर्वारम्भेषु निष्कामो यश्चरेद्बालवन्मुनिः।
न लेपस्तस्य शुद्धस्य क्रियमाणेऽपि कर्मणि॥६४॥
ਸਰਵਾਰੰਭੇਸ਼ੁ ਨਿਸ਼ਕਾਮੋ ਯਸ਼ਚਰੇਦ੍ਬਾਲਵਨ੍ਮੁਨਿ:।
ਨ ਲੇਪਸ੍ਤਸਿਅ ਸ਼ੁੱਧਸਿਅ ਕ੍ਰਿਯਮਾਣੇऽਪਿ ਕਰਮਣਿ॥੬੪॥

ਸ਼ਬਦਾਰਥ:- ਸਰਵ ਆਰੰਭੇਸ਼ੁ ਨਿਸ਼ਕਾਮ: ਯ: ਚਰੇਤ੍ ਬਾਲਵਤ੍ ਮੁਨਿ: = ਸਾਰੇ ਅਰੰਭਾਂ ਵਿੱਚ ਕਾਮਨਾ ਰਹਿਤ, ਜੋ ਵਿਹਾਰ ਕਰਦਾ ਹੈ, ਬੱਚੇ ਦੀ ਤਰ੍ਹਾਂ, ਗਿਆਨੀ। ਨ ਲੇਪ: ਤਸਿਅ ਸ਼ੁੱਧਸਿਅ ਕ੍ਰਿਯਮਾਣੇ ਅਪਿ ਕਰਮਣਿ = ਨਹੀਂ ਲੇਪ ਹੁੰਦਾ, ਉਸ ਸ਼ੁੱਧ ਦਾ, ਕੀਤੇ ਜਾ ਰਹੇ, ਵੀ, ਕਰਮ ਵਿੱਚ।

ਸ਼ਲੋਕਾਰਥ:- ਜਿਹੜਾ ਗਿਆਨੀ ਸਾਰੇ ਅਰੰਭਾਂ (ਕਰਮਾਂ) ਵਿੱਚ, ਕਾਮਨਾ ਰਹਿਤ ਬਾਲਕ ਵਾਂਗ ਵਿਹਾਰ ਕਰਦਾ ਹੈ, ਉਸ ਸ਼ੁੱਧ (ਸਰੂਪ) ਦਾ ਕੀਤੇ ਜਾ ਰਹੇ ਕਰਮ ਵਿੱਚ ਵੀ ਲੇਪ ਨਹੀਂ ਹੁੰਦਾ।

ਭਾਵਾਰਥ:- ਗਿਆਨੀ ਵਿੱਚ ਇਹ ਭਾਵਨਾ ਰਹਿੰਦੀ ਹੈ ਕਿ *"ਜਹ ਰਾਖੈ ਸੋਈ ਸੁਖ ਥਾਨਾ॥ ਸਹਜੇ ਹੋਇ ਸੋਈ ਭਲ ਮਾਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੭) ਜਿੱਥੇ ਪਰਮਾਤਮਾ ਰੱਖੇ ਉਹ ਥਾਂ ਹੀ ਉਸ ਲਈ ਉੱਤਮ ਹੈ ਅਤੇ ਉਹ ਹੀ ਉਸ ਦੇ ਭਲੇ ਲਈ ਹੈ ਜੋ ਸਹਿਜ ਸੁਭਾਇ ਹੁੰਦਾ ਹੈ। ਇਸ ਕਰਕੇ ਉਸ ਦੀ ਹਰ ਕਿਰਿਆ ਬਾਲਕ ਦੀ ਕਿਰਿਆ ਦੀ ਤਰ੍ਹਾਂ ਕਾਮਨਾ ਰਹਿਤ ਅਤੇ ਸਹਿਜ ਹੁੰਦੀ ਹੈ। ਉਹ *"ਹਉਮੈ ਮੈਲੁ ਸਬਦਿ ਜਲਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੭) ਨਾਮ ਜਪ ਨਾਲ ਹਉਮੈ ਮੈਲ ਨੂੰ ਜਲਾ ਕੇ ਸ਼ੁੱਧ ਹੋ ਜਾਂਦਾ ਹੈ ਅਤੇ ਕੇਵਲ *"ਪੂਰਬਿ ਲਿਖਿਆ ਸੁ ਕਰਮੁ ਕਮਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੮) ਪ੍ਰਾਰਬਧ ਕਰਮ ਹੀ ਉਸ ਤੋਂ ਹੁੰਦੇ ਹਨ। ਹਉਮੈ ਰਹਿਤ ਹੋਣ ਕਰਕੇ ਉਸ ਵਿੱਚ ਕਰਤਾ ਭਾਵ ਨਹੀਂ ਹੁੰਦਾ ਜਿਸ ਕਰਕੇ ਕੀਤੇ ਕੰਮਾਂ ਦਾ ਉਸ ਉੱਤੇ ਲੇਪ ਨਹੀਂ ਹੁੰਦਾ।

स एवधन्य आत्मज्ञः सर्वभावेषु यः समः।
पश्यन् शृण्वन् स्पृशन् जिघ्रन्नश्ननिस्तर्षमानसः॥६५॥
ਸ ਏਵ ਧਨਿਅ ਆਤ੍ਮਗਿਅ: ਸਰਵਭਾਵੇਸ਼ੁ ਯ: ਸਮ:।
ਪਸ਼ਿਅਨ੍ ਸ਼੍ਰਿਣ੍ਵਨ੍ ਸ੍ਪ੍ਰਿਸ਼ਨ੍ ਜਿਘ੍ਰੰਨਸ਼੍ਨੰਨਿਸ੍ਤਰਸ਼ਮਾਨਸ:॥੬੫॥

ਸ਼ਬਦਾਰਥ:- ਸ: ਏਵ ਧਨਿਅ: ਆਤ੍ਮਗਿਅ: = ਉਹ ਹੀ ਧੰਨ ਹੈ ਆਤਮ ਗਿਆਨੀ। ਸਰਵ ਭਾਵੇਸ਼ੁ ਯ: ਸਮ: = ਹਰ ਭਾਵ ਵਿੱਚ ਜੋ ਸਮ ਰਹਿੰਦਾ ਹੈ। ਪਸ਼ਿਅਨ੍ ਸ਼੍ਰਿਣ੍ਵਨ੍ ਸ੍ਪ੍ਰਿਸ਼ਨ੍ ਜਿਘ੍ਰਨ੍ ਅਸ਼੍ਨਨ੍ = ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ ਹੋਇਆ। ਨਿਸ੍ਤਰਸ਼ਮਾਨਸ: = ਮਨ ਦੇ ਪਾਰ ਹੋਇਆ ਹੋਇਆ।

ਸ਼ਲੋਕਾਰਥ:- ਉਹ ਆਤਮ ਗਿਆਨੀ ਧੰਨ ਹੈ ਜੋ ਮਨ ਦੇ ਪਾਰ ਹੋ ਚੁੱਕਾ ਹੈ ਅਤੇ ਵੇਖਦਾ, ਸੁਣਦਾ, ਛੂੰਹਦਾ, ਸੁੰਘਦਾ, ਖਾਂਦਾ ਹੋਇਆ, ਹਰ ਭਾਵ ਵਿੱਚ ਸਮ ਰਹਿੰਦਾ ਹੈ।

ਭਾਵਾਰਥ:- *"ਆਪੁ ਪਛਾਣੈ ਮਨੁ ਨਿਰਮਲੁ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੧੬੧) ਜਿਹੜਾ ਸਵੈ ਨੂੰ ਪਛਾਣਦਾ ਹੈ ਭਾਵ ਆਤਮ ਗਿਆਨੀ ਹੈ ਉਸ ਦਾ ਮਨ ਨਿਰਮਲ ਹੁੰਦਾ ਹੈ ਅਰਥਾਤ ਉਸ ਦੇ ਮਨ ਵਿੱਚ ਵਿਕਲਪਾਂ ਰੂਪੀ ਮੈਲ ਨਹੀਂ ਹੁੰਦੀ। ਦੂਜੇ *"ਆਪੁ ਪਛਾਣੈ ਘਰਿ ਵਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੭) ਆਤਮ ਗਿਆਨੀ ਆਪਣੇ ਸਰੂਪ ਘਰ ਵਿੱਚ ਵੱਸਦਾ ਹੈ ਅਤੇ ਇਹ ਵੀ ਜਾਣਦਾ ਹੈ ਕਿ *"ਮਨ ਤੂੰ ਜੋਤਿ ਸਰੂਪੁ ਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੪੧) ਮੈਂ ਜੋਤੀ ਸਰੂਪ ਹਾਂ, ਸਥੂਲ ਦੇਹ ਨਹੀਂ। ਵੇਖਣਾ, ਸੁਣਨਾ, ਛੂਹਣਾ, ਸੁੰਘਣਾ, ਖਾਣਾ ਆਦਿ ਦੇਹ ਦੀਆਂ ਕਿਰਿਆਵਾਂ ਹਨ ਜਿਨ੍ਹਾਂ ਨੂੰ ਉਹ ਸਾਖੀ ਭਾਵ ਵਿੱਚ ਵੇਖਦਾ ਹੈ ਅਤੇ ਕਿਸੇ ਤਰ੍ਹਾਂ ਪ੍ਰਭਾਵਿਤ ਨਹੀਂ ਹੁੰਦਾ, ਸਮ ਰਹਿੰਦਾ ਹੈ।

क्व संसारः क्व चाभासः क्व साध्यं क्व च साधनम्।
आकाशस्येवधीरस्य निर्विकल्पस्य सर्वदा॥६६॥

ਕ੍ਵ ਸੰਸਾਰ: ਕ੍ਵ ਚਾਭਾਸ: ਕ੍ਵ ਸਾਧਿਅੰ ਕ੍ਵ ਚ ਸਾਧਨਮ੍।
ਆਕਾਸ਼ਸਿਏਵ ਧੀਰਸਿਅ ਨਿਰਵਿਕਲ੍ਪਸਿਅ ਸਰਵਦਾ॥੬੬॥

ਸ਼ਬਦਾਰਥ:- ਕ੍ਵ ਸੰਸਾਰ: ਕ੍ਵ ਚ ਆਭਾਸ: ਕ੍ਵ ਸਾਧਿਅੰ ਕ੍ਵ ਚ ਸਾਧਨਮ੍ = ਕਿੱਥੇ ਸੰਸਾਰ, ਅਤੇ ਕਿੱਥੇ ਆਭਾਸ, ਕਿੱਥੇ ਸਾਧਯ ਅਤੇ ਕਿੱਥੇ ਸਾਧਨ। ਆਕਾਸ਼ਸਿਅ ਇਵ ਧੀਰਸਿਅ = ਆਕਾਸ਼ ਦੀ ਤਰ੍ਹਾਂ ਧੀਰ ਦਾ। ਨਿਰਵਿਕਲ੍ਪਸਿਅ ਸਰਵਦਾ = ਨਿਰਵਿਕਲਪ ਦਾ, ਸਦਾ।

ਸ਼ਲੋਕਾਰਥ:- ਆਕਾਸ਼ ਦੀ ਤਰ੍ਹਾਂ ਸਦਾ ਨਿਰਵਿਕਲਪ ਧੀਰ ਲਈ ਕਿੱਥੇ ਸੰਸਾਰ, ਕਿੱਥੇ ਆਭਾਸ, ਕਿੱਥੇ ਸਾਧਯ ਅਤੇ ਕਿੱਥੇ ਸਾਧਨ!

ਭਾਵਾਰਥ:- *"ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੨) ਗਿਆਨ ਨਾਲ ਮਨ ਨੂੰ ਮਾਂਜ ਲਈਏ ਤਾਂ ਫਿਰ ਕਦੇ ਮੈਲਾ ਨਹੀਂ ਹੁੰਦਾ ਅਰਥਾਤ ਗਿਆਨ ਨਾਲ ਮਾਂਜੇ ਹੋਏ ਗਿਆਨੀ ਦੇ ਮਨ ਵਿੱਚ ਵਿਕਲਪਾਂ ਰੂਪੀ ਮੈਲ ਨਹੀਂ ਰਹਿੰਦੀ, ਉਹ ਸਦਾ ਨਿਰਵਿਕਲਪ ਹੁੰਦਾ ਹੈ। ਵੈਸੇ ਵੀ *"ਜਿਨਿ ਆਤਮੁ ਚੀਨਿਆ ਪਰਮਾਤਮੁ ਸੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੨੧) ਜਿਸ ਨੇ ਆਪਣੇ ਆਪ ਨੂੰ ਪਛਾਣ ਲਿਆ ਹੈ, ਉਹ ਪਰਮਾਤਮਾ ਹੀ ਹੈ ਅਤੇ *"ਪ੍ਰਭ ਬਿਨਾ ਨਾਹੀ ਹੋਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੭) ਪਰਮਾਤਮਾ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ। ਇਸ ਕਰਕੇ ਉਸ ਪਰਮਾਤਮ ਸਰੂਪ ਲਈ ਸੰਸਾਰ ਜਾਂ ਉਸ ਦਾ ਆਭਾਸ, ਸਾਧਯ ਜਾਂ ਉਸ ਦੀ ਪਰਾਪਤੀ ਦੇ ਸਾਧਨ, ਸਭ ਅਰਥ ਹੀਨ ਹਨ।

स जयत्यर्थसंन्यासी पूर्णस्वरसविग्रहः।
अकृत्रिमोऽनवच्छिन्ने समाधिर्यस्य वर्तते॥६७॥

ਸ ਜਯਤਿਅਰਥਸੰਨਿਆਸੀ ਪੂਰਣਸ੍ਵਰਸਵਿਗ੍ਰਹ:।
ਅਕ੍ਰਿਤ੍ਰਿਮੋऽਨਵਛਿੰਨੇ ਸਮਾਧਿਰਯਸਿਅ ਵਰਤਤੇ॥੬੭॥

ਸ਼ਬਦਾਰਥ:- ਸ: ਜਯਤਿ = ਉਹ ਜਿੱਤਦਾ ਹੈ ਅਰਥਾਤ ਸ਼ੋਭਾ ਪਾਉਂਦਾ ਹੈ। ਅਰਥਸੰਨਿਆਸੀ = ਇੱਛਾਵਾਂ ਦਾ ਤਿਆਗੀ। ਪੂਰਣ ਸ੍ਵ ਰਸ ਵਿਗ੍ਰਹ: = ਪੂਰਣ ਆਤਮ ਆਨੰਦ ਸਰੂਪ। ਅਕ੍ਰਿਤ੍ਰਿਮ: ਅਨ ਅਵਛਿੰਨਾ ਸਮਾਧਿ: ਯਸਿਅ ਵਰਤਤੇ = ਬਣਾਵਟ ਰਹਿਤ ਅਰਥਾਤ ਸੁਭਾਵਿਕ ਅਖੰਡ ਸਮਾਧੀ ਜਿਸ ਦੀ ਰਹਿੰਦੀ ਹੈ।

ਸ਼ਲੋਕਾਰਥ:- ਇੱਛਾਵਾਂ-ਮੁਕਤ, ਪੂਰਣ ਆਤਮ ਆਨੰਦ ਸਰੂਪ, ਜਿਸ ਦੀ ਸੁਭਾਵਿਕ ਸਮਾਧੀ ਅਖੰਡ ਰਹਿੰਦੀ ਹੈ, ਸ਼ੋਭਾ ਪਾਉਂਦਾ ਹੈ।

ਭਾਵਾਰਥ:- ਸੰਸਾਰਿਕ ਵਿਸ਼ਿਆਂ ਪ੍ਰਤੀ *"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩) ਭੁੱਖ ਅਰਥਾਤ ਇੱਛਾਵਾਂ ਕਿਸੇ ਵਿਰਲੇ ਦੀਆਂ ਹੀ ਬੁਝਦੀਆਂ ਹਨ ਅਤੇ ਜਿਸ ਦੀ *"ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੭) ਤ੍ਰਿਸ਼ਨਾ ਅਰਥਾਤ ਇੱਛਾਵਾਂ ਸਮਾਪਤ ਹੋ ਜਾਂਦੀਆਂ ਹਨ, ਉਸ ਦਾ ਮਨ ਥਿਰ ਹੋ ਜਾਂਦਾ ਹੈ ਜੋ ਸਮਾਧੀ ਵਿੱਚ ਚਲੇ ਜਾਣ ਦੀ ਨਿਸ਼ਾਨੀ ਹੈ। ਸਮਾਧੀ ਦੀ ਅਵਸਥਾ ਵਿੱਚ ਸਾਧਕ ਪਰਮਾਤਮਾ ਨਾਲ ਇੱਕ ਹੋ ਜਾਂਦਾ ਹੈ ਅਤੇ ਕਿਉਂਕਿ *"ਆਨਦ ਮੂਲੁ ਸਦਾ ਪੁਰਖੋਤਮੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਕਬੀਰ ਜੀਉ; ਅੰਗ ੮੭੦) ਪਰਮਾਤਮਾ ਆਨੰਦ ਮੂਲ ਹੈ, ਸਾਧਕ ਵੀ ਪੂਰਨ ਆਨੰਦ ਸਰੂਪ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਸਾਧਕ *"ਨਿਜ ਘਰਿ ਵਾਸਾ ਸਦਾ ਸੋਹਦੇ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੮੫੩) ਸਵੈ ਸਰੂਪ ਵਿੱਚ ਰਹਿੰਦੇ ਸਦਾ ਸ਼ੋਭਾ ਪਾਉਂਦੇ ਹਨ।

बहुनात्र किमुक्तेन ज्ञाततत्त्वो महाशयः।
भोगमोक्षनिराकांक्षी सदा सर्वत्र नीरसः॥६८॥

ਬਹੁਨਾਤ੍ਰ ਕਿਮੁਕ੍ਤੇਨ ਗਿਆਤਤੱਤ੍ਵੋ ਮਹਾਸ਼ਯ:।
ਭੋਗਮੋਕ੍ਸ਼ਨਿਰਾਕਾਂਕ੍ਸ਼ੀ ਸਦਾ ਸਰਵਤ੍ਰ ਨੀਰਸ:॥੬੮॥

ਸ਼ਬਦਾਰਥ:- ਬਹੁਨਾ ਅਤ੍ਰ ਕਿਮ੍ ਉਕ੍ਤੇਨ = ਬਹੁਤ ਏਥੇ ਕੀ ਕਹਿਣਾ। ਗਿਆਤ ਤੱਤਵ: ਮਹਾਸ਼ਯ: = ਜਾਣ ਚੁੱਕਿਆ ਤੱਤ ਨੂੰ ਮਹਾਤਮਾ। ਭੋਗ ਮੋਕ੍ਸ਼ ਨਿਰਕਾਂਕ੍ਸ਼ੀ = ਭੋਗਾਂ ਅਤੇ ਮੋਖ ਦੀ ਅਕਾਂਖਿਆ ਰਹਿਤ। ਸਦਾ ਸਰਵਤ੍ਰ ਨੀਰਸ: = ਸਦਾ ਹਰ ਜਗ੍ਹਾ ਨਿਰਲੇਪ ਰਹਿੰਦਾ ਹੈ।

ਸ਼ਲੋਕਾਰਥ:- ਏਥੇ ਬਹੁਤਾ ਕੀ ਕਹਿਣਾ, ਤੱਤ ਜਾਣ ਚੁੱਕਾ ਹੋਇਆ ਮਹਾਤਮਾ, ਭੋਗਾਂ ਅਤੇ ਮੋਖ ਦੀ ਅਕਾਂਖਿਆ ਰਹਿਤ, ਸਦਾ ਹਰ ਸਥਿਤੀ ਵਿੱਚ ਨਿਰਲੇਪ ਵਿਚਰਦਾ ਹੈ।

ਭਾਵਾਰਥ:- *"ਤਤੁ ਗਿਆਨੁ ਹਰਿ ਅੰਮ੍ਰਿਤ ਨਾਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੪੬) ਪ੍ਰਭੂ ਦੇ ਅੰਮ੍ਰਿਤ ਨਾਮ ਦੀ ਸਮਝ ਹੀ ਤੱਤ ਗਿਆਨ ਹੈ। *"ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੫੨੦) ਤੱਤ ਗਿਆਨ ਉੱਤੇ ਧਿਆਨ ਲਗਾਉਣ ਵਾਲੇ ਦੀ ਦ੍ਰਿਸ਼ਟੀ ਸਿਮਟ ਜਾਂਦੀ ਹੈ ਅਤੇ ਉਸ ਨੂੰ *"ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ॥"* (ਅੰਗ ੫੨੦) ਇੱਕ ਪੂਰਨ ਬ੍ਰਹਮ ਹੀ ਨਜ਼ਰ ਆਉਂਦਾ ਹੈ। ਕਿਉਂਕਿ *"ਪਾਰਬ੍ਰਹਮ ਪ੍ਰਭ ਸੁਖ ਨਿਧਾਨ॥"* (ਅੰਗ ੧੧੪੬) ਪਰਮਾਤਮਾ ਸਾਰੇ ਸੁਖਾਂ ਦਾ ਘਰ ਹੈ, *"ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੫; ਅੰਗ ੭੪੭) ਜਦ ਅਗਮ ਅਪਾਰ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਦ ਕੋਈ ਇੱਛਾ ਬਾਕੀ ਨਹੀਂ ਬਚਦੀ, ਨਾ ਕਿਸੇ ਭੋਗ ਦੀ

ਅਤੇ ਨਾ ਹੀ ਮੋਖ ਦੀ। ਇਸ ਕਰਕੇ ਉਹ ***"ਸਭ ਕੈ ਮਧਿ ਅਲਿਪਤੋ ਰਹੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫: ਅੰਗ ੨੯੪) ਸਭਨਾਂ ਵਿੱਚ ਅਤੇ ਹਰ ਪਰਿਸਥਿਤੀ ਵਿੱਚ ਨਿਰਲੇਪ ਵਿਚਰਦਾ ਹੈ।

महदादि जगद्द्वैतं नाममात्रविजृम्भितम्।
विहाय शुद्धबोधस्य किं कृत्यमवशिष्यते।।६९।।

ਮਹਦਾਦਿ ਜਗਦ੍ਦ੍ਵੈਤੰ ਨਾਮਮਾਤ੍ਰਵਿਜ੍ਰਿੰਭਿਤਮ੍।
ਵਿਹਾਜ ਸ਼ੁੱਧਬੋਧਸਿਅ ਕਿੰ ਕ੍ਰਿਤਿਅਮਵਸ਼ਿਸ਼ਿਅਤੇ॥੬੯॥

ਸ਼ਬਦਾਰਥ:- ਮਹਤ੍ ਆਦਿ = ਮਹਤ ਤੋਂ ਲੈ ਕੇ (ਸਾਂਖਯ ਸ਼ਾਸਤਰ ਅਨੁਸਾਰ ਪ੍ਰਕਿਰਤੀ ਤੋਂ ਮਹਤ-cosmic intelligence ਦਾ ਵਿਕਾਸ ਹੁੰਦਾ ਹੈ; ਉਸ ਤੋਂ ਅਹੰਕਾਰ, ਉਸ ਤੋਂ ਮਨ, ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਪੰਜ ਤਨਮਾਤ੍ਰਾਂ-ਸੂਖਮ ਭੂਤ, ਜਿਨ੍ਹਾਂ ਤੋਂ ਬਣਦੇ ਹਨ ਪੰਜ ਮਹਾਂ ਭੂਤ ਜਿਨ੍ਹਾਂ ਨਾਲ ਇਹ ਸਥੂਲ ਬ੍ਰਹਿਮੰਡ ਬਣਦਾ ਹੈ)। ਜਗਤ੍ ਦ੍ਵੈਤੰ = ਦਵੈਤ ਜਗਤ। ਨਾਮ ਮਾਤ੍ਰ ਵਿਜ੍ਰਿੰਭਿਤਮ੍ = ਨਾਮ ਮਾਤ੍ਰ ਭਿੰਨ। ਵਿਹਾਜ = ਤਿਆਗ ਕੇ। ਸ਼ੁੱਧ ਬੋਧਸਿਅ ਕਿੰ ਕ੍ਰਿਤਿਅਮ੍ ਅਵਸ਼ਿਸ਼ਿਅਤੇ = ਸ਼ੁੱਧ-ਬੁੱਧ ਸਰੂਪ ਦੀ ਕਿਹੜੀ ਕਰਤਵਿਅਤਾ ਬਚਦੀ ਹੈ?

ਸ਼ਲੋਕਾਰਥ:- ਮਹਤ ਤੋਂ ਲੈ ਕੇ ਦਵੈਤ ਜਗਤ ਤੱਕ ਨਾਮ ਮਾਤਰ ਭਿੰਨਤਾ ਦਾ ਤਿਆਗ ਕਰਕੇ, ਸ਼ੁੱਧ ਬੁੱਧ ਸਰੂਪ ਲਈ ਕਿਹੜੀ ਕਰਤਵਿਅਤਾ ਬਚਦੀ ਹੈ!

ਭਾਵਾਰਥ:- ***"ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀਉ; ਅੰਗ ੪੮੫) ਪਾਣੀ ਦੀਆਂ ਲਹਿਰਾਂ ਅਤੇ ਬੁਲਬੁਲੇ ਪਾਣੀ ਤੋਂ ਭਿੰਨ ਨਹੀਂ ਹੁੰਦੇ; ਜਲ ਤੋਂ ਪੈਦਾ ਹੋ ਕੇ ਜਲ ਵਿੱਚ ਹੀ ਸਮਾਅ ਜਾਂਦੇ ਹਨ। ਹੋਂਦ ਕੇਵਲ ਜਲ ਦੀ ਹੈ। ਇਸੇ ਤਰ੍ਹਾਂ ਮਹਤ ਤੋਂ ਲੈ ਕੇ ਜਗਤ ਤੱਕ ***"ਤਿਸੁ ਪ੍ਰਭ ਤੇ ਸਗਲੀ ਉਤਪਤਿ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੪) ਸਭ ਉਤਪੱਤੀ ਪਰਮਾਤਮਾ ਤੋਂ ਹੈ। ***"ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ॥ ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੫੭-੫੮) ਜਿਵੇਂ ਜਲ ਉੱਤੇ ਬੁਲਬੁਲੇ ਹੁੰਦੇ ਹਨ, ਉਸੇ ਤਰ੍ਹਾਂ ਆਤਮਾ-ਪਰਮਾਤਮਾ ਉੱਤੇ ਸੰਸਾਰ ਪ੍ਰਤੀਤ ਹੁੰਦਾ ਹੈ, ਜਿਸ ਨੇ ਅੰਤ ਨੂੰ ਪਰਮਾਤਮਾ ਵਿੱਚ ਹੀ ਸਮਾਅ ਜਾਣਾ ਹੁੰਦਾ ਹੈ; ਹੋਂਦ ਕੇਵਲ ਆਤਮਾ ਦੀ ਹੈ। ਇਸ ਕਰਕੇ ***"ਉਸ ਤੇ ਭਿੰਨ ਕਹਹੁ ਕਿਛੁ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੯) ਓਸ ਪਰਮਾਤਮਾ ਤੋਂ ਭਿੰਨ ਕੁਝ ਨਹੀਂ। ***"ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥"*** (ਅੰਗ ੪੮੫) ਇਹ ਪਰਪੰਚ ਪ੍ਰਭੂ ਦੀ ਲੀਲਾ ਹੈ ਅਤੇ ਵਿਚਾਰ ਕਰਨ ਉੱਤੇ ਸਮਝ ਪੈਂਦੀ ਹੈ ਕਿ ਉਸ ਤੋਂ ਭਿੰਨ ਨਹੀਂ ਅਰਥਾਤ ਮਹਤ ਤੋਂ ਲੈ ਕੇ ਜਗਤ ਤੱਕ ਦਵੈਤ/ਭਿੰਨਤਾ ਨਾਮ ਮਾਤਰ

ਹੈ, ਹੈ ਨਹੀਂ। ਆਤਮ ਗਿਆਨੀ ਭਿੰਨਤਾ ਦਾ ਭਰਮ ਤਿਆਗ ਕੇ ਆਪਣੀ ਆਤਮਾ ਦੇ ਸ਼ੁੱਧ ਬੋਧ ਵਿੱਚ ਸਥਿਤ ਰਹਿੰਦਾ ਹੈ ਜਿਸ ਕਰਕੇ ਜਗਤ ਵਿੱਚ ਉਸ ਲਈ ਕੋਈ ਕਰਤਵਿਅ ਨਹੀਂ ਬਚਦਾ।

भ्रमभूतमिदं सर्वं किञ्चिन्नास्तीति निश्चयी।
अलक्ष्यस्फुरणः शुद्धः स्वभावेनैव शाम्यति॥७०॥

ਭ੍ਰਮਭੂਤਮਿਦੰ ਸਰਵੰ ਕਿੰਚਿੰਨਾਸ੍ਤੀਤਿ ਨਿਸ਼੍ਚਯੀ।
ਅਲਕ੍ਸ਼ਿਅਸ੍ਫੁਰਣ: ਸ਼ੁੱਧ: ਸ੍ਵਭਾਵੇਨੈਵ ਸ਼ਾਮਿਅਤਿ॥੭੦॥

ਸ਼ਬਦਾਰਥ:- ਭ੍ਰਮ-ਭੂਤਮ੍ ਇਦੰ ਸਰਵੰ = ਭਰਮ ਦੀ ਉਪਜ ਇਹ ਸਭ। ਕਿੰਚਿਤ੍ ਨ ਅਸ੍ਤਿ = ਕੁਝ ਨਹੀਂ ਹੈ। ਇਤਿ ਨਿਸ਼੍ਚਯੀ = ਇਸ ਨਿਸ਼ਚੇ ਵਾਲਾ। ਅਲਕ੍ਸ਼ਿਅ = ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਅਰਥਾਤ ਆਤਮਾ। ਸ੍ਫੁਰਣ: = ਅਨੁਭਵ। ਸ਼ੁੱਧ: = ਸ਼ੁੱਧ। ਸ੍ਵਭਾਵੇਨ ਏਵ ਸ਼ਾਮਿਅਤਿ = ਸੁਭਾਅ ਤੋਂ ਹੀ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ।

ਸ਼ਲੋਕਾਰਥ:- 'ਇਹ ਸਭ ਭ੍ਰਾਮਿਕ ਹੈ, ਕੁਝ ਹੈ ਨਹੀਂ', ਇਸ ਨਿਸ਼ਚੇ ਵਾਲਾ ਸ਼ੁੱਧ ਆਤਮ ਬੋਧੀ ਸੁਭਾਅ ਤੋਂ ਹੀ ਸ਼ਾਂਤ ਹੁੰਦਾ ਹੈ।

ਭਾਵਾਰਥ:- *"ਇਹੁ ਜੁ ਦੁਨੀਆ ਸਿਹਰੁ ਮੇਲਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਕਬੀਰ ਜੀਉ; ਅੰਗ ੭੨੭) ਇਹ ਦੁਨੀਆ ਜਾਦੂ ਦੀ ਖੇਡ੍ਹ ਹੈ ਜਾਂ ਕਹਿ ਸਕਦੇ ਹਾਂ ਕਿ *"ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਇਹ ਦੁਨੀਆ ਮ੍ਰਿਗ ਤ੍ਰਿਸ਼ਨਾ ਵਾਂਗ ਝੂਠ ਹੈ ਅਰਥਾਤ ਅਸਲ ਵਿੱਚ ਹੈ ਨਹੀਂ, ਇੱਕ ਭਰਮ ਹੈ। *"ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਵਡਹੰਸੁ ਮ: ੩; ਅੰਗ ੫੫੮) ਇਹ ਸ੍ਰਿਸ਼ਟੀ ਭ੍ਰਾਮਿਕ ਭੁਲਾਵਾ ਹੈ ਜਿਸ ਨੂੰ ਕੋਈ ਵਿਰਲਾ ਹੀ ਬੁੱਝਦਾ ਹੈ। ਇਸੇ ਤੋਂ ਇਹ ਸਮਝ ਆਉਂਦੀ ਹੈ ਕਿ *"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮) ਦੇਹ ਅਤੇ ਹੋਰ ਸਭ ਕੁਝ ਮਿਥਿਆ ਹੈ ਅਤੇ ਇੱਕ ਆਤਮਾ ਹੀ ਸੱਚ ਹੈ। ਇਹ ਨਿਸ਼ਚਾ ਕਰ ਲੈਣ ਵਾਲਾ *"ਆਤਮੁ ਚੀਨਿ ਪਰਮ ਸੁਖੁ ਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੫) ਆਪਣੇ ਆਪ ਨੂੰ ਪਛਾਣ ਕੇ ਪਰਮ ਸ਼ਾਂਤੀ ਪ੍ਰਾਪਤ ਕਰਦਾ ਹੈ।

शुद्धस्फुरणरूपस्य दृश्यभावमपश्यतः।
क्व विधिः क्व च वैराग्यं क्व त्यागः क्व शमोऽपि वा॥७१॥

ਸ਼ੁੱਧਸ੍ਫੁਰਣਰੂਪਸਿਅ ਦ੍ਰਿਸ਼ਿਅਭਾਵਮਪਸ਼ਿਅਤ:।
ਕ੍ਵ ਵਿਧਿ: ਕ੍ਵ ਚ ਵੈਰਾਗਿਅੰ ਕ੍ਵ ਤਿਆਗ: ਕ੍ਵ ਸ਼ਮੋ਽ਪਿ ਵਾ॥੭੧॥

ਸ਼ਬਦਾਰਥ:- ਸ਼ੁੱਧ ਸ੍ਫੁਰਣ ਰੂਪਸਿਅ = ਸ਼ੁੱਧ ਸਰੂਪ ਦਾ ਅਨੁਭਵ ਕਰਨ ਵਾਲੇ

ਦਾ। ਦ੍ਰਿਸ਼ਿਅ ਭਾਵ੍ਮ ਅਪਸ਼ਿਅਤ: = ਦ੍ਰਿਸ਼ ਭਾਵ ਨੂੰ ਨਾ ਵੇਖਦਾ ਹੋਇਆ। ਕ੍ਵ ਵਿਧਿ: ਕ੍ਵ ਚ ਵੈਰਾਗਿਅੰ ਕ੍ਵ ਤਿਆਗ: ਕ੍ਵ ਸ਼ਮ: ਅਪਿ ਵਾ = ਕਿੱਥੇ ਵਿਧੀ, ਕਿੱਥੇ ਵੈਰਾਗ, ਕਿੱਥੇ ਤਿਆਗ ਅਤੇ ਕਿੱਥੇ ਸ਼ਾਂਤੀ!

ਸ਼ਲੋਕਾਰਥ:- ਦ੍ਰਿਸ਼ ਭਾਵ ਨੂੰ ਨਾ ਵੇਖਦੇ ਹੋਏ, ਆਪਣੇ ਸ਼ੁੱਧ ਸਰੂਪ ਦਾ ਅਨੁਭਵ ਕਰਨ ਵਾਲੇਂ ਲਈ ਕਿਹੜੀਆਂ ਵਿਧੀਆਂ, ਕਿਸ ਤੋਂ ਵੈਰਾਗ, ਕਿਸ ਦਾ ਤਿਆਗ ਅਤੇ ਕਿੱਥੋਂ ਸ਼ਾਂਤੀ ਅਰਥਾਤ ਉਹ ਇਨ੍ਹਾਂ ਸਭਨਾਂ ਨੂੰ ਉਲੰਘ ਜਾਂਦਾ ਹੈ।

ਭਾਵਾਰਥ:- *"ਆਪੁ ਪਛਾਣਹਿ ਤਾ ਸਚੁ ਜਾਣਹਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੩; ਅੰਗ ੭੬੯) ਜੋ ਆਪਣੇ ਸ਼ੁੱਧ ਸਰੂਪ ਨੂੰ ਪਛਾਣ ਲੈਂਦਾ ਹੈ ਉਹ ਸੱਚ ਜਾਣ ਜਾਂਦਾ ਹੈ ਕਿ *"ਆਤਮ ਪਸਾਰਾ ਕਰਣਹਾਰਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੪੬) ਸਾਰਾ ਪਸਾਰ ਆਤਮਾ ਦਾ, ਸਵੈ ਦਾ, ਹੈ ਅਤੇ ਉਸ *"ਏਕ ਬਿਨਾ ਦੂਜਾ ਨਹੀ ਹੋਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੫; ਅੰਗ ੧੧੫੧) ਇੱਕ ਸਵੈ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ। ਇਸ ਕਰਕੇ *"ਦ੍ਰਿਸਟਿਮਾਨ ਹੈ ਸਗਲ ਮਿਥੇਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੮੩) ਜੋ ਵੀ ਦਿੱਸਦਾ ਹੈ ਉਹ ਸਭ ਮਿਥਿਆ ਹੈ, ਹੈ ਹੀ ਨਹੀਂ। ਇਸ ਤਰ੍ਹਾਂ ਦ੍ਰਿਸ਼ ਭਾਵ ਨੂੰ ਨਕਾਰ ਚੁੱਕੇ ਆਤਮ ਗਿਆਨੀ ਲਈ ਕੁਝ ਵੀ ਨਹੀਂ ਬਚਦਾ ਜਿਸ ਦੀ ਪ੍ਰਾਪਤੀ ਜਾਂ ਤਿਆਗ ਲਈ ਉਸ ਨੂੰ ਕੋਈ ਵਿਧੀ ਅਪਨਾਉਣ ਦੀ ਲੋੜ ਹੋਵੇ, ਕਿਸੇ ਤੋਂ ਵੈਰਾਗ ਹੋਵੇ ਜਾਂ ਕੁਝ ਉਸ ਨੂੰ ਅਸ਼ਾਂਤ ਕਰ ਸਕੇ।

स्फुरतोऽनन्तरूपेण प्रकृतिं च न पश्यतः।
क्व बन्धः क्व च वा मोक्षः क्व हर्षः क्व विषादता॥७२॥
ਸੁਫੁਰਤੋऽਨੰਤਰੂਪੇਣ ਪ੍ਰਕ੍ਰਿਤਿੰ ਚ ਨ ਪਸ਼ਿਅਤ:।
ਕ੍ਵ ਬੰਧ: ਕ੍ਵ ਚ ਵਾ ਮੋਕ੍ਸ਼: ਕ੍ਵ ਹਰਸ਼: ਕ੍ਵ ਵਿਸ਼ਾਦਤਾ॥੭੨॥

ਸ਼ਬਦਾਰਥ:- ਸੁਫੁਰਤ: ਅਨੰਤਰੂਪੇਣ = ਪ੍ਰਕਾਸ਼ਮਾਨ ਅਨੰਤ ਰੂਪਾਂ ਦੁਆਰਾ। ਪ੍ਰਕ੍ਰਿਤਿੰ ਚ ਨ ਪਸ਼ਿਅਤ: = ਪ੍ਰਕਿਰਤੀ (ਮਾਇਆ) ਨੂੰ ਨਾ ਵੇਖਦਾ ਹੋਇਆ। ਕ੍ਵ ਬੰਧ: ਕ੍ਵ ਚ ਵਾ ਮੋਕ੍ਸ਼: ਕ੍ਵ ਹਰਸ਼: ਕ੍ਵ ਵਿਸ਼ਾਦਤਾ = ਕਿੱਥੇ ਬੰਧਨ ਅਤੇ ਕਿੱਥੇ ਮੋਖ ਹੀ, ਕਿੱਥੇ ਹਰਖ ਅਤੇ ਕਿੱਥੇ ਸੋਗ!

ਸ਼ਲੋਕਾਰਥ:- ਅਨੰਤ ਰੂਪਾਂ ਵਿੱਚ ਪ੍ਰਕਾਸ਼ਮਾਨ ਮਾਇਆ ਨੂੰ ਨਾ ਵੇਖਦੇ ਹੋਏ ਲਈ (ਅਰਥਾਤ ਅਣਭਿੱਜ ਲਈ) ਕਿੱਥੇ ਬੰਧਨ ਅਤੇ ਕਿੱਥੇ ਮੋਖ; ਕਿੱਥੇ ਹਰਖ ਅਤੇ ਕਿੱਥੇ ਸੋਗ!

ਭਾਵਾਰਥ:- *"ਮਾਇਆ ਬਿਆਪਤ ਬਹੁ ਪਰਕਾਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੮੨) ਮਾਇਆ ਕਈ ਰੂਪਾਂ ਵਿੱਚ ਵਿਆਪਦੀ ਹੈ; *"ਬਿਆਪਤ ਅਹੰਬੁਧਿ ਕਾ ਮਾਤਾ॥ ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ॥ ਬਿਆਪਤ ਹਸਤਿ ਘੋੜੇ ਅਰੁ ਬਸਤਾ॥ ਬਿਆਪਤ*

ਰੂਪ ਜੋਬਨ ਮਦ ਮਸਤਾ॥੨॥ ਬਿਆਪਤ ਭੂਮਿ ਰੰਕ ਅਰੁ ਰੰਗਾ॥ ਬਿਆਪਤ ਗੀਤ ਨਾਦ ਸੁਣਿ ਸੰਗਾ॥ ਬਿਆਪਤ ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ ਅੰਧਿਆਰ॥੩॥ ਬਿਆਪਤ ਕਰਮ ਕਰੈ ਹਉ ਫਾਸਾ॥ ਬਿਆਪਤਿ ਗਿਰਸਤ ਬਿਆਪਤ ਉਦਾਸਾ॥" (ਅੰਗ ੧੮੨) ਹਉਮੈ, ਪਰਿਵਾਰ, ਸੰਪਤੀ, ਜੋਬਨ, ਕਰਮ, ਗ੍ਰਿਹਸਤ, ਸੰਨਿਆਸ ਆਦਿ ਸਭ ਮਾਇਆ ਦੇ ਹੀ ਰੂਪ ਹਨ। ਜਿਹੜਾ ਗਿਆਨੀ ਇਹ ਅਨੁਭਵ ਕਰ ਲੈਂਦਾ ਹੈ ਕਿ *"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਨਾਮਦੇਉ ਜੀਉ; ਅੰਗ ੪੮੫) ਪਰਮਾਤਮਾ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ ਅਤੇ *"ਮਾਇਆ ਮੋਹੁ ਅਗਿਆਨੁ ਗੁਬਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਮਾਇਆ ਮੋਹ ਕੇਵਲ ਅਗਿਆਨ ਦੀ ਉਪਜ ਹੈ *"ਤਾ ਕਉ ਕਹਾ ਬਿਆਪੈ ਮਾਇ॥"* (ਅੰਗ ੧੮੨) ਉਸ ਨੂੰ ਮਾਇਆ ਨਹੀਂ ਵਿਆਪ ਸਕਦੀ; ਉਹ *"ਹਰਖ ਸੋਗ ਦੁਹਹੂੰ ਤੇ ਮੁਕਤੇ॥ ਸਦਾ ਅਲਿਪਤੁ ਜੋਗ ਅਰੁ ਜੁਗਤੇ॥"* (ਅੰਗ ੧੯੧) ਹਰਖ, ਸੋਗ ਤੋਂ ਮੁਕਤ, ਸਦਾ ਅਣਭਿੱਜੇ ਰਹਿੰਦੇ ਹੋਏ, ਪ੍ਰਭੂ ਨਾਲ ਜੁੜੇ ਰਹਿੰਦੇ ਹਨ।

बुद्धिपर्यन्तसंसारे मायामात्रं विवर्तते।
निर्ममो निरहंकारो निष्कामः शोभते बुधः॥७३॥

ਬੁੱਧਿਪਰਯੰਤਸੰਸਾਰੇ ਮਾਯਾਮਾਤ੍ਰੰ ਵਿਵਰਤਤੇ।
ਨਿਰਮਮੋ ਨਿਰਹੰਕਾਰੋ ਨਿਸ਼੍ਕਾਮ: ਸ਼ੋਭਤੇ ਬੁਧ:॥੭੩॥

ਸ਼ਬਦਾਰਥ:- ਬੁੱਧਿ ਪਰਯੰਤ = ਬੁੱਧੀ ਦੀ ਸੋਚ ਤੱਕ। ਸੰਸਾਰੇ = ਸੰਸਾਰ ਵਿੱਚ। ਮਾਯਾ ਮਾਤ੍ਰੰ ਵਿਵਰਤਤੇ = ਮਾਇਆ ਮਾਤਰ ਕਲਪਿਤ ਹੁੰਦੀ ਹੈ। ਨਿਰਮਮ: ਨਿਰਹੰਕਾਰ: ਨਿਸ਼੍ਕਾਮ: ਸ਼ੋਭਤੇ ਬੁਧ: = ਮਮਤਾ ਰਹਿਤ, ਹੰਕਾਰ ਰਹਿਤ, ਕਾਮਨਾ ਰਹਿਤ ਗਿਆਨੀ ਸ਼ੋਭਦਾ ਹੈ।

ਸ਼ਲੋਕਾਰਥ:- ਬੁੱਧੀ (ਦੀ ਪਹੁੰਚ) ਕੇਵਲ ਮਾਇਆ (ਦੇ ਕਾਰਜ) ਸੰਸਾਰ ਤੱਕ ਹੀ ਹੈ। ਮਮਤਾ, ਹੰਕਾਰ ਅਤੇ ਕਾਮਨਾ ਰਹਿਤ ਆਤਮ ਗਿਆਨੀ (ਸੰਸਾਰ ਵਿੱਚ) ਸ਼ੋਭਦਾ ਹੈ।

ਭਾਵਾਰਥ:- ਬੁੱਧੀ ਦੀ ਸੋਚ ਜਾਂ ਕਲਪਨਾ ਸਦਾ ਆਪਣੇ ਤੋਂ ਵੱਖਰੇ ਕਿਸੇ ਰੂਪ/ ਆਕਾਰ ਤੱਕ ਹੀ ਪਹੁੰਚਦੀ ਹੈ ਅਤੇ *"ਇਹੁ ਜਗੁ ਜਨਮਿਆ ਦੂਜੈ ਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੩; ਅੰਗ ੧੬੧) ਇਸੇ ਦਵੈਤ ਭਾਵ ਕਾਰਨ ਸੰਸਾਰ ਭਾਸਦਾ ਹੈ। ਆਤਮ ਗਿਆਨੀ *"ਆਪੁ ਪਛਾਨੈ ਤ ਏਕੈ ਜਾਨੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੫) ਆਪਣੇ ਆਪ ਨੂੰ ਪਛਾਣ ਕੇ ਇੱਕੋ ਨੂੰ ਜਾਣਦਾ ਹੈ ਅਤੇ ਉਸੇ ਵਿੱਚ ਸਥਿਤ ਰਹਿ ਕੇ ਸਮਝ ਜਾਂਦਾ ਹੈ ਕਿ *"ਇਹੁ ਜਗੁ ਮਾਇਆ ਮੋਹਿ ਵਿਆਪਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੩; ਅੰਗ ੪੩੦) ਸੰਸਾਰ ਮਾਇਆ ਕਾਰਨ ਹੀ ਵਿਆਪਦਾ ਹੈ, ਅਸਲ ਵਿੱਚ ਹੈ ਨਹੀਂ। ਅਪਣੇ ਸਰੀਰ ਬਾਰੇ ਵੀ ਉਸ ਨੂੰ ਗਿਆਨ ਹੁੰਦਾ ਹੈ ਕਿ

"ਇਹੁ ਤਨੁ ਮਾਇਆ ਪਾਹਿਆ" (ਸ੍ਰੀ ਗੁਰੂ ਗ੍ਰੰਥ ਸਾਹਿਬ, ਤਿਲੰਗ ਮ: ੧; ਅੰਗ ੭੨੧) ਇਹ ਦੇਹ ਵੀ ਮਾਇਆ ਦਾ ਕਾਰਜ ਹੈ। ਇਸ ਗਿਆਨ ਕਾਰਨ ਉਹ ਸੰਸਾਰਿਕ ਮਮਤਾ, ਹੰਕਾਰ ਅਤੇ ਕਾਮਨਾ ਰਹਿਤ ਹੋ ਕੇ ਵਿਚਰਦਾ ਹੈ ਅਤੇ ਸ਼ੋਭਾ ਪਾਉਂਦਾ ਹੈ ਕਿਉਂਕਿ *"ਆਪੁ ਪਛਾਣੈ ਸੋਈ ਜਨੁ ਨਿਰਮਲੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੫)।

अक्षयं गतसंतापमात्मानं पश्यतो मुनेः।
क्व विद्या क्व च वा विश्वं क्व देहोऽहं ममेति वा॥७४॥

ਅਕ੍ਸ਼ਯੰ ਗਤਸੰਤਾਪਮਾਤ੍ਮਾਨੰ ਪਸ਼ਿਅਤੋ ਮੁਨੇ:।
ਕ੍ਵ ਵਿਦਿਆ ਕ੍ਵ ਚ ਵਾ ਵਿਸ਼੍ਵੰ ਕ੍ਵ ਦੇਹੋऽਹੰ ਮਮੇਤਿ ਵਾ॥੭੪॥

ਸ਼ਬਦਾਰਥ:- ਅਕ੍ਸ਼ਯੰ ਗਤ-ਸੰਤਾਪੰ ਆਤ੍ਮਾਨੰ = ਅਵਿਨਾਸ਼ੀ ਸੰਤਾਪ ਰਹਿਤ ਆਤਮਾ ਨੂੰ। ਪਸ਼ਿਅਤ: ਮੁਨੇ: = ਵੇਖਦੇ ਹੋਏ ਮੁਨੀ ਲਈ। ਕ੍ਵ ਵਿਦਿਆ ਕ੍ਵ ਚ ਵਾ ਵਿਸ਼੍ਵੰ ਕ੍ਵ ਦੇਹ: ਅਹੰ-ਮਮ ਇਤਿ ਵਾ = ਕਿੱਥੇ ਵਿੱਦਿਆ ਅਤੇ ਕਿੱਥੇ ਵਿਸ਼ਵ, ਕਿੱਥੇ ਦੇਹ ਅਤੇ ਮੈਂ-ਮੇਰਾ ਭਾਵ।

ਸ਼ਲੋਕਾਰਥ:- ਅਵਿਨਾਸ਼ੀ, ਸੰਤਾਪ ਰਹਿਤ ਆਤਮਾ ਨੂੰ ਵੇਖ ਚੁੱਕੇ ਮੁਨੀ ਲਈ ਕਿੱਥੇ ਵਿੱਦਿਆ ਅਤੇ ਕਿੱਥੇ ਵਿਸ਼ਵ, ਕਿੱਥੇ ਦੇਹ ਅਤੇ ਮੈਂ-ਮੇਰਾ ਭਾਵ!

ਭਾਵਾਰਥ:- *"ਆਪੁ ਪਛਾਨੈ ਆਪੈ ਆਪ॥ ਰੋਗੁ ਨ ਬਿਆਪੈ ਤੀਨੌ ਤਾਪ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਕਬੀਰ ਜੀਉ; ਅੰਗ ੩੨੭) ਜਿਹੜਾ ਗਿਆਨੀ ਸਵੈ ਨੂੰ ਪਛਾਣ ਲੈਂਦਾ ਹੈ, ਉਹ ਜਾਣ ਜਾਂਦਾ ਹੈ ਕਿ ਮੈਂ ਦੇਹ ਨਹੀਂ ਅਤੇ ਤਿੰਨ ਤਰ੍ਹਾਂ ਦੇ ਤਾਪ ਦੇਹ ਨੂੰ ਲੱਗਦੇ ਹਨ ਜਿਸ ਕਰਕੇ ਸਵੈ ਸੰਤਾਪ ਰਹਿਤ ਹੈ। ਦੇਹ ਭਾਵ ਤੋਂ ਉੱਪਰ ਉੱਠ ਜਾਣ ਕਰਕੇ ਉਸ ਦਾ ਮੈਂ-ਮੇਰਾ ਭਾਵ ਖ਼ਤਮ ਹੋ ਜਾਂਦਾ ਹੈ। *"ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੨੧) ਜੋ ਸਵੈ ਨੂੰ ਪਛਾਣ ਲਵੇ, ਉਹ ਆਪ ਹੀ ਪਰਮਾਤਮ ਸਰੂਪ ਹੋ ਜਾਂਦਾ ਹੈ ਅਤੇ ਜਾਣਦਾ ਹੈ ਕਿ ਜਿੱਥੋਂ ਤੱਕ ਆਤਮਾ ਦਾ ਸੰਬੰਧ ਹੈ *"ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੋਂਡ ਮ: ੫; ਅੰਗ ੮੬੮) ਨਾ ਇਹ ਮਰਦਾ ਹੈ ਨਾ ਜਨਮਦਾ ਹੈ ਅਤੇ ਜੁਗਾਂ ਜੁਗਾਂਤਰਾਂ ਵਿੱਚ ਸਮਾਇਆ ਰਹਿੰਦਾ ਹੈ। *"ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ॥ ਸਗਲ ਮਤਾਂਤ ਕੇਵਲ ਹਰਿ ਨਾਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੯੬) ਵੇਦ ਸ਼ਾਸਤ੍ਰ ਦੱਸਦੇ ਹਨ ਕਿ ਸਾਰੇ ਗਿਆਨਾਂ ਦਾ ਸਾਰ ਤੱਤ ਪਰਮਾਤਮਾ ਦਾ ਨਾਮ ਹੈ। ਇਸ ਕਰਕੇ ਇਹ ਜਾਨਣ ਪਿੱਛੋਂ ਹੋਰ ਕੁਝ ਜਾਨਣ ਦੀ ਭਾਵ ਕਿਸੇ ਵਿੱਦਿਆ ਦੀ ਲੋੜ ਨਹੀਂ ਰਹਿੰਦੀ। ਉਸ ਵਾਸਤੇ ਸੰਸਾਰ ਵੀ ਕਿੱਥੇ ਹੈ ਅਰਥਾਤ ਹੈ ਹੀ ਨਹੀਂ ਕਿਉਂਕਿ ਨੌਂਵੇਂ ਪਾਤਿਸ਼ਾਹ ਅਨੁਸਾਰ *"ਇਹੁ ਜਗੁ ਧੂਏ ਕਾ ਪਹਾਰ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੬) ਸੰਸਾਰ ਧੂੰਏਂ ਦੇ ਪਹਾੜ ਵਾਂਗ ਹੈ ਅਰਥਾਤ ਹੈ ਹੀ ਨਹੀਂ।

निरोधादीनि कर्माणि जहाति जडधीर्यदि।
मनोरथान् प्रलापांश्च कर्तुमाप्नोति तत्क्षणात्॥७५॥

ਨਿਰੋਧਾਦੀਨਿ ਕਰਮਾਣਿ ਜਹਾਤਿ ਜਡਧੀਰਯਦਿ।
ਮਨੋਰਥਾਨ੍ ਪ੍ਰਲਾਪਾਂਸ਼ਚ ਕਰਤੁਮਾਪ੍ਨੋਤਿ ਤਤ੍ਕ੍ਸ਼ਣਾਤ੍॥੭੫॥

ਸ਼ਬਦਾਰਥ:- ਨਿਰੋਧ ਆਦੀਨਿ ਕਰਮਾਣਿ ਜਹਾਤਿ ਜਡ-ਧੀ: ਯਦਿ = ਚਿੱਤ-ਨਿਰੋਧ ਆਦਿ ਕਿਰਿਆਵਾਂ ਛੱਡਦਾ ਹੈ ਜੜ੍ਹ-ਬੁੱਧੀ ਯਦਿ। ਮਨੋਰਥਾਨ੍ ਪ੍ਰਲਾਪਾਨ੍ ਚ ਕਰਤੁਮ੍ ਆਪ੍ਨੋਤਿ ਤਤ੍ ਕ੍ਸ਼ਣਾਤ੍ = ਇੱਛਾਵਾਂ ਮਤਲਬਾਂ ਅਤੇ ਕਰਨ ਲਈ ਪ੍ਰਵਿਰਤ ਹੁੰਦਾ ਹੈ ਉਸੇ ਖਿਣ।

ਸ਼ਲੋਕਾਰਥ:- ਯਦਿ ਜੜ੍ਹ ਬੁੱਧੀ, ਚਿੱਤ ਨਿਰੋਧ ਆਦਿ ਕਿਰਿਆਵਾਂ ਛੱਡਦਾ ਹੈ, ਉਹ ਉਸੇ ਖਿਣ ਇੱਛਾਵਾਂ ਅਤੇ ਮਤਲਬਾਂ ਦੀ ਪ੍ਰਾਪਤੀ ਕਰਨ ਵਿੱਚ ਪ੍ਰਵਿਰਤ ਹੋ ਜਾਂਦਾ ਹੈ।

ਭਾਵਾਰਥ:- *"ਮੂਰਖੁ ਅੰਧਾ ਤਤੁ ਨ ਪਛਾਣੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੧) ਅਗਿਆਨੀ ਮੂਰਖ ਸੰਸਾਰ ਦੀ ਅਸਲੀਅਤ ਨੂੰ ਨਹੀਂ ਸਮਝਦਾ। *"ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੫੨) ਮੂਰਖ, ਮਾਇਆ ਦੇ ਮੋਹ ਵਿੱਚ ਫਸਿਆ ਰਹਿੰਦਾ ਹੈ ਅਤੇ ਦਵੈਤ ਭਾਵ ਕਰਕੇ ਉਸ ਦਾ ਮਨ ਵੀ ਥਿਰ ਨਹੀਂ ਰਹਿੰਦਾ। ਜੇ ਮਨ ਨੂੰ ਥਿਰ ਕਰਨ ਲਈ ਉਹ ਯੋਗ ਕਿਰਿਆਵਾਂ ਕਰਦਾ ਹੈ ਤਾਂ ਵੀ ਉਸ ਦਾ *"ਮਾਇਆ ਮੋਹੁ ਨ ਚੁਕਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੩; ਅੰਗ ੧੪੧੯) ਮਾਇਆ ਮੋਹ ਨਹੀਂ ਛੁੱਟਦਾ ਕਿਉਂਕਿ ਜਦੋਂ ਉਹ ਚਿੱਤ ਨਿਰੋਧ ਦੀਆਂ ਯੋਗ ਕਿਰਿਆਵਾਂ ਛੱਡਦਾ ਹੈ ਉਹ ਫਿਰ ਸੰਸਾਰਿਕ ਮਨੋਰਥਾਂ ਦੀ ਪ੍ਰਾਪਤੀ ਲਈ ਕਿਰਿਆਸ਼ੀਲ ਹੋ ਜਾਂਦਾ ਹੈ ਕਿਉਂਕਿ *"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੩) ਸੰਸਾਰਿਕ ਪ੍ਰਾਪਤੀਆਂ ਪ੍ਰਤੀ ਤ੍ਰਿਸ਼ਨਾ ਕਿਸੇ ਵਿਰਲੇ ਗਿਆਨੀ ਦੀ ਹੀ ਸ਼ਾਂਤ ਹੁੰਦੀ ਹੈ।

मन्दः श्रुत्वापि तद्वस्तु न जहाति विमूढताम्।
निर्विकल्पो बहिर्यत्नादन्तर्विषयलालसः॥७६॥

ਮੰਦ: ਸ਼੍ਰੁਤ੍ਵਾਪਿ ਤਦ੍ਵਸ੍ਤੁ ਨ ਜਹਾਤਿ ਵਿਮੂਢਤਾਮ੍।
ਨਿਰਵਿਕਲ੍ਪੋ ਬਹਿਰਯਤ੍ਨਾਦੰਤਰਵਿਸ਼ਯਲਾਲਸ:॥੭੬॥

ਸ਼ਬਦਾਰਥ:- ਮੰਦ: ਸ਼੍ਰੁਤ੍ਵਾ ਅਪਿ ਤਤ੍ ਵਸ੍ਤੁ = ਮੂਰਖ ਸੁਣ ਕੇ ਵੀ ਅਸਲ ਵਸਤੂ ਅਰਥਾਤ ਅਸਲੀਅਤ। ਨ ਜਹਾਤਿ ਵਿਮੂਢਤਾਮ੍ = ਨਹੀਂ ਛੱਡਦਾ ਮੂਰਖਤਾ। ਨਿਰਵਿਕਲ੍ਪ: ਬਹਿ: ਯਤ੍ਨਾਤ੍ ਅੰਤ: ਵਿਸ਼ਯ-ਲਾਲਸ: = ਸੰਕਲਪ ਰਹਿਤ ਬਾਹਰੋਂ ਜਤਨ ਨਾਲ, ਅੰਦਰ ਵਿਸ਼ਿਆਂ ਦਾ ਲਾਲਚ।

ਸ਼ਲੋਕਾਰਥ:- ਮੂਰਖ (ਸੰਸਾਰ ਦੀ) ਅਸਲੀਅਤ ਬਾਰੇ ਸੁਣ ਕੇ ਵੀ ਮੂਰਖਤਾ ਨਹੀਂ ਛੱਡਦਾ; ਬਾਹਰੋਂ ਜਤਨ ਕਰਕੇ ਸੰਕਲਪ ਰਹਿਤ (ਦਿੱਸਦਾ) ਹੈ (ਪਰ) ਅੰਦਰ ਵਿਸ਼ਿਆਂ ਦਾ ਲਾਲਚ ਹੁੰਦਾ ਹੈ।

ਭਾਵਾਰਥ:- ਜੇ ਮੂਰਖ ਨੂੰ ਸਮਝਾਇਆ ਜਾਏ ਤਾਂ ਵੀ ***"ਮੂਰਖੁ ਅੰਧਾ ਤਤੁ ਨ ਪਛਾਣੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੬੧) ਅਗਿਆਨੀ ਮੂਰਖ ਅਸਲੀਅਤ ਨਹੀਂ ਸਮਝਦਾ ਕਿਉਂਕਿ ***"ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੩) ਉਹ ਆਪਣੀ ਹਉਮੈ ਦਾ ਵਿਖਾਵਾ ਕਰਦਾ ਹੈ ਅਤੇ ਸਮਝ ਨਹੀਂ ਸਕਦਾ ਕਿ ਠੀਕ ਕੀ ਹੈ। ***"ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੧) ਉਸ ਦੀ ਰਹਤ ਉਸ ਦੇ ਕਹਿਣ ਅਨੁਸਾਰ ਨਹੀਂ ਹੁੰਦੀ। ਜੇ ਧਿਆਨ ਲਗਾਉਣ ਆਦਿ ਦੇ ਜਤਨ ਨਾਲ ਉਹ ਬਾਹਰੋਂ ਸੰਕਲਪ ਰਹਿਤ ਦਿੱਸੇ, ਅੰਦਰੋਂ ਉਸ ਦਾ ***"ਮਨੁ ਮਾਇਆ ਬੰਧਿਓ ਸਰ ਜਾਲਿ॥"*** (ਅੰਗ ੮੩੧) ਮਨ ਮਾਇਆ ਦੇ ਸਰੋਵਰ-ਜਾਲ ਵਿੱਚ ਫਸਿਆ ਹੁੰਦਾ ਹੈ ਜਿਸ ਕਰਕੇ ਉਹ ***"ਬਿਖਿਆਸਕਤ ਰਹਿਓ ਨਿਸ ਬਾਸਰ ਨਹ ਛੂਟੀ ਅਧਮਾਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੯; ਅੰਗ ੬੩੨) ਦਿਨ ਰਾਤ ਵਿਸ਼ਿਆਂ ਵਿੱਚ ਆਸਕਤ ਰਹਿੰਦਾ ਹੈ ਅਤੇ ਉਸ ਦੀ ਮੂਰਖਤਾ ਛੁਟਦੀ ਨਹੀਂ।

ज्ञानाद्गलितकर्मा यो लोकदृष्ट्यापि कर्मकृत्।
नाप्नोत्यवसरं कर्तुं वक्तुमेव न किञ्चन॥७७॥
ਗਿਆਨਾਦ੍ਗਲਿਤਕਰਮਾ ਯੋ ਲੋਕਦ੍ਰਿਸ਼ਿਟਆਪਿ ਕਰਮਕ੍ਰਿਤ੍।
ਨਾਪ੍ਨੋਤਿਅਵਸਰੰ ਕਰਤੁੰ ਵਕ੍ਤੁਮੇਵ ਨ ਕਿੰਚਨ॥੭੭॥

ਸ਼ਬਦਾਰਥ:- ਗਿਆਤ੍ ਗਲਿਤ-ਕਰਮਾ ਯ: = ਗਿਆਨ ਕਾਰਨ ਨਸ਼ਟ ਹੋਏ ਕਰਮਾਂ ਵਾਲਾ ਹੈ ਜੋ। ਲੋਕ ਦ੍ਰਿਸ਼ਟਿ ਅਪਿ ਕਰਮ-ਕ੍ਰਿਤ੍ = ਲੋਕ ਦ੍ਰਿਸ਼ਟੀ ਵਿੱਚ ਕਰਮ ਵੀ ਕਰਨ ਵਾਲਾ। ਨ ਆਪ੍ਨੋਤਿ ਅਵਸਰੰ = ਨਹੀਂ ਪ੍ਰਾਪਤ ਕਰਦਾ ਅਵਸਰ। ਕਰਤੁੰ ਵਕ੍ਤੁੰ ਏਵ ਨ ਕਿੰਚਨ = ਕਰਨ ਲਈ, ਬੋਲਣ ਲਈ ਹੀ ਨਾ ਕੋਈ।

ਸ਼ਲੋਕਾਰਥ:- ਗਿਆਨ ਕਾਰਨ ਜਿਸ ਦੇ ਕਰਮ ਨਸ਼ਟ ਹੋ ਚੁੱਕੇ ਹਨ, ਉਹ ਲੋਕ ਦ੍ਰਿਸ਼ਟੀ ਵਿੱਚ ਕਰਮ ਕਰਦਾ ਹੋਇਆ ਵੀ ਕੰਮ ਕਰਨ ਲਈ ਜਾਂ ਬੋਲਣ ਲਈ ਕੋਈ ਮੌਕਾ ਪ੍ਰਾਪਤ ਨਹੀਂ ਕਰਦਾ ਅਰਥਾਤ ਉਸ ਦਾ ਆਪਣਾ ਕੋਈ ਮਤਲਬ ਨਹੀਂ ਹੁੰਦਾ।

ਭਾਵਾਰਥ:- ਜਿਹੜਾ ਗਿਆਨੀ ਇਸ ਸਥਿਤੀ ਵਿੱਚ ਹੈ ਕਿ ***"ਗਿਆਨੁ ਭਇਆ ਤਹ ਕਰਮਹ ਨਾਸੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਰਵਿਦਾਸ ਜੀਉ; ਅੰਗ ੧੧੬੭) ਗਿਆਨ ਹੋਣ ਕਾਰਨ ਉਸ ਦੇ ਕਰਮ ਨਸ਼ਟ ਹੋ ਚੁੱਕੇ ਹਨ, ਉਹ ਲੋਕ ਦ੍ਰਿਸ਼ਟੀ ਵਿੱਚ ***"ਕਰਮ***

ਕਰਤ ਹੋਵੈ ਨਿਹਕਰਮ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮ ਰਹਿੰਦਾ ਹੈ ਕਿਉਂਕਿ ਕੁਝ ਕਰਨ ਲਈ ਜਾਂ ਬੋਲਣ ਲਈ ਉਸ ਦਾ ਆਪਣਾ ਕੋਈ ਮਤਲਬ ਨਹੀਂ ਹੁੰਦਾ। ਉਸ ਨੇ ਤਾਂ *"ਜੋ ਧੁਰਿ ਲਿਖਿਆ ਸੁ ਕਰਮ ਕਮਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੪੪) ਧੁਰੋਂ ਲਿਖੇ ਅਨੁਸਾਰ ਪ੍ਰਾਰਬਧ ਕਰਮ ਹੀ ਕੀਤਾ ਹੁੰਦਾ ਹੈ ਕਿਉਂਕਿ *"ਕੋਇ ਨ ਮੇਟੈ ਧੁਰਿ ਫੁਰਮਾਇਆ॥"* (ਅੰਗ ੧੦੪੪) ਪ੍ਰਾਰਬਧ ਨੂੰ ਕੋਈ ਨਹੀਂ ਮਿਟਾ ਸਕਦਾ।

क्व तमः क्व प्रकाशो वा हानं क्व च न किञ्चन।
निर्विकारस्यधीरस्य निरातंकस्य सर्वदा॥७८॥

ਕ੍ਵ ਤਮ: ਕ੍ਵ ਪ੍ਰਕਾਸ਼ੋ ਵਾ ਹਾਨੰ ਕ੍ਵ ਚ ਨ ਕਿੰਚਨ।
ਨਿਰਵਿਕਾਰਸਿਅ ਧੀਰਸਿਅ ਨਿਰਾਤੰਕਸਿਅ ਸਰਵਦਾ॥੭੮॥

ਸ਼ਬਦਾਰਥ:- ਕ੍ਵ ਤਮ: ਕ੍ਵ ਪ੍ਰਕਾਸ਼: ਵਾ ਹਾਨੰ = ਕਿੱਥੇ ਹਨ੍ਹੇਰਾ ਕਿੱਥੇ ਚਾਨਣ ਅਤੇ ਹਾਨੀ। ਕ੍ਵ ਚ ਨ ਕਿੰਚਨ = ਕਿੱਥੇ ਅਤੇ ਨਹੀਂ ਕੁਝ। ਨਿਰਵਿਕਾਰਸਿਅ ਧੀਰਸਿਅ ਨਿਰਾਤੰਕਸਿਅ ਸਰਵਦਾ = ਵਿਕਾਰ ਰਹਿਤ, ਗਿਆਨੀ, ਨਿਡਰ, ਸਦਾ।

ਸ਼ਲੋਕਾਰਥ:- ਸਦਾ ਵਿਕਾਰ ਰਹਿਤ, ਭੈ ਰਹਿਤ ਗਿਆਨੀ ਲਈ ਕਿੱਥੇ ਹਨ੍ਹੇਰਾ, ਕਿੱਥੇ ਚਾਨਣ ਜਾਂ ਕਿੱਥੇ ਨੁਕਸਾਨ; ਕਿਤੇ ਵੀ ਕੁਝ ਨਹੀਂ।

ਭਾਵਾਰਥ:- *"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੫; ਅੰਗ ੬੧੦) ਜਿਸ ਦੀਆਂ ਅੱਖਾਂ ਵਿੱਚ ਗਿਆਨ ਦਾ ਸੁਰਮਾ ਪੈ ਗਿਆ ਅਰਥਾਤ ਜੋ ਗਿਆਨੀ ਹੋ ਗਿਆ ਉਸ ਨੂੰ ਸਭ ਪ੍ਰਕਾਸ਼ ਹੋ ਜਾਂਦਾ ਹੈ। *"ਗਿਆਨ ਅੰਜਨੁ ਭੈ ਭੰਜਨਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੫੭) ਗਿਆਨ, ਵਿਅਕਤੀ ਦੇ ਭੈ ਦੂਰ ਕਰ ਦੇਂਦਾ ਹੈ ਕਿਉਂਕਿ *"ਭੈ ਰਚਿ ਰਹੈ ਸੋ ਨਿਰਭਉ ਹੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੨੨੩) ਪਰਮਾਤਮਾ ਦੇ ਭੈ ਅਰਥਾਤ ਭਾਣੇ ਵਿੱਚ ਰਹਿੰਦਾ ਹੋਇਆ ਗਿਆਨੀ ਨਿਰਭੈ ਹੋ ਜਾਂਦਾ ਹੈ। ਹੋਰ ਵੀ *"ਜੈਸਾ ਸੇਵੈ ਤੈਸੋ ਹੋਇ॥"* (ਅੰਗ ੨੨੩) ਜਿਸ ਤਰ੍ਹਾਂ ਦੇ ਪ੍ਰਭੂ ਦਾ ਚਿੰਤਨ ਕਰਦਾ ਹੈ ਉਸੇ ਤਰ੍ਹਾਂ ਦਾ ਹੋ ਜਾਂਦਾ ਹੈ ਅਰਥਾਤ ਨਿਰਵਿਕਾਰ ਵੀ ਹੋ ਜਾਂਦਾ ਹੈ। ਆਪਣੇ ਸਵੈ ਪ੍ਰਕਾਸ਼ ਵਿੱਚ ਗਿਆਨੀ ਪਰਮ-ਪ੍ਰਕਾਸ਼ ਨੂੰ ਜਾਣਦਾ ਹੈ ਕਿ ਓਹ *"ਏਕਹਿ ਆਪਿ ਅਨੇਕਹਿ ਭਾਤਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੩੮) ਇੱਕ ਪਰਮਾਤਮਾ ਹੀ ਅਨੇਕ ਹੋ ਕੇ ਭਾਸ ਰਿਹਾ ਹੈ ਅਤੇ ਹਨ੍ਹੇਰਾ, ਚਾਨਣ, ਘਾਟਾ ਆਦਿ ਸਬ ਨਿਰਰਥਕ ਹਨ, ਕੁਝ ਵੀ ਹੈ ਨਹੀਂ।

क्व धैर्यम् क्व विवेकित्वं क्व निरातंकताऽपि वा।
अनिर्वाच्यस्वभावस्य निःस्वभावस्य योगिनाः॥७९॥

ਕ੍ਵ ਧੈਰਯੰ ਕ੍ਵ ਵਿਵੇਕਿਤ੍ਵੰ ਕ੍ਵ ਨਿਰਾਤੰਕਤਾਪਿ ਵਾ।
ਅਨਿਰਵਾਚ੍ਯਸ੍ਵਭਾਵਸ੍ਯ ਨਿ:ਸ੍ਵਭਾਵਸ੍ਯ ਯੋਗਿਨ:॥੭੯॥

ਸ਼ਬਦਾਰਥ:- ਕ੍ਵ ਧੈਰਯੰ ਕ੍ਵ ਵਿਵੇਕਿਤ੍ਵੰ ਕ੍ਵ ਨਿਰਾਤੰਕਤਾ ਅਪਿ ਵਾ = ਕਿਥੇ ਧੀਰਜ, ਕਿਥੇ ਵਿਵੇਕਤਾ, ਕਿਥੇ ਨਿਡਰਤਾ ਵੀ ਜਾਂ। ਅਨਿਰਵਾਚ੍ਯ ਸ੍ਵਭਾਵਸ੍ਯ ਨਿ:ਸ੍ਵਭਾਵਸ੍ਯ ਯੋਗਿਨ: = ਅਕੱਥ ਸੁਭਾਅ ਦੇ, ਸੁਭਾਅ ਰਹਿਤ ਜੋਗੀਆਂ ਦੇ।

ਸ਼ਲੋਕਾਰਥ:- ਅਕੱਥ ਸੁਭਾਅ ਵਾਲੇ, ਸੁਭਾਅ ਰਹਿਤ ਜੋਗੀਆਂ ਲਈ ਕਿਥੇ ਧੀਰਜ, ਕਿਥੇ ਵਿਵੇਕਤਾ ਜਾਂ ਕਿਥੇ ਨਿਡਰਤਾ ਵੀ!

ਭਾਵਾਰਥ:- "*ਜੋਗ ਜੁਗਤਿ ਸਚਿ ਰਹੈ ਸਮਾਇ।*" (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧ ਅੰਗ ੯੦੩) ਪ੍ਰਭੂ ਵਿਚ ਸਮਾਇ ਰਹਿਣਾ ਹੀ ਜੋਗ ਦਾ ਤਰੀਕਾ ਹੈ। ਜਿਵੇਂ ਬੂੰਦ ਸਾਗਰ ਵਿਚ ਸਮਾਅ ਕੇ ਸਾਗਰ ਹੋ ਜਾਂਦੀ ਹੈ ਉਸੇ ਤਰ੍ਹਾਂ ਪਰਮਾਤਮਾ ਵਿਚ ਸਮਾਏ ਰਹਿਣ ਨਾਲ ਜੋਗੀ ਵੀ ਪਰਮਾਤਮ ਰੂਪ ਹੋ ਜਾਂਦਾ ਹੈ, ਜਿਸ ਕਰਕੇ ਉਸ ਦੀ ਧੀਰਜ ਜਾਂ ਵਿਵੇਕ ਸੰਬੰਧੀ ਕੁਝ ਵੀ ਕਹਿਣਾ ਨਹੀਂ ਬਣਦਾ। "*ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧ ਅੰਗ ੨੨੩) ਜੋਗੀ ਨੂੰ ਡਰ ਵੀ ਕਿਸ ਦਾ ਕਿਉਂਕਿ ਪੌਦਿਆਂ ਵਿਚ, ਬਿਰਖਾਂ ਵਿਚ, ਘਰ ਦੇ ਅੰਦਰ ਬਾਹਰ ਓਹ ਪ੍ਰਭੂ ਹੀ ਤਾਂ ਹੈ? "*ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫, ਅੰਗ ੨੮੭) ਉਹ ਗੁਣਾਂ ਤੋਂ ਬਾਹਰਾ ਹੈ ਪਰ ਸਰਗੁਣ ਵੀ ਹੈ, ਇਸ ਕਰਕੇ ਉਸ ਦੇ ਸੁਭਾਅ ਨੂੰ ਕਿਹੜਾ ਨਾਮ ਦਿਤਾ ਜਾ ਸਕਦਾ ਹੈ ਭਾਵ ਉਸ ਦਾ ਸੁਭਾਅ ਅਕੱਥ ਹੈ। ਅਸਲ ਵਿਚ ਓਹ ਸੁਭਾਵਾਂ ਤੋਂ ਪਾਰ ਹੈ। ਪਰਮਾਤਮਾ ਨਾਲ ਜੁੜੇ ਹੋਣ ਕਰਕੇ ਜੋਗੀ ਦਾ ਸੁਭਾਅ ਵੀ ਅਕੱਥ ਹੈ ਕਿਉਂਕਿ ਉਹ ਸੁਭਾਵਾਂ ਤੋਂ ਪਾਰ ਹੋ ਚੁੱਕਾ ਹੈ।

न स्वर्गो नैव नरको जीवन्मुक्तिर्न चैव हि।
बहुनाऽत्र किमुक्तेन योगदृष्ट्या न किञ्चन॥८०॥
ਨ ਸ੍ਵਰਗੋ ਨੈਵ ਨਰਕੋ ਜੀਵਨ੍ਮੁਕ੍ਤਿਰਨ ਚੈਵ ਹਿ।
ਬਹੁਨਾऽਤ੍ਰ ਕਿਮੁਕ੍ਤੇਨ ਯੋਗਦ੍ਰਿਸ਼੍ਟਯਾ ਨ ਕਿੰਚਨ॥੮੦॥

ਸ਼ਬਦਾਰਥ:- ਨ ਸ੍ਵਰਗ: ਨ ਏਵ ਨਰਕ: = ਨਾ ਸਵਰਗ ਹੈ ਨਾ ਹੀ ਨਰਕ। ਜੀਵਨ੍ ਮੁਕ੍ਤਿ: ਨ ਚ = ਜੀਵਨ ਮੁਕਤੀ ਨਹੀਂ ਅਤੇ। ਏਵ ਹਿ = ਨਿਸ਼ਚੇ ਹੀ। ਬਹੁਨਾ ਅਤ੍ਰ ਕਿਮ੍ ਉਕ੍ਤੇਨ = ਬਹੁਤਾ ਇਥੇ ਕੀ ਕਹਿਣਾ। ਯੋਗ-ਦ੍ਰਿਸ਼ਟਯਾ ਨ ਕਿੰਚਨ = ਯੋਗ ਦ੍ਰਿਸ਼ਟੀ ਵਿੱਚ ਨਹੀਂ ਹੈ ਕੁਝ ਵੀ।

ਸ਼ਲੋਕਾਰਥ:- ਨਿਸ਼ਚੇ ਹੀ, ਨਾ ਸਵਰਗ ਹੈ ਨਾ ਹੀ ਨਰਕ ਅਤੇ ਨਾ ਹੀ ਜੀਵਨ-

ਮੁਕਤੀ। ਇੱਥੇ ਬਹੁਤਾ ਕੀ ਕਹਿਣਾ, ਯੋਗ ਦ੍ਰਿਸ਼ਟੀ ਵਿੱਚ ਕੁਝ ਵੀ ਹੈ ਨਹੀਂ।

ਭਾਵਾਰਥ:- ***"ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕਲਿਆਨ ਮ: ੫; ਅੰਗ ੧੩੨੨) ਯੋਗ ਦਾ ਤਰੀਕਾ ਹੈ ਗਿਆਨ, ਭਗਤੀ, ਪ੍ਰਭੂ ਨਾਮ ਵਿੱਚ ਲਗਨ, ਸੰਸਾਰ ਦੀ ਅਸਲੀਅਤ ਦੀ ਸਮਝ ਅਤੇ ਅਖੰਡ ਜਪ ਤਪ। ਇਸ ਦਸ਼ਾ ਵਿੱਚ ਜੋਗੀ ਨੂੰ ***"ਜਿਥੈ ਕਿਥੈ ਦੀਸਹਿ ਨਾਲੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੧) ਹਰ ਥਾਂ ਪਰਮਾਤਮਾ ਨਾਲ ਹੀ ਦਿੱਸਦਾ ਹੈ ਅਤੇ ਅਨੁਭਵ ਹੁੰਦਾ ਹੈ ਕਿ ***"ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੯) ਪ੍ਰਭੂ ਹਰ ਥਾਂ ਰਮਿਆ ਹੋਇਆ ਹੈ ਅਤੇ ਕੋਈ ਜਗ੍ਹਾ ਉਸ ਤੋਂ ਖ਼ਾਲੀ ਨਹੀਂ ਜਿਸ ਕਰਕੇ ***"ਪ੍ਰਭ ਬਿਨਾ ਨਾਹੀ ਹੋਰੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੭) ਪ੍ਰਭੂ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ। ਇਸ ਕਰਕੇ ਯੋਗ ਦ੍ਰਿਸ਼ਟੀ ਵਿੱਚ ਸਵਰਗ, ਨਰਕ, ਜੀਵਨ ਮੁਕਤੀ-ਕੁਝ ਵੀ ਨਹੀਂ ਹੈ।

नैव प्रार्थयते लाभं नालाभेनानुशोचति।
धीरस्य शीतलं चित्तममृतेनैव पूरितम्॥८१॥

ਨੈਵ ਪ੍ਰਾਰਥਯਤੇ ਲਾਭੰ ਨਾਲਾਭੇਨਾਨੁਸ਼ੋਚਤਿ।
ਧੀਰਸਿਅ ਸ਼ੀਤਲੰ ਚਿੱਤਮਮ੍ਰਿਤੇਨੈਵ ਪੂਰਿਤਮ੍॥੮੧॥

ਸ਼ਬਦਾਰਥ:- ਨ ਏਵ ਪ੍ਰਾਰਥਯਤੇ ਲਾਭੰ = ਨਾ ਹੀ ਮੰਗਦਾ ਹੈ ਲਾਭ। ਨ ਅਲਾਭੇਨ ਅਨੁਸ਼ੋਚਤਿ = ਨਾ ਹਾਨੀ ਲਈ ਚਿੰਤਾ ਕਰਦਾ ਹੈ। ਧੀਰਸਿਅ ਸ਼ੀਤਲੰ ਚਿੱਤੰ ਅਮ੍ਰਿਤੇਨ ਏਵ ਪੂਰਿਤਮ੍ = ਗਿਆਨੀ ਦਾ ਸ਼ੀਤਲ ਚਿੱਤ ਅੰਮ੍ਰਿਤ ਦੁਆਰਾ ਹੀ ਪੂਰਿਤ ਹੁੰਦਾ ਹੈ।

ਸ਼ਲੋਕਾਰਥ:- ਨਾ ਲਾਭ ਲਈ ਪ੍ਰਾਰਥਨਾ ਕਰਦਾ ਹੈ ਨਾ ਹੀ ਹਾਨੀ ਕਾਰਨ ਚਿੰਤਾ ਕਰਦਾ ਹੈ। ਗਿਆਨੀ ਦਾ ਸ਼ੀਤਲ ਚਿੱਤ (ਨਾਮ) ਅੰਮ੍ਰਿਤ ਨਾਲ ਭਰਿਆ ਰਹਿੰਦਾ ਹੈ।

ਭਾਵਾਰਥ:- ਜੋਗੀ ***"ਸਦਾ ਅਨੰਦੁ ਰਾਮ ਰਸਿ ਰਾਤੇ॥ ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੩੧) ਸਦਾ ਨਾਮ ਰਸ ਦੇ ਅਨੰਦ ਵਿੱਚ ਮਸਤ ਰਹਿੰਦੇ ਹਨ। ਉਨ੍ਹਾਂ ਦੇ ਮਨਾਂ ਵਿੱਚੋਂ ਦਵੈਤ ਦਾ ਭਰਮ ਮਿਟਿਆ ਹੁੰਦਾ ਹੈ ਅਤੇ ਉਹ ਹਰਿ ਨਾਮ ਅੰਮ੍ਰਿਤ ਪੀ ਕੇ ਤ੍ਰਿਪਤ ਰਹਿੰਦੇ ਹਨ। ਉਹ ***"ਹਰਖ ਸੋਗ ਦੁਹਹੂੰ ਤੇ ਮੁਕਤੇ॥ ਸਦਾ ਅਲਿਪਤੁ ਜੋਗ ਅਰੁ ਜੁਗਤੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੧੯੧) ਪਰਮਾਤਮਾ ਨਾਲ ਜੁੜੇ ਹੋਏ ਸਦਾ ਸੰਸਾਰ ਤੋਂ ਅਲਿਪਤ ਰਹਿੰਦੇ ਹਨ, ਸੰਸਾਰ ਨੂੰ ਸਾਖੀ ਭਾਵ ਨਾਲ ਵੇਖਦ ਹਨ; ਨਾ ਲਾਭ ਨਾਲ ਖ਼ੁਸ਼ ਹੁੰਦੇ ਹਨ ਨਾ ਹੀ ਹਾਨੀ ਕਾਰਨ ਦੁਖੀ ਹੁੰਦੇ ਹਨ।

ਨੂੰ ਵੇਖਣ ਦੀ ਚਾਹ ਰੱਖਦਾ ਹੈ। ਹਰਖ ਸੋਗ ਤੋਂ ਮੁਕਤ, ਉਹ ਨਾ ਮਰਿਆਂ ਵਿੱਚ ਨਾ ਜੀਊਂਦਿਆ ਵਿੱਚ।

ਭਾਵਾਰਥ:- ਗਿਆਨੀ ਜਾਣਦਾ ਹੈ ਕਿ *"ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਜੈਜਾਵੰਤੀ ਮ: ੯; ਅੰਗ ੧੩੫੨) ਸੰਸਾਰ ਦੇ ਸੁਖ, ਮਾਨ-ਅਪਮਾਨ-ਸਭ ਮਿਥਿਆ ਹਨ ਅਤੇ ਸਾਰਾ ਪਸਾਰਾ ਝੂਠ ਹੈ ਫਿਰ ਭੀ ਉਹ ਸੰਸਾਰ ਨਾਲ ਦਵੈਖ ਨਹੀਂ ਰੱਖਦਾ, *"ਮੁਖ ਕੀ ਬਾਤ ਸਗਲ ਸਿਉ ਕਰਤਾ॥ ਜੀਅ ਸੰਗਿ ਪ੍ਰਭੁ ਅਪੁਨਾ ਧਰਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੪) ਗੱਲ ਬਾਤ ਸਭ ਨਾਲ ਕਰਦਾ ਹੈ ਪਰ ਮਨ ਪ੍ਰਭੂ ਵਿੱਚ ਟਿਕਾਈ ਰੱਖਦਾ ਹੈ। ਇਸ ਤਰ੍ਹਾਂ *"ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੯; ਅੰਗ ੧੧੮੬) ਆਤਮ ਅਨੰਦ ਵਿੱਚ ਸਮਾਏ ਰਹਿਣ ਕਰਕੇ ਉਸ ਦੇ ਮਨ 'ਚੋਂ ਸਾਰੀਆਂ ਇੱਛਾਵਾਂ ਬਿਨਸ ਜਾਂਦੀਆਂ ਹਨ, ਇੱਥੋਂ ਤੱਕ ਕਿ ਉਸ ਦੀ ਆਪਣੇ ਸਵੈ ਨੂੰ ਜਾਨਣ ਦੀ ਇੱਛਾ ਵੀ ਨਹੀਂ ਬਚਦੀ। ਇਸ ਦਸ਼ਾ ਵਾਲਾ ਗਿਆਨੀ *"ਹਰਖ ਸੋਗ ਦੁਹੁ ਮਾਹਿ ਨਿਰਾਲਾ ਕਰਣੈਹਾਰੁ ਪਛਾਤਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗੂਜਰੀ ਮ: ੫; ਅੰਗ ੪੯੮) ਕਰਤਾ ਪੁਰਖ ਨੂੰ ਪਛਾਣ ਕੇ ਹਰਖ ਸੋਗ ਦੋਹਾਂ ਤੋਂ ਮੁਕਤ ਹੋ ਜਾਂਦਾ ਹੈ। ਉਸ ਦਾ *"ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਕਬੀਰ ਜੀਉ; ਅੰਗ ੮੫੭) ਪਰਮਾਤਮਾ ਵਿੱਚ ਲਿਵ ਲੱਗਣ ਨਾਲ, ਜਨਮ ਮਰਨ ਦਾ ਭਰਮ ਮਿਟ ਜਾਂਦਾ ਹੈ ਅਰਥਾਤ ਉਹ ਆਪਣੇ ਆਪ ਨੂੰ ਨਾ ਜਿਊਂਦਾ ਕਹਿੰਦਾ ਹੈ ਨਾ ਮਰਿਆ ਹੋਇਆ। ਉਹ ਜੀਵਨ ਮੁਕਤ ਹੋ ਜਾਂਦਾ ਹੈ।

निःस्नेहः पुत्रदारादौ निष्कामो विषयेषु च।
निश्चिन्तः स्वशरीरेऽपि निराशः शोभते बुधः॥८४॥

ਨਿ:ਸ੍ਨੇਹ: ਪੁਤ੍ਰਦਾਰਾਦੌ ਨਿਸ਼੍ਕਾਮੋ ਵਿਸ਼ਯੇਸ਼ੁ ਚ।
ਨਿਸ਼੍ਚਿੰਤ: ਸ੍ਵਸ਼ਰੀਰੇऽਪਿ ਨਿਰਾਸ਼: ਸ਼ੋਭਤੇ ਬੁਧ:॥੮੪॥

ਸ਼ਬਦਾਰਥ:- ਨਿ:ਸ੍ਨੇਹ: ਪੁਤ੍ਰ-ਦਾਰਾ ਆਦੌ = ਪੁੱਤਰ ਪਤਨੀ ਆਦਿ ਵਿੱਚ ਸਨੇਹ ਰਹਿਤ। ਨਿਸ਼੍ਕਾਮ: ਵਿਸ਼ਯੇਸ਼ੁ ਚ = ਕਾਮਨਾ ਰਹਿਤ ਵਿਸ਼ਿਆਂ ਲਈ ਅਤੇ। ਨਿਸ਼੍ਚਿੰਤ: ਸ੍ਵ ਸ਼ਰੀਰੇ ਅਪਿ = ਨਿਸ਼ਚਿੰਤ ਆਪਣੇ ਸਰੀਰ ਪ੍ਰਤੀ ਵੀ। ਨਿਰਾਸ਼: ਸ਼ੋਭਤੇ ਬੁਧ: = ਆਸ਼ਾ ਰਹਿਤ ਸ਼ੋਭਦਾ ਹੈ ਗਿਆਨੀ।

ਸ਼ਲੋਕਾਰਥ:- ਪੁੱਤਰ ਪਤਨੀ ਆਦਿ ਵਿੱਚ ਸਨੇਹ ਰਹਿਤ ਅਤੇ ਵਿਸ਼ਿਆਂ ਲਈ ਕਾਮਨਾ ਰਹਿਤ, ਆਪਣੇ ਸਰੀਰ ਦੀ ਚਿੰਤਾ ਤੋਂ ਵੀ ਮੁਕਤ, ਇੱਛਾ ਰਹਿਤ ਗਿਆਨੀ ਸ਼ੋਭਦਾ ਹੈ।

ਭਾਵਾਰਥ:- *"ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ॥"* (ਸ੍ਰੀ ਗੁਰੂ ਗ੍ਰੰਥ

ਸਾਹਿਬ, ਮਾਰੂ ਮ: ੩; ਅੰਗ ੧੦੮੯) ਜੋ ਸਵੈ ਨੂੰ ਪਛਾਣ ਲੈਂਦੇ ਹਨ, ਉਹ ਸਦਾ ਲਈ ਪਰਮਾਤਮਾ ਨਾਲ ਜੁੜ ਜਾਂਦੇ ਹਨ। ਪ੍ਰਭੂ ਨਾਲ ਅਭੇਦ ਹੋ ਕੇ ਉਹ ਆਪਣੇ ਦੇਹ ਭਾਵ ਤੋਂ ਉੱਪਰ ਉੱਠ ਜਾਂਦੇ ਹਨ ਅਤੇ ਦੇਹ ਦੀ ਚਿੰਤਾ ਤੋਂ ਮੁਕਤ ਹੋ ਕੇ ਦੇਹ ਦੇ ਸੰਬੰਧੀਆਂ, ਪੁੱਤਰ ਪਤਨੀ ਆਦਿ ਪ੍ਰਤੀ ਵੀ ਮੋਹ ਰਹਿਤ ਹੋ ਜਾਂਦੇ ਹਨ ਕਿਉਂਕਿ ਉਹ ਜਾਣ ਜਾਂਦੇ ਹਨ ਕਿ *"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੮) ਦੇਹ, ਧਨ, ਪਰਿਵਾਰ-ਸਭ ਮਿਥਿਆ ਹਨ। ਉਹ *"ਤ੍ਰਿਪਤ ਅਘਾਵਨੁ ਸਾਚੈ ਨਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੭੭) ਸੱਚੇ ਨਾਮ ਵਿੱਚ ਤ੍ਰਿਪਤ ਅਤੇ ਰੱਜੇ ਹੋਏ ਰਹਿੰਦੇ ਹਨ, ਸੰਸਾਰਿਕ ਵਿਸ਼ਿਆਂ ਦੀ ਕਾਮਨਾ ਵੀ ਉਨ੍ਹਾਂ ਵਿੱਚ ਨਹੀਂ ਰਹਿੰਦੀ। *"ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੧; ਅੰਗ ੧੩੯) ਜਿਹੜੇ ਗਿਆਨੀ ਪਰਮਾਤਮਾ ਵਿੱਚ ਚਿੱਤ ਜੋੜ ਲੈਂਦੇ ਹਨ, ਉਹ ਸੰਸਾਰ ਵਿੱਚ ਮਹਾਨ ਸ਼ੋਭਾਵਾਨ ਹੁੰਦੇ ਹਨ।

तुष्टिः सर्वत्रधीरस्य यथापतितवर्तिनः।
स्वच्छन्दं चरतो देशान्यत्रास्तमितशायिनः॥८५॥

ਤੁਸ਼ਿਟ: ਸਰਵਤ੍ਰ ਧੀਰਸਿਅ ਯਥਾਪਤਿਤਵਰਤਿਨ:।
ਸ੍ਵੱਛੰਦੰ ਚਰਤੋ ਦੇਸ਼ਾਨ੍ਯਤ੍ਰਾਸ੍ਤਮਿਤਸ਼ਾਯਿਨ:॥੮੫॥

ਸ਼ਬਦਾਰਥ:- ਤੁਸ਼ਿਟ: ਸਰਵਤ੍ਰ ਧੀਰਸਿਅ = ਸੰਤੁਸ਼ਟੀ ਸਦਾ ਸੰਤੋਖੀ ਦੀ। ਯਥਾ ਪਤਿਤ ਵਰਤਿਨ: = ਜਿਵੇਂ ਹੋਵੇ ਉਸੇ ਵਿੱਚ ਰਾਜ਼ੀ। ਸ੍ਵੱਛੰਦ: ਚਰਤੋ ਦੇਸ਼ਾਨ੍ = ਬੰਧਨ ਮੁਕਤ ਵਿਚਰਨ ਵਾਲਾ ਦੇਸਾਂ ਵਿੱਚ। ਯਤ੍ਰ ਅਸ੍ਤਮਿਤ-ਸ਼ਾਯਿਨ: = ਜਿੱਥੇ ਸੂਰਜ ਡੁੱਬੇ, ਉੱਥੇ ਸੌਂ ਜਾਣ ਵਾਲਾ।

ਸ਼ਲੋਕਾਰਥ:- ਜਿਵੇਂ ਹੋਵੇ, ਉਸੇ ਵਿੱਚ ਰਾਜ਼ੀ; ਬੰਧਨ ਮੁਕਤ ਵਿਚਰਨ ਵਾਲਾ; ਜਿੱਥੇ ਸੂਰਜ ਡੁੱਬੇ ਉੱਥੇ ਹੀ ਸੌਂ ਜਾਣ ਵਾਲਾ ਸੰਤੋਖੀ ਸਦਾ ਸੰਤੁਸ਼ਟ ਰਹਿੰਦਾ ਹੈ।

ਭਾਵਾਰਥ:- ਸੰਤੋਖੀ *"ਜੋ ਹੋਵੈ ਸੋਈ ਭਲ ਮਾਨੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੮੯੫) ਜੋ ਉਸ ਨਾਲ ਵਾਪਰਦਾ ਹੈ, ਉਸੇ ਵਿੱਚ ਆਪਣਾ ਭਲਾ ਮੰਨਦਾ ਹੈ। ਉਸ ਨੂੰ ਗਿਆਨ ਹੈ ਕਿ *"ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੬) ਸੰਸਾਰ ਵਿੱਚ ਮਾਤਾ, ਪਿਤਾ, ਬੇਟਾ, ਬੇਟੀ, ਪਤਨੀ ਆਦਿ ਸਭ ਬੰਧਨ ਰੂਪ ਹਨ ਜਿਸ ਕਰਕੇ ਉਹ ਉਨ੍ਹਾਂ ਦੇ ਮੋਹ ਵਿੱਚ ਨਹੀਂ ਪੈਂਦਾ। ਉਹ ਇਹ ਵੀ ਮੰਨਦਾ ਹੈ ਕਿ *"ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ॥ ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰੰਗ ਮ: ੯; ਅੰਗ ੧੨੩੧) ਧਨ, ਜ਼ਮੀਨ ਅਤੇ ਸੰਪਤੀ ਜਿਸ ਨੂੰ ਆਪਣਾ ਮੰਨੀਦਾ ਹੈ, ਕੁਝ ਵੀ ਨਾਲ ਨਹੀਂ ਜਾਂਦਾ ਜਿਸ ਕਰਕੇ ਉਸ ਨੂੰ ਆਪਣੇ ਨਾਲ ਕਿਉਂ ਚਿਪਕਾ

ਕੇ ਰੱਖਿਆ ਜਾਏ। ਇਹ ਸੋਚ ਕੇ ਉਹ ਕੋਈ ਬਸੇਰਾ ਵੀ ਨਹੀਂ ਬਣਾਉਂਦਾ ਅਤੇ ਸਭ ਸੰਸਾਰਿਕ ਬੰਧਨਾਂ ਤੋਂ ਮੁਕਤ ਰਹਿ ਕੇ ਸੁਤੰਤਰ ਵਿਚਰਦਾ ਹੈ, ਜਿੱਥੇ ਸੂਰਜ ਡੁੱਬ ਜਾਏ, ਉੱਥੇ ਹੀ ਸੌਂ ਜਾਂਦਾ ਹੈ ਕਿਉਂਕਿ ਉਸ ਨੂੰ ਭਰੋਸਾ ਹੈ ਕਿ *"ਜਿਥੈ ਰਖੈ ਸਾ ਭਲੀ ਜਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੦੮) ਜਿੱਥੇ ਪਰਮਾਤਮਾ ਰੱਖੇ, ਉਹ ਥਾਂ ਹੀ ਉਸ ਵਾਸਤੇ ਸ਼ੁੱਭ ਹੈ। ਇਸ ਤਰ੍ਹਾਂ ਦਾ ਗਿਆਨੀ ਹਰ ਥਾਂ, ਹਰ ਵੇਲੇ ਸੰਤੁਸ਼ਟ ਰਹਿ ਕੇ ਇਸ ਭਾਵ ਵਿੱਚ ਵਿਚਰਦਾ ਹੈ ਕਿ *"ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੯) ਪ੍ਰਭੂ ਦੀ ਰਜ਼ਾ ਵਿੱਚ ਹੀ ਅੰਮ੍ਰਿਤ ਹੈ।

पततूदेतु वा देहो नास्य चिन्ता महात्मनः।
स्वभावभूमिविश्रान्तिविस्मृताशेषसंसृतेः॥८६॥
ਪਤਤੂਦੇਤੁ ਵਾ ਦੇਹੋ ਨਾਸਿਅ ਚਿੰਤਾ ਮਹਾਤ੍ਮਨ:।
ਸ੍ਵਭਾਵਭੂਮਿਵਿਸ਼੍ਰਾਂਤਿਵਿਸ੍ਮ੍ਰਿਤਾਸ਼ੇਸ਼ਸੰਸ੍ਰਿਤੇ:॥੮੬॥

ਸ਼ਬਦਾਰਥ:- ਪਤਤੁ ਉਦੇਤੁ ਵਾ ਦੇਹ: = ਨਾਸ ਹੋਵੇ ਸਥਿਤ ਰਹੇ ਜਾਂ ਦੇਹ। ਨ ਅਸਿਅ ਚਿੰਤਾ ਮਹਾਤ੍ਮਨ: = ਨਹੀਂ ਇਸ ਦੀ ਚਿੰਤਾ ਮਹਾਤਮਾ ਨੂੰ। ਸ੍ਵ ਭਾਵ ਭੂਮਿ-ਵਿਸ਼੍ਰਾਂਤਿ ਵਿਸ੍ਮ੍ਰਿਤਾ ਸ਼ੇਸ਼ ਸੰਸ੍ਰਿਤੇ: = ਨਿਜ ਭਾਵ ਭੂਮੀ ਵਿੱਚ ਵਿਸ਼੍ਰਾਮ ਕਰਦਾ ਅਤੇ ਭੁੱਲਿਆ ਹੋਇਆ ਬਾਕੀ ਸੰਸਾਰ।

ਸ਼ਲੋਕਾਰਥ:- ਆਤਮ ਭਾਵ ਦੀ ਭੂਮੀ ਵਿੱਚ ਠਹਿਰਿਆ ਹੋਇਆ ਅਤੇ ਬਾਕੀ ਦੇ ਸੰਸਾਰ ਨੂੰ ਭੁੱਲਿਆ ਹੋਇਆ ਮਹਾਤਮਾ, ਇਸ ਦੀ ਚਿੰਤਾ ਨਹੀਂ ਕਰਦਾ ਕਿ ਦੇਹ ਰਹੇ ਜਾਂ ਨਾ ਰਹੇ।

ਭਾਵਾਰਥ:- ਮਹਾਤਮਾ *"ਨਿਜ ਘਰਿ ਵਾਸੁ ਅਮਰ ਪਦੁ ਪਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਨਿਜ ਭਾਵ ਵਿੱਚ ਸਥਿਤ ਹੋ ਕੇ ਅਮਰ ਪਦਵੀ ਪ੍ਰਾਪਤ ਕਰ ਲੈਂਦਾ ਹੈ ਅਰਥਾਤ ਉਹ ਪਛਾਣ ਲੈਂਦਾ ਹੈ ਕਿ ਉਸ ਦਾ ਆਤਮ ਸਰੂਪ ਅਵਿਨਾਸ਼ੀ ਹੈ ਜਦ ਕਿ *"ਦੇਹੀ ਹੋਵਗਿ ਖਾਕੁ ਪਵਣੁ ਉਡਾਈਐ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੧; ਅੰਗ ੭੫੨) ਸਰੀਰ ਨੇ ਮਿੱਟੀ ਹੋ ਜਾਣਾ ਹੈ ਜਿਸ ਨੂੰ ਹਵਾ ਉਡਾ ਲੈ ਜਾਏਗੀ ਕਿਉਂਕਿ *"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਮ: ੯; ਅੰਗ ੧੪੨੯) ਜੋ ਪੈਦਾ ਹੁੰਦਾ ਹੈ ਉਸ ਨੇ ਅੱਜ ਜਾਂ ਕੁਝ ਸਮੇਂ ਪਿੱਛੋਂ ਅਵੱਸ਼ ਬਿਨਸ ਜਾਣਾ ਹੈ ਜਿਸ ਕਰਕੇ ਉਸ ਦੇ ਰਹਿਣ ਜਾਂ ਨਾ ਰਹਿਣ ਦੀ ਚਿੰਤਾ ਕਰਨਾ ਫ਼ਜ਼ੂਲ ਹੈ। *"ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥ ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥"* (ਅੰਗ ੧੪੨੯) ਚਿੰਤਾ ਉਸ ਦੀ ਕੀਤੀ ਜਾਂਦੀ ਹੈ ਜੇ ਕੋਈ ਅਣਹੋਣੀ ਵਾਪਰੇ ਪਰ ਦੇਹ ਦਾ ਨਾਸ ਹੋ ਜਾਣਾ ਅਣਹੋਣੀ ਨਹੀਂ ਕਿਉਂਕਿ ਇਹ ਸੰਸਾਰ ਦਾ ਨਿਯਮ ਹੈ ਕਿ ਇੱਥੇ ਸਦਾ ਲਈ ਕੁਝ ਨਹੀਂ ਰਹਿੰਦਾ। *"ਸਹਜ ਗੁਫਾ ਮਹਿ ਤਾੜੀ ਲਾਈ ਆਸਣੁ*

ਉਹ ਸਵਾਰਿਆ ਜੀਉ॥" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੯੭) ਉਹ ਆਪਣੇ ਸਹਿਜ ਸਰੂਪ ਵਿੱਚ ਸਮਾਧੀ ਲਗਾ ਕੇ, ਦੇਹ ਭਾਵ ਤੋਂ ਉੱਪਰ, ਉੱਚੀ ਅਵਸਥਾ ਵਿੱਚ ਸਥਿਤ ਰਹਿ ਕੇ, ਝੂਠੇ ਸੰਸਾਰ ਤੋਂ ਅਵੇਸਲਾ ਰਹਿੰਦਾ ਹੈ।

अकिञ्चनः कामचारो निर्द्वन्द्वश्छिन्नसंशयः।
असक्तः सर्वभावेषु केवलो रमते बुधः॥८७॥
ਅਕਿੰਚਨ: ਕਾਮਚਾਰੋ ਨਿਰਦ੍ਵੰਦ੍ਵਸ਼੍ਛਿੰਨਸੰਸ਼ਯ:।
ਅਸਕ੍ਤ: ਸਰਵਭਾਵੇਸ਼ੁ ਕੇਵਲੋ ਰਮਤੇ ਬੁਧ:॥੮੭॥

ਸ਼ਬਦਾਰਥ:- ਅਕਿੰਚਨ: = ਬਿਲਕੁਲ ਮਲਕੀਅਤ ਰਹਿਤ। ਕਾਮਚਾਰ: = ਮਰਜ਼ੀ ਅਨੁਸਾਰ ਵਿਚਰਨ ਵਾਲਾ। ਨਿਰਦ੍ਵੰਦ੍ਵ: = ਦਵੰਦ ਰਹਿਤ। ਛਿੰਨ-ਸੰਸ਼ਯ: = ਸੰਦੇਹ ਰਹਿਤ। ਅਸਕ੍ਤ: ਸਰਵ ਭਾਵੇਸ਼ੁ = ਨਿਰਾਸਕਤ ਹਰ ਭਾਵ ਵਿੱਚ। ਕੇਵਲ: = ਇਕੱਲਾ। ਰਮਤੇ ਬੁਧ: = ਰਮਨ ਕਰਦਾ ਹੈ ਬੁੱਧੀਮਾਨ।

ਸ਼ਲੋਕਾਰਥ:- ਬਿਲਕੁਲ ਮਲਕੀਅਤ ਰਹਿਤ, ਮਰਜ਼ੀ ਅਨੁਸਾਰ ਵਿਚਰਨ ਵਾਲਾ, ਦਵੰਦ ਰਹਿਤ, ਸੰਦੇਹ ਰਹਿਤ, ਹਰ ਭਾਵ ਪ੍ਰਤੀ ਆਸਕਤੀ ਰਹਿਤ, ਇਕੱਲਾ ਬੁੱਧੀਮਾਨ ਰਮਨ ਕਰਦਾ ਹੈ।

ਭਾਵਾਰਥ:- *"ਗੁਰਮੁਖਿ ਅਲਿਪਤੁ ਰਹੈ ਸੰਸਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੩; ਅੰਗ ੧੧੮) ਗਿਆਨੀ ਸੰਸਾਰ ਵਿੱਚ ਅਲਿਪਤ ਰਹਿੰਦਾ ਹੈ, ਨਾ ਆਪਣੀ ਕੋਈ ਮਲਕੀਅਤ ਬਣਾਉਂਦਾ ਹੈ ਨਾ ਕਿਤੇ ਆਸਕਤ ਹੁੰਦਾ ਹੈ। *"ਗੁਰਮੁਖਿ ਮੁਕਤੋ ਬੰਧੁ ਨ ਪਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੨) ਉਹ ਸੰਸਾਰ ਦੇ ਬੰਧਨਾਂ ਤੋਂ ਮੁਕਤ, ਆਪਣੀ ਮਰਜ਼ੀ ਅਨੁਸਾਰ ਵਿਚਰਦਾ ਹੈ। *"ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ॥ ਨਾਨਕ ਤੇਹ ਪਰਮ ਸੁਖ ਪਾਇਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੮) ਉਸ ਵਿੱਚ ਕੋਈ ਭਰਮ ਜਾਂ ਭੈ ਨਹੀਂ ਹੁੰਦਾ ਅਤੇ ਇਸੇ ਕਰ ਕੇ ਸੁਖੀ ਵੱਸਦਾ ਹੈ। ਉਹ *"ਥਿਰ ਥਿਰ ਚਿਤ ਥਿਰ ਹਾਂ॥ ਬਨੁ ਗ੍ਰਿਹੁ ਸਮਸਰਿ ਹਾਂ॥ ਅੰਤਰਿ ਏਕ ਪਿਰ ਹਾਂ॥ ਬਾਹਰਿ ਅਨੇਕ ਧਰਿ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯)। ਉਸ ਦਾ ਚਿੱਤ ਟਿਕਿਆ ਹੁੰਦਾ ਹੈ, ਕਿਸੇ ਦੁਚਿੱਤੀ ਜਾਂ ਦਵੰਦ ਵਿੱਚ ਨਹੀਂ ਹੁੰਦਾ; ਸੰਸਾਰ ਵਿੱਚ ਤਾਂ ਅਨੇਕ ਰੁਕਾਵਟਾਂ ਹਨ ਪਰ ਉਸ ਦੇ ਅੰਦਰ ਇੱਕ ਉੱਤੇ ਭਰੋਸਾ ਹੁੰਦਾ ਹੈ; ਜੰਗਲ ਅਤੇ ਸ਼ਹਿਰ ਉਸ ਲਈ ਬਰਾਬਰ ਹਨ ਕਿਉਂਕਿ ਪ੍ਰਭੂ ਵਿੱਚ ਰਮੇ ਹੋਣ ਕਰਕੇ ਉਹ ਹਰ ਥਾਂ ਇਕੱਲਾ ਹੀ ਹੁੰਦਾ ਹੈ।

निर्ममः शोभतेधीरः समलोष्टाश्मकाञ्चनः।
सुभिन्नहृदयग्रन्थिर्विनिर्धूतरजस्तमः ॥८८॥
ਨਿਰਮਮ: ਸ਼ੋਭਤੇ ਧੀਰ: ਸਮਲੋਸ਼੍ਟਾਸ਼੍ਮਕਾਂਚਨ:।
ਸੁਭਿੰਨਹ੍ਰਿਦਯਗ੍ਰੰਥਿਰਵਿਨਿਰਧੂਤਰਜਸ੍ਤਮ: ॥੮੮॥

ਸ਼ਬਦਾਰਥ:- ਨਿਰਮਮ: ਸ਼ੋਭਤੇ ਧੀਰ: ਸਮ-ਲੋਸ਼੍ਟ-ਅਸ਼੍ਮ-ਕਾਂਚਨ: = ਮਮਤਾ ਰਹਿਤ ਸ਼ੋਭਦਾ ਹੈ ਸੰਤੋਖੀ; ਢੀਮ ਪੱਥਰ ਸੋਨੇ ਪ੍ਰਤੀ ਸਮ। ਸੁਭਿੰਨ ਹ੍ਰਿਦਯ-ਗ੍ਰੰਥਿ: = ਖੁਲ੍ਹੀ ਹਿਰਦੇ ਗ੍ਰੰਥੀ। ਨਿਰਧੂਤ ਰਜ: ਤਮ: = ਧੋਤੇ ਗਏ ਰਜ ਅਤੇ ਤਮ ਗੁਣ ਵਾਲਾ ਅਰਥਾਤ ਰਜ ਤਮ ਮੁਕਤ।

ਸ਼ਲੋਕਾਰਥ:- ਮਮਤਾ ਰਹਿਤ, ਢੀਮ ਪੱਥਰ ਸੋਨੇ ਪ੍ਰਤੀ ਸਮ, ਖੁਲ੍ਹ ਚੁੱਕੀ ਹਿਰਦੇ ਗ੍ਰੰਥੀ ਵਾਲਾ, ਧੋਤੇ ਜਾ ਚੁੱਕੇ ਰਜ ਅਤੇ ਤਮ ਗੁਣਾਂ ਵਾਲਾ ਸੰਤੋਖੀ ਸ਼ੋਭਦਾ ਹੈ।

ਭਾਵਾਰਥ:- ਗਿਆਨੀ ਮਮਤਾ ਰਹਿਤ ਹੁੰਦਾ ਹੈ ਕਿਉਂਕਿ ਉਸ ਅਨੁਸਾਰ ***"ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੯) ਸੰਸਾਰ ਪ੍ਰਤੀ ਮੋਹ ਝੂਠ ਹੈ ਜੋ ਅੰਤ ਵਿੱਚ ਬਿਨਸ ਜਾਂਦਾ ਹੈ। ਉਸ ਦਾ ***"ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੨੬) ਹਿਰਦੇ ਕਮਲ ਭਾਵ ਗ੍ਰੰਥੀ ਖੁਲ੍ਹੀ ਹੁੰਦੀ ਹੈ ਅਤੇ ਉਹ ਸਹਿਜ ਧਿਆਨ ਵਿੱਚ ਰਹਿੰਦਾ ਹੈ। ਉਹ ***"ਅਗਿਆਨ ਬਿਨਾਸਨ ਤਮ ਹਰਣ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੩੨) ਅਗਿਆਨ ਅਤੇ ਤਮ ਦਾ ਨਾਸ ਕਰਨ ਵਾਲੇ ਭਾਵ ਪ੍ਰਭੂ ਨਾਲ ਜੁੜਿਆ ਹੁੰਦਾ ਹੈ ਜਿਸ ਕਰਕੇ ਉਸ ਵਿੱਚ ਤਮ ਗੁਣ ਨਹੀਂ ਬਚਦਾ। ਉਹ ***"ਰਹੈ ਰਜਾਈ ਹੁਕਮੁ ਪਛਾਣੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੩੨) ਪ੍ਰਭੂ ਦੀ ਰਜ਼ਾ ਵਿੱਚ ਰਹਿ ਕੇ ਓਸ ਦੇ ਹੁਕਮ ਅਨੁਸਾਰ ਚਲਦਾ ਹੈ ਜਿਸ ਕਰਕੇ ਉਸ ਵਿੱਚੋਂ ਆਪਣੇ ਆਪ ਕੁਝ ਕਰਨ ਦੀ ਇੱਛਾ ਅਰਥਾਤ ਰਜੋ ਗੁਣ ਸਮਾਪਤ ਹੋ ਜਾਂਦਾ ਹੈ। ਉਹ ***"ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਕੇਦਾਰਾ ਕਬੀਰ ਜੀਉ; ਅੰਗ ੧੧੨੩) ਲੋਹੇ ਤੇ ਸੋਨੇ ਨੂੰ ਇੱਕੋ ਜਿਹਾ ਸਮਝਣ ਵਾਲਾ, ਭਗਵਾਨ ਰੂਪ ਹੋ ਕੇ ਸ਼ੋਭਦਾ ਹੈ।

सर्वत्रानवधानस्य न किञ्चिद्वासना हृदि।
मुक्तात्मनो वितृप्तस्य तुलना केन जायते॥८९॥

ਸਰਵਤ੍ਰਾਨਵਧਾਨਸਿਅ ਨ ਕਿੰਚਿਦ੍ਵਾਸਨਾ ਹ੍ਰਿਦਿ।
ਮੁਕ੍ਤਾਤ੍ਮਨੋ ਵਿਤ੍ਰਿਪਤਸਿਅ ਤੁਲਨਾ ਕੇਨ ਜਾਯਤੇ॥੮੯॥

ਸ਼ਬਦਾਰਥ:- ਸਰਵਤ੍ਰ ਅਨਵਧਾਨਸਿਅ ਨ ਕਿੰਚਿਤ੍ ਵਾਸਨਾ ਹ੍ਰਿਦਿ = ਸਭ ਵਿਸ਼ਿਆਂ ਵਿੱਚ ਆਸਕਤੀ ਰਹਿਤ ਦੀ, ਨਹੀਂ ਕੋਈ ਵਾਸ਼ਨਾ ਹਿਰਦੇ ਵਿੱਚ। ਮੁਕ੍ਤ ਆਤ੍ਮਨ: ਵਿਤ੍ਰਿਪਤਸਿਅ ਤੁਲਨਾ ਕੇਨ ਜਾਯਤੇ = ਮੁਕਤ ਗਿਆਨੀ ਦੀ, ਪੂਰਨ ਤ੍ਰਿਪਤ ਦੀ, ਤੁਲਨਾ ਕਿਸ ਨਾਲ ਕੀਤੀ ਜਾ ਸਕਦੀ ਹੈ।

ਸ਼ਲੋਕਾਰਥ:- ਸਭ ਵਿਸ਼ਿਆਂ ਪ੍ਰਤੀ ਆਸਕਤੀ ਰਹਿਤ, ਵਾਸ਼ਨਾ ਰਹਿਤ ਮਨ ਵਾਲੇ, ਪੂਰੀ ਤਰ੍ਹਾਂ ਤ੍ਰਿਪਤ, ਮੁਕਤ ਗਿਆਨੀ ਦੀ ਤੁਲਨਾ ਕਿਸ ਨਾਲ ਕੀਤੀ ਜਾ ਸਕਦੀ ਹੈ।

ਭਾਵਾਰਥ:- ਮਾਇਆ ਨੇ *"ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੫੦) ਪੂਰੇ ਸੰਸਾਰ ਨੂੰ ਕਈ ਤਰ੍ਹਾਂ, ਬਹੁਤ ਤਰੀਕਿਆਂ ਨਾਲ ਮੋਹਿਆ ਹੋਇਆ ਹੈ। *"ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ॥ ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੬੧) ਤ੍ਰਿਸ਼ਨਾ ਰੂਪੀ ਮਾਇਆ, ਪੁੱਤਰ, ਬੰਧੂ, ਘਰ, ਪਤਨੀ ਆਦਿ ਦੇ ਮੋਹ ਵਿੱਚ ਪਾ ਦੇਂਦੀ ਹੈ; ਧਨ ਅਤੇ ਜੋਬਨ ਦਾ ਲੋਭ ਅਤੇ ਅਹੰਕਾਰ ਸਾਰੇ ਪ੍ਰਣੀਆਂ ਨੂੰ ਭਰਮਾਈ ਰੱਖਦਾ ਹੈ। *"ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ॥"* (ਸ੍ਰੀ ਗੁਰੂ ਗ੍ਰੰਥ ਸਹਿਬ, ਵਡਹੰਸੁ ਮ: ੩; ਅੰਗ ੫੭੦) ਵਿਸ਼ਿਆਂ ਰੂਪੀ ਮਾਇਆ ਵੀ ਹੈ ਜਿਸ ਨੇ ਜਗਤ ਨੂੰ ਭਰਮਾਇਆ ਹੋਇਆ ਹੈ ਜੋ ਪਰਮਾਤਮਾ ਨੂੰ ਭੁਲਾ ਬੈਠਾ ਹੈ। *"ਬਿਖਿਆ ਕਦੇ ਹੀ ਰਜੈ ਨਾਹੀ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੧; ਅੰਗ ੧੨੮੭) ਵਿਸ਼ਿਆਂ ਦੀ ਭੁੱਖ ਕਦੀ ਨਹੀਂ ਮਿਟਦੀ ਜਿਸ ਕਰਕੇ *"ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅਗ ੨੧੩) ਕਿਸੇ ਵਿਰਲੇ ਦੀ ਹੀ ਤ੍ਰਿਸਨਾ ਬੁਝਦੀ ਹੈ। ਇਸ ਕਰਕੇ ਸਭ ਵਿਸ਼ਿਆਂ ਪ੍ਰਤੀ ਆਸਕਤੀ ਰਹਿਤ, ਪੂਰੀ ਤਰ੍ਹਾਂ ਤ੍ਰਿਪਤ, ਮਨ ਵਿੱਚ ਕੋਈ ਵਾਸ਼ਨਾ ਨਾ ਰੱਖਣ ਵਾਲੇ ਜੀਵਨ ਮੁਕਤ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ।

जानन्नपि न जानाति पश्यन्नपि न पश्यति।
ब्रुवन्नपि न च ब्रूते कोऽन्यो निर्वासनादृते॥९०॥

ਜਾਨੰਨਪਿ ਨ ਜਾਨਾਤਿ ਪਸ਼ਿਅੰਨਪਿ ਨ ਪਸ਼ਿਅਤਿ।
ਬ੍ਰਵੰਨਪਿ ਨ ਚ ਬ੍ਰੂਤੇ ਕੋऽਨਿਓ ਨਿਰਵਾਸਨਾਦ੍ਰਿਤੇ॥੯੦॥

ਸ਼ਬਦਾਰਥ:- ਜਾਨੰਨ੍ ਅਪਿ ਨ ਜਾਨਾਤਿ = ਜਾਣਦਾ ਹੋਇਆ ਵੀ ਨਹੀਂ ਜਾਣਦਾ। ਪਸ਼ਿਅੰਨ੍ ਅਪਿ ਨ ਪਸ਼ਿਅਤਿ = ਵੇਖਦਾ ਹੋਇਆ ਵੀ ਨਹੀਂ ਵੇਖਦਾ। ਬ੍ਰਵੰਨ੍ ਅਪਿ ਨ ਚ ਬ੍ਰੂਤੇ = ਬੋਲਦਾ ਹੋਇਆ ਵੀ ਅਤੇ ਨਹੀਂ ਬੋਲਦਾ। ਕ: ਅਨਿਅ: ਨਿਰਵਾਸਨਾਤ੍ ਰਿਤੇ = ਕੌਣ ਹੋਰ ਵਾਸ਼ਨਾ ਰਹਿਤ ਵਿਅਕਤੀ ਤੋਂ ਇਲਾਵਾ।

ਸ਼ਲੋਕਾਰਥ:- ਵਾਸ਼ਨਾ ਰਹਿਤ ਵਿਅਕਤੀ ਤੋਂ ਇਲਾਵਾ ਹੋਰ ਕੌਣ ਹੈ ਜੋ ਜਾਣਦਾ ਹੋਇਆ ਵੀ ਨਹੀਂ ਜਾਣਦਾ, ਵੇਖਦਾ ਹੋਇਆ ਵੀ ਨਹੀਂ ਵੇਖਦਾ, ਬੋਲਦਾ ਹੋਇਆ ਵੀ ਨਹੀਂ ਬੋਲਦਾ!

ਭਾਵਾਰਥ:- *"ਗੁਰਮੁਖਿ ਸਾਚੈ ਰਹੈ ਸਮਾਏ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੨) ਗੁਰਮੁਖ ਸੱਚੇ ਵਿੱਚ ਸਮਾਇਆ ਰਹਿੰਦਾ ਹੈ ਅਤੇ *"ਤ੍ਰਿਸਨਾ ਬੁਝੈ ਹਰਿ ਕੈ ਨਾਮਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੫; ਅੰਗ ੬੮੨) ਨਾਮ ਜਪਣ ਨਾਲ ਤ੍ਰਿਸ਼ਨਾ ਸਮਾਪਤ ਹੋ ਜਾਂਦੀ ਹੈ, ਗੁਰਮੁਖ ਵਾਸ਼ਨਾ ਰਹਿਤ ਹੋ ਜਾਂਦਾ ਹੈ ਜਿਸ ਕਰਕੇ ਉਸ

ਵਿੱਚ ਕੁਝ ਵੀ ਕਰਨ ਦੀ ਪ੍ਰੇਰਨਾ ਨਹੀਂ ਉਪਜਦੀ। ਉਸ ਕੋਲੋਂ *"ਜੋ ਹਰਿ ਪ੍ਰਭ ਭਾਵੈ ਸੋ ਥੀਐ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੪; ਅੰਗ ੧੩੧੩) ਜੋ ਪ੍ਰਭੂ ਦਾ ਭਾਣਾ ਹੈ, ਉਹ ਹੁੰਦਾ ਰਹਿੰਦਾ ਹੈ। ਲੋਗ ਸਮਝਦੇ ਹਨ ਕਿ ਉਹ ਵੇਖਦਾ ਹੈ, ਬੋਲਦਾ ਹੈ, ਜਾਣਦਾ ਹੈ ਪਰ ਅਸਲ ਵਿੱਚ ਉਹ ਕੁਝ ਨਹੀਂ ਕਰ ਰਿਹਾ ਹੁੰਦਾ। ਕੇਵਲ ਵਾਸ਼ਨਾ ਰਹਿਤ ਗੁਰਮੁਖ ਹੀ *"ਕਰਮ ਕਰਤ ਹੋਵੈ ਨਿਹਕਰਮ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਕਰਮ ਕਰਦਾ ਹੋਇਆ ਵੀ ਨਿਹਕਰਮੀ ਹੁੰਦਾ ਹੈ।

भिक्षुर्वा भूपतिर्वाऽपि यो निष्कामः स शोभते।
भावेषु गलिता यस्य शोभनाऽशोभना मतिः॥९१॥

ਭਿਕ੍ਸ਼ੁਰਵਾ ਭੂਪਤਿਰਵਾऽਪਿ ਯੋ ਨਿਸ਼੍ਕਾਮ: ਸ ਸ਼ੋਭਤੇ।
ਭਾਵੇਸ਼ੁ ਗਲਿਤਾ ਯਸਿਅ ਸ਼ੋਭਨਾऽਸ਼ੋਭਨਾ ਮਤਿ:॥੯੧॥

ਸ਼ਬਦਾਰਥ:- ਭਿਕ੍ਸ਼ੁ: ਵਾ ਭੂਪਤਿ: ਵਾ ਅਪਿ ਯ: ਨਿਸ਼੍ਕਾਮ: ਸ: ਸ਼ੋਭਤੇ = ਭਿਖਾਰੀ ਜਾਂ ਰਾਜਾ ਵੀ, ਜੋ ਕਾਮਨਾ ਰਹਿਤ, ਉਹ ਸ਼ੋਭਦਾ ਹੈ। ਭਾਵੇਸ਼ੁ: ਗਲਿਤਾ ਯਸਿਅ ਸ਼ੋਭਨਾ ਅਸ਼ੋਭਨਾ ਮਤਿ: = ਭਾਵਾਂ ਵਿੱਚੋਂ ਗਲ ਗਈ ਜਿਸ ਦੀ ਚੰਗੇ ਭੈੜੇ ਦੀ ਸੋਚ।

ਸ਼ਲੋਕਾਰਥ:- ਭਿਖਾਰੀ ਹੋਵੇ ਜਾਂ ਭਾਵੇਂ ਰਾਜਾ, ਜੋ ਕਾਮਨਾ ਰਹਿਤ ਹੈ (ਅਤੇ) ਜਿਸ ਦੀ ਚੰਗੇ ਭੈੜੇ ਭਾਵ ਵਾਲੀ ਸੋਚ ਸਮਾਪਤ ਹੋ ਗਈ ਹੈ, ਉਹ ਸ਼ੋਭਦਾ ਹੈ।

ਭਾਵਾਰਥ:- ਜੋ *"ਗੁਰ ਪ੍ਰਸਾਦਿ ਬਿਖਿਆ ਪਰਹਰੈ॥ ਮਨ ਕੀ ਬਾਸਨਾ ਮਨ ਤੇ ਟਰੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੪) ਪਰਮਾਤਮਾ ਦੀ ਕਿਰਪਾ ਨਾਲ ਵਿਸ਼ਿਆਂ ਦਾ ਤਿਆਗ ਕਰ ਦੇਂਦਾ ਹੈ ਅਤੇ ਜਿਸ ਦੇ ਮਨ ਵਿੱਚ ਕੋਈ ਵਾਸ਼ਨਾ ਨਹੀਂ ਰਹਿੰਦੀ, ਉਹ ਭਾਵੇਂ ਰਾਜਾ ਹੋਵੇ ਭਾਵੇਂ ਰੰਕ, ਉਸ ਦੀ ਸ਼ੋਭਾ ਹੁੰਦੀ ਹੈ। ਉਹ ਇਸ ਭਾਵ ਵਿੱਚ ਵਿਚਰਦਾ ਹੈ ਕਿ *"ਜਿਤੁ ਕੋ ਲਾਇਆ ਤਿਤ ਹੀ ਲਗਾਨਾ॥ ਨਾ ਕੋ ਮੂੜੁ ਨਹੀ ਕੋ ਸਿਆਨਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੫; ਅੰਗ ੯੧੪) ਜਿੱਧਰ ਪ੍ਰਭੂ ਲਗਾਉਂਦਾ ਹੈ, ਵਿਅਕਤੀ ਉਸੇ ਪਾਸੇ ਲੱਗ ਜਾਂਦਾ ਹੈ ਜਿਸ ਕਰਕੇ ਨਾ ਕਿਸੇ ਨੂੰ ਮੂਰਖ ਕਹਿ ਸਕਦੇ ਹਾਂ ਨਾ ਸਿਆਣਾ। ਵੈਸੇ ਵੀ *"ਉਰਿ ਧਾਰੈ ਜੋ ਅੰਤਰਿ ਨਾਮੁ॥ ਸਰਬ ਮੈ ਪੇਖੈ ਭਗਵਾਨੁ॥"* (ਅੰਗ ੨੭੪) ਜਿਸ ਦੇ ਮਨ ਵਿੱਚ ਭਗਵਾਨ ਹੈ, ਉਸ ਨੂੰ ਸਭ ਵਿੱਚ ਭਗਵਾਨ ਹੀ ਦਿੱਸਦਾ ਹੈ ਇਸ ਕਰਕੇ ਉਹ ਸਦਾ ਇਸ ਭਾਵ ਵਿੱਚ ਰਹਿੰਦਾ ਹੈ ਕਿ *"ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਲੋਕ ਫਰਦਿ ਜੀਉ, ਮ: ੫; ਅੰਗ ੧੩੮੧) ਜਦ ਪ੍ਰਭੂ ਤੋਂ ਬਿਨਾ ਹੋਰ ਕੋਈ ਹੈ ਹੀ ਨਹੀਂ, ਫਿਰ ਮੰਦਾ ਕਿਸ ਨੂੰ ਕਿਹਾ ਜਾ ਸਕਦਾ ਹੈ ਅਰਥਾਤ ਚੰਗਾ-ਭੈੜਾ ਕੋਈ ਨਹੀਂ।

क्व स्वाच्छन्द्यं क्व संकोचः क्व वा तत्त्वविनिश्चयः।

निर्व्याजार्जवभूतस्य चरितार्थस्य योगिनः॥९२॥

ਕ੍ਵ ਸ੍ਵਾਚ੍ਛੰਦਿਅੰ ਕ੍ਵ ਸੰਕੋਚ: ਕ੍ਵ ਵਾ ਤੱਤ੍ਵਵਿਨਿਸ਼੍ਚਯ: ।
ਨਿਰਵਿਆਜਾਰਜਵਭੂਤਸਿਅ ਚਰਿਤਾਰਥਸਿਅ ਯੋਗਿਨ: ॥੯੨॥

ਸ਼ਬਦਾਰਥ:- ਕ੍ਵ ਸ੍ਵਾਚ੍ਛੰਦਿਅੰ ਕ੍ਵ ਸੰਕੋਚ: ਕ੍ਵ ਵਾ ਤੱਤ੍ਵ ਵਿਨਿਸ਼੍ਚਯ: = ਕਿੱਥੇ ਬੇਲਗਾਮੀ ਕਿੱਥੇ ਸੰਕੋਚ ਕਿੱਥੇ ਅਤੇ ਤੱਤ ਦਾ ਨਿਸ਼ਚਾ। ਨਿਰਵਿਆਜ-ਆਰਜਵ ਭੂਤਸਿਅ = ਨਿਸ਼ਕਪਟ ਸਰਲ ਰੂਪ। ਚਰਿਤਾਰਥਸਿਅ ਯੋਗਿਨ: = ਆਪਣਾ ਲਕਸ਼ ਪ੍ਰਾਪਤ ਕਰ ਚੁੱਕੇ ਜੋਗੀ ਦੇ।

ਸ਼ਲੋਕਾਰਥ:- ਆਪਣਾ ਲਕਸ਼ ਪ੍ਰਾਪਤ ਕਰ ਚੁੱਕੇ, ਨਿਸ਼ਕਪਟ ਸਰਲ ਜੋਗੀ ਦੀ ਕਿੱਥੇ ਬੇਲਗਾਮੀ, ਕਿੱਥੇ ਸੰਕੋਚ ਅਤੇ ਕਿੱਥੇ ਤੱਤ ਦਾ ਨਿਸ਼ਚਾ!

ਭਾਵਾਰਥ:- ***"ਪੰਚ ਮਾਰਿ ਚਿਤੁ ਰਖਹੁ ਥਾਇ॥ ਜੋਗ ਜੁਗਤਿ ਕੀ ਇਹੈ ਪਾਂਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੧; ਅੰਗ ੧੧੮੯) ਕਾਮ ਕ੍ਰੋਧ ਆਦਿ ਪੰਜ ਵਿਕਾਰਾਂ ਨੂੰ ਜਿੱਤ ਕੇ ਚਿੱਤ ਨੂੰ ਥਿਰ ਰੱਖ ਲੈਣਾ, ਜੋਗ ਵਿਧੀ ਦੀ ਨੀਂਹ ਹੈ। ਇਸ ਤੋਂ ਪਿੱਛੋਂ ***"ਜੋਗੀ ਜੁਗਤਿ ਸਹਜ ਘਰਿ ਵਾਸੈ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੮੭੯) ਜੋਗੀ ਆਪਣੇ ਸਹਿਜ ਸਰੂਪ ਵਿੱਚ ਰਹਿੰਦਾ ਹੈ, ਸਭ ਨੂੰ ਸਮ ਦ੍ਰਿਸ਼ਟੀ ਨਾਲ ਇੱਕੋ ਜਿਹਾ ਵੇਖਦਾ ਹੈ ਅਤੇ ਉਸ ਨੂੰ ਭਿਖਿਆ ਵਿੱਚ ਪ੍ਰਭੂ ਵੱਲੋਂ ਪਿਆਰ ਮਿਲ ਜਾਂਦਾ ਹੈ ਜਿਸ ਨਾਲ ਉਹ ਪੂਰਾ ਤ੍ਰਿਪਤ ਹੋ ਜਾਂਦਾ ਹੈ ਅਤੇ ਤੱਤ ਦਾ ਨਿਸ਼ਚਾ ਕਰਨ ਦੀ ਲੋੜ ਨਹੀਂ ਰਹਿੰਦੀ। ਜਦ ਚਿੱਤ ਥਿਰ ਕਰ ਲਿਆ, ਉਸ ਦੀ ਬੇਲਗਾਮੀ ਅਰਥਾਤ ਚੰਚਲਤਾ ਖ਼ਤਮ ਹੋ ਜਾਂਦੀ ਹੈ। ਵੈਸੇ ਵੀ ***"ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੨) ਜਿਹੜਾ ਜੋਗੀ ਪਰਮਾਤਮਾ ਦੇ ਪਵਿੱਤਰ ਨਾਮ ਨਾਲ ਜੁੜ ਜਾਂਦਾ ਹੈ, ਉਸ ਨੂੰ ਕੋਈ ਮੈਲ ਨਹੀਂ ਲੱਗ ਸਕਦੀ; ਉਸ ਵਿੱਚ ਕੋਈ ਕਪਟ ਜਾਂ ਚਤੁਰਾਈ ਨਹੀਂ ਠਹਿਰ ਸਕਦੀ।

आत्मविश्रान्तितृप्तेन निराशेन गतार्तिना।
अन्तर्यदनुभूयेत तत्कथं कस्य कथ्यते॥९३॥

ਆਤ੍ਮਵਿਸ਼੍ਰਾਂਤਿਤ੍ਰਿਪ੍ਤੇਨ ਨਿਰਾਸ਼ੇਨ ਗਤਾਰਤਿਨਾ।
ਅੰਤਰਯਦਨੁਭੂਯੇਤ ਤਤ੍ਕਥੰ ਕਸਿਅ ਕਥਿਅਤੇ॥੯੩॥

ਸ਼ਬਦਾਰਥ:- ਆਤ੍ਮ-ਵਿਸ਼੍ਰਾਂਤਿ ਤ੍ਰਿਪ੍ਤੇਨ ਨਿਰਾਸ਼ੇਨ ਗਤਾਰਤਿਨਾ = ਸਵੈ ਸਰੂਪ ਵਿੱਚ ਵਿਸ਼੍ਰਾਮ ਨਾਲ ਤ੍ਰਿਪਤ, ਇੱਛਾ ਰਹਿਤ, ਦੁੱਖ ਰਹਿਤ ਦੁਆਰਾ। ਅੰਤ: ਯਤ੍ ਅਨੁਭੂਯੇਤ = ਅੰਦਰ ਜੋ ਅਨੁਭਵ ਹੁੰਦਾ ਹੈ। ਤਤ੍ ਕਥੰ ਕਸਿਅ ਕਥਿਅਤੇ = ਉਹ ਕਿਵੇਂ ਕਿਸ ਨੂੰ ਕਿਹਾ ਜਾ ਸਕਦਾ ਹੈ।

ਸ਼ਲੋਕਾਰਥ:- ਆਤਮ ਸਰੂਪ ਵਿੱਚ ਸਥਿਤੀ ਨਾਲ ਤ੍ਰਿਪਤ, ਇੱਛਾ ਰਹਿਤ, ਦੁਖ ਰਹਿਤ ਸਾਧਕ ਦੁਆਰਾ ਅੰਦਰ ਜੋ ਅਨੁਭਵ ਹੁੰਦਾ ਹੈ, ਉਹ ਕਿਵੇਂ, ਕਿਸ ਨੂੰ ਕਿਹਾ ਜਾ ਸਕਦਾ ਹੈ!

ਭਾਵਾਰਥ:- ਜੋਗੀ *"ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੭) ਆਤਮ ਸਰੂਪ ਵਿੱਚ ਸਥਿਤ ਹੋ ਕੇ ਨਾਮ ਅੰਮ੍ਰਿਤ ਪੀਂਦਾ ਹੈ ਅਤੇ ਪ੍ਰਭੂ ਦੀ ਨੇੜਤਾ ਦਾ ਸੁਖ ਮਾਣਦਾ ਹੈ। ਏਸ ਅੰਮ੍ਰਿਤ ਰਸ ਦੇ ਮੁਕਾਬਲੇ ਵਿੱਚ *"ਹੋਰਿ ਸਾਦ ਸਭਿ ਫਿਕਿਆ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੧੮) ਹੋਰ ਸਭ ਸੁਆਦ ਫਿੱਕੇ ਲੱਗਦੇ ਹਨ ਜਿਸ ਕਰਕੇ ਜੋਗੀ ਇੱਛਾ ਰਹਿਤ ਅਤੇ ਤ੍ਰਿਪਤ ਰਹਿੰਦਾ ਹੈ। *"ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ॥"* (ਸ੍ਰੀ ਗੁਰੂ ਗ੍ਰੰਥ ਸਹਿਬ, ਗਉੜੀ ਮ: ੫; ਅੰਗ ੨੧੫) ਇਹ ਅਨੁਭਵ ਕਿਹਾ ਨਹੀਂ ਜਾ ਸਕਦਾ, ਕੇਵਲ ਉਹ ਹੀ ਜਾਣਦਾ ਹੈ, ਜੋ ਇਸ ਨੂੰ ਚੱਖਦਾ ਹੈ। ਇਹ ਇਸ ਤਰ੍ਹਾਂ ਜਿਵੇਂ *"ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਨਾਮਦੇਉ ਜੀਉ; ਅੰਗ ੬੫੭) ਗੂੰਗੇ ਨੇ ਅੰਮ੍ਰਿਤ ਰਸ ਚੱਖਿਆ ਹੋਵੇ ਪਰ ਪੁੱਛਣ ਉੱਤੇ ਦੱਸ ਨਹੀਂ ਸਕਦਾ ਕਿ ਕਿਹੋ ਜਿਹਾ ਸੀ।

सुप्तोऽपि न सुषुप्तौ च स्वप्नेऽपि शयितो न च।
जागरेऽपि न जागर्तिधीरस्तृप्तः पदे पदे॥९४॥
ਸੁਪ੍ਤੋऽਪਿ ਨ ਸੁਸ਼ੁਪ੍ਤੌ ਚ ਸ੍ਵਪ੍ਨੇऽਪਿ ਸ਼ਯਿਤੋ ਨ ਚ।
ਜਾਗਰੇऽਪਿ ਨ ਜਾਗਰ੍ਤਿ ਧੀਰਸ੍ਤ੍ਰਿਪ੍ਤ: ਪਦੇ ਪਦੇ॥੯੪॥

ਸ਼ਬਦਾਰਥ:- ਸੁਪ੍ਤ: ਅਪਿ ਨ ਸੁਸ਼ੁਪ੍ਤੌ ਚ = ਸੁੱਤਾ ਹੋਇਆ ਵੀ ਨਹੀਂ ਸੁਸ਼ੁਪ੍ਤੀ ਵਿੱਚ। ਸ੍ਵਪ੍ਨੇ ਅਪਿ ਸ਼ਯਿਤ: ਨ ਚ = ਸੁਪਨ ਅਵਸਥਾ ਵਿੱਚ ਵੀ ਲੇਟਿਆ ਹੋਇਆ ਨਹੀਂ। ਜਾਗਰੇ ਅਪਿ ਨ ਜਾਗਰ੍ਤਿ = ਜਾਗ੍ਰਤ ਅਵਸਥਾ ਵਿੱਚ ਵੀ ਜਾਗਦਾ ਨਹੀਂ। ਧੀਰ: ਤ੍ਰਿਪ੍ਤ: ਪਦੇ ਪਦੇ = ਸੰਤੋਖੀ ਤ੍ਰਿਪਤ ਰਹਿੰਦਾ ਹੈ ਕਦਮ ਕਦਮ ਉੱਤੇ ਅਰਥਾਤ ਹਰ ਹਾਲਤ ਵਿੱਚ।

ਸ਼ਲੋਕਾਰਥ:- ਸੰਤੋਖੀ ਹਰ ਹਾਲਤ ਵਿੱਚ ਤ੍ਰਿਪਤ ਰਹਿੰਦਾ ਹੈ, ਸੁਸ਼ੁਪਤੀ ਵਿੱਚ ਵੀ ਸੁੱਤਾ ਨਹੀਂ ਹੁੰਦਾ, ਸੁਪਨ ਅਵਸਥਾ ਵਿੱਚ ਲੇਟਿਆ ਨਹੀਂ ਹੁੰਦਾ, ਜਾਗ੍ਰਤ ਅਵਸਥਾ ਵਿੱਚ ਜਾਗਿਆ ਨਹੀਂ ਹੁੰਦਾ।

ਭਾਵਾਰਥ:- ਜਾਗਣ, ਸੌਣ ਅਤੇ ਸੁਪਨ-ਮਨ ਦੀਆਂ *"ਤੀਨਿ ਅਵਸਥਾ ਕਹਹਿ ਵਖਿਆਨੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੧; ਅੰਗ ੧੫੪) ਤਿੰਨ ਅਵਸਥਾਵਾਂ ਦਾ ਸ਼ਾਸਤਰ ਵਰਨਨ ਕਰਦੇ ਹਨ। ਇਨ੍ਹਾਂ ਤਿੰਨਾਂ ਤੋਂ ਬਾਹਰ *"ਤੁਰੀਆਵਸਥਾ ਗੁਰਮੁਖਿ ਪਾਈਐ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੩੫੬) ਸੰਤੋਖੀ ਨੇ ਤੁਰੀਆ ਅਵਸਥਾ, ਪ੍ਰਭੂ-

ਨਾਲ-ਜੋੜ, ਪ੍ਰਾਪਤ ਕੀਤੀ ਹੁੰਦੀ ਹੈ ਜਿਸ ਕਰਕੇ ਸਰੀਰ ਦੇ ਸੌਣ, ਜਾਗਣ ਜਾਂ ਸੁਪਨ ਅਵਸਥਾਵਾਂ ਦਾ ਉਸ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ ਅਤੇ ਉਹ *"ਸਦਾ ਸਦਾ ਬਸੈ ਹਰਿ ਸੰਗਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੮੨) ਸਦਾ, ਇਨ੍ਹਾਂ ਅਵਸਥਾਵਾਂ ਤੋਂ ਬਾਹਰ, ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ।

ज्ञः सचिन्तोऽपि निश्चिन्तः सेन्द्रियोऽपि निरिन्द्रियः।
सुबुद्धिरपि निर्बुद्धिः साहंकारोऽनहंकृतिः॥९५॥
ਗਿਅ: ਸਚਿੰਤੋऽਪਿ ਨਿਸ਼੍ਚਿੰਤ: ਸੇਂਦ੍ਰਿਯੋऽਪਿ ਨਿਰਿੰਦ੍ਰਿਯ:।
ਸੁਬੁੱਧਿਰਪਿ ਨਿਰਬੁੱਧਿ: ਸਾਹੰਕਾਰੋऽਨਹੰਕ੍ਰਿਤਿ:॥੯੫॥

ਸ਼ਬਦਾਰਥ:- ਗਿਅ: ਸਚਿੰਤ: ਅਪਿ ਨਿਸ਼੍ਚਿੰਤ: = ਗਿਆਨੀ ਚਿੰਤਾ ਸਹਿਤ ਵੀ ਚਿੰਤਾ ਰਹਿਤ ਹੈ। ਸੇਂਦ੍ਰਿਯ: ਅਪਿ ਨਿਰਿੰਦ੍ਰਿਯ: = ਇੰਦ੍ਰੀਆਂ ਸਹਿਤ ਵੀ ਇੰਦ੍ਰੀਆਂ ਰਹਿਤ ਹੈ। ਸੁਬੁੱਧਿ: ਅਪਿ ਨਿਰਬੁੱਧਿ: = ਬੁੱਧੀ ਸਹਿਤ ਵੀ ਬੁੱਧੀ ਰਹਿਤ ਹੈ। ਸਾਹੰਕਾਰ: ਅਪਿ ਅਨਹੰਕ੍ਰਿਤਿ = ਅਹੰਕਾਰ ਸਹਿਤ ਵੀ ਅਹੰਕਾਰ ਰਹਿਤ ਹੈ।

ਸ਼ਲੋਕਾਰਥ:- ਗਿਆਨੀ ਸੋਚਦਾ ਹੋਇਆ ਵੀ ਸੋਚ ਰਹਿਤ ਹੈ, ਇੰਦ੍ਰੀਆਂ ਸਹਿਤ ਵੀ ਇੰਦ੍ਰੀਆਂ ਰਹਿਤ ਹੈ, ਬੁੱਧੀਵਾਨ ਹੁੰਦਾ ਹੋਇਆ ਵੀ ਨਿਰ-ਬੁੱਧੀ ਹੈ, ਹੰਕਾਰ ਸਹਿਤ ਵੀ ਹੰਕਾਰ ਰਹਿਤ ਹੈ।

ਭਾਵਾਰਥ:- ਗਿਆਨੀ *"ਨਿਜ ਘਰਿ ਵਸੈ ਸਹਜਿ ਸੁਭਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਸਹਿਜ ਸੁਭਾਇ ਆਤਮ ਸਰੂਪ ਵਿੱਚ ਰਹਿੰਦਾ ਹੈ ਜਿੱਥੇ ਉਹ *"ਅਲਿਪਤ ਗੁਫਾ ਮਹਿ ਰਹਹਿ ਨਿਰਾਰੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ:੯; ਅੰਗ ੯੦੪) ਹਿਰਦੇ ਗੁਫ਼ਾ ਵਿੱਚ, ਸੰਸਾਰ ਤੋਂ ਬੇਲਾਗ ਰਹਿੰਦਾ ਹੈ। ਸੰਸਾਰ ਵਿੱਚ ਵਿਚਰਦਾ ਹੋਇਆ ਤਾਂ ਉਹ ਇੱਕ ਸਧਾਰਨ ਵਿਅਕਤੀ ਦੀ ਤਰ੍ਹਾਂ ਹੀ ਦਿੱਸਦਾ ਹੈ ਪਰੰਤੂ ਉਸ ਦੀ ਕੋਈ ਸੋਚ ਸੰਸਾਰਿਕ ਨਹੀਂ ਹੁੰਦੀ, ਇੰਦ੍ਰੀਆਂ ਸੰਸਾਰੀ ਕੰਮ ਲਈ ਹਰਕਤ ਵਿੱਚ ਆਉਂਦੀਆਂ ਨਹੀਂ; ਕਿਸੇ ਸੰਸਾਰੀ ਪ੍ਰਾਪਤੀ ਲਈ ਬੁੱਧੀ ਜਾਂ ਹੰਕਾਰ ਦੀ ਵਰਤੋਂ ਨਹੀਂ ਕਰਦਾ। ਦਰ ਅਸਲ ਉਹ ਉਸ ਸਥਿਤੀ ਵਿੱਚ ਹੁੰਦਾ ਹੈ ਜੋ *"ਅਗਮੁ ਅਗੋਚਰ ਗਤਿ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮ: ੫; ਕਲ੍ਯ ; ਅੰਗ ੧੪੦੯) ਅਗਮ ਅਗੋਚਰ ਕਹੀ ਜਾਂਦੀ ਹੈ ਜਿੱਥੇ ਇੰਦ੍ਰੀਆਂ-ਮਨ, ਬੁੱਧੀ, ਚਿੱਤ, ਹੰਕਾਰ ਦੀ ਪਹੁੰਚ ਨਹੀਂ ਹੋ ਸਕਦੀ।

न सुखी न च वा दुःखी न विरक्तो न संगवान्।
न मुमुक्षुर्न वा मुक्तो न किञ्चिन्न च किञ्चन्॥९६॥
ਨ ਸੁਖੀ ਨ ਚ ਵਾ ਦੁ:ਖੀ ਨ ਵਿਰਕ੍ਤੋ ਨ ਸੰਗਵਾਨ੍।
ਨ ਮੁਮੁਕ੍ਸ਼ੁਰਨ ਵਾ ਮੁਕ੍ਤੋ ਨ ਕਿੰਚਿੰਨ ਨ ਕਿੰਚਨ੍॥੯੬॥

ਸ਼ਬਦਾਰਥ:- ਨ ਸੁਖੀ ਨ ਚ ਵਾ ਦੁ:ਖੀ = ਨਾ ਸੁਖੀ ਅਤੇ ਨਾ ਹੀ ਦੁਖੀ।

ਨ ਵਿਰਕ੍ਤ: ਨ ਸੰਗਵਾਨ੍ = ਨਾ ਨਿਰਾਸਕਤ ਨਾ ਆਸਕਤ। ਨ ਮੁਮੁਕ੍ਸ਼: ਨ ਵਾ ਮੁਕ੍ਤ: = ਨਾ ਮੁਕਤੀ ਦਾ ਇੱਛੁਕ ਨਾ ਹੀ ਮੁਕਤ। ਨ ਕਿੰਚਿਤ੍ ਨ ਨ ਕਿੰਚਨ੍ = ਨਾ ਕੁਝ ਨਾ ਨਾ-ਕੁਝ।

ਸ਼ਲੋਕਾਰਥ:- (ਗਿਆਨੀ) ਨਾ ਸੁਖੀ ਹੈ ਨਾ ਹੀ ਦੁਖੀ ਹੈ; ਨਾ ਨਿਰਾਸਕਤ ਹੈ ਨਾ ਹੀ ਆਸਕਤ ਹੈ; ਨਾ ਮੁਕਤੀ ਦਾ ਇੱਛੁਕ ਹੈ ਨਾ ਹੀ ਮੁਕਤ ਹੈ; ਨਾ ਕੁਝ ਹੈ ਨਾ ਕੁਝ ਨਹੀਂ ਹੈ।

ਭਾਵਾਰਥ:- ***"ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੭-੩੮)** ਗਿਆਨੀ, ਸੁਖ ਦੁੱਖ, ਦੋਹਾਂ ਤੋਂ ਅਤੀਤ, ਸਵੈ ਸਰੂਪ ਵਿੱਚ ਸਥਿਤ ਰਹਿੰਦਾ ਹੈ। ਏਸ ਸਥਿਤੀ ਵਿੱਚ ਨਾ ਉਸ ਨੂੰ ਆਸਕਤ ਕਿਹਾ ਜਾ ਸਕਦਾ ਹੈ ਨਾ ਨਿਰਾਸਕਤ, ਨਾ ਮੁਕਤੀ ਦਾ ਇੱਛੁਕ ਨਾ ਹੀ ਮੁਕਤ ਕਿਉਂਕਿ ***"ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮਖਿ ਬੂਝਏ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੪੪)** ਜਿਸ ਨਿਰਬਾਣ ਪਦ ਉੱਤੇ ਉਹ ਪਹੁੰਚਿਆ ਹੁੰਦਾ ਹੈ, ਉਸ ਨੂੰ ਕਿਹਾ ਨਹੀਂ ਜਾ ਸਕਦਾ, ਕੋਈ ਵਿਰਲਾ ਗਿਆਨੀ ਕੇਵਲ ਉਸ ਦਾ ਅਨੁਭਵ ਹੀ ਕਰ ਸਕਦਾ ਹੈ।

विक्षेपेऽपि न विक्षिप्तः समाधौ न समाधिमान्।
जाड्योऽपि न जडोधन्यः पाण्डित्येऽपि न पण्डितः॥९७॥
ਵਿਕ੍ਸ਼ੇਪੇऽਪਿ ਨ ਵਿਕ੍ਸ਼ਿਪ੍ਤ: ਸਮਾਧੌ ਨ ਸਮਾਧਿਮਾਨ੍।
ਜਾਡਿਓऽਪਿ ਨ ਜਡੋ ਧਨਿਅ: ਪਾਂਡਿਤਿਏऽਪਿ ਨ ਪੰਡਿਤ:॥੯੭॥

ਸ਼ਬਦਾਰਥ:- ਵਿਕ੍ਸ਼ੇਪੇ ਅਪਿ ਨ ਵਿਕ੍ਸ਼ਿਪ੍ਤ: = ਵਿਖੇਪ ਵਿੱਚ ਵੀ ਨਹੀਂ ਡੋਲਦਾ। ਸਮਾਧੌ ਨ ਸਮਾਧਿਮਾਨ = ਸਮਾਧੀ ਵਿੱਚ ਸਮਾਧਿਸਥ ਨਹੀਂ। ਜਾਡਿਓ ਅਪਿ ਨ ਜਡ: = ਜੜ੍ਹਤਾ ਵਿੱਚ ਵੀ ਜੜ੍ਹ ਨਹੀਂ। ਧਨਿਅ: = ਧੰਨ ਹੈ। ਪਾਂਡਿਤਿਏ ਅਪਿ ਨ ਪੰਡਿਤ: = ਪੰਡਿਤਾਈ ਵਿੱਚ ਵੀ ਪੰਡਿਤ ਨਹੀਂ।

ਸ਼ਲੋਕਾਰਥ:- ਧੰਨ ਹੈ (ਉਹ ਗਿਆਨੀ) ਜਿਹੜਾ ਵਿਘਨ ਪੈਨ ਉੱਤੇ ਵੀ ਨਹੀਂ ਡੋਲਦਾ, ਸਮਾਧੀ ਵਿੱਚ ਦਿੱਸਦਾ ਹੋਇਆ ਸਮਾਧੀਮਾਨ ਨਹੀਂ, ਜੜ੍ਹਤਾ ਵਿੱਚ ਜੜ੍ਹ ਨਹੀਂ, ਪੰਡਿਤਾਈ ਵਿੱਚ ਪੰਡਿਤ ਨਹੀਂ।

ਭਾਵਾਰਥ:- ਗਿਆਨੀ ਦੇਹ ਬੋਧ ਤੋਂ ਪਾਰ ***"ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੦)** ਆਤਮ ਸਰੂਪ ਵਿੱਚ ਹੁੰਦਾ ਹੈ ਜਿੱਥੇ ਸਰੀਰਿਕ ਅਤੇ ਸੰਸਾਰਿਕ ਮੋਹ ਮਾਇਆ ਨਹੀਂ ਭਾਸਦੇ ਅਰਥਾਤ ਉਨ੍ਹਾਂ ਦੀਆਂ ਗਤੀ ਵਿਧੀਆਂ ਪ੍ਰਭਾਵਿਤ ਨਹੀਂ ਕਰਦੀਆਂ। ***"ਗਿਆਨੀ ਹੋਇ ਸੁ ਚੇਤੰਨੁ ਹੋਇ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਹਾਗੜਾ ਮ: ੩; ਅੰਗ ੫੫੬)** ਗਿਆਨੀ ਪੂਰਾ ਚੇਤਨ ਹੁੰਦਾ ਹੈ

[illegible] ਦੀ ਤਰ੍ਹਾਂ ਵਿਚਰਦਾ ਹੈ ਕਿਉਂਕਿ ਅੰਦਰੋਂ ਉਹ ਸੰਸਾਰ ਤੋਂ ਬਿਲਕੁਲ ਅਲੇਪ ਹੁੰਦਾ ਹੈ। ਪਰਮਾਤਮਾ ਨਾਲ ਆਪਣੀ ਅਭੇਦਤਾ ਨੂੰ ਅਤੇ ਸੰਸਾਰ ਦੀ ਅਸਾਰਤਾ ਨੂੰ ਜਾਣ ਕੇ ਉਹ ਸੁੰਨਿਆ ਚਿੱਤ ਰਹਿੰਦਾ ਹੈ ਅਤੇ ਵੇਖਣ ਵਿੱਚ ਲੱਗਦਾ ਹੈ ਜਿਵੇਂ ਕਿ ਸਮਾਧੀ ਵਿੱਚ ਹੈ। ਗਿਆਨੀ ਦਾ *"ਗਿਆਨ ਕਾ ਬਧਾ ਮਨੁ ਰਹੈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੬੯) ਮਨ ਗਿਆਨ ਕਾਰਨ ਬੱਝਾ ਰਹਿੰਦਾ ਹੈ, ਸਭ ਕੁਝ ਜਾਣਦਾ ਹੋਇਆ ਵੀ ਪੰਡਿਤਾਈ ਨਹੀਂ ਵਿਖਾਉਂਦਾ। ਆਤਮ ਸਰੂਪ ਵਿੱਚ ਸਥਿਤ ਹੋਣ ਕਰਕੇ ਕਿਸੇ ਵਿਘਨ ਕਾਰਨ ਡੋਲਦਾ ਨਹੀਂ ਕਿਉਂਕਿ *"ਆਤਮਾ ਅਡੋਲੁ ਨ ਡੋਲਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੮੭) ਆਤਮਾ ਅਡੋਲ ਹੈ, ਡੋਲਦੀ ਨਹੀਂ। ਇਸੇ ਕਰਕੇ ਗਿਆਨੀ ਉਹ ਨਹੀਂ ਹੁੰਦਾ ਜੋ ਉਹ ਦਿੱਸਦਾ ਹੈ।

मुक्तो यथास्थितिस्वस्थः कृतकर्तव्यनिर्वृतः।
समः सर्वत्र वैतृष्ण्यान्न स्मरत्यकृतं कृतम्॥९८॥
ਮੁਕ੍ਤੋ ਯਥਾਸ੍ਥਿਤਿਸ੍ਵਸ੍ਥ: ਕ੍ਰਿਤਕਰਤਵਿਅਨਿਰਵ੍ਰਿਤ:।
ਸਮ: ਸਰਵਤ੍ਰ ਵੈਤ੍ਰਿਸ਼੍ਣਾਂਨ ਸ੍ਮਰਤਿਅਕ੍ਰਿਤੰ ਕ੍ਰਿਤਮ੍॥੯੮॥

ਸ਼ਬਦਾਰਥ:- ਮੁਕ੍ਤ:, ਯਥਾ ਸ੍ਥਿਤਿ, ਸ੍ਵ-ਸ੍ਥ: = ਮੁਕਤ, ਜੇਹੀ ਸਥਿਤੀ, ਸਵੈ ਵਿੱਚ ਸਥਿਤ। ਕ੍ਰਿਤ-ਕਰਤਵਿਅ ਨਿਰਵ੍ਰਿਤ: = ਕੀਤੇ ਹੋਏ ਅਤੇ ਕਰਨ ਯੋਗ ਤੋਂ ਨਿਵਿਰਤ। ਸਮ: ਸਰਵਤ੍ਰ = ਸਮ ਹਰ ਹਾਲਤ ਵਿੱਚ। ਵੈ-ਤ੍ਰਿਸ਼੍ਣਾਤ੍ ਨ ਸ੍ਮਰਤਿ ਅਕ੍ਰਿਤੰ ਕ੍ਰਿਤਮ੍ = ਤ੍ਰਿਸ਼ਨਾ ਦੇ ਅਭਾਵ ਕਾਰਨ ਨਹੀਂ ਯਾਦ ਕਰਦਾ ਨਾ ਕੀਤੇ ਹੋਏ ਜਾਂ ਕੀਤੇ ਹੋਏ ਨੂੰ।

ਸ਼ਲੋਕਾਰਥ:- ਜੀਵਨ ਮੁਕਤ, ਹਰ ਸਥਿਤੀ ਵਿੱਚ ਸਵੈ ਵਿੱਚ ਸਥਿਤ, ਕੀਤੇ ਹੋਏ ਅਤੇ ਕਰਨ ਯੋਗ ਤੋਂ ਨਿਵਿਰਤ, ਹਰ ਹਾਲਤ ਵਿੱਚ ਸਮ (ਰਹਿੰਦਾ ਹੈ ਅਤੇ) ਤ੍ਰਿਸ਼ਨਾ ਦੇ ਅਭਾਵ ਕਾਰਨ ਕੀਤੇ ਹੋਏ ਜਾਂ ਨਾ ਕੀਤੇ ਹੋਏ ਨੂੰ ਯਾਦ ਨਹੀਂ ਕਰਦਾ।

ਭਾਵਾਰਥ:- ਗਿਆਨੀ *"ਜੀਵਤ ਮੁਕਤ ਸਦਾ ਨਿਰਬਾਨ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਰਵਿਦਾਸ ਜੀਉ; ਅੰਗ ੧੧੬੭) ਜੀਉਂਦੇ ਜੀਅ ਮੁਕਤ ਅਤੇ ਸਦਾ ਨਿਰਵਾਨ ਦੀ ਸਥਿਤੀ ਵਿੱਚ ਰਹਿੰਦਾ ਹੈ। ਇਸ ਭਾਵ ਵਿੱਚ ਕਿ *"ਜਿਥੈ ਰਖਹਿ ਬੈਕੁੰਠੁ ਤਿਥਾਈ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੦੬) ਜਿੱਥੇ ਪ੍ਰਭੂ ਰੱਖੇ, ਉਹ ਹੀ ਬੈਕੁੰਠ ਹੈ, ਉਹ ਹਰ ਸਥਿਤੀ ਵਿੱਚ ਸੰਤੁਸ਼ਟ ਅਤੇ ਸਮ ਰਹਿੰਦਾ ਹੈ। ਉਸ ਦੀ *"ਤ੍ਰਿਸਨਾ ਬੁਝੈ ਹਰਿ ਕੈ ਨਾਮਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੫; ਅੰਗ ੬੮੨) ਹਰ ਤ੍ਰਿਸ਼ਨਾ, ਪਰਮਾਤਮਾ ਦੇ ਨਾਮ ਵਿੱਚ ਰੱਤੇ ਰਹਿਣ ਕਰਕੇ ਸ਼ਾਂਤ ਹੋ ਜਾਂਦੀ ਹੈ ਜਿਸ ਕਰਕੇ ਉਸ ਦੇ ਹੱਥੋਂ *"ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੨੬) ਕੇਵਲ ਉਹ ਹੀ ਹੁੰਦਾ ਹੈ, ਜੋ ਪ੍ਰਭੂ ਨੂੰ ਭਾਉਂਦਾ ਹੈ, ਕਿਸੇ ਇੱਛਾ ਦੀ

ਪੂਰਤੀ ਲਈ ਨਹੀਂ, ਜਿਸ ਕਰਕੇ ਉਹ ਹਰ ਕੀਤੇ ਹੋਏ ਜਾਂ ਕਰਨ ਯੋਗ ਤੋਂ ਅਲੇਪ ਅਤੇ ਹਰ ਕੀਤੇ ਨਾ-ਕੀਤੇ ਦੀ ਚਿੰਤਾ ਤੋਂ ਵੀ ਮੁਕਤ ਰਹਿੰਦਾ ਹੈ।

न प्रीयते वन्द्यमानो निन्द्यमानो न कुप्यति।
नैवोद्विजति मरणे जीवने नाभिनन्दति॥९९॥

ਨ ਪ੍ਰੀਯਤੇ ਵੰਦਿਆਮਾਨੋ ਨਿੰਦਿਅਮਾਨੋ ਨ ਕੁਪਿਅਤਿ।
ਨੈਵੋਦ੍ਵਿਜਤਿ ਮਰਣੇ ਜੀਵਨੇ ਨਾਭਿਨੰਦਤਿ॥੯੯॥

ਸ਼ਬਦਾਰਥ:- ਨ ਪ੍ਰੀਯਤੇ ਵੰਦਿਅਮਾਨ: = ਨਹੀਂ ਪ੍ਰਸੰਨ ਹੁੰਦਾ ਉਸਤਤ ਕੀਤਾ ਹੋਇਆ। ਨਿੰਦਿਅਮਾਨ: ਨ ਕੁਪਿਅਤਿ = ਨਿੰਦਾ ਕੀਤਾ ਹੋਇਆ ਗੁੱਸੇ ਨਹੀਂ ਹੁੰਦਾ। ਨ ਏਵ ਉਦ੍ਵਿਜਤਿ ਮਰਣੇ = ਨਾ ਹੀ ਘਬਰਾਉਂਦਾ ਮਰਨ ਤੋਂ। ਜੀਵਨੇ ਨ ਅਭਿਨੰਦਤਿ = ਜੀਊਂਨ ਵਿੱਚ ਖ਼ੁਸ਼ੀ ਨਹੀਂ ਮਨਾਉਂਦਾ।

ਸ਼ਲੋਕਾਰਥ:- ਉਸਤਤ ਕੀਤਾ ਗਿਆ ਪ੍ਰਸੰਨ ਨਹੀਂ ਹੁੰਦਾ, ਨਿੰਦਿਆ ਗਿਆ ਗੁੱਸੇ ਨਹੀਂ ਹੁੰਦਾ; ਨਾ ਮਰਨ ਤੋਂ ਘਬਰਾਉਂਦਾ ਹੈ ਨਾ ਹੀ ਜੀਊਂਦੇ ਰਹਿਣ ਵਿੱਚ ਖ਼ੁਸ਼ੀ ਮਨਾਉਂਦਾ ਹੈ।

ਭਾਵਾਰਥ:- ਗਿਆਨੀ ਆਤਮ ਸਰੂਪ ਵਿੱਚ ਸਥਿਤ ਰਹਿੰਦਾ ਹੈ। ਉਹ "*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੯; ਅੰਗ ੨੧੯) ਆਪਣੀ ਉਸਤਤ ਜਾਂ ਨਿੰਦਾ ਨਾਲ ਖ਼ੁਸ਼ ਜਾਂ ਦੁਖੀ ਨਹੀਂ ਹੁੰਦਾ, ਉਸ ਦੀ ਸਾਰੀ ਖੋਜ ਨਿਰਵਾਨ ਪਦ ਲਈ ਹੁੰਦੀ ਹੈ। ਉਸ ਨੂੰ ਦੇਹ ਦੇ "*ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੧; ਅੰਗ ੨੦) ਮਰਨ ਦੀ ਚਿੰਤਾ ਨਹੀਂ ਹੁੰਦੀ ਨਾ ਹੀ ਜੀਊਂਦੇ ਰਹਿਣ ਦੀ ਲਾਲਸਾ ਹੁੰਦੀ ਹੈ ਕਿਉਂਕਿ ਉਹ ਜਾਣਦਾ ਹੈ ਕਿ ਸਭ ਦੇ ਪਾਲਣਹਾਰ ਨੇ ਸਵਾਸਾਂ ਦਾ ਲੇਖਾ ਪਹਿਲੇ ਹੀ ਕੀਤਾ ਹੁੰਦਾ ਹੈ ਅਤੇ ਜਿੱਥੋਂ ਤੱਕ ਉਸ ਦੀ ਆਤਮਾ ਦਾ ਸੰਬੰਧ ਹੈ ਉਹ "*ਮਰੈ ਨਾਹੀ ਸਦ ਸਦ ਹੀ ਜੀਵੈ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੪) ਅਵਿਨਾਸ਼ੀ ਹੈ।

नधावति जनाकीर्णं नारण्यमुपशान्तधीः।
यथातथा यत्रतत्र सम एवावतिष्ठते॥१००॥

ਨ ਧਾਵਤਿ ਜਨਾਕੀਰਣੰ ਨਾਰਣਿਅਮੁਪਸ਼ਾਂਤਧੀ:।
ਯਥਾਤਥਾ ਯਤ੍ਰਤਤ੍ਰ ਸਮ ਏਵਾਵਤਿਸ਼੍ਠਤੇ॥੧੦੦॥

ਸ਼ਬਦਾਰਥ:- ਨ ਧਾਵਤਿ ਜਨਾਕੀਰਣੰ ਨ ਅਰਣਿਅਮ੍ = ਨਹੀਂ ਦੌੜਦਾ ਆਬਾਦੀ ਵੱਲ ਨ ਜੰਗਲ ਵੱਲ। ਉਪਸ਼ਾਂਤਧੀ: = ਸ਼ਾਂਤ ਬੁੱਧੀ ਵਾਲਾ। ਯਥਾ-ਤਥਾ ਯਤ੍ਰ-ਤਤ੍ਰ ਸਮ: ਏਵ ਅਵਤਿਸ਼੍ਠਤੇ = ਜਿਵੇਂ ਤਿਵੇਂ ਜਿੱਥੇ ਕਿੱਥੇ ਸਮ ਭਾਵ ਹੀ ਰਹਿੰਦਾ ਹੈ।

ਸ਼ਲੋਕਾਰਥ:- ਸ਼ਾਂਤ ਬੁੱਧੀ ਵਿਅਕਤੀ ਨਾ ਸ਼ਹਿਰ ਵੱਲ ਦੌੜਦਾ ਹੈ ਨਾ ਜੰਗਲ ਵੱਲ; (ਉਹ) ਜਿਵੇਂ ਤਿਵੇਂ, ਜਿੱਥੇ ਕਿੱਥੇ ਸਮ ਭਾਵ ਹੀ ਵਿਚਰਦਾ ਹੈ।

ਭਾਵਾਰਥ:- ਜਦ ਬੁੱਧੀ ***"ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੦੬) ਸ਼ਾਂਤ ਹੋ ਜਾਂਦੀ ਹੈ, ਸਾਰੀਆਂ ਤ੍ਰਿਸ਼ਨਾਵਾਂ ਸਮਾਪਤ ਹੋ ਜਾਂਦੀਆਂ ਹਨ, ਤਦ ਸਾਰੀਆਂ ਥਾਂਵਾਂ ਉੱਤੇ ਅਨੰਦ ਹੀ ਅਨੰਦ ਹੈ। ਇਸ ਤਰ੍ਹਾਂ ਦੇ ਵਿਅਕਤੀ ਲਈ ***"ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੮੫) ਘਰ ਬਾਹਰ, ਹਰ ਥਾਂ ਸੁਖ ਹੀ ਸੁਖ ਹੈ ਜਿਸ ਕਰਕੇ ਸ਼ਹਿਰ ਜੰਗਲ ਇੱਕ ਸਮਾਨ ਹਨ, ਨਾ ਉਹ ਸ਼ਹਿਰ ਵੱਲ ਖਿੱਚਿਆ ਜਾਂਦਾ ਹੈ ਨਾ ਜੰਗਲ ਵੱਲ। ਵੈਸੇ ਵੀ ਉਹ ***"ਨਿਜ ਘਰਿ ਵਸੈ ਸਹਜਿ ਸੁਭਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਮ: ੩; ਅੰਗ ੧੧੨੯) ਨਿਜ ਸਰੂਪ ਵਿੱਚ ਰਹਿੰਦਾ ਹੈ ਜਿਸ ਕਰਕੇ ਜਿੱਥੇ ਵੀ ਹੋਵੇ, ਇਕੱਲਾ ਹੀ ਮਹਿਸੂਸ ਕਰਦਾ ਹੈ। ਉਹ ਏਸ ਭਾਵ ਵਿੱਚ ਰਹਿੰਦਾ ਹੈ ਕਿ ***"ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੩; ਅੰਗ ੯੧੯) ਜਿਵੇਂ ਪ੍ਰਭੂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਚੱਲਣਾ ਹੈ ਅਤੇ ***"ਜਿੱਥੈ ਰਖੈ ਸਾ ਭਲੀ ਜਾਏ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮ: ੫; ਅੰਗ ੧੦੮) ਜਿੱਥੇ ਪਰਮਾਤਮਾ ਰੱਖੇ, ਉਹ ਥਾਂ ਹੀ ਉਸ ਦੇ ਭਲੇ ਲਈ ਹੈ। ਇਸ ਕਰਕੇ ਉਹ ਹਰ ਹਾਲਤ ਵਿੱਚ, ਹਰ ਥਾਂ ਉੱਤੇ ਸਮ ਭਾਵ ਵਿਚਰਦਾ ਹੈ।

◆◆◆

ਉਨ੍ਹੀਵਾਂ ਅਧਿਆਇ

ਸਵੈ ਵਿੱਚ ਸਥਿਤੀ।

ਜਨਕ ਤਵਾਚ।

तत्त्वविज्ञानसंदंशमादाय हृदयोदरात्।
नानाविधपरामर्शशल्योद्धारः कृतो मया॥१॥

ਜਨਕ ਉਵਾਚ।

ਤੱਤ੍ਵਵਿਗਿਆਨਸੰਦੰਸ਼ਮਾਦਾਯ ਹ੍ਰਿਦਯੋਦਰਾਤ੍।
ਨਾਨਾਵਿਧਪਰਾਮਰਸ਼ਸ਼ਲਿਓਦ੍ਧਾਰ: ਕ੍ਰਿਤੋ ਮਯਾ॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਤੱਤ੍ਵ ਵਿਗਿਆਨ ਸੰਦੰਸ਼ ਆਦਾਯ = ਤੱਤ ਗਿਆਨ ਰੂਪ ਸੰਨ੍ਹੀ ਲੈ ਕੇ। ਹਿਰਦਯੋਦਰਾਤ੍ = ਹਿਰਦੇ ਦੀ ਗਹਿਰਾਈ 'ਚੋਂ। ਨਾਨਾ ਵਿਧ ਪਰਾਮਰਸ਼ ਸ਼ਲਿਅ ਉੱਧਾਰ: ਕ੍ਰਿਤ: ਮਯਾ = ਕਈ ਤਰ੍ਹਾਂ ਦੇ ਵਿਚਾਰਾਂ ਰੂਪੀ ਕੰਡੇ ਕੱਢੇ ਗਏ ਮੇਰੇ ਦੁਆਰਾ।

ਸ਼ਲੋਕਾਰਥ:- ਜਨਕ ਨੇ ਕਿਹਾ:- ਤੱਤ ਗਿਆਨ ਰੂਪੀ ਸੰਨ੍ਹੀ ਲੈ ਕੇ, ਮੇਰੇ ਦੁਆਰਾ, ਹਿਰਦੇ ਦੀ ਗਹਿਰਾਈ 'ਚੋਂ, ਕਈ ਤਰ੍ਹਾਂ ਦੇ ਵਿਚਾਰਾਂ ਰੂਪੀ ਕੰਡੇ ਕੱਢੇ ਗਏ।

ਭਾਵਾਰਥ:- ਰਾਜਾ ਜਨਕ, ਅਸ਼ਟਾਵਕ੍ਰ ਜੀ ਦੇ ਧੰਨਵਾਦੀ ਹਨ ਕਿਉਂਕਿ ਉਨ੍ਹਾਂ *"ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੭੨) ਨੇ ਕਿਰਪਾ ਕਰਕੇ ਗਿਆਨ ਰੂਪੀ ਖੜਗ ਦਿੱਤੀ ਜਿਸ ਨਾਲ ਹਮਲਾ ਕਰਕੇ ਉਨ੍ਹਾਂ ਨੇ ਸੰਸੇ ਰੂਪੀ ਦੂਤ ਮਾਰ ਛੱਡੇ ਹਨ। ਤਰ੍ਹਾਂ ਤਰ੍ਹਾਂ ਦੇ ਵਿਚਾਰ ਅਤੇ ਅਧਿਆਤਮਿਕ ਸੰਸੇ ਵਿਅਕਤੀ ਨੂੰ ਅਸ਼ਾਂਤ ਰੱਖਦੇ ਹਨ ਜਿਸ ਕਰਕੇ ਇਨ੍ਹਾਂ ਨੂੰ ਕੰਡੇ ਕਿਹਾ ਗਿਆ ਹੈ। ਰਾਜਾ ਜਨਕ ਧੰਨਵਾਦੀ ਹਨ ਕਿਉਂਕਿ ਗਿਆਨ ਪ੍ਰਾਪਤੀ ਕਾਰਨ, ਉਹ ਇਸ ਸਥਿਤੀ ਵਿੱਚ ਹਨ ਜਿੱਥੇ *"ਸੰਸੈ ਭਰਮੁ ਨਹੀ ਕਛੁ ਬਿਆਪਤ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੫੦) ਉਨ੍ਹਾਂ ਨੂੰ ਕੋਈ ਸੰਦੇਹ ਜਾਂ ਭਰਮ ਨਹੀਂ ਵਿਆਪਦਾ।

क्वधर्मः क्व च वा कामः क्व चार्थः क्व विवेकिता।
क्व द्वैतं क्व च वाऽद्वैतं स्वमहिम्नि स्थितस्य मे॥२॥

ਕ੍ਵ ਧਰਮ: ਕ੍ਵ ਚ ਵਾ ਕਾਮ: ਕ੍ਵ ਚਾਰਥ: ਕ੍ਵ ਵਿਵੇਕਿਤਾ।
ਕ੍ਵ ਦ੍ਵੈਤੰ ਕ੍ਵ ਚ ਵਾऽऽਦऽਵੈਤੰ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੨॥

ਸ਼ਬਦਾਰਥ:- ਕ੍ਵ ਧਰਮ: ਕ੍ਵ ਚ ਵਾ ਕਾਮ: ਕ੍ਵ ਚ ਅਰਥ: ਕ੍ਵ ਵਿਵੇਕਿਤਾ ਕ੍ਵ ਦ੍ਵੈਤੰ ਕ੍ਵ ਚ ਵਾ ਅਦ੍ਵੈਤੰ = ਕਿੱਥੇ ਧਰਮ, ਕਿੱਥੇ ਅਤੇ ਕਾਮ, ਅਤੇ ਕਿੱਥੇ ਅਰਥ ਕਿੱਥੇ ਵਿਵੇਕ, ਕਿੱਥੇ ਦਵੈਤ ਅਤੇ ਕਿੱਥੇ ਅਦਵੈਤ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਾ ਵਿੱਚ ਸਥਿਤ ਮੇਰੇ।

ਸ਼ਲੋਕਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੇਰੇ ਲਈ ਧਰਮ ਕਿੱਥੇ, ਕਾਮ ਕਿੱਥੇ, ਅਰਥ ਕਿੱਥੇ ਅਤੇ ਵਿਵੇਕ ਕਿੱਥੇ, ਦਵੈਤ ਕਿੱਥੇ ਅਤੇ ਅਦਵੇਤ ਕਿੱਥੇ!

ਭਾਵਾਰਥ:- ਰਾਜਾ ਜਨਕ ਕਹਿ ਰਹੇ ਹਨ ਕਿ ਮੈਂ ਆਤਮ ਸਰੂਪ ਵਿੱਚ ਸਥਿਤ ਹਾਂ ਅਤੇ ਕਿਉਂਕਿ ***"ਆਤਮਾ ਅਡੋਲੁ ਨ ਡੋਲਈ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੮੭)** ਆਤਮਾ ਕਦੇ ਨਹੀਂ ਡੋਲਦੀ, ਹੁਣ ਮੈਂ ***"ਥਿਰ ਥਿਰ ਚਿਤ ਥਿਰ ਹਾਂ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯)** ਥਿਰ ਚਿੱਤ ਹਾਂ ਭਾਵ ਮੇਰੇ ਮਨ ਵਿੱਚ ਕੋਈ ਵਿਚਾਰ ਹਲਚਲ ਨਹੀਂ ਕਰ ਰਹੇ, ਮੈਂ ਸ਼ੂਨਿਅ ਚਿੱਤ ਹੋ ਗਿਆ ਹਾਂ। ਇਸ ਕਰਕੇ ਧਰਮ ਦਾ ਸੰਕਲਪ, ਕਾਮ ਦੀ ਇੱਛਾ, ਅਰਥ ਦੀ ਚਾਹਨਾ ਮੈਨੂੰ ਛੂਹ ਨਹੀਂ ਸਕਦੇ, ਸਤਿ ਅਸਤਿ ਦੇ ਵਿਵੇਕ ਦੀ ਮੈਨੂੰ ਲੋੜ ਨਹੀਂ। ***"ਆਤਮ ਰਾਮੁ ਰਾਮੁ ਹੈ ਆਤਮ"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦)** ਆਤਮਾ ਹੀ ਪਰਮਾਤਮਾ ਹੈ ਜਿਸ ਕਰਕੇ ਮੈਂ ਪ੍ਰਭੂ ਨਾਲ ਆਪਣੀ ਅਭੇਦਤਾ ਪਛਾਣ ਲਈ ਹੈ ਅਤੇ ਮੇਰੇ ਲਈ ਦਵੈਤ ਅਦਵੈਤ ਦੇ ਵਿਚਾਰਾਂ ਦੀ ਹੋਂਦ ਹੀ ਨਹੀਂ ਰਹੀ।

क्व भूतं क्व भविष्यद्वा वर्तमानमपि क्व वा।
क्व देशः क्व च वा नित्यं स्वमहिम्नि स्थितस्य मे।।३।।

ਕ੍ਵ ਭੂਤੰ ਕ੍ਵ ਭਵਿਸ਼ਿਅਦ੍ਵਾ ਵਰਤਮਾਨਮਪਿ ਕ੍ਵ ਵਾ।
ਕ੍ਵ ਦੇਸ਼: ਕ੍ਵ ਚ ਵਾ ਨਿਤਿਅੰ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੩॥

ਸ਼ਬਦਾਰਥ:- ਕ੍ਵ ਭੂਤੰ ਕ੍ਵ ਭਵਿਸ਼ਿਅਤ੍ ਵਾ ਵਰਤਮਾਨਮ੍ ਅਪਿ ਕ੍ਵ ਵਾ ਕ੍ਵ ਦੇਸ਼: ਕ੍ਵ ਚ ਵਾ ਨਿਤਿਅੰ = ਕਿੱਥੇ ਭੂਤ ਕਿੱਥੇ ਭਵਿੱਖ ਜਾਂ ਵਰਤਮਾਨ ਵੀ ਕਿੱਥੇ, ਕਿੱਥੇ ਦੇਸ ਅਤੇ ਨਿਤਿਅਤਾ ਕਿੱਥੇ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਾ ਵਿੱਚ ਸਥਿਤ ਮੇਰੇ।

ਸ਼ਲੋਕਾਰਥ:- ਆਪਣੀ ਮਹਿਮਮਾ ਵਿੱਚ ਸਥਿਤ ਮੇਰੇ ਲਈ ਭੂਤ, ਭਵਿੱਖ ਜਾਂ ਵਰਤਮਾਨ ਕਿੱਥੇ, ਦੇਸ ਕਿੱਥੇ ਜਾਂ ਨਿਤਿਅਤਾ ਵੀ ਕਿੱਥੇ!

ਭਾਵਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੈਂ ਇਸ ਤਰ੍ਹਾਂ ਹਾਂ ਜਿਵੇਂ ***"ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਕਬੀਰ ਜੀਉ; ਅੰਗ ੯੬੯)** ਰਾਮ ਅਤੇ ਕਬੀਰ ਇੱਕ ਹੋ ਗਏ ਹਨ ਅਤੇ ਕੋਈ ਉਨ੍ਹਾਂ ਨੂੰ ਵੱਖਰੇ ਵੱਖਰੇ ਪਛਾਣ ਨਹੀਂ ਸਕਦਾ। ਉਸੇ ਤਰ੍ਹਾਂ ਮੈਂ ਵੀ ਪ੍ਰਭੂ ਨਾਲ ਆਪਣੀ ਅਭੇਦਤਾ ਪਛਾਣ

ਲਈ ਹੈ ਅਤੇ ਕਿਉਂਕਿ ਓਹ *"ਆਦਿ ਜੁਗਾਦੀ ਹੈ ਭੀ ਹੋਗੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੧; ਅੰਗ ੮੪੦) ਭੂਤ ਕਾਲ, ਵਰਤਮਾਨ ਅਤੇ ਭਵਿੱਖ ਵਿੱਚ ਵੀ ਹੈ, ਮੈਂ ਵੀ ਹਰ ਕਾਲ ਵਿੱਚ ਹਾਂ ਅਤੇ ਸਮੇਂ ਦੀ ਸੀਮਾ ਤੋਂ ਬਾਹਰ ਹਾਂ। ਓਹ *"ਥਾਨ ਥਨੰਤਰਿ ਰਹਿਆ ਸਮਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੬੯) ਹਰ ਥਾਂ ਮੌਜੂਦ ਹੈ ਅਤੇ ਉਸ ਨਾਲ ਅਭੇਦ ਹੋਣ ਕਰਕੇ ਮੈਂ ਵੀ ਕਿਸੇ ਦੇਸ ਦੀ ਸੀਮਾ ਵਿੱਚ ਬੱਝਾ ਹੋਇਆ ਨਹੀਂ।

क्व च आत्मा क्व चाऽनात्मा क्व शुभं क्वाशुभं तथा।
क्व चिन्ता क्व च वाचिन्ता स्वमहिम्नि स्थितस्य मे।।४।।

ਕ੍ਵ ਚ ਆਤ੍ਮਾ ਕ੍ਵ ਚਾऽਨਾਤ੍ਮਾ ਕ੍ਵ ਸ਼ੁਭੰ ਕ੍ਵਾਸ਼ੁਭੰ ਤਥਾ।
ਕ੍ਵ ਚਿੰਤਾ ਕ੍ਵ ਚ ਵਾਚਿੰਤਾ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੪॥

ਸ਼ਬਦਾਰਥ:- ਕ੍ਵ ਚ ਆਤ੍ਮਾ ਕ੍ਵ ਚ ਅਨਾਤ੍ਮਾ ਕ੍ਵ ਸ਼ੁਭੰ ਕ੍ਵ ਅਸ਼ੁਭੰ ਤਥਾ; ਕ੍ਵ ਚਿੰਤਾ ਕ੍ਵ ਚ ਵਾ ਅਚਿੰਤਾ = ਕਿੱਥੇ ਆਤਮਾ ਕਿੱਥੇ ਅਤੇ ਅਨਾਤਮਾ, ਕਿੱਥੇ ਸ਼ੁਭ ਕਿੱਥੇ ਅਸ਼ੁਭ ਅਤੇ; ਕਿੱਥੇ ਚਿੰਤਾ ਅਤੇ ਕਿੱਥੇ ਅਚਿੰਤਾ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਾ ਵਿੱਚ ਸਥਿਤ ਮੇਰੇ।

ਸ਼ਲੋਕਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੇਰੇ ਲਈ ਕਿੱਥੇ ਆਤਮਾ ਅਤੇ ਕਿੱਥੇ ਅਨਾਤਮਾ, ਕਿੱਥੇ ਸ਼ੁਭ ਅਤੇ ਕਿੱਥੇ ਅਸ਼ੁਭ, ਕਿੱਥੇ ਚਿੰਤਾ ਅਤੇ ਕਿੱਥੇ ਅਚਿੰਤਾ!

ਭਾਵਾਰਥ:- ਮੈਂ ਉਸ ਮਹਿਮਾ ਮਈ ਸਥਿਤੀ ਵਿੱਚ ਹਾਂ ਜਿੱਥੇ *"ਨਾਮੇ ਨਾਰਾਇਨ ਨਾਹੀ ਭੇਦੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਭੈਰਉ ਨਾਮਦੇਉ ਜੀਉ; ਅੰਗ ੧੧੬੬) ਭਗਤ ਨਾਮ ਦੇਵ ਅਤੇ ਭਗਵਾਨ ਵਿੱਚ ਕੋਈ ਭੇਦ ਨਹੀਂ ਰਹਿੰਦਾ। ਮੇਰੇ ਅੰਦਰ ਆਤਮਾ-ਅਨਾਤਮਾ, ਸ਼ੁਭ-ਅਸ਼ੁਭ ਦੇ ਵੱਖਰੇ ਵੱਖਰੇ ਭਾਵ ਨਹੀਂ ਉੱਠਦੇ ਕਿਉਂਕਿ *"ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੩੯) ਉਹ ਸਭ ਕੁਝ ਪਰਮਾਤਮਾ ਹੀ ਹੈ, ਹੋਰ ਕੁਝ ਹੈ ਹੀ ਨਹੀਂ। *"ਨਾ ਉਸੁ ਸੋਚੁ ਨ ਹਮ ਕਉ ਸੋਚਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੧) ਨਾ ਪ੍ਰਭੂ ਨੂੰ ਕੋਈ ਸੋਚ ਜਾਂ ਚਿੰਤਾ ਹੈ ਨਾ ਮੈਨੂੰ ਕੋਈ ਸੋਚ ਅਸੋਚ ਹੈ।

क्व स्वप्नः क्व सुषुप्तिर्वा क्व च जागरणं तथा।
क्व तुरीयं भयं वापि स्वमहिम्नि स्थितस्य मे।।५।।

ਕ੍ਵ ਸ੍ਵਪ੍ਨ: ਕ੍ਵ ਸੁਸ਼ੁਪ੍ਤਿਰਵਾ ਕ੍ਵ ਚ ਜਾਗਰਣੰ ਤਥਾ।
ਕ੍ਵ ਤੁਰੀਯੰ ਭਯੰ ਵਾਪਿ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੫॥

ਸ਼ਬਦਾਰਥ:- ਕ੍ਵ ਸ੍ਵਪ੍ਨ: ਕ੍ਵ ਸੁਸ਼ੁਪ੍ਤ: ਕ੍ਵ ਚ ਜਾਗਰਣੰ ਤਥਾ ਕ੍ਵ ਤੁਰੀਯੰ ਭਯੰ ਵਾ ਅਪਿ = ਕਿੱਥੇ ਸੁਪਨ ਅਵਸਥਾ ਕਿੱਥੇ ਸੁਸ਼ੁਪਤੀ ਜਾਂ ਕਿੱਥੇ ਜਾਗ੍ਰਤ

ਅਵਸਥਾ ਕਿੱਥੇ ਤੁਰੀਯਾ ਅਵਸਥਾ ਜਾਂ ਭੈਅ ਵੀ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਾ ਵਿੱਚ ਸਥਿਤ ਮੇਰੇ।

ਸ਼ਲੋਕਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੇਰੇ ਲਈ ਕਿੱਥੇ ਸੁਪਨ ਅਵਸਥਾ, ਕਿੱਥੇ ਸੁਸ਼ੁਪਤੀ, ਕਿੱਥੇ ਜਾਗਣਾ ਜਾਂ ਕਿੱਥੇ ਤੁਰੀਯਾ ਅਵਸਥਾ ਜਾਂ ਭੈਅ ਵੀ!

ਭਾਵਾਰਥ:- ਸੌਣਾ, ਜਾਗਣਾ ਜਾਂ ਡੂੰਘੀ ਨੀਂਦ-ਇੱਕ ਅਗਿਆਨੀ ਦੇ ਅਨੁਭਵ ਹਨ। ਉਨ੍ਹਾਂ ਵਿੱਚੋਂ ਕੁਝ ਵਿਰਲੇ ਤੁਰੀਯਾ ਅਵਸਥਾ ਦਾ ਅਨੁਭਵ ਵੀ ਕਰਦੇ ਹਨ ਪਰ ਮੈਂ ਤਾਂ "*ਨਿਜ ਘਰਿ ਤਿਸਹਿ ਥਾਨਿ ਹਾਂ॥ ਹਰਿ ਰਸ ਰਸਹਿ ਮਾਨਿ ਹਾਂ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾਵਰੀ ਮ: ੫; ਅੰਗ ੪੦੯) ਸਵੈ ਸਰੂਪ ਵਿੱਚ ਸਥਿਤ ਹਾਂ ਅਤੇ ਹਰਿ ਰਸ ਦਾ ਅਨੰਦ ਮਾਣ ਰਿਹਾ ਹਾਂ, ਜਿਸ ਕਰਕੇ ਇਨ੍ਹਾਂ ਸਾਰੀਆਂ ਅਵਸਥਾਵਾਂ ਤੋਂ ਪਾਰ ਹਾਂ। ਮੇਰੇ ਲਈ ਭੈਅ ਵੀ ਕਿੱਥੇ, ਕਿਉਂਕਿ ਮੈਂ "*ਨਿਜ ਘਰਿ ਬੈਸਿ ਰਹੇ ਭਉ ਖਾਇਆ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੨੨) ਆਤਮ ਸਰੂਪ ਵਿੱਚ ਸਥਿਤ ਰਹਿ ਕੇ ਭੈਅ ਸਮਾਪਤ ਕਰ ਛੱਡਿਆ ਹੈ।

क्व दूरं क्व समीपं वा बाह्यं क्वाभ्यन्तरं क्व वा।
क्व स्थूलं क्व च वा सूक्ष्मं स्वमहिम्नि स्थितस्य मे॥६॥

ਕ੍ਵ ਦੂਰੰ ਕ੍ਵ ਸਮੀਪੰ ਵਾ ਬਾਹਿਅੰ ਕ੍ਵਾਭਿਅੰਤਰੰ ਕ੍ਵ ਵਾ।
ਕ੍ਵ ਸ੍ਥੂਲੰ ਕ੍ਵ ਚ ਵਾ ਸੂਕ੍ਸ਼੍ਮੰ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੬॥

ਸ਼ਬਦਾਰਥ:- ਕ੍ਵ ਦੂਰੰ ਕ੍ਵ ਸਮੀਪੰ ਵਾ ਬਾਹਿਅੰ ਕ੍ਵ ਅਭਿਅੰਤਰੰ ਕ੍ਵ ਵਾ ਕ੍ਵ ਸ੍ਥੂਲੰ ਕ੍ਵ ਚ ਵਾ ਸੂਕ੍ਸ਼੍ਮੰ = ਕਿੱਥੇ ਦੂਰ ਕਿੱਥੇ ਨੇੜੇ ਜਾਂ ਬਾਹਰ ਕਿੱਥੇ ਅੰਦਰ ਜਾਂ, ਕਿੱਥੇ ਸਥੂਲ ਜਾਂ ਕਿੱਥੇ ਸੂਖਮ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਮਾ ਵਿੱਚ ਸਥਿਤ ਮੇਰੇ ਲਈ।

ਸ਼ਲੋਕਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੇਰੇ ਲਈ ਕਿੱਥੇ ਦੂਰੀ ਅਤੇ ਕਿੱਥੇ ਨਜ਼ਦੀਕੀ, ਕਿੱਥੇ ਬਾਹਰ ਜਾਂ ਕਿੱਥੇ ਅੰਦਰ, ਕਿੱਥੇ ਸਥੂਲ ਜਾਂ ਕਿੱਥੇ ਸੂਖਮ!

ਭਾਵਾਰਥ:- ਜਿਵੇਂ ਭਗਤ ਨਾਮਦੇਉ ਜੀ ਨੇ ਜਾਣ ਲਿਆ ਸੀ ਕਿ "*ਨਾਮੇ ਨਾਰਾਇਨ ਨਾਹੀ ਭੇਦੁ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਨਾਮਦੇਉ ਜੀ; ਅੰਗ ੧੧੬੬) ਉਨ੍ਹਾਂ ਅਤੇ ਨਾਰਾਇਨ ਵਿੱਚ ਕੋਈ ਫ਼ਰਕ ਨਹੀਂ, ਮੈਂ ਵੀ ਆਪਣੀ ਮਹਿਮਾ ਵਿੱਚ, ਪਰਮਾਤਮਾ ਨਾਲ ਆਪਣੀ ਅਭੇਦਤਾ ਨੂੰ ਪਛਾਣ ਲਿਆ ਹੈ ਅਤੇ ਜਿਵੇਂ "*ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੫; ਅੰਗ ੪੮) ਪ੍ਰਭੂ ਹਰ ਥਾਂ ਰਵਿਆ ਹੋਇਆ ਹੈ, ਮੈਂ ਵੀ ਹਰ ਥਾਂ ਮੌਜੂਦ ਹਾਂ ਜਿਸ ਕਰਕੇ ਮੇਰੇ ਲਈ ਕੁਝ ਵੀ ਦੂਰ ਜਾਂ ਨੇੜੇ ਅਤੇ ਬਾਹਰ ਜਾਂ ਅੰਦਰ ਨਹੀਂ। ਜਿਵੇਂ "*ਖਾਲਿਕੁ ਖਲਕ ਖਲਕ ਮਹਿ ਖਾਲਿਕੁ*" (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਕਬੀਰ ਜੀਉ; ਅੰਗ ੧੩੫੦) ਪਰਮਾਤਮਾ ਖ਼ਲਕਤ ਵਿੱਚ

ਹੈ ਅਤੇ ਸਾਰੀ ਖ਼ਲਕਤ ਪਰਮਾਤਮਾ ਵਿੱਚ ਹੈ, ਮੈਂ ਸਭ ਵਿੱਚ ਹਾਂ ਅਤੇ ਸਭ ਮੇਰੇ ਵਿੱਚ ਹਨ ਜਿਸ ਕਰਕੇ ਮੇਰੇ ਲਈ ਸਥੂਲ ਜਾਂ ਸੂਖਮ ਦੀ ਧਾਰਨਾ ਬੇਅਰਥ ਹੈ।

क्व मृत्युर्जीवितं वा क्व लोकाः क्वास्य क्व लौकिकम्।
क्व लयः क्व समाधिर्वा स्वमहिम्न स्थितस्य मे॥७॥

ਕ੍ਵ ਮ੍ਰਿਤਿਉਰਜੀਵਿਤੰ ਵਾ ਕ੍ਵ ਲੋਕਾ: ਕ੍ਵਾਸਿਅ ਕ੍ਵ ਲੌਕਿਕਮ੍।
ਕ੍ਵ ਲਯ: ਕ੍ਵ ਸਮਾਧਿਰਵਾ ਸ੍ਵਮਹਿਮ੍ਨਿ ਸ੍ਥਿਤਸਿਅ ਮੇ॥੭॥

ਸ਼ਬਦਾਰਥ:- ਕ੍ਵ ਮ੍ਰਿਤਿਉ: ਜੀਵਿਤੰ ਵਾ ਕ੍ਵ ਲੋਕਾ: ਕ੍ਵ ਅਸਿਅ ਕ੍ਵ ਲੌਕਿਕਮ੍ ਕ੍ਵ ਲਯ: ਕ੍ਵ ਸਮਾਧਿ: ਵਾ = ਕਿੱਥੇ ਮੌਤ ਜੀਵਨ ਕਿੱਥੇ, ਕਿੱਥੇ ਲੋਕ ਕਿੱਥੇ ਇਸ ਦੇ ਲੌਕਿਕ ਵਿਓਹਾਰ, ਕਿੱਥੇ ਲੈਅ ਕਿੱਥੇ ਸਮਾਧੀ। ਸ੍ਵ ਮਹਿਮ੍ਨਿ ਸ੍ਥਿਤਸਿਅ ਮੇ = ਆਪਣੀ ਮਹਿਮਾ ਵਿੱਚ ਸਥਿਤ ਮੇਰੇ।

ਸ਼ਲੋਕਾਰਥ:- ਆਪਣੀ ਮਹਿਮਾ ਵਿੱਚ ਸਥਿਤ ਮੇਰੇ ਲਈ ਕਿੱਥੇ ਮੌਤ ਅਤੇ ਕਿੱਥੇ ਜੀਵਨ, ਕਿੱਥੇ ਲੋਕ ਅਤੇ ਕਿੱਥੇ ਇਸ ਦੇ ਲੌਕਿਕ ਵਿਓਹਾਰ, ਕਿੱਥੇ ਲੈਅ ਅਤੇ ਕਿੱਥੇ ਸਮਾਧੀ!

ਭਾਵਾਰਥ:- ਕਿਉਂਕਿ *"ਜਿਸ ਤੇ ਉਪਜੇ ਤਿਸ ਹੀ ਜੈਸੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਮਕਲੀ ਮ: ੧; ਅੰਗ ੯੪੩) ਜੋ ਜਿਸ 'ਚੋਂ ਉਪਜਦਾ ਹੈ, ਉਸੇ ਜਿਹਾ ਹੁੰਦਾ ਹੈ, ਮੇਰੇ ਅਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ। *"ਨਾ ਓਹੁ ਮਰੈ ਨ ਆਵੈ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੩; ਅੰਗ ੧੧੭੪) ਨਾ ਓਹ ਮਰਦਾ ਹੈ ਨਾ ਜਨਮਦਾ ਹੈ, ਜਿਸ ਕਰਕੇ ਮੇਰੇ ਵਿੱਚ ਵੀ ਮੌਤ ਜਾਂ ਜੀਵਨ ਦੀ ਕੋਈ ਧਾਰਨਾ ਨਹੀਂ। *"ਤੀਨਿ ਭਵਨ ਭਰਪੂਰਿ ਰਹਿਓ ਸੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸਵਈਏ ਮ: ੪; ਬਲ੍ਯ; ਅੰਗ ੧੪੦੫) ਤਿੰਨਾਂ ਲੋਕਾਂ ਨੂੰ ਓਸ ਨੇ ਭਰਪੂਰ ਕੀਤਾ ਹੋਇਆ ਹੈ ਅਤੇ ਉਸੇ ਤਰ੍ਹਾਂ ਮੇਰਾ ਵੀ ਕਿਹੜਾ ਲੋਕ ਅਤੇ ਕਿਸ ਨਾਲ ਮੇਰਾ ਲੋਕ ਵਿਓਹਾਰ! ਮੇਰੇ ਵਿੱਚੋਂ ਹੀ ਸ੍ਰਿਸ਼ਟੀ ਨਿਕਲੀ ਹੈ ਅਤੇ ਮੇਰੇ ਵਿੱਚ ਹੀ ਲੈਅ ਹੋਣੀ ਹੈ। ਮੈਂ ਆਪ ਹੀ ਜੋਤੀ ਸਰੂਪ ਹਾਂ, ਮੇਰੇ ਵਿੱਚ ਸਮਾਧੀ ਕਿਵੇਂ!

अलं त्रिवर्गकथया योगस्य कथयाप्यलम्।
अलं विज्ञानकथया विश्रान्तस्य ममात्मनि॥८॥

ਅਲੰ ਤ੍ਰਿਵਰਗਕਥਯਾ ਯੋਗਸਿਅ ਕਥਯਾਪਿਅਲਮ੍।
ਅਲੰ ਵਿਗਿਆਨਕਥਯਾ ਵਿਸ਼੍ਰਾਂਤਸਿਅ ਮਮਾਤ੍ਮਨਿ॥੮॥

ਸ਼ਬਦਾਰਥ:- ਅਲੰ ਤ੍ਰਿਵਰਗ ਕਥਯਾ ਯੋਗਸਿਅ ਕਥਯਾ ਅਪਿ ਅਲੰ, ਅਲੰ ਵਿਗਿਆਨ ਕਥਯਾ = ਲੋੜ ਨਹੀਂ ਤਿੰਨਾਂ-ਧਰਮ ਅਰਥ ਕਾਮ ਦੀ ਕਥਾ ਦੀ, ਯੋਗ ਦੀ ਕਥਾ ਦੀ ਲੋੜ ਨਹੀਂ, ਵਿਗਿਆਨ ਦੀ ਕਥਾ ਦੀ ਲੋੜ ਨਹੀਂ। ਵਿਸ਼੍ਰਾਂਤਸਿਅ

ਮਮ ਆਤ੍ਰਮਨਿ = ਠਹਿਰੇ ਹੋਏ ਆਪਣੀ ਆਤਮਾ ਵਿੱਚ।

ਸ਼ਲੋਕਾਰਥ:- ਆਪਣੇ ਆਤਮ ਸਰੂਪ ਵਿੱਚ ਠਹਿਰੇ ਹੋਏ ਮੈਨੂੰ ਧਰਮ-ਅਰਥ-ਕਾਮ ਦੀ ਕਥਾ ਦੀ ਲੋੜ ਨਹੀਂ, ਯੋਗ ਸਮਝਣ ਦੀ ਅਤੇ ਵਿਗਿਆਨ ਦੀ ਕਥਾ ਦੀ ਲੋੜ ਨਹੀਂ।

ਭਾਵਾਰਥ:- ਜੀਵਨ ਵਿੱਚ ਧਰਮ, ਅਰਥ ਅਤੇ ਕਾਮ ਦਾ ਵਾਸਤਵਿਕ ਗਿਆਨ ਮੋਖ ਪ੍ਰਾਪਤੀ ਦਾ ਸਾਧਨ ਬਣਦਾ ਹੈ। ਯੋਗ ਅਭਿਆਸ ਅਤੇ ਅਧਿਆਤਮਿਕ ਵਿਗਿਆਨ ਦੀ ਮੰਜ਼ਿਲ ਵੀ ਮੋਖ ਹੈ। ਮੈਨੂੰ ਇਨ੍ਹਾਂ ਦੇ ਵਿਖਿਆਨ ਦੀ ਲੋੜ ਨਹੀਂ ਕਿਉਂਕਿ ਜਿਸ ਦਾ "*ਨਿਜ ਘਰਿ ਵਾਸੁ ਅਮਰ ਪਦੁ ਪਾਵੈ॥*" (ਸ੍ਰੀ ਗੁਰੂ ਗ੍ਰੰਥ ਸਾਹਿਬ, ਪ੍ਰਭਾਤੀ ਮ: ੧; ਅੰਗ ੧੩੪੨) ਆਪਣੇ ਸਰੂਪ ਵਿੱਚ ਵਾਸ ਹੁੰਦਾ ਹੈ, ਉਹ ਅਮਰ ਪਦ ਉੱਤੇ ਪਹੁੰਚ ਜਾਂਦਾ ਹੈ ਅਤੇ ਮੈਂ ਆਤਮ ਸਰੂਪ ਵਿੱਚ ਠਹਿਰਿਆ ਹੋਇਆ ਹੋਣ ਕਰਕੇ ਅਮਰ ਪਦ ਉੱਤੇ ਪਹੁੰਚਿਆ ਹੋਇਆ ਹਾਂ।

◆◆◆

ਵੀਹਵਾਂ ਅਧਿਆਇ

ਜੀਵਨ ਮੁਕਤੀ।

ਅਸ਼ਟਾਵਕ੍ਰ ਜੀ ਦੇ ਉਪਦੇਸ਼ ਨੇ ਰਾਜਾ ਜਨਕ ਨੂੰ ਉਨ੍ਹਾਂ ਦੇ ਆਤਮ ਸਰੂਪ ਵਿੱਚ ਸਥਿਤ ਕਰ ਦਿੱਤਾ ਹੈ ਅਤੇ ਹੁਣ ਉਹ ਜਿਉਂਦੇ ਜੀਅ ਮੁਕਤੀ ਦਾ ਅਨੁਭਵ ਕਰਕੇ, ਆਪਣੇ ਮੂਲ ਪਰਮਾਤਮ ਸਰੂਪ ਨਾਲ ਅਭੇਦਤਾ ਦੀ ਵਿਆਖਿਆ ਕਰਨ ਲੱਗੇ ਹਨ।

जनक उवाच।

क्व भूतानि क्व देहो वा क्वेन्द्रियाणि क्व वा मनः।
क्व शून्यं क्व च नैराशयं मत्स्वरूपे निरञ्जने॥१॥

ਜਨਕ ਉਵਾਚ।

ਕ੍ਵ ਭੂਤਾਨਿ ਕ੍ਵ ਦੇਹੋ ਵਾ ਕ੍ਵੇਂਦ੍ਰਿਯਾਣਿ ਕ੍ਵ ਵਾ ਮਨ:।
ਕ੍ਵ ਸ਼ੂਨਿਯੰ ਕ੍ਵ ਚ ਨੈਰਾਸ਼ਯੰ ਮਤ੍ਸ੍ਵਰੂਪੇ ਨਿਰੰਜਨੇ॥੧॥

ਸ਼ਬਦਾਰਥ:- ਜਨਕ ਉਵਾਚ = ਜਨਕ ਨੇ ਕਿਹਾ। ਕ੍ਵ ਭੂਤਾਨਿ ਕ੍ਵ ਦੇਹ: ਵਾ ਕ੍ਵ ਇੰਦ੍ਰਿਯਾਣਿ ਕ੍ਵ ਵਾ ਮਨ: ਕ੍ਵ ਸ਼ੂਨਿਅੰ ਕ੍ਵ ਚ ਨੈਰਾਸ਼ਯੰ = ਕਿੱਥੇ (ਪੰਜ) ਭੂਤ ਕਿੱਥੇ ਦੇਹ ਅਤੇ ਕਿੱਥੇ ਇੰਦ੍ਰੀਆਂ ਜਾਂ ਕਿੱਥੇ ਮਨ, ਕਿੱਥੇ ਸ਼ੂਨਿਅ ਅਤੇ ਕਿੱਥੇ ਆਸ਼ਾ ਦਾ ਅਭਾਵ। ਮਤ੍ਸ੍ਵਰੂਪੇ ਨਿਰੰਜਨੇ = ਮੇਰੇ ਸਰੂਪ ਵਿੱਚ, ਬੇਦਾਗ਼ ਵਿੱਚ।

ਸ਼ਲੋਕਾਰਥ:- ਜਨਕ ਨੇ ਕਿਹਾ:- ਮੇਰੇ ਬੇਦਾਗ ਸਰੂਪ ਵਿੱਚ (ਪੰਜ) ਭੂਤ ਕਿੱਥੇ, ਦੇਹ ਕਿੱਥੇ, ਇੰਦ੍ਰੀਆਂ ਕਿੱਥੇ ਜਾਂ ਮਨ ਕਿੱਥੇ; ਸ਼ੂਨਿਅਤਾ ਕਿੱਥੇ ਅਤੇ ਨਿਰਾਸ਼ਾ ਕਿੱਥੇ!

ਭਾਵਾਰਥ:- ਰਾਜਾ ਜਨਕ *"ਆਤਮੁ ਚੀਨ੍ਹਿ ਭਏ ਨਿਰੰਕਾਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੧; ਅੰਗ ੪੧੫) ਸਵੈ ਨੂੰ ਪਛਾਣ ਕੇ ਨਿਰਾਕਾਰ ਨਾਲ ਅਭੇਦਤਾ ਦਾ ਅਹਿਸਾਸ ਕਰ ਰਹੇ ਹਨ। ਇਸ ਸਥਿਤੀ ਦੀ ਵਿਆਖਿਆ ਕਰਦੇ ਹੋਏ ਉਹ ਕਹਿ ਰਹੇ ਹਨ ਕਿ ਪੰਜ ਭੂਤ ਅਤੇ ਪੰਜ ਭੌਤਿਕ ਦੇਹ, ਉਸ ਦੇਹ ਦੀਆਂ ਇੰਦ੍ਰੀਆਂ ਅਤੇ ਮਨ, ਸਭ ਸਾਕਾਰ ਹੋਣ ਕਰਕੇ ਮੁਝ ਨਿਰਾਕਾਰ ਵਿੱਚ ਕਿੱਥੇ ਹਨ ਅਰਥਾਤ ਕੇਵਲ ਕਲਪਿਤ ਹਨ। ਮੈਂ *"ਸਭਨੀ ਥਾਂਈ ਰਵਿਆ ਆਪਿ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੦੧) ਆਪ ਹੀ ਹਰ ਥਾਂ ਰਵਿਆ ਹੋਇਆ ਹਾਂ, ਕੋਈ ਥਾਂ ਮੇਰੇ ਤੋਂ ਖ਼ਾਲੀ ਨਹੀਂ, ਜਿਸ ਕਰਕੇ ਨਾ ਮੇਰੇ 'ਚੋਂ ਕੁਝ ਕੱਢਿਆ ਜਾ ਸਕਦਾ ਹੈ ਨਾ ਕੁਝ ਪਾਇਆ ਜਾ ਸਕਦਾ ਹੈ। ਇਸ ਕਰਕੇ ਕੋਈ ਸ਼ੂਨਿਅਤਾ ਜਾਂ ਕਿਸੇ ਅਪ੍ਰਾਪਤ ਦੀ ਨਿਰਾਸ਼ਾ ਵੀ ਮੇਰੇ ਵਿੱਚ

ਨਹੀਂ। ਮੇਰਾ ਸਰੂਪ *"ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੫; ਅੰਗ ੮੨੧) ਅਤਿਅੰਤ ਨਿਰਮਲ, ਸੁੱਚਾ ਅਤੇ ਬੇਦਾਗ਼ ਹੈ।

क्व शास्त्रं क्वात्मविज्ञानं क्व वा निर्विषयं मनः।
क्व तृप्तिः क्व वितृष्णत्वं गतद्वन्द्वस्य मे सदा॥२॥

ਕ੍ਵ ਸ਼ਾਸ੍ਤ੍ਰੰ ਕ੍ਵਾਤ੍ਮਵਿਗਿਆਨੰ ਕ੍ਵ ਵਾ ਨਿਰਵਿਸ਼ਯੰ ਮਨ:।
ਕ੍ਵ ਤ੍ਰਿਪ੍ਤਿ: ਕ੍ਵ ਵਿਤ੍ਰਿਸ਼੍ਣਤ੍ਵੰ ਗਤਦ੍ਵੰਦ੍ਵਸਿਅ ਮੇ ਸਦਾ॥੨॥

ਸ਼ਬਦਾਰਥ:- ਕ੍ਵ ਸ਼ਾਸ੍ਤ੍ਰੰ ਕ੍ਵ ਆਤ੍ਮ ਵਿਗਿਆਨੰ ਕ੍ਵ ਵਾ ਨਿਰਵਿਸ਼ਯੰ ਮਨ: ਕ੍ਵ ਤ੍ਰਿਪ੍ਤਿ: ਕ੍ਵ ਵਿਤ੍ਰਿਸ਼੍ਣਤ੍ਵੰ = ਕਿੱਥੇ ਸ਼ਾਸਤਰ, ਕਿੱਥੇ ਆਤਮ ਗਿਆਨ, ਕਿੱਥੇ ਅਤੇ ਵਿਸ਼ੇ ਰਹਿਤ ਮਨ, ਕਿੱਥੇ ਤ੍ਰਿਪਤੀ, ਕਿੱਥੇ ਤ੍ਰਿਸ਼ਨਾ ਦਾ ਅਭਾਵ। ਗਤ-ਦ੍ਵੰਦ੍ਵਸਿਅ ਮੇ ਸਦਾ = ਸਦਾ ਦਵੰਦ ਰਹਿਤ ਮੁਝ ਲਈ।

ਸ਼ਲੋਕਾਰਥ:- ਸਦਾ ਦਵੰਦ ਰਹਿਤ ਮੁਝ ਲਈ ਕਿੱਥੇ ਸ਼ਾਸਤਰ, ਕਿੱਥੇ ਆਤਮ ਗਿਆਨ ਜਾਂ ਕਿੱਥੇ ਵਿਸ਼ੇ ਰਹਿਤ ਮਨ, ਕਿੱਥੇ ਤ੍ਰਿਪਤੀ, ਕਿੱਥੇ ਤ੍ਰਿਸ਼ਨਾ ਦਾ ਅਭਾਵ!

ਭਾਵਾਰਥ:- ਮੈਂ *"ਆਤਮੁ ਚੀਨਿ ਪਰਾਤਮੁ ਚੀਨਹੁ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੧੦੩੦) ਆਤਮਾ ਨੂੰ ਜਾਣ ਕੇ ਪਰਮ ਆਤਮਾ ਨੂੰ ਜਾਣ ਲਿਆ ਹੈ, ਜਿਸ ਨੂੰ ਜਾਨਣ ਪਿੱਛੋਂ ਹੋਰ ਕੁਝ ਜਾਨਣ ਯੋਗ ਨਹੀਂ ਬਚਦਾ। ਇਸ ਕਰਕੇ ਮੈਨੂੰ ਕਿਸੇ ਸ਼ਾਸਤਰ ਦੀ ਜਾਂ ਆਤਮ ਗਿਆਨ ਦੀ ਲੋੜ ਨਹੀਂ। ਪਰਮ ਆਤਮਾ ਨਾਲ ਅਭੇਦ ਹੋ ਕੇ ਮੈਂ *"ਥਿਰ ਥਿਰ ਚਿਤ ਥਿਰ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯) ਥਿਰ ਚਿੱਤ ਹੋ ਗਿਆ ਹਾਂ ਕਿਉਂਕਿ *"ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੧੦੦) ਥਿਰ ਪਰਮਾਤਮਾ ਦਾ ਸੇਵਕ ਵੀ ਥਿਰ ਹੁੰਦਾ ਹੈ। ਇਸ ਤਰ੍ਹਾਂ ਮੈਂ ਸਦਾ ਲਈ ਦਵੰਦ ਰਹਿਤ ਹੋ ਗਿਆ ਹਾਂ ਅਤੇ ਮੇਰੇ ਮਨ ਵਿੱਚ ਵਿਸ਼ੇ ਜਾਂ ਨਿਰਵਿਸ਼ੇ, ਤ੍ਰਿਪਤੀ ਜਾਂ ਤ੍ਰਿਸ਼ਨਾ-ਵਿਤ੍ਰਿਸ਼ਨਾ ਦਾ ਕੋਈ ਸੰਕਲਪ ਨਹੀਂ ਉੱਠਦਾ।

क्व विद्या क्व च वाऽविद्या क्वाहं क्वेदं मम क्व वा।
क्व बन्धः क्व च वा मोक्षः स्वरूपस्य क्व रूपता॥३॥

ਕ੍ਵ ਵਿਦਿਆ ਕ੍ਵ ਚ ਵਾऽਵਿਦਿਆ ਕ੍ਵਾਹੰ ਕ੍ਵੇਦੰ ਮਮ ਕ੍ਵ ਵਾ।
ਕ੍ਵ ਬੰਧ: ਕ੍ਵ ਚ ਵਾ ਮੋਕ੍ਸ਼: ਸ੍ਵਰੂਪਸਿਅ ਕ੍ਵ ਰੂਪਤਾ॥੩॥

ਸ਼ਬਦਾਰਥ:- ਕ੍ਵ ਵਿਦਿਆ ਕ੍ਵ ਚ ਵਾ ਅਵਿਦਿਆ ਕ੍ਵ ਅਹੰ ਕ੍ਵ ਇਦੰ ਮਮ ਕ੍ਵ ਵਾ ਕ੍ਵ ਬੰਧ: ਕ੍ਵ ਚ ਵਾ ਮੋਕ੍ਸ਼: = ਕਿੱਥੇ ਵਿੱਦਿਆ ਕਿੱਥੇ ਅਤੇ ਜਾਂ ਅਵਿੱਦਿਆ, ਕਿੱਥੇ ਮੈਂ, ਕਿੱਥੇ ਇਹ, ਮੇਰਾ ਕਿੱਥੇ, ਕਿੱਥੇ ਬੰਧਨ ਅਤੇ ਕਿੱਥੇ ਮੋਖ। ਸ੍ਵਰੂਪਸਿਅ ਕ੍ਵ ਰੂਪਤਾ = ਸਰੂਪ ਦਾ ਕਿੱਥੇ ਰੂਪ।

ਸ਼ਲੋਕਾਰਥ:- ਮੇਰੇ ਆਤਮ ਸਰੂਪ ਦਾ ਰੂਪ ਕਿੱਥੇ। (ਉਸ ਲਈ) ਵਿੱਦਿਆ ਕਿੱਥੇ ਅਵਿੱਦਿਆ ਕਿੱਥੇ, 'ਅਹੰ' ਕਿੱਥੇ, 'ਇਹ' ਕਿੱਥੇ, 'ਮੇਰਾ' ਕਿੱਥੇ, ਬੰਧਨ ਕਿੱਥੇ ਮੋਕਸ਼ ਕਿੱਥੇ!

ਭਾਵਾਰਥ:- ਮੈਂ ਪਰਮ ਆਤਮਾ ਨਾਲ ਅਭੇਦ ਹੋ ਚੁੱਕਾ ਹਾਂ ਅਤੇ ***"ਤਿਸ ਤੇ ਦੂਜਾ ਨਾਹੀ ਕੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੭੯੭) ਉਸ ਤੋਂ ਬਿਨਾ ਦੂਜਾ ਕੋਈ ਹੈ ਹੀ ਨਹੀਂ। ਇਸ ਕਰਕੇ ਮੈਂ ਇੱਕੋ ਇੱਕ ਮੌਜੂਦ ਹਾਂ ਜਿਸ ਕਰਕੇ ਮੈਂ ਆਪਣੇ ਤੋਂ ਅੱਡ ਕਿਸ ਨੂੰ ਕਹਾਂ 'ਮੈਂ', 'ਮੇਰਾ', 'ਇਹ'। ***"ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੧; ਅੰਗ ੧੩) ਉਸ ਦਾ ਪ੍ਰਕਾਸ਼ ਹੀ ਸਭ ਨੂੰ ਪ੍ਰਕਾਸ਼ਿਤ ਕਰਦਾ ਹੈ ਅਰਥਾਤ ਸਭ ਗਿਆਨ ਓਸੇ ਦਾ ਅਰਥਾਤ ਮੇਰਾ ਹੀ ਹੈ ਜਿਸ ਕਰਕੇ ਮੈਨੂੰ ਕਿਸੇ ਵਿੱਦਿਆ-ਅਵਿੱਦਿਆ ਦੀ ਲੋੜ ਨਹੀਂ। ਜਦ ਮੇਰੇ ਸਿਵਾ ਹੋਰ ਕੁਝ ਹੈ ਹੀ ਨਹੀਂ, ਮੈਂ ਕਿਸ ਦੇ ਬੰਧਨ ਵਿੱਚ ਅਤੇ ਮੁਕਤੀ ਕਿਸ ਤੋਂ? ਜਿਸ ਸ਼ਕਤੀ ਨਾਲ ਮੈਂ ਇੱਕ ਹੋਇਆ ਹੋਇਆ ਹਾਂ ***"ਨਾ ਤਿਸੁ ਰੂਪੁ ਨ ਰੇਖਿਆ ਕਾਈ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸੂਹੀ ਮ: ੧; ਅੰਗ ੭੫੦) ਉਸ ਦਾ ਕੋਈ ਰੂਪ ਰੰਗ ਨਹੀਂ, ਇਸ ਕਰਕੇ ਮੇਰੇ ਆਤਮ ਸਰੂਪ ਦਾ ਕੋਈ ਰੂਪ ਕਿਵੇਂ!

क्व प्रारब्धानि कर्माणि जीवन्मुक्तिरपि क्व वा।
क्व तद्विदेहकैवल्यं निर्विशेषस्य सर्वदा॥४॥

ਕ੍ਵ ਪ੍ਰਾਰਬ੍ਧਾਨਿ ਕਰ੍ਮਾਣਿ ਜੀਵਨ੍ਮੁਕ੍ਤਿਰਪਿ ਕ੍ਵ ਵਾ।
ਕ੍ਵ ਤਦ੍ਵਿਦੇਹਕੈਵਲ੍ਯੰ ਨਿਰ੍ਵਿਸ਼ੇਸ਼ਸ੍ਯ ਸਰ੍ਵਦਾ॥੪॥

ਸ਼ਬਦਾਰਥ:- ਕ੍ਵ ਪ੍ਰਾਰਬ੍ਧਾਨਿ ਕਰ੍ਮਾਣਿ ਜੀਵਨ੍-ਮੁਕ੍ਤਿ: ਅਪਿ ਕ੍ਵ ਵਾ ਕ੍ਵ ਤਤ੍ ਵਿਦੇਹਕੈਵ੍ਯੰ = ਕਿੱਥੇ ਪ੍ਰਾਰਬਧ ਕਰਮ, ਜੀਵਨ ਮੁਕਤੀ ਵੀ ਕਿੱਥੇ, ਕਿੱਥੇ ਉਹ ਦੇਹੋਂ ਪਾਰ ਮੁਕਤੀ। ਨਿਰ੍ਵਿਸ਼ੇਸ਼ਸ੍ਯ ਸਰ੍ਵਦਾ = ਸਦਾ ਵਿਸ਼ੇਸ਼ਣਾਂ ਤੋਂ ਪਾਰ ਦਾ।

ਸ਼ਲੋਕਾਰਥ:- ਸਦਾ ਵਿਸ਼ੇਸ਼ਣਾਂ ਤੋਂ ਪਾਰ ਦੇ ਪ੍ਰਾਰਬਧ ਕਰਮ ਕਿੱਥੇ, ਜੀਵਨ ਮੁਕਤੀ ਵੀ ਕਿੱਥੇ, ਉਹ ਦੇਹੋਂ ਪਾਰ ਮੁਕਤੀ ਵੀ ਕਿੱਥੇ!

ਭਾਵਾਰਥ:- ਪਰਮਾਤਮਾ ਨਾਲ ਇੱਕ ਹੋਣ ਕਰਕੇ ਮੈਂ ਸਦਾ ਤੋਂ ਵਿਸ਼ੇਸ਼ਣਾਂ ਤੋਂ ਪਾਰ ਹਾਂ ਕਿਉਂਕਿ ***"ਨਿਰਗੁਣ ਕਥਾ ਕਥਾ ਹੈ ਹਰਿ ਕੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੪; ਅੰਗ ੧੬੪) ਪਰਮਾਤਮਾ ਵਿਸ਼ੇਸ਼ਣਾਂ ਤੋਂ ਪਾਰ ਹੈ। ***"ਨਾ ਓਹੁ ਮਰੈ ਨ ਆਵੈ ਜਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੩; ਅੰਗ ੧੧੭੪) ਨਾ ਓਹ ਮਰਦਾ ਹੈ ਨਾ ਜਨਮਦਾ ਹੈ। ਇਸੇ ਤਰ੍ਹਾਂ ਮੇਰਾ ਵੀ ਕੋਈ ਜਨਮ ਨਹੀਂ। ਇਸ ਕਰਕੇ ਪ੍ਰਾਰਬਧ ਕਰਮਾਂ ਦਾ ਕੀ ਮਤਲਬ? ***"ਨਾ ਉਸੁ ਬੰਧਨ ਨਾ ਹਮ ਬਾਧੇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੧) ਪਰਮਾਤਮਾ ਨੂੰ ਕੋਈ ਬੰਧਨ ਨਹੀਂ ਜਿਸ ਕਰਕੇ ਮੈਂ ਵੀ ਕਿਸੇ ਬੰਧਨ

ਵਿਚ ਨਹੀਂ। ਇਸ ਕਰਕੇ ਮੇਰੇ ਲਈ ਜੀਵਨ ਮੁਕਤੀ ਦਾ ਕੀ ਮਤਲਬ? ਵੈਸੇ ਵੀ ਦੇਹ ਤਾਂ ਹੈ ਹੀ ਮਿਥਿਆ, ਇਸ ਕਰਕੇ ਇਸ ਦੇ ਬੰਧਨ ਜਾਂ ਇਸ ਤੋਂ ਪਾਰ ਮੁਕਤੀ ਦੀ ਧਾਰਨਾ ਵੀ ਮਿਥਿਆ ਹੀ ਹੈ। ਜਦ ਮੇਰੇ ਸਿਵਾ ਹੋਰ ਕੁਝ ਹੈ ਹੀ ਨਹੀਂ, ਫਿਰ ਕਿਸ ਦਾ ਬੰਧਨ ਅਤੇ ਕਿਸ ਤੋਂ ਮੁਕਤੀ?

क्व कर्ता क्व च वा भोक्ता निष्क्रियं स्फुरणं क्व वा।
क्वापरोक्षं फलं वा क्व निःस्वभावस्य मे सदा॥५॥

ਕ੍ਵ ਕਰਤਾ ਕ੍ਵ ਚ ਵਾ ਭੋਕ੍ਤਾ ਨਿਸ਼੍ਕ੍ਰਯੰ ਸ੍ਫੁਰਣੰ ਕ੍ਵ ਵਾ।
ਕ੍ਵਾਪਰੋਕ੍ਸ਼ੰ ਫਲੰ ਵਾ ਕ੍ਵ ਨਿ:ਸ੍ਵਭਾਵਸਿਅ ਮੇ ਸਦਾ॥੫॥

ਸ਼ਬਦਾਰਥ:- ਕ੍ਵ ਕਰਤਾ ਕ੍ਵ ਚ ਵਾ ਭੋਕ੍ਤਾ, ਨਿਸ਼੍ਕ੍ਰਯੰ ਸ੍ਫੁਰਣੰ ਕ੍ਵ ਵਾ, ਕ੍ਵ ਅਪਰੋਕਸ਼ੰ ਫਲੰ ਵਾ ਕ੍ਵ = ਕਿੱਥੇ ਕਰਤਾਪਨ ਕਿੱਥੇ ਅਤੇ ਭੋਗਤਾਪਨ, ਕ੍ਰਿਯਾਹੀਨਤਾ ਜਾਂ ਸਫੁਰਤੀ ਕਿੱਥੇ, ਕਿੱਥੇ ਪਰੋਖ ਗਿਆਨ ਅਤੇ ਕਿੱਥੇ ਫਲ। ਨਿ:ਸ੍ਵਭਾਵਸਿਅ ਮੇ ਸਦਾ = ਸੁਭਾਅ ਰਹਿਤ ਮੈਨੂੰ ਸਦਾ।

ਸ਼ਲੋਕਾਰਥ:- ਸਦਾ ਸੁਭਾਅ ਰਹਿਤ ਮੈਨੂੰ ਕਰਤਾਪਨ ਕਿੱਥੇ ਅਤੇ ਕਿੱਥੇ ਹੈ ਭੋਗਤਾਪਨ ਜਾਂ ਕਿੱਥੇ ਕ੍ਰਿਯਾਹੀਨਤਾ ਜਾਂ ਸਫੁਰਤੀ, ਕਿੱਥੇ ਪ੍ਰਤੱਖ ਗਿਆਨ ਜਾਂ ਕਿੱਥੇ ਫਲ!

ਭਾਵਾਰਥ:- *"ਪ੍ਰਭ ਕਰਨ ਕਰਾਵਨਹਾਰੀ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਕਬੀਰ ਜੀਉ; ਅੰਗ ੬੫੫) ਕਰਨ ਕਰਾਉਨ ਵਾਲਾ ਤਾਂ ਪਰਮਾਤਮਾ ਹੈ, ਜਿਸ ਕਰਕੇ *"ਨਾ ਹਉ ਕਰਤਾ ਨਾ ਹਉ ਕੀਆ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੧; ਅੰਗ ੯੯੩) ਨਾ ਮੈਂ ਕਰਤਾ ਹਾਂ ਨਾ ਮੈਂ ਕੁਝ ਕੀਤਾ ਹੈ, ਇਸੇ ਕਰਕੇ ਮੇਰੇ ਵਿੱਚ ਭੋਗਤਾਪਨ ਵੀ ਨਹੀਂ। ਪਰਮਾਤਮਾ ਨਾਲ ਅਭੇਦਤਾ ਦਾ ਅਹਿਸਾਸ ਹੋ ਜਾਣ ਕਰਕੇ ਮੈਂ *"ਥਿਰ ਥਿਰ ਚਿਤ ਥਿਰ ਹਾਂ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੪੦੯) ਥਿਰ ਚਿੱਤ ਹਾਂ, ਮੇਰੇ ਮਨ ਵਿੱਚ ਕੋਈ ਸਫੁਰਨਾ ਨਹੀਂ ਫੁਰਦੀ, ਨਾ ਕੁਝ ਕਰਨ ਦੀ ਨਾ ਕ੍ਰਿਯਾਹੀਨਤਾ ਦੀ। ਮਨ ਦੇ ਸਫੁਰਨਾ ਰਹਿਤ ਹੋਣ ਕਰਕੇ ਮੇਰੇ ਵਿੱਚ ਵ੍ਰਿਤੀ ਰੂਪ ਗਿਆਨ ਵੀ ਨਹੀਂ ਅਤੇ ਮੇਰਾ ਕੋਈ ਸੁਭਾਅ ਵੀ ਨਹੀਂ।

क्व लोकः क्व मुमुक्षुर्वा क्व योगी ज्ञानवान् क्व वा।
क्व बद्धः क्व च वा मुक्तः स्वस्वरूपेऽहमद्वये॥६॥

ਕ੍ਵ ਲੋਕ:ਕ੍ਵ ਮੁਮੁਕ੍ਸ਼ੁਰਵਾ ਕ੍ਵ ਯੋਗੀ ਗਿਆਨਵਾਨ ਕ੍ਵ ਵਾ।
ਕ੍ਵ ਬੱਧ: ਕ੍ਵ ਚ ਵਾ ਮੁਕ੍ਤ: ਸ੍ਵਸ੍ਵਰੂਪੇऽਹਮਦ੍ਵਯੇ॥੬॥

ਸ਼ਬਦਾਰਥ:- ਕ੍ਵ ਲੋਕ: ਕ੍ਵ ਮੁਮੁਕ੍ਸ਼ੁ: ਵਾ ਕ੍ਵ ਯੋਗੀ ਗਿਆਨਵਾਨ ਕ੍ਵ ਵਾ, ਕ੍ਵ ਬੱਧ: ਕ੍ਵ ਚ ਵਾ ਮੁਕ੍ਤ: = ਕਿੱਥੇ ਲੋਕ ਕਿੱਥੇ ਮੋਕਸ਼ ਦਾ ਇੱਛੁਕ ਜਾਂ,

ਕਿੱਥੇ ਜੋਗੀ ਕਿੱਥੇ ਗਿਆਨਵਾਨ ਜਾਂ, ਕਿੱਥੇ ਬੱਝਾ ਹੋਇਆ ਅਤੇ ਜਾਂ ਕਿੱਥੇ ਮੁਕਤ! ਸ੍ਵ ਸ੍ਵਰੂਪੇ ਅਹਮ੍ ਅਦ੍ਵਯੇ = ਆਪਣੇ ਆਤਮਾ ਰੂਪ ਅਦਵੈਤ ਸਰੂਪ ਵਿੱਚ।

ਸ਼ਲੋਕਾਰਥ:- ਆਤਮਾ ਰੂਪ ਅਦਵੈਤ ਮੇਰੇ ਵਿੱਚ ਲੋਕ ਕਿੱਥੇ ਹੈ, ਮੋਖ ਦਾ ਇੱਛੁਕ ਕਿੱਥੇ ਹੈ, ਜੋਗੀ ਕਿੱਥੇ ਹੈ ਜਾਂ ਗਿਆਨਵਾਨ ਕਿੱਥੇ ਹੈ, ਬੱਝਾ ਹੋਇਆ ਕਿੱਥੇ ਹੈ ਜਾਂ ਮੁਕਤ ਕਿੱਥੇ ਹੈ!

ਭਾਵਾਰਥ:- ਆਪਣੇ ਜੋਤ ਸਰੂਪ ਵਿੱਚ ਮੈਂ *"ਰਵਿ ਰਹਿਆ ਏਕੁ ਅਵਰੁ ਨਹੀ ਦੂਆ।"* (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਕਬੀਰ ਜੀਉ; ਅੰਗ ੪੭੮) ਇੱਕ ਹੀ ਵਿਆਪ ਰਿਹਾ ਹਾਂ ਅਤੇ ਹੋਰ ਕੋਈ ਹੈ ਹੀ ਨਹੀਂ। ਇਸ ਕਰਕੇ ਮੇਰੇ ਵਿੱਚ ਕਿਸੇ ਲੋਕ ਦੀ ਭਾਵਨਾ ਨਹੀਂ ਉੱਠਦੀ ਨਾ ਹੀ ਮੋਕਸ਼ ਦੀ ਤਾਂਘ ਜਾਗਦੀ ਹੈ। ਜਦ ਮੁਝ ਇੱਕ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ, ਫਿਰ ਕਿਸ ਪ੍ਰਾਪਤੀ ਲਈ ਮੈਂ ਜੋਗ ਸਾਧਨਾ ਕਰਾਂ ਜਾਂ ਕੀ ਜਾਨਣ ਲਈ ਗਿਆਨ ਪ੍ਰਾਪਤ ਕਰਾਂ। ਅਦਵੈਤ ਰੂਪ ਮੇਰੇ ਵਿੱਚ ਨਾ ਬੰਧਨ ਦੀ ਧਾਰਨਾ ਹੈ ਨਾ ਮੁਕਤੀ ਦੀ, ਕਿਉਂਕਿ ਇਨ੍ਹਾਂ ਲਈ ਕਿਸੇ ਹੋਰ ਹੋਂਦ ਦਾ ਹੋਣਾ ਜ਼ਰੂਰੀ ਹੈ ਜੋ ਹੈ ਨਹੀਂ।

क्व सृष्टिः क्व च संहारः क्व साध्यं क्व च साधनम्।
क्व साधकः क्व सिद्धिर्वा स्वस्वरूपेऽहमद्वये॥७॥

ਕ੍ਵ ਸ੍ਰਿਸ਼੍ਟਿ: ਕ੍ਵ ਚ ਸੰਹਾਰ: ਕ੍ਵ ਸਾਧਿਅੰ ਕ੍ਵ ਚ ਸਾਧਨਮ੍।
ਕ੍ਵ ਸਾਧਕ: ਕ੍ਵ ਸਿੱਧਿਰਵਾ ਸ੍ਵਸ੍ਵਰੂਪੇऽਹਮਦ੍ਵਯੇ॥੭॥

ਸ਼ਬਦਾਰਥ:- ਕ੍ਵ ਸ੍ਰਿਸ਼੍ਟਿ: ਕ੍ਵ ਚ ਸੰਹਾਰ: ਕ੍ਵ ਸਾਧਿਅੰ ਕ੍ਵ ਚ ਸਾਧਨਮ੍ ਕ੍ਵ ਸਾਧਕ: ਕ੍ਵ ਸਿੱਧਿ: ਵਾ = ਕਿੱਥੇ ਸਿਰਜਣਾ ਅਤੇ ਕਿੱਥੇ ਵਿਨਾਸ਼, ਕਿੱਥੇ ਸਾਧਿਅ ਅਤੇ ਕਿੱਥੇ ਸਾਧਨ, ਕਿੱਥੇ ਸਾਧਕ ਅਤੇ ਕਿੱਥੇ ਸਿੱਧੀ। ਸ੍ਵ ਸ੍ਵਰੂਪੇ ਅਹੰ ਅਦ੍ਵਯੇ = ਆਪਣੇ ਸਰੂਪ ਵਿੱਚ ਮੁਝ ਅਦਵੈਤ ਵਿੱਚ।

ਸ਼ਲੋਕਾਰਥ:- ਅਦਵੈਤ ਆਤਮ ਸਰੂਪ ਮੇਰੇ ਵਿੱਚ ਕਿੱਥੇ ਸਿਰਜਣਾ ਅਤੇ ਕਿੱਥੇ ਪਰਲੋ, ਕਿੱਥੇ ਸਾਧਿਅ ਅਤੇ ਕਿੱਥੇ (ਉਸ ਦੀ ਪ੍ਰਾਪਤੀ ਲਈ) ਸਾਧਨ, ਕਿੱਥੇ ਸਾਧਕ ਅਤੇ ਕਿੱਥੇ ਸਿੱਧੀ!

ਭਾਵਾਰਥ:- ਅਦਵੈਤ ਆਤਮ ਸਰੂਪ ਮੈਂ *"ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਲੀ ਗਉੜਾ ਮ: ੫; ਅੰਗ ੯੮੭) ਸੂਖਮ ਸਥੂਲ, ਹਰ ਥਾਂ ਵਿੱਚ ਰਮਿਆ ਹੋਇਆ ਹਾਂ ਜਿਸ ਕਰਕੇ ਕੋਈ ਥਾਂ ਮੇਰੇ ਤੋਂ ਖ਼ਾਲੀ ਨਹੀਂ ਨਾ ਹੀ ਮੇਰੇ ਵਿੱਚ ਕੋਈ ਥਾਂ ਖ਼ਾਲੀ ਹੈ ਜਿਸ ਕਰਕੇ ਮੇਰੇ ਵਿੱਚ *"ਨਾ ਕਿਛੁ ਆਵਤ ਨਾ ਕਿਛੁ ਜਾਵਤ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੦੯) ਨਾ ਕੋਈ ਸਿਰਜਣਾ ਹੁੰਦੀ ਹੈ ਨਾ ਹੀ ਕੁਝ ਨਾਸ ਹੁੰਦਾ ਹੈ। ਕਿਉਂਕਿ ਇੱਕੋ ਇੱਕ ਮੈਂ ਹੀ ਮੌਜੂਦ ਹਾਂ,

ਇਸ ਕਰਕੇ ਮੈਂ ਹੀ ਸਾਧਿਅ ਹਾਂ, ਮੈਂ ਹੀ ਉਸ ਦੀ ਪ੍ਰਾਪਤੀ ਦਾ ਸਾਧਨ, ਮੈਂ ਹੀ ਸਾਧਕ ਅਤੇ ਮੈਂ ਹੀ ਸਿੱਧੀ; ਮੇਰੇ ਤੋਂ ਸਿਵਾ ਹੋਰ ਕੁਝ ਵੀ ਨਹੀਂ।

क्व प्रमाता प्रमाणं वा प्रमेयं क्व च प्रमा।
क्व किञ्चित् क्व न किञ्चिद्वा सर्वदा विमलस्य मे॥८॥

ਕ੍ਵ ਪ੍ਰਮਾਤਾ ਪ੍ਰਮਾਣੰ ਵਾ ਪ੍ਰਮੇਯੰ ਕ੍ਵ ਚ ਪ੍ਰਮਾ।
ਕ੍ਵ ਕਿੰਚਿਤ੍ ਕ੍ਵ ਨ ਕਿੰਚਿਦ੍ਵਾ ਸਰ੍ਵਦਾ ਵਿਮਲਸਿਅ ਮੇ॥੮॥

ਸ਼ਬਦਾਰਥ:- ਕ੍ਵ ਪ੍ਰਮਾਤਾ ਪ੍ਰਮਾਣੰ ਵਾ ਪ੍ਰਮੇਯੰ ਕ੍ਵ ਚ ਪ੍ਰਮਾ, ਕ੍ਵ ਕਿੰਚਿਤ੍ ਕ੍ਵ ਨ ਕਿੰਚਿਤ੍ ਵਾ = ਕਿੱਥੇ ਗਿਆਤਾ, ਗਿਆਨ ਦਾ ਸਾਧਨ ਜਾਂ, ਗਿਆਨ ਦਾ ਵਿਸ਼ਾ ਕਿੱਥੇ ਅਤੇ ਗਿਆਨ, ਕਿੱਥੇ ਹੋਂਦ ਕਿੱਥੇ ਅਣਹੋਂਦ ਜਾਂ। ਸਰ੍ਵਦਾ ਵਿਮਲਸਿਅ ਮੇ = ਸਦਾ ਨਿਰਮਲ ਸਰੂਪ ਮੈਨੂੰ।

ਸ਼ਲੋਕਾਰਥ:- ਸਦਾ ਨਿਰਮਲ ਸਰੂਪ ਮੇਰੇ ਲਈ ਕਿੱਥੇ ਗਿਆਤਾ, ਕਿੱਥੇ ਗਿਆਨ ਦਾ ਸਾਧਨ, ਗਿਆਨ ਦਾ ਵਿਸ਼ਾ ਕਿੱਥੇ ਅਤੇ ਕਿੱਥੇ ਗਿਆਨ, ਕਿੱਥੇ ਕੁਝ ਹੋਂਦ ਅਤੇ ਕਿੱਥੇ ਕੁਝ ਅਣਹੋਂਦ!

ਭਾਵਾਰਥ:- ਮੈਂ ਉਸ ਨਾਲ ਅਭੇਦ ਹਾਂ ਜੋ ***"ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਾਰਗ ਮ: ੪; ਅੰਗ ੧੧੯੮) ਪਰਮਾਤਮਾ ਅਗਮ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ ਅਰਥਾਤ ਬੁੱਧੀ ਦੁਆਰਾ ਜਾਣਿਆ ਨਹੀਂ ਜਾ ਸਕਦਾ, ਹਰ ਥਾਂ, ਸਾਰਿਆਂ ਮਨਾਂ ਅਤੇ ਤਨਾਂ ਵਿੱਚ ਰਮਿਆ ਹੋਇਆ ਹੈ, ਅਲਖ ਹੈ ਅਤੇ ਅਪਾਰ ਹੈ। ***"ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੧; ਅੰਗ ੬੬੩) ਉਸ ਦੇ ਚਾਨਣ ਨਾਲ ਹੀ ਸਭ ਚਾਨਣ ਹੈ ਅਰਥਾਤ ਓਹ ਗਿਆਨ ਸਰੂਪ ਹੈ ਅਤੇ ਗਿਆਨ ਰੂਪ ਵਿੱਚ ਸਭ ਵਿੱਚ ਓਹੀ ਹੈ। ਮੈਂ ਵੀ ਓਹ ਹੀ ਹਾਂ। ਮੈਲ, ਅਗਿਆਨ ਦਾ ਪ੍ਰਤੀਕ ਹੈ ਪਰੰਤੂ ਮੈਂ ਨਿਰਮਲ ਹਾਂ, ਗਿਆਨ ਸਰੂਪ ਹਾਂ, ਸਭਨੀਂ ਥਾਂਈਂ ਮੈਂ ਹੀ ਹਾਂ, ਜਿਸ ਕਰਕੇ ਮੇਰੇ ਲਈ ਕੌਣ ਗਿਆਤਾ ਅਤੇ ਕੀ ਗਿਆਨ ਦਾ ਸਾਧਨ, ਕੀ ਗਿਆਨ ਅਤੇ ਕੀ ਗਿਆਨ ਦਾ ਵਿਸ਼ਾ! ਮੇਰੇ ਸਿਵਾ ਹੋਰ ਕੋਈ ਹੈ ਹੀ ਨਹੀਂ ਜਿਸ ਕਰਕੇ ਮੇਰੇ ਲਈ ਕਿਸੇ ਹੋਂਦ ਅਣਹੋਂਦ ਦਾ ਵਿਚਾਰ ਵਿਅਰਥ ਹੈ।

क्व विक्षेपः क्व चैकाग्र्यं क्व निर्बोधः क्व मूढ़ता।
क्व हर्षः क्व विषादो वा सर्वदा निष्क्रियस्य मे॥९॥

ਕ੍ਵ ਵਿਕ੍ਸ਼ੇਪ: ਕ੍ਵ ਚੈਕਾਗ੍ਰਿਅੰ ਕ੍ਵ ਨਿਰਬੋਧ: ਕ੍ਵ ਮੂੜ੍ਹਤਾ।
ਕ੍ਵ ਹਰਸ਼: ਕ੍ਵ ਵਿਸ਼ਾਦੋ ਵਾ ਸਰ੍ਵਦਾ ਨਿਸ਼੍ਕ੍ਰਿਯਸਿਅ ਮੇ॥੯॥

ਸ਼ਬਦਾਰਥ:- ਕ੍ਵ ਵਿਕ੍ਸ਼ੇਪ: ਕ੍ਵ ਚ ਏਕਾਗ੍ਰਿਅੰ ਕ੍ਵ ਨਿਰਬੋਧ: ਕ੍ਵ ਮੂੜ੍ਹਤਾ ਕ੍ਵ ਹਰਸ਼: ਕ੍ਵ ਵਿਸ਼ਾਦ: ਵਾ = ਕਿੱਥੇ ਵਿਖੇਪ ਕਿੱਥੇ ਅਤੇ ਇਕਾਗ੍ਰਤਾ ਕਿੱਥੇ ਗਿਆਨ

ਕਿੱਥੇ ਮੂੜ੍ਹਤਾ ਕਿੱਥੇ ਹਰਸ਼ ਕਿੱਥੇ ਸੋਗ ਜਾਂ। ਸਰਵਦਾ ਨਿਸ਼੍ਕ੍ਰਯਸਿਅ ਮੇ = ਸਦਾ ਕਿਰਿਆ ਰਹਿਤ ਮੇਰੇ ਲਈ।

ਸ਼ਲੋਕਾਰਥ:- ਸਦਾ ਕਿਰਿਆ ਰਹਿਤ ਮੇਰੇ ਵਿੱਚ ਕਿੱਥੇ ਵਿਖੇਪ ਅਤੇ ਕਿੱਥੇ ਇਕਾਗ੍ਰਤਾ, ਕਿੱਥੇ ਗਿਆਨ ਕਿੱਥੇ ਮੂੜ੍ਹਤਾ, ਕਿੱਥੇ ਹਰਖ ਜਾਂ ਕਿੱਥੇ ਸੋਗ!

ਭਾਵਾਰਥ:- ***"ਨਾ ਹਉ ਕਰਤਾ ਨਾ ਮੈ ਕੀਆ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ: ੧; ਅੰਗ ੯੯੩) ਨਾ ਮੈਂ ਕਰਤਾ ਹਾਂ ਨਾ ਹੀ ਮੈਂ ਕੁਝ ਕੀਤਾ ਹੈ; ਮੈਂ ਤਾਂ ਸਦਾ ਕਿਰਿਆ ਰਹਿਤ ਹਾਂ। ਜਦ ਮੈਂ ਕੁਝ ਕਰਦਾ ਹੀ ਨਹੀਂ ਤੇਂ ਕਿਸੇ ਵਿਖੇਪ ਦਾ ਪ੍ਰਸ਼ਨ ਹੀ ਨਹੀਂ ਪੈਦਾ ਹੁੰਦਾ ਨਾ ਹੀ ਕਿਸੇ ਇਕਾਗ੍ਰਤਾ ਦੀ ਲੋੜ ਪੈਂਦੀ ਹੈ। ***"ਜੋ ਪ੍ਰਭ ਭਾਵੈ ਸੋ ਥੀਐ"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਰੀਰਾਗੁ ਮ: ੩; ਅੰਗ ੨੬) ਜੋ ਪਰਮਾਤਮਾ ਨੂੰ ਭਾਉਂਦਾ ਹੈ ਉਹ ਹੁੰਦਾ ਹੈ ਇਸ ਕਰਕੇ ਮੇਰੇ ਕਿਸੇ ਕਰਤਾ ਭਾਵ ਤੋਂ ਬਿਨਾ ***"ਜੋ ਕਿਛੁ ਹੋਵੈ ਸਹਜਿ ਸੁਭਾਇ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਜੋ ਵੀ ਹੁੰਦਾ ਹੈ ਸਹਿਜ ਸੁਭਾਏ ਹੁੰਦਾ ਰਹਿੰਦਾ ਹੈ। ਉਸ ਵਿੱਚ ਸਫਲਤਾ ਅਸਫਲਤਾ ਨਾਲ ਮੇਰਾ ਕੋਈ ਸੰਬੰਧ ਨਾ ਹੋਣ ਕਰਕੇ ਨਾ ਮੈਨੂੰ ਸਫਲਤਾ ਵਿੱਚ ਖ਼ੁਸ਼ੀ ਹੁੰਦੀ ਹੈ ਨਾ ਹੀ ਅਸਫਲਤਾ ਕਾਰਨ ਉਦਾਸੀ। ਮੈਂ ਗਿਆਨ ਸਰੂਪ ਆਤਮਾ ਹਾਂ ਜਿਸ ਨੂੰ ਨਾ ਕੋਈ ਹੋਰ ਗਿਆਨ ਛੂਹ ਸਕਦਾ ਹੈ ਨਾ ਹੀ ਮੂੜ੍ਹਤਾ ਜਾਂ ਅਗਿਆਨ।

क्व चैष व्यवहारो वा क्व च सा परमार्थता।
क्व सुखं क्व च वा दुःखं निर्विमर्शस्य मे सदा॥१०॥

ਕ੍ਵ ਚੈਸ਼ ਵਿਅਵਹਾਰੋ ਵਾ ਕ੍ਵ ਚ ਸਾ ਪਰਮਾਰਥਤਾ।
ਕ੍ਵ ਸੁਖੰ ਕ੍ਵ ਚ ਵਾ ਦੁ:ਖੰ ਨਿਰਵਿਮਰਸ਼ਸਿਅ ਮੇ ਸਦਾ॥੧੦॥

ਸ਼ਬਦਾਰਥ:- ਕ੍ਵ ਚ ਏਸ਼: ਵਿਅਵਹਾਰ: ਵਾ ਕ੍ਵ ਚ ਸਾ ਪਰਮਾਰਥਤਾ, ਕ੍ਵ ਸੁਖੰ ਕ੍ਵ ਚ ਵਾ ਦੁ:ਖੰ = ਕਿੱਥੇ ਅਤੇ ਇਹ ਵਿਓਹਾਰ ਜਾਂ ਕਿੱਥੇ ਅਤੇ ਉਹ ਪਰਮਾਰਥਤਾ, ਕਿੱਥੇ ਸੁਖ ਕਿੱਥੇ ਅਤੇ ਜਾਂ ਦੁੱਖ। ਨਿਰਵਿਮਰਸ਼ਸਿਅ ਮੇ ਸਦਾ = ਸਦਾ ਤਰਕ ਰਹਿਤ ਮੇਰੇ ਵਿੱਚ।

ਸ਼ਲੋਕਾਰਥ:- ਸਦਾ ਤਰਕ ਰਹਿਤ ਮੇਰੇ ਵਿੱਚ ਕਿੱਥੇ ਇਹ ਵਿਓਹਾਰ ਕਿੱਥੇ ਉਹ ਪਰਮਾਰਥ ਦੀ ਸੋਚ, ਕਿੱਥੇ ਸੁਖ ਜਾਂ ਕਿੱਥੇ ਦੁੱਖ!

ਭਾਵਾਰਥ:- ਮੈਂ ਸਦਾ ਤਰਕ ਰਹਿਤ ਹਾਂ ਕਿਉਂਕਿ ਜਿਸ ਪ੍ਰਭੂ ਨਾਲ ਮੈਂ ਅਭੇਦ ਹਾਂ ***"ਨਾ ਉਸੁ ਸੋਚੁ ਨ ਹਮ ਕਉ ਸੋਚਾ॥"*** (ਸ੍ਰੀ ਗੁਰੂ ਗ੍ਰੰਥ ਸਾਹਿਬ, ਆਸਾ ਮ: ੫; ਅੰਗ ੩੯੧) ਨਾ ਉਸ ਨੂੰ ਕੋਈ ਚਿੰਤਾ ਹੈ ਨਾ ਮੈਨੂੰ ਕੋਈ ਚਿੰਤਾ ਹੈ। ਇਸ ਤਰ੍ਹਾਂ ਸ਼ੂਨਿਅ ਚਿੱਤ ਹੋਣ ਕਰਕੇ ਨਾ ਮੈਨੂੰ ਏਥੋਂ ਦੇ ਵਿਓਹਾਰ ਦੀ ਸੋਚ ਹੈ ਨਾ ਹੀ ਅਗਾਂਹ ਦੇ ਪਰਮਾਰਥ ਦੀ ਚਿੰਤਾ ਹੈ। ***"ਨਾ ਉਸੁ ਭੂਖ ਨਾ ਹਮ ਕਉ ਤ੍ਰਿਸਨਾ॥"*** (ਅੰਗ ੩੯੧) ਨਾ ਉਸ ਨੂੰ ਕੋਈ

ਭੁੱਖ ਹੈ ਨਾ ਮੈਨੂੰ ਕਿਸੇ ਪ੍ਰਕਾਰ ਦੀ ਚਾਹਨਾ ਹੈ ਜਿਸ ਕਰਕੇ ਨਾ ਕਿਸੇ ਪ੍ਰਾਪਤੀ ਨਾਲ ਸੁਖੀ ਹੁੰਦਾ ਹਾਂ ਨਾ ਕਿਸੇ ਅਪ੍ਰਾਪਤੀ ਕਾਰਨ ਦੁੱਖੀ ਹਾਂ।

क्व माया क्व च संसारः क्व प्रीतिर्विरतिः क्व वा।
क्व जीवः क्व च तद्ब्रह्म सर्वदा विमलस्य मे॥११॥
ਕ੍ਵ ਮਾਯਾ ਕ੍ਵ ਚ ਸੰਸਾਰ: ਕ੍ਵ ਪ੍ਰੀਤਿਰਵਿਰਤਿ: ਕ੍ਵ ਵਾ।
ਕ੍ਵ ਜੀਵ: ਕ੍ਵ ਚ ਤਦਬ੍ਰਹ੍ਮ ਸਰਵਦਾ ਵਿਮਲਸਿਅ ਮੇ॥੧੧॥

ਸ਼ਬਦਾਰਥ:- ਕ੍ਵ ਮਾਯਾ ਕ੍ਵ ਚ ਸੰਸਾਰ: ਕ੍ਵ ਪ੍ਰੀਤਿ: ਵਿਰਤਿ: ਕ੍ਵ ਵਾ, ਕ੍ਵ ਜੀਵ: ਕ੍ਵ ਚ ਤਦਬ੍ਰਹਮ = ਕਿੱਥੇ ਮਾਇਆ ਕਿੱਥੇ ਅਤੇ ਸੰਸਾਰ ਕਿੱਥੇ ਪ੍ਰੀਤੀ, ਵੈਰਾਗ ਕਿੱਥੇ ਜਾਂ; ਕਿੱਥੇ ਜੀਵ ਅਤੇ ਕਿੱਥੇ ਉਹ ਬ੍ਰਹਮ। ਸਰਵਦਾ ਨਿਰਮਲਸਿਅ ਮੇ = ਸਦਾ ਨਿਰਮਲ ਮੇਰੇ ਵਿੱਚ।

ਸ਼ਲੋਕਾਰਥ:- ਸਦਾ ਨਿਰਮਲ ਮੇਰੇ ਵਿੱਚ ਕਿੱਥੇ ਮਾਇਆ ਅਤੇ ਕਿੱਥੇ ਸੰਸਾਰ, ਕਿੱਥੇ ਪ੍ਰੀਤੀ ਜਾਂ ਕਿੱਥੇ ਵੈਰਾਗ, ਕਿੱਥੇ ਜੀਵ ਅਤੇ ਕਿੱਥੇ ਓਹ ਬ੍ਰਹਮ!

ਭਾਵਾਰਥ:- ਮੈਂ ਸਦਾ ਨਿਰਮਲ ਹਾਂ ਅਤੇ ਗਿਆਨ ਸਰੂਪ ਹਾਂ ਪਰ *"ਮਾਇਆ ਮੋਹੁ ਅਗਿਆਨੁ ਗੁਬਾਰੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਲਾਰ ਮ: ੩; ਅੰਗ ੧੨੬੨) ਮਾਇਆ, ਅਗਿਆਨ ਦਾ ਹਨ੍ਹੇਰਾ ਹੈ, ਜਿਸ ਕਰਕੇ ਇਹ ਮੇਰੇ ਲਈ ਹੈ ਹੀ ਨਹੀਂ। ਇਸੇ ਤਰ੍ਹਾਂ *"ਜਗੁ ਮੈਲਾ ਮੈਲੋ ਹੋਇ ਜਾਇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਧਨਾਸਰੀ ਮ: ੩; ਅੰਗ ੬੬੪) ਸੰਸਾਰ ਮੈਲਾ ਹੈ ਅਤੇ ਮੈਲਾ ਹੀ ਹੁੰਦਾ ਜਾ ਰਿਹਾ ਹੈ ਜਿਸ ਕਰਕੇ ਮੁਝ ਮੈਲ ਰਹਿਤ ਵਿੱਚ ਨਹੀਂ ਹੋ ਸਕਦਾ। ਓਸ ਪਰਮ ਆਤਮਾ ਨਾਲ ਇੱਕ ਹੋ ਜਾਣ ਕਰਕੇ ਮੈਂ ਹੀ ਇੱਕ ਹਾਂ, ਮੇਰੇ ਸਿਵਾ ਹੋਰ ਕੋਈ ਹੈ ਹੀ ਨਹੀਂ; ਫਿਰ ਕਿਸ ਨਾਲ ਪ੍ਰੀਤ ਅਤੇ ਕਿਸ ਤੋਂ ਵੈਰਾਗ। ਜੀਵ ਭਾਵ ਅਤੇ ਬ੍ਰਹਮ ਭਾਵ ਮਾਇਆ ਦੀਆਂ ਉਪਾਧੀਆਂ ਕਰਕੇ ਹੀ ਕਹੇ ਜਾਂਦੇ ਹਨ ਅਤੇ ਜਦ ਮਾਇਆ ਹੀ ਨਹੀਂ, ਉਸ ਦੀਆਂ ਉਪਾਧੀਆਂ ਵੀ ਨਹੀਂ ਜਿਸ ਕਰਕੇ ਮੇਰੇ ਵਿੱਚ ਜੀਵ ਭਾਵ ਜਾਂ ਬ੍ਰਹਮ ਭਾਵ ਹੋਣਾ ਵੀ ਨਹੀਂ ਕਿਹਾ ਜਾ ਸਕਦਾ।

क्व प्रवृत्तिर्निवृत्तिर्वा क्व मुक्तिः क्व च बन्धनम्।
कूटस्थनिर्विभागस्य स्वस्थस्य मम सर्वदा॥१२॥
ਕ੍ਵ ਪ੍ਰਵ੍ਰਿੱਤਿਰਨਿਵ੍ਰਿੱਤਿਰਵਾ ਕ੍ਵ ਮੁਕ੍ਤਿ: ਕ੍ਵ ਚ ਬੰਧਨਮ੍।
ਕੂਟਸ੍ਥਨਿਰਵਿਭਾਗਸਿਅ ਸ੍ਵਸ੍ਥਸਿਅ ਮਮ ਸਰਵਦਾ॥੧੨॥

ਸ਼ਬਦਾਰਥ:- ਕ੍ਵ ਪ੍ਰਵ੍ਰਿੱਤਿ: ਨਿਵ੍ਰਿਤਿ: ਵਾ, ਕ੍ਵ ਮੁਕ੍ਤਿ: ਕ੍ਵ ਚ ਬੰਧਨਮ੍ = ਕਿੱਥੇ ਪ੍ਰਵਿਰਤੀ, ਨਿਵਿਰਤੀ ਜਾਂ; ਕਿੱਥੇ ਮੁਕਤੀ ਕਿੱਥੇ ਅਤੇ ਬੰਧਨ। ਕੂਟਸ੍ਥ: ਨਿਰਵਿਭਾਗਸਿਅ ਸ੍ਵ-ਸ੍ਥਸਿਅ ਮਮ ਸਦਾ = ਸਦਾ ਥਿਰ, ਅਖੰਡ ਅਤੇ ਸਵੈ ਵਿੱਚ ਸਥਿਤ ਮੇਰੇ ਲਈ।

ਸ਼ਲੋਕਾਰਥ:- ਸਦਾ ਥਿਰ, ਅਖੰਡ, ਸਵੈ ਵਿੱਚ ਸਥਿਤ ਮੇਰੇ ਲਈ, ਕਿੱਥੇ ਪ੍ਰਵਿਰਤੀ ਅਤੇ ਕਿੱਥੇ ਨਿਵਿਰਤੀ, ਕਿੱਥੇ ਮੁਕਤੀ ਜਾਂ ਕਿੱਥੇ ਬੰਧਨ!

ਭਾਵਾਰਥ:- *"ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੫; ਅੰਗ ੧੦੯੭) ਹੋਰ ਸਭ ਆਉਂਦੇ ਜਾਂਦੇ ਹਨ, ਪਰਮਾਤਮਾ ਥਿਰ ਹੈ *"ਅਖੰਡ ਪੂਰਨ ਜਾ ਕੋ ਪ੍ਰਤਾਪੁ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਸੰਤੁ ਮ: ੫; ਅੰਗ ੧੧੯੩) ਜਿਸ ਦਾ ਪ੍ਰਤਾਪ ਅਖੰਡ ਅਤੇ ਪੂਰਨ ਹੈ। ਓਹ *"ਆਪੇ ਸਾਚਾ ਏਕੋ ਸੋਈ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਰੂ ਮ: ੩; ਅੰਗ ੧੦੫੦) ਆਪ ਇੱਕੋ ਹੀ ਹੈ ਅਤੇ ਉਸ ਤੋਂ ਬਿਨਾ ਹੋਰ ਕੋਈ ਹੈ ਹੀ ਨਹੀਂ। ਮੈਂ ਓਸ ਪਰਮ ਆਤਮਾ ਨਾਲ ਇੱਕ ਹੋਇਆ ਹੋਇਆ ਹਾਂ, ਜਿਸ ਕਰਕੇ ਮੈਂ ਥਿਰ ਹਾਂ, ਅਖੰਡ ਹਾਂ ਅਤੇ ਮੇਰੇ ਸਿਵਾ ਹੋਰ ਕੁਝ ਹੈ ਹੀ ਨਹੀਂ। ਮੈਂ *"ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ॥"* (ਅੰਗ ੧੦੫੦) ਸਵੈ ਸਰੂਪ ਵਿੱਚ ਸਥਿਤ ਹਾਂ ਜਿੱਥੇ ਮੋਹ ਮਾਇਆ ਨਹੀਂ ਹਨ ਜਿਸ ਕਰਕੇ ਨਾ ਮੇਰੇ ਵਿੱਚ ਪ੍ਰਵਿਰਤੀ ਦਾ ਭਾਵ ਹੈ ਨਾ ਹੀ ਨਿਵਿਰਤੀ ਦਾ। ਜਦ ਮੇਰੇ ਸਿਵਾ ਹੋਰ ਕੁਝ ਹੈ ਹੀ ਨਹੀਂ, ਤਦ ਬੰਧਨ ਕਿਸ ਦਾ ਅਤੇ ਮੁਕਤੀ ਕਿਸ ਤੋਂ!

क्वोपदेशः क्व वा शास्त्रं क्व शिष्यः क्व च वा गुरुः।
क्व चास्ति पुरषार्थो वा निरुपाधेः शिवस्य मे॥१३॥

ਕ੍ਵੋਪਦੇਸ਼: ਕ੍ਵ ਵਾ ਸ਼ਾਸ੍ਤ੍ਰੰ ਕ੍ਵ ਸ਼ਿਸ਼ਿਅ: ਕ੍ਵ ਚ ਵਾ ਗੁਰੁ:।
ਕ੍ਵ ਚਾਸ੍ਤਿ ਪੁਰਸ਼ਾਰਥੋ ਵਾ ਨਿਰੁਪਾਧੇ: ਸ਼ਿਵਸਿਅ ਮੇ॥੧੩॥

ਸ਼ਬਦਾਰਥ:- ਕ੍ਵ ਉਪਦੇਸ਼: ਕ੍ਵ ਵਾ ਸ਼ਾਸ੍ਤ੍ਰੰ ਕ੍ਵ ਸ਼ਿਸ਼ਿਅ: ਕ੍ਵ ਚ ਵਾ ਗੁਰੁ: ਕ੍ਵ ਚ ਅਸ੍ਤਿ ਪੁਰਸ਼ਾਰਥ: ਵਾ = ਕਿੱਥੇ ਉਪਦੇਸ਼ ਕਿੱਥੇ ਜਾਂ ਸ਼ਾਸਤਰ ਕਿੱਥੇ ਚੇਲਾ ਅਤੇ ਜਾਂ ਕਿੱਥੇ ਗੁਰੂ, ਕਿੱਥੇ ਹੈ ਪੁਰਸ਼ਾਰਥ। ਨਿਰੁਪਾਧੇ: ਸ਼ਿਵਸਿਅ ਮੇ = ਉਪਾਧੀ ਰਹਿਤ ਸ਼ਿਵ ਰੂਪ ਮੇਰੇ ਲਈ।

ਸ਼ਲੋਕਾਰਥ:- ਉਪਾਧੀ ਰਹਿਤ ਸ਼ਿਵ ਸਰੂਪ ਮੇਰੇ ਲਈ ਕਿੱਥੇ ਉਪਦੇਸ਼ ਜਾਂ ਕਿੱਥੇ ਸ਼ਾਸਤਰ, ਕਿੱਥੇ ਚੇਲਾ ਅਤੇ ਜਾਂ ਕਿੱਥੇ ਗੁਰੂ; ਕਿੱਥੇ ਹੈ ਪੁਰਸ਼ਾਰਥ!

ਭਾਵਾਰਥ:- ਮੈਂ ਓਸ ਨਾਲ ਅਭੇਦ ਹਾਂ ਜੋ *"ਆਪੇ ਸਿਵ ਸੰਕਰ ਮਹੇਸਾ"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਹਾਗੜਾ ਮ: ੪; ਅੰਗ ੫੫੩) ਆਪ ਹੀ ਸ਼ਿਵ ਸ਼ੰਕਰ ਸਰੂਪ ਹੈ, *"ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਸੋਰਠਿ ਮ: ੪; ਅੰਗ ੬੦੫) ਆਪ ਹੀ ਗੁਰੂ ਹੈ, ਆਪ ਹੀ ਚੇਲਾ ਹੈ ਅਤੇ ਉਪਦੇਸ਼ ਵੀ ਆਪ ਹੀ ਕਰਦਾ ਹੈ; *"ਆਪੇ ਸਤਿਗੁਰੁ ਸਬਦੁ ਹੈ ਆਪੇ॥"* (ਸ੍ਰੀ ਗੁਰੂ ਗ੍ਰੰਥ ਸਾਹਿਬ, ਬਿਲਾਵਲੁ ਮ: ੩; ਅੰਗ ੭੯੭) ਆਪ ਹੀ ਗੁਰੂ ਅਤੇ ਸ਼ਾਸਤਰ ਵੀ ਆਪ ਹੀ ਹੈ ਅਰਥਾਤ ਮੈਂ, ਸ਼ਿਵ ਰੂਪ ਹੀ ਸ਼ਾਸਤਰ ਹਾਂ, ਉਪਦੇਸ਼ ਹਾਂ, ਗੁਰੂ ਵੀ ਮੈਂ ਹਾਂ ਅਤੇ ਚੇਲਾ ਵੀ ਮੈਂ ਹੀ ਹਾਂ।

ਅਸਲ ਵਿੱਚ ਇੱਕੋ ਇੱਕ ਮੈਂ ਹੀ ਹਾਂ ਜਿਸ ਕਰਕੇ ਗੁਰੂ ਕੌਣ ਤੇ ਚੇਲਾ ਕੌਣ, ਸ਼ਾਸਤਰ ਕਿੱਥੇ ਜਾਂ ਉਪਦੇਸ਼ ਕਿਹੜਾ! ਜਦੋਂ ਮੇਰੇ ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ, ਫਿਰ ਕਿਸ ਪ੍ਰਾਪਤੀ ਲਈ ਪੁਰਸ਼ਾਰਥ?

क्व चास्ति क्व च वा नास्ति क्वास्ति चैकं क्व च द्वयम्।
बहुनाऽत्र किमुक्तेन किञ्चिन्नोत्तिष्ठते मम॥१४॥

ਕ੍ਵ ਚਾਸ੍ਤਿ ਕ੍ਵ ਚ ਵਾ ਨਾਸ੍ਤਿ ਕ੍ਵਾਸ੍ਤਿ ਚੈਕੰ ਕ੍ਵ ਚ ਦ੍ਵਯਮ੍।
ਬਹੁਨਾऽਤ੍ਰ ਕਿਮੁਕ੍ਤੇਨ ਕਿੰਚਿੰਨੋਤ੍ਤਿਸ਼੍ਠਤੇ ਮਮ॥੧੪॥

ਸ਼ਬਦਾਰਥ:- ਕ੍ਵ ਚ ਅਸ੍ਤਿ ਕ੍ਵ ਚ ਵਾ ਨ ਅਸ੍ਤਿ ਕ੍ਵ ਅਸ੍ਤਿ ਚ ਏਕੰ ਕ੍ਵ ਚ ਦ੍ਵਯਮ੍ = ਕਿੱਥੇ ਅਤੇ "ਹੈ" ਕਿੱਥੇ ਅਤੇ ਜਾਂ "ਨਹੀਂ ਹੈ" ਕਿੱਥੇ ਹੈ ਅਤੇ ਇੱਕ ਕਿੱਥੇ ਅਤੇ ਦੋ। ਬਹੁਨਾ ਅਤ੍ਰ ਕਿਮ੍ ਉਕ੍ਤੇਨ ਕਿੰਚਿਤ੍ ਨ ਉੱਤਿਸ਼੍ਠਤੇ ਮਮ = ਬਹੁਤਾ ਏਥੇ ਕੀ ਕਹਿਣਾ, ਕੁਝ ਨਹੀਂ ਉੱਠਦਾ ਮੇਰਾ।

ਸ਼ਲੋਕਾਰਥ:- ਕਿੱਥੇ "ਹੈ" ਜਾਂ ਕਿੱਥੇ "ਨਹੀਂ ਹੈ", ਕਿੱਥੇ ਇੱਕ ਹੈ ਜਾਂ ਕਿੱਥੇ ਦੋ! ਏਥੇ ਬਹੁਤਾ ਕਹਿਣ ਨਾਲ ਕੀ, ਮੇਰੇ ਵਿੱਚੋਂ ਕੁਝ ਨਹੀਂ ਉੱਠਦਾ।

ਭਾਵਾਰਥ:- ਅਖ਼ੀਰ ਵਿੱਚ ਰਾਜਾ ਜਨਕ ਦੇ ਕਹਿਣ ਦਾ ਭਾਵ ਇਹ ਹੈ ਕਿ ***"ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਮ: ੫; ਅੰਗ ੨੭੮)** ਜਿਵੇਂ ਜਲ ਵਿੱਚ ਜਲ ਮਿਲ ਕੇ ਫਿਰ ਅਲੱਗ ਨਹੀਂ ਹੁੰਦਾ, ਉਸੇ ਤਰ੍ਹਾਂ ਮੈਂ ਵੀ ਓਸ ਪਰਮ ਜੋਤੀ ਵਿੱਚ ਸਮਾਅ ਗਿਆ ਹਾਂ, ਉਸ ਨਾਲ ਅਭੇਦ ਹੋ ਗਿਆ ਹਾਂ। ਓਸ ***"ਪ੍ਰਭ ਬਿਨਾ ਨਾਹੀ ਹੋਰੁ॥"*** **(ਸ੍ਰੀ ਗੁਰੂ ਗ੍ਰੰਥ ਸਾਹਿਬ, ਕਾਨੜਾ ਮ: ੫; ਅੰਗ ੧੩੦੭)** ਤੋਂ ਸਿਵਾ ਹੋਰ ਕੁਝ ਹੈ ਹੀ ਨਹੀਂ ਅਰਥਾਤ ਕੇਵਲ ਮੈਂ ਹੀ ਹਾਂ ਅਤੇ ਮੇਰੇ ਸਿਵਾ ਹੋਰ ਕੁਝ ਵੀ ਨਹੀਂ। ਬਸ, ਮੈਂ ਹਾਂ; ਇੱਕ ਜਾਂ ਦੋ ਵਾਲੀ ਭਾਵਨਾ ਅਤੇ ਕੁਝ ਹੋਰ ਹੋਣ ਜਾਂ ਨਾ ਹੋਣ ਦੀ ਕੋਈ ਭਾਵਨਾ ਮੇਰੇ ਅੰਦਰੋਂ ਨਹੀਂ ਉੱਠਦੀ। ਹੁਣ ਮੈਂ ਆਪਣੇ ਚੇਤਨ ਆਤਮ ਸਰੂਪ ਵਿੱਚ ਅਭੇਦ, ਅਰੂਪ ਅਤੇ ਅਖੰਡ ਸਥਿਤ ਹੋਇਆ, ਸ਼ੂਨਿਅ-ਚਿੱਤ ਵਿਚਰ ਰਿਹਾ ਹਾਂ।

◆◆◆

ਲੇਖਕ



ਸੰਨਿਆਸ ਪੂਰਵ
ਬਲਵੰਤ ਰਾਇ ਕੱਕੜ, IAS

ਸੰਨਿਆਸੀ
ਸੁਆਮੀ ਗੰਗੇਸ਼ਵਰਾਨੰਦ ਗਿਰੀ